**Reo-Bankowned Properties**
From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Fourtheenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 07, Feburary 16th, 2013
20451 N Plum Grove Rd. Palatine, IL 60074
Ph:847-359-0746, Fax:847-705-9388


## ਲੀਡਰਾਂ ਦਾ ਭਵਿੱਖ ਵੀ ਤੈਅ ਕਰੇਗੀ ਮੋਗਾ ਚੋਣ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** 23 ਫ਼ਰਵਰੀ ਨੂੰ ਹੋ ਰਹੀ ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਨੇ ਪੰਜਾਬ ਦੀ ਸਿਆਸਤ ਵਿਚ ਇਕ ਵਾਰ ਫਿਰ ਉਬਾਲ ਲਿਆ ਦਿੱਤਾ ਹੈ। ਸੱਤਾਧਾਰੀ ਅਕਾਲੀ ਦਲ ਤੇ ਵਿਰੋਧੀ ਧਿਰ ਕਾਂਗਰਸ ਲਈ ਇਹ ਚੋਣ ਵੱਕਾਰ ਦਾ ਸਵਾਲ ਬਣ ਗਈ ਹੈ। ਦੋਵਾਂ ਧਿਰਾਂ ਨੇ ਸਿਰ ਧੜ ਦੀ ਬਾਜ਼ੀ ਲਾ ਦਿੱਤੀ ਹੈ ਤੇ ਚੋਣ ਪ੍ਰਚਾਰ ਵਿਚ ਜੁਟੇ ਆਗੂਆਂ ਦਾ ਦਿਨ ਦਾ ਚੈਨ ਤੇ ਰਾਤ ਦੀ ਨੀਂਦ ਉਡ ਗਈ ਹੈ। ਇਹ ਚੋਣ ਮਹਿਜ਼ ਜਿੱਤ ਹਾਰ ਨਾ ਹੋ ਕੇ ਵੱਡੇ ਸਿਆਸੀ




ਆਗੂਆਂ ਦੇ ਭਵਿੱਖ ਨਾਲ ਵੀ ਜੁੜ ਗਈ ਹੈ। ਕੈਪਟਨ ਅਮਰਿੰਦਰ ਸਿੰਘ, ਜਗਮੀਤ ਬਰਾੜ ਤੇ ਮਨਪ੍ਰੀਤ ਸਿੰਘ ਬਾਦਲ ਤਾਂ ਆਪਣਾ ਭਵਿੱਖ ਇਸ ਚੋਣ ਨਾਲ ਜੋੜ ਹੀ ਰਹੇ ਹਨ ਸਗੋਂ ਅਕਾਲੀ ਦਲ ਵੀ ਚੜ੍ਹਤ ਬਰਕਰਾਰ ਰੱਖਣ ਲਈ ਪੂਰਾ ਤਾਣ ਲਾ ਰਿਹਾ ਹੈ। ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਇਸ ਹਲਕੇ ਵਿਚ ਚੋਣ ਪ੍ਰਚਾਰ ਤਾਂ ਡਟ ਕੇ ਕਰ ਰਹੇ ਹਨ ਪਰ ਚਰਚਾ ਤੋਂ ਬਚ ਕੇ ਰਹਿਣਾ ਚਾਹੁੰਦੇ ਹਨ।

ਇਸ ਚੋਣ ਵਿਚ ਪੰਜ ਉਮੀਦਵਾਰਾਂ ਦੇ

(ਬਾਕੀ ਸਫਾ 6 ’ਤੇ)

# ਅਫਜ਼ਲ ਸਿਆਸਤ ਦੀ ਭੇਟ ਚੜ੍ਹਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੱਲੋਂ ਸੰਸਦ ਉਤੇ ਦਹਿਸ਼ਤਪਸੰਦ ਹਮਲੇ ਦੇ ਦੋਸ਼ ਵਿਚ ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਨੂੰ ਕਾਹਲੀ-ਕਾਹਲੀ ਅਤੇ

### ਵੋਟਾਂ ਦੀ ਸਿਆਸਤ ਨੇ ਕਸ਼ਮੀਰੀ ਨੌਜਵਾਨ ਦੀ ਜਾਨ ਲਈ

ਚੁੱਪ-ਚੁਪੀਤੇ ਫਾਹੇ ਟੰਗਣ ਨਾਲ ਇਹ ਸਵਾਲ ਵੀ ਉਠ ਖੜ੍ਹਾ ਹੋਇਆ ਹੈ ਕਿ ਕਾਂਗਰਸ ਨੇ ਚੋਣਾਂ ਨੂੰ ਵੱਧ ਤਰਜੀਹ ਦਿੱਤੀ ਹੈ। ਚੇਤੇ ਰਹੇ ਕਿ ਤਿੰਨ ਮਹੀਨੇ ਪਹਿਲਾਂ 26/11 ਹਮਲਿਆਂ ਦੇ ਦੋਸ਼ ਵਿਚ ਅਜਮਲ ਕਸਾਬ ਨੂੰ ਵੀ ਪੂਣੇ ਦੀ ਜੇਲ੍ਹ ਵਿਚ ਚੁੱਪ-ਚੁਪੀਤੇ ਫਾਹੇ ਲਾ ਦਿੱਤਾ ਗਿਆ ਸੀ। ਸਰਕਾਰ ਦੀ ਇਸ ਕਾਹਲ ਨੂੰ ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।



ਅਸਲ ਵਿਚ ਪਿਛਲੇ ਸਮੇਂ ਦੌਰਾਨ ਸਰਹੱਦ ’ਤੇ ਪਾਕਿਸਤਾਨੀ ਫ਼ੌਜ ਦੀਆਂ ਵਧੀਕੀਆਂ ਖ਼ਿਲਾਫ਼ ਭਾਰਤ ਦੇ ਨਰਮ ਰੁਖ਼ ਅਤੇ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੀਆਂ ਹਿੰਦੂ ਅਤਿਵਾਦ ਬਾਰੇ ਟਿੱਪਣੀਆਂ ਨੇ ਸਰਕਾਰ ਨੂੰ ਕਸੂਤਾ ਫਸਾ ਦਿੱਤਾ ਸੀ। ਭਾਜਪਾ ਇਨ੍ਹਾਂ ਮਾਮਲਿਆਂ ਨੂੰ ਹਿੰਦੂਤਵ ਦੇ ਰੰਗ ਵਿਚ ਰੰਗ ਕੇ ਚੋਣਾਂ ਦੌਰਾਨ ਲਾਹਾ ਲੈਣ ਲਈ ਤਿਆਰੀ ਖਿੱਚ ਰਹੀ ਸੀ। ਉਪਰੋਂ ਹਿੰਦੂਤਵ ਦਾ ਪ੍ਰਚਾਰਕ ਅਤੇ ਜੰਗਬਾਜ਼ ਲੀਡਰ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਬਣ ਗਿਆ। ਇਸ ਸੂਰਤ ਵਿਚ ਕੇਂਦਰ ਸਰਕਾਰ ਨੇ ਫਾਂਸੀ ਦਾ ਸਿਲਸਿਲਾ ਚਲਾ ਕੇ ਅਜਿਹਾ ਪੱਤਾ ਖੇਡਣ ਦਾ ਯਤਨ ਕੀਤਾ ਕਿ ਇਕ ਪਾਸੇ ਭਾਜਪਾ ਨੂੰ ਚੁੱਪ ਕਰਾਇਆ ਜਾਵੇ ਤੇ ਦੂਜੇ ਪਾਸੇ ਅਗਲੀਆਂ ਚੋਣਾਂ ਵਿਚ ਇਸ ਮਾਮਲੇ ਦਾ ਵੱਡਾ ਮੁੱਦਾ ਬਣਨ ਤੋਂ ਪਹਿਲਾਂ ਹੀ ਭੋਗ ਪਾ ਦਿੱਤਾ ਜਾਵੇ।

ਇਸ ਤੋਂ ਇਲਾਵਾ ਯੂ.ਪੀ.ਏ. ਸਰਕਾਰ ਦੀਆਂ ਆਰਥਿਕ ਨੀਤੀਆਂ ਵੀ ਪੁੱਠੀਆਂ ਪੈਣ ਲੱਗੀਆਂ ਹਨ। ਮਹਿੰਗਾਈ ਕਰ ਕੇ ਦੇਸ਼ ਦੀ ਜਨਤਾ ਵਿਚ ਬੇਚੈਨੀ ਹੈ। ਵਿਕਾਸ ਦਰ ਲਗਾਤਾਰ ਹੇਠਾਂ ਡਿੱਗਦੀ ਜਾ ਰਹੀ ਹੈ। ਭ੍ਰਿਸ਼ਟਾਚਾਰ ਦਾ ਮੁੱਦਾ ਸਰਕਾਰ ਦੀ ਗਲੇ ਦੀ ਹੱਡੀ ਬਣਿਆ ਹੋਇਆ ਹੈ। ਅਗਲੀਆਂ ਲੋਕ ਚੋਣਾਂ ਦੌਰਾਨ ਸਰਕਾਰ ਕੋਲ ਅਜਿਹਾ ਕੋਈ ਵੱਡਾ ਮੁੱਦਾ ਨਹੀਂ ਜਿਸ ਨੂੰ ਲੈ ਕੇ ਲੋਕਾਂ ਦੀ ਕਚਹਿਰੀ ਵਿਚ ਜਾਇਆ ਜਾ ਸਕੇ। ਇਸ ਲਈ ਸਰਕਾਰ ਅਜਿਹੇ ਪ੍ਰਬੰਧ ਕਰ ਰਹੀ ਹੈ ਜਿਸ ਨਾਲ ਲੋਕਾਂ ਦਾ ਧਿਆਨ ਹੋਰ

(ਬਾਕੀ ਸਫਾ 6 ’ਤੇ)

## ਪਰਦੇਸੀਆਂ ਦੀ ਵਤਨ ਵਾਪਸੀ ਨੇ ਨੈਣਾਂ ਦੀਆਂ ਨਦੀਆਂ ਵਗਾਈਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਯੂ.ਏ.ਈ. ਦੀ ਸ਼ਾਰਜਾਹ ਜੇਲ੍ਹ ਵਿਚੋਂ ਰਿਹਾ ਹੋ ਕੇ 17 ਪੰਜਾਬੀ ਨੌਜਵਾਨ ਘਰ ਪਰਤ ਆਏ ਹਨ। ਇਨ੍ਹਾਂ ਨੂੰ ਕਤਲ ਦੇ ਮਾਮਲੇ ਵਿਚ 28 ਮਾਰਚ 2010 ਨੂੰ ਸ਼ਾਰਜਾਹ ਦੀ ਅਦਾਲਤ ਵੱਲੋਂ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਮ੍ਰਿਤਕ ਦੇ ਰਿਸ਼ਤੇਦਾਰਾਂ ਤੇ ਜ਼ਖ਼ਮੀ ਪਾਕਿਸਤਾਨੀ ਨੂੰ ਇਕ ਲੱਖ ਦਰਾਮ ਦਾ ਮੁਆਵਜ਼ਾ ਦੇ ਕੇ ਹੋਏ ਸਮਝੌਤੇ ਤੋਂ ਬਾਅਦ ਸ਼ਾਰਜਾਹ ਦੀ ਅਦਾਲਤ ਵੱਲੋਂ ਇਨ੍ਹਾਂ ਪੰਜਾਬੀ ਨੌਜਵਾਨਾਂ ਨੂੰ ਰਿਹਾ ਕਰ ਦਿੱਤਾ ਗਿਆ। ਦੁਬਈ ਦੇ ਕਾਰੋਬਾਰੀ ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਇਨ੍ਹਾਂ ਨੌਜਵਾਨਾਂ ਦੀ ਰਿਹਾਈ ਲਈ ਕਾਫ਼ੀ ਸੰਘਰਸ਼ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਨ੍ਹਾਂ 17 ਨੌਜਵਾਨਾਂ ਦੀ ਰਿਹਾਈ ਲਈ 12 ਸਤੰਬਰ



2011 ਨੂੰ ਕੋਈ ਸਾਢੇ ਚਾਰ ਕਰੋੜ ਰੁਪਏ ਦੀ ‘ਬਲੱਡ ਮਨੀ’ (ਦੀਆ) ਦਿੱਤੇ ਜਾਣ ਤੋਂ ਬਾਅਦ ਮੌਤ ਦੀ ਸਜ਼ਾ ਅਦਾਲਤ ਵੱਲੋਂ ਵਾਪਸ ਲੈ ਲਈ ਗਈ ਸੀ ਜਦੋਂਕਿ ਅਦਾਲਤ ਨੇ ਇਨ੍ਹਾਂ ਸਾਰੇ ਨੌਜਵਾਨਾਂ ਨੂੰ ਦੋ ਸਾਲ ਦੀ ਸਜ਼ਾ ਤੋਂ ਬਾਅਦ ਵਾਪਸ ਭਾਰਤ ਭੇਜੇ ਜਾਣ ਦੇ ਆਦੇਸ਼ ਦਿੱਤੇ ਸਨ। ਇਨ੍ਹਾਂ ਸਾਰੇ ਨੌਜਵਾਨਾਂ ਨੂੰ ਪਾਕਿਸਤਾਨੀ ਨੌਜਵਾਨ ਮਿਸ਼ਰੀ ਖਾਨ ਦੇ ਕਤਲ ਦੇ ਮਾਮਲੇ ਵਿਚ ਸਜ਼ਾ ਦਿੱਤੀ ਗਈ ਸੀ ਪਰ ਬਾਅਦ ਵਿਚ ਦੋ ਹੋਰ ਜ਼ਖਮੀਆਂ ਮੁਸ਼ਤਾਕ ਅਹਿਮਦ ਤੇ ਸ਼ਹੀਦ ਇਕਬਾਲ ਵੱਲੋਂ ਵੀ ਇਨ੍ਹਾਂ ਨੌਜਵਾਨਾਂ ਵਿਰੁੱਧ ਮੁਆਵਜ਼ੇ ਦਾ ਕੇਸ ਦਾਇਰ ਕਰ ਦਿੱਤਾ ਗਿਆ ਸੀ।

ਅਦਾਲਤ ਵੱਲੋਂ ਬਾਅਦ ਵਿਚ 17 ਜਨਵਰੀ 2013 ਨੂੰ ਇਕ ਲੱਖ ਦਰਾਮ ਦਾ

(ਬਾਕੀ ਸਫਾ 6 ’ਤੇ)


**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com
605 Standiford Ave, Ste D - Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

ਲਖ ਖੁਸ਼ੀਆਂ ਪਾਤਿਸਾਹੀਆਂ ਜੇ ਸਤਿਗੁਰ ਨਦਰਿ ਕਰੇਇ॥ ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮ੍ਹਾਰੇ ਲੇਖੇ॥ ਕਹਿ ਰਵਿਦਾਸ ਆਸ ਲਗਿ ਜੀਵਉ॥ ਚਿਰ ਭਇਓ ਦਰਸਨੁ ਦੇਖੇ॥੨॥੧॥

## ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਆਗਮਨ ਪੁਰਬ ‘ਤੇ 13ਵਾਂ ਸਾਲਾਨਾ ਮਹਾਨ ਨਗਰ ਕੀਰਤਨ

### ਰਿਓਲਿੰਡਾ, ਸੈਕਰਾਮੈਂਟੋ, 10 ਮਾਰਚ 2013 ਦਿਨ ਐਤਵਾਰ ਸਵੇਰੇ 11:30 ਵਜੇ



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ‘ਤੇ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ‘ਚ ਸਜਾਇਆ ਜਾ ਰਿਹਾ ਹੈ। ਇਸ ਮੌਕੇ ‘ਤੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਸ਼ਬਦ ਕੀਰਤਨ ਅਤੇ ਵਿਆਖਿਆ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ: 8 ਮਾਰਚ 2013 ਸਵੇਰੇ 9.00 ਵਜੇ
9 ਮਾਰਚ 2013 ਸਨਿਚਰਵਾਰ ਸਵੇਰੇ 11 ਵਜੇ ਨਿਸ਼ਾਨ ਸਾਹਿਬ ਝੁਲਾਏ ਜਾਣਗੇ
(ਸੇਵਾ ਆਗਿਆ ਰਾਮ, ਧਿਆਨ ਚੰਦ ਤੇ ਸਮੂਹ ਪਰਿਵਾਰ ਵਲੋਂ)
ਰੈਣ ਸਬਾਈ ਕੀਰਤਨ ਸ਼ਾਮ 5:00 ਤੋਂ ਰਾਤ 9:00 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਅਤੇ ਕੀਰਤਨ 10 ਮਾਰਚ 2013 ਸਵੇਰੇ 9.00 ਵਜੇ
ਸੇਵਾ: ਗੁਰੂ ਘਰ ਅਤੇ ਸਮੂਹ ਸੰਗਤਾਂ ਵੱਲੋਂ

**ਖ਼ੂਨਦਾਨ ਕੈਂਪ:** ਸਨਿਚਰਵਾਰ 9 ਮਾਰਚ 2013, ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਤੱਕ ਅਤੇ ਮੈਡੀਕਲ ਕੈਂਪ ਐਤਵਾਰ 10 ਮਾਰਚ 2013, ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ ਦੋ ਵਜੇ ਤੱਕ। ਸੰਪਰਕ ਕਰੋ: ਸ਼ਤੀਸ ਰੱਲੂ: 916-214-9092

### ਹਫਤਾਵਾਰੀ ਪ੍ਰੋਗਰਾਮ

15 ਫਰਵਰੀ 2013 ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਭੋਗ ਅਤੇ ਕੀਰਤਨ: 17 ਫਰਵਰੀ 2013 ਸਵੇਰੇ 10 ਵਜੇ
ਸੇਵਾ: ਕਰਨੈਲ ਵਿਰਕ ਤੇ ਸਮੂਹ ਵਿਰਕ ਪਰਿਵਾਰ ਵਲੋਂ

22 ਫਰਵਰੀ 2013 ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਭੋਗ ਅਤੇ ਕੀਰਤਨ: 24 ਫਰਵਰੀ 2013 ਸਵੇਰੇ 10 ਵਜੇ
ਸੇਵਾ: ਯੂ. ਐਸ. ਪੋਸਟ ਆਫਿਸ ਇੰਪਲਾਈ ਸਭਾ ਵਲੋਂ

1 ਮਾਰਚ 2013 ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਭੋਗ ਅਤੇ ਕੀਰਤਨ: 3 ਮਾਰਚ 2013 ਸਵੇਰੇ 10 ਵਜੇ
ਸੇਵਾ: ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਵਲੋਂ

### ਕੀਰਤਨ ਦਰਬਾਰ

ਸ੍ਰੀ ਗੁਰੂ ਰਵਿਦਾਸ ਜੀ ਦੇ ਆਗਮਨ ਦਿਵਸ ਦੀ ਖ਼ੁਸ਼ੀ ਵਿਚ 25 ਫਰਵਰੀ 2013 ਸ਼ਾਮ 7:00 ਵਜੇ ਤੋਂ 10:00 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ।

**ਅਖੰਡ ਪਾਠ ਸਾਹਿਬ ਦੀ ਸੇਵਾ ਲਈ ਸੰਪਰਕ ਕਰੋ:**
ਭਾਈ ਨਿਰਮਲ ਸਿੰਘ 916-410-7809
ਭਾਈ ਜਸਪਾਲ ਸਿੰਘ 916-274-9278

**ਨੋਟ:** ਸੰਗਤਾਂ ਯਾਦ ਰੱਖਣ ਕਿ 10 ਮਾਰਚ ਨੂੰ ਸਮੇਂ ਵਿਚ ਇੱਕ ਘੰਟੇ ਦੀ ਤਬਦੀਲੀ ਹੋਵੇਗੀ ਤੇ ਘੜੀਆਂ ਇੱਕ ਘੰਟਾ ਅੱਗੇ ਹੋ ਜਾਣਗੀਆਂ।

*ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੀਆਂ ਗੱਡੀਆਂ ਸਹੀ ਜਗ੍ਹਾ ‘ਤੇ ਪਾਰਕ ਕੀਤੀਆਂ ਜਾਣ।*

| ਸੰਪਰਕ ਕਰੋ: ਲੰਗਰ ਦੀ ਸੇਵਾ | ਸਟਾਲ ਲਾਉਣ ਲਈ | ਫਲੋਟਾਂ ਵਾਸਤੇ | ਕੀਰਤਨੀ ਤੇ ਢਾਡੀ ਜਥੇ |
|---|---|---|---|
| ਬਲਬੀਰ ਕਲੇਰ: 916-769-8569 | ਦਿਲਬਾਗ ਰਾਣਾ: 916-459-9417 | ਕਸ਼ਮੀਰ ਸਿੰਘ ਹੀਰਾ: 916-798- 8142 | ਰਮੇਸ਼ ਬੰਗੜ: 916-715-3441 |
| ਕਰਨੈਲ ਵਿਰਕ: 916-588-8068 | ਸਤਨਾਮ ਮੰਢਾਲੀ: 916-803-0108 | ਦਰਸ਼ਨ ਵਿਰਕ: 916-228-0540 | |

**ਹੋਰ ਜਾਣਕਾਰੀ ਲਈ ਕਾਲ ਕਰੋ**
**ਪੀ.ਆਰ.ਓ.: ਜੱਸੀ ਬੰਗਾ: 916-796-5003**
**ਜਸਵੰਤ ਸਿੰਘ ਸ਼ੀਂਮਾਰ: 916-293-6030**

**ਜਾਰੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ, ਸੈਕਰਾਮੈਂਟੋ (ਕੈਲੀਫੋਰਨੀਆ)**



# ਕੀ ਡਾਕਟਰਾਂ ਕੋਲ ਜਾ ਜਾ ਕੇ ਹੰਭ ਚੁਕੇ ਹੋ? ਕੋਈ ਫਰਕ ਨਹੀਂ ਪਿਆ?

### ਅਮਰੀਕਾ ਵਿਚ ਤਿੰਨ ਕਰੋੜ ਤੋਂ ਵੱਧ ਲੋਕ ਨੀਲੀਆਂ ਨਾੜਾਂ ਦੇ ਰੋਗ ਦਾ ਸ਼ਿਕਾਰ ਹਨ

ਕੀ ਨਿਊਰੋਪੈਥੀ, ਤਿੱਖੇ ਦਰਦ, ਸੁੰਨ ਹੋਣ, ਚੀਸਾਂ, ਸੁੱਜੇ ਹੋਏ ਅਤੇ ਬੇਰੰਗ ਹੋਏ ਪੈਰਾਂ ਜਾਂ ਉਭਰੀਆਂ ਨਸਾਂ ਨੇ ਤੁਹਾਡਾ ਜਿਊਣਾ ਦੁੱਭਰ ਕੀਤਾ ਹੋਇਆ ਹੈ? ਕੀ ਤੁਹਾਡੇ ਡਾਕਟਰ ਨੇ ਸਿਰਫ ਦਵਾਈਆਂ ਦੇਣ ਤੋਂ ਇਲਾਵਾ ਵੀ ਕੋਈ ਮਾਹਿਰਾਨਾ ਟੈਸਟ ਕੀਤੇ ਹਨ? ਕੀ ਤੁਹਾਡੇ ਡਾਕਟਰ ਨੇ ਤੁਹਾਡੇ ਪੈਰਾਂ ਅਤੇ ਲੱਤਾਂ ਦੇ ਮੁਆਇਨੇ ਲਈ ਬਣਦਾ ਸਮਾਂ ਲਾਇਆ ਹੈ? ਕੀ ਤੁਸੀਂ ਇਹ ਸੋਚ ਕੇ ਅੱਕੇ ਪਏ ਹੋ ਕਿ ਇਸ ਰੋਗ ਨੇ ਤੁਹਾਡਾ ਜੀਣਾ ਹਰਾਮ ਕੀਤਾ ਪਿਆ ਹੈ? ਜੇ ਤੁਹਾਡੇ ਜਵਾਬ ਹਾਂ ਵਿਚ ਹਨ ਤਾਂ ਤੁਹਾਨੂੰ ਰਾਹਤ ਮਿਲ ਸਕਦੀ ਹੈ। ਸਾਨੂੰ ਕਾਲ ਕਰਕੇ ਪਤਾ ਕਰੋ ਕਿ ਕੀ ਤੁਸੀਂ ਸਾਡੇ ਘੱਟੋ ਘੱਟ ਚੀਰ-ਫਾੜ ਵਾਲੇ ਮਾਹਿਰਾਨਾ ਇਲਾਜ ਦੇ ਯੋਗ ਹੋ?

Covered by Medi-Cal, MediCare & most PPO's!



ਨਸਾਂ ਦੀ ਸੋਜਿਸ਼ ਸੋਜਿਸ਼ ਅਲਸਰ

### ਸਾਡਾ ਘੱਟ ਤੋਂ ਘੱਟ ਚੀਰ-ਫਾੜ ਵਾਲਾ ਡਾਕਟਰੀ ਇਲਾਜ ਤੁਹਾਨੂੰ ਫੌਰੀ ਤੌਰ ‘ਤੇ ਚੰਗਾ ਮਹਿਸੂਸ ਕਰਨ ਲਾ ਸਕਦਾ ਹੈ ਪਰ ਨਿਰ੍ਹਾ ਸਾਡੀ ਗੱਲ ‘ਤੇ ਯਕੀਨ ਨਾ ਕਰੋ, ਜ਼ਰਾ ਦੇਖੋ ਸਾਡੇ ਮਰੀਜ਼ ਕੀ ਆਖਦੇ ਹਨ:



ਮੈਂ ਪਿਛਲੇ ਕਈ ਸਾਲਾਂ ਤੋਂ ਲੱਤਾਂ ਤੇ ਪੈਰਾਂ ਦੇ ਦਰਦ ਤੋਂ ਪ੍ਰੇਸ਼ਾਨ ਸਾਂ। ਮੈਂ ਹਰ ਇਲਾਜ ਅਜ਼ਮਾਇਆ ਅਤੇ ਕਿਤਿਓਂ ਕੋਈ ਫਰਕ ਨਾ ਪੈਣ ’ਤੇ ਮੇਰਾ ਮਨ ਢਹਿਣ ਲੱਗ ਪਿਆ। ਪੈਸੇਫਿਕ ਕੋਸਟ ਮੈਡੀਕਲ ਸੈਂਟਰ ਦੇ ਡਾਕਟਰ ਨੇ ਮੇਰੇ ਪੈਰਾਂ ਤੇ ਲੱਤਾਂ ਦਾ ਸੰਵਾਰ ਕੇ ਮੁਆਇਨਾ ਕੀਤਾ ਅਤੇ ਲੋੜੀਂਦੇ ਟੈਸਟਾਂ ਲਈ ਆਖਿਆ। ਫਿਰ ਮੈਨੂੰ ਦੱਸਿਆ ਕਿ ਮੈਂ ਉਨ੍ਹਾਂ ਦੇ ਘੱਟੋ ਘੱਟ ਚੀਰ-ਫਾੜ ਵਾਲੇ ਡਾਕਟਰੀ ਇਲਾਜ ਦੇ ਯੋਗ ਹਾਂ। ਮੈਂ ਹਫਤਾ ਪਹਿਲਾਂ ਹੀ ਇਹ ਇਲਾਜ ਕਰਵਾਇਆ ਹੈ ਅਤੇ ਹੁਣ ਮੈਂ ਦਰਦ ਤੋਂ ਪੂਰੀ ਤਰ੍ਹਾਂ ਨਿਜ਼ਾਤ ਪਾ ਚੁਕੀ ਹਾਂ। ਜੇ ਤੁਹਾਨੂੰ ਅਜਿਹੀ ਦਰਦ ਨੇ ਪ੍ਰੇਸ਼ਾਨ ਕੀਤਾ ਹੋਇਆ ਹੈ ਤਾਂ ਤੁਰੰਤ ਫੋਨ ਚੁੱਕੋ ਅਤੇ ਪੈਸੇਫਿਕ ਕੋਟਸ ਮੈਡੀਕਲ ਸੈਂਟਰ ਨੂੰ ਕਾਲ ਕਰੋ, ਤੁਸੀਂ ਨਿਰਾਸ਼ ਨਹੀਂ ਹੋਵੋਂਗੇ। *-ਪ੍ਰੀਸੀਲੀਆ ਐਫ, ਉਮਰ 57 ਸਾਲ।*



ਪਿਛਲੇ ਕਈ ਚਿਰ ਤੋਂ ਮੇਰੀਆਂ ਲੱਤਾਂ ਵਿਚ ਦਰਦ ਸੀ ਅਤੇ ਖ਼ੂਨ ਦਾ ਦੌਰਾ ਬਹੁਤ ਘੱਟ ਸੀ। ਮੈਂ ਕੁਝ ਕਦਮ ਹੀ ਚੱਲ ਫਿਰ ਸਕਦਾ ਤੇ ਫਿਰ ਦਰਦ ਮੈਨੂੰ ਬਹਿਣ ਲਈ ਮਜਬੂਰ ਕਰ ਦਿੰਦੀ। ਫਿਰ ਮੈਨੂੰ ਪਤਾ ਲੱਗਾ ਕਿ ਪੈਸੇਫਿਕ ਕੋਸਟ ਮੈਡੀਕਲ ਸੈਂਟਰ ਵਾਲੇ ਇਕ ਨਵੇਂ ਤਰੀਕੇ ਨਾਲ ਇਲਾਜ ਕਰਦੇ ਹਨ ਅਤੇ ਮੈਂ ਸੋਚਿਆ ਕਿ ਚਲੋ ਅਜ਼ਮਾ ਕੇ ਤਾਂ ਦੇਖੋ। ਇਹ ਇਲਾਜ ਕਰਵਾਉਣ ਪਿਛੋਂ ਮੇਰੀ ਹਾਲਤ ਪਹਿਲਾਂ ਦੇ ਮੁਕਾਬਲੇ ਬਹੁਤ ਬਿਹਤਰ ਹੈ। ਮੈਂ ਹੁਣ ਕਿੰਨੀ ਕਿੰਨੀ ਦੂਰ ਤੱਕ ਚਲ ਫਿਰ ਸਕਦਾ ਹਾਂ ਤੇ ਦਰਦ ਵੀ ਨਹੀਂ ਹੁੰਦੀ। ਪੈਸੇਫਿਕ ਕੋਸਟ ਮੈਡੀਕਲ ਸੈਂਟਰ ਦੇ ਡਾਕਟਰਾਂ ਦਾ ਬਹੁਤ ਬਹੁਤ ਸ਼ੁਕਰੀਆ। *-ਜੇ ਕਾਰਵੈਲ, ਉਮਰ 94 ਸਾਲ*

**ਜਲਦੀ ਕਰੋ!** ਸਭ ਤੋਂ ਪਹਿਲਾਂ ਫੋਨ ਕਰਨ ਵਾਲੇ ਪਹਿਲੇ 50 ਮਰੀਜਾਂ ਨੂੰ ਮੁਆਇਨਾ ਕਰਵਾਉਣ ‘ਤੇ ਕੰਪਰੈਸ਼ਨ ਸਟਾਕਿੰਗਜ਼ (ਵਿਸ਼ੇਸ਼ ਕਿਸਮ ਦੀਆਂ ਜੁਰਾਬਾਂ) ਮੁਫਤ ਦਿੱਤੀਆਂ ਜਾਣਗੀਆਂ ਜਿਨ੍ਹਾਂ ਦੀ ਕੀਮਤ 70 ਡਾਲਰ ਹੈ।

**ਮੁਫਤ ਮੁਆਇਨਾ**

ਸਾਡਾ ਇਹ ਇਲਾਜ ਮੈਡੀਕੈਲ, ਮੈਡੀਕੇਅਰ ਅਤੇ ਬਹੁਤੀਆਂ ਪੀ ਪੀ ਓ ਕਵਰ ਕਰਦੀਆਂ ਹਨ

PACIFIC COAST MEDICAL CENTER INC.

ਤੁਹਾਡੀ ਸਹੂਲਤ ਲਈ ਸਟਾਕਟਨ, ਸੈਕਰਾਮੈਂਟੋ ਤੇ ਯੂਬਾ ਸਿਟੀ ’ਚ 3 ਲੋਕੇਸ਼ਨਾਂ
ਅੱਜ ਹੀ ਸਾਨੂੰ ਕਾਲ ਕਰਕੇ ਜਾਣੋ ਕਿ ਅਸੀਂ ਕਿਵੇਂ ਤੁਹਾਨੂੰ ਦਰਦਾਂ ਤੋਂ ਛੁਟਕਾਰਾ ਦਿਵਾ ਸਕਦੇ ਹਾਂ?

ਹੁਣ ਯੂਬਾ ਸਿਟੀ ਵਿਚ ਵੀ

**1-855-944-PAIN (7246)**

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes
from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# ਅਲਵਿਦਾ ਅਫ਼ਜ਼ਲ

**ਭਾਰਤ ਦੀ ਸਰਕਾਰ ਨੇ ਮੁਹੰਮਦ ਅਫ਼ਜ਼ਲ ਗੁਰੂ ਨੂੰ ਜਿਸ ਢੰਗ ਨਾਲ ਫਾਂਸੀ ਦਿੱਤੀ ਹੈ, ਉਸ ਨਾਲ ਕਈ ਤਰ੍ਹਾਂ ਦੇ ਸਵਾਲ ਉਠ ਖੜ੍ਹੇ ਹੋਏ ਹਨ। ਸਭ ਤੋਂ ਵੱਡਾ ਸਵਾਲ ਘੱਟ-ਗਿਣਤੀਆਂ ਪ੍ਰਤੀ ਪਹੁੰਚ ਬਾਰੇ ਹੈ। ਜਮਹੂਰੀ ਅਤੇ ਮਨੁੱਖੀ ਹੱਕਾਂ ਨਾਲ ਸਬੰਧਤ ਜਥੇਬੰਦੀਆਂ ਨੇ ਇਹ ਸਵਾਲ ਪ੍ਰਚੰਡ ਰੂਪ ਵਿਚ ਅਵਾਮ ਸਾਹਮਣੇ ਉਭਾਰੇ ਹਨ।**



# ਸਿਆਸਤ ਦੀ ਖੇਡ ਵਿਚ ਅਫ਼ਜ਼ਲ ਗੁਰੂ ਦੀ ਬਲੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੰਸਦ ਉਪਰ ਸਾਲ 2001 ਦੌਰਾਨ ਹੋਏ ਅਤਿਵਾਦੀ ਹਮਲੇ ਯੋਜਨਾ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ਮੁਹੰਮਦ ਅਫ਼ਜ਼ਲ ਗੁਰੂ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਫਾਂਸੀ ਦੇ ਕੇ ਉੱਥੇ ਹੀ ਦਫਨਾ ਦਿੱਤਾ ਗਿਆ। ਹੈਰਾਨੀ ਦੀ ਗੱਲ ਹੈ ਕਿ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਫਾਂਸੀ ਦੇਣ ਤੋਂ ਸਿਰਫ ਛੇ ਦਿਨ ਪਹਿਲਾਂ ਹੀ ਉਸ ਦੀ ਰਹਿਮ ਦੀ ਅਪੀਲ ਰੱਦ ਕੀਤੀ ਸੀ। ਭਾਰਤ ਸਰਕਾਰ ਨੇ ਇਸ ਮਾਮਲੇ ਵਿਚ ਇੰਨੀ ਚੁਸਤੀ ਵਿਖਾਈ ਕਿ ਹਫਤੇ ਦੇ ਅੰਦਰ-ਅੰਦਰ ਚੁੱਪ-ਚੁਪੀਤੇ ਅਫਜ਼ਲ ਨੂੰ ਫਾਹੇ ਲਾ ਦਿੱਤਾ। ਇਥੋਂ ਤੱਕ ਕਿ ਉਸ ਦੇ ਘਰਦਿਆਂ ਨੂੰ ਵੀ ਬਾਅਦ ਵਿਚ ਪਤਾ ਲੱਗਾ। ਇਸ ਤਰ੍ਹਾਂ ਹੁਣ ਤੱਕ ਇਹ ਰਾਏ ਉਭਰ ਕੇ ਆਈ ਹੈ ਕਿ ਅਫਜ਼ਲ ਸਿਆਸਤ ਦੀ ਖੇਡ ਲਈ ਬਲੀ ਚੜ੍ਹਿਆ ਹੈ।

ਉਤਰੀ ਕਸ਼ਮੀਰ ਦੇ ਸੋਪੋਰ ਨਿਵਾਸੀ ਤੇ ਮੈਡੀਕਲ ਦੀ ਪੜ੍ਹਾਈ ਵਿਚਾਲੇ ਛੱਡਣ ਵਾਲੇ 43 ਸਾਲਾ ਅਫ਼ਜ਼ਲ ਨੂੰ ਚੁੱਪ ਚੁਪੀਤੇ ਨੌਂ ਫਰਵਰੀ ਨੂੰ ਸਵੇਰੇ ਅੱਠ ਵਜੇ ਫਾਂਸੀ ਦੇ ਤਖਤੇ 'ਤੇ ਲਟਕਾਇਆ ਗਿਆ। ਇਹ ਸਾਰੀ ਕਾਰਵਾਈ ਗੁਪਤ ਰੱਖੀ ਗਈ ਤੇ ਫਾਂਸੀ ਦੇਣ ਮਗਰੋਂ ਹੀ ਲੋਕਾਂ ਨੂੰ ਇਸ ਦੀ ਜਾਣਕਾਰੀ ਮਿਲੀ। ਉਸ ਨੂੰ ਫਾਂਸੀ ਦੇਣ ਤੋਂ ਤੁਰੰਤ ਬਾਅਦ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਪੱਤਰਕਾਰਾਂ ਨੂੰ ਦੱਸਿਆ ਕਿ "ਅਫ਼ਜ਼ਲ ਗੁਰੂ ਨੂੰ ਫਾਂਸੀ ਦੇ ਦਿੱਤੀ ਗਈ ਹੈ। ਤਿਹਾੜ ਜੇਲ੍ਹ ਦੇ ਅਧਿਕਾਰੀਆਂ ਅਨੁਸਾਰ ਸਵੇਰੇ ਸਾਢੇ ਸੱਤ ਵਜੇ ਉਸ ਨੂੰ ਫਾਂਸੀ ਦੇ ਤਖਤੇ ਉਪਰ ਲਿਜਾਇਆ ਗਿਆ ਤੇ ਉਹ ਉਸ ਸਮੇਂ ਸ਼ਾਂਤ ਨਜ਼ਰ ਆ ਰਿਹਾ ਸੀ।

ਅਤਿਵਾਦੀ ਹਮਲੇ ਵਿਚ ਮਦਦ ਕਰਨ ਤੇ ਉਕਸਾਉਣ ਵਿਚ ਭੂਮਿਕਾ ਬਾਰੇ ਇਕ ਵਿਸ਼ੇਸ਼ ਅਦਾਲਤ ਨੇ ਦਸੰਬਰ 2002 ਵਿਚ ਅਫ਼ਜ਼ਲ ਨੂੰ ਸਜ਼ਾ-ਏ-ਮੌਤ ਸੁਣਾਈ ਸੀ। ਸੁਪਰੀਮ ਕੋਰਟ ਨੇ ਚਾਰ ਅਗਸਤ, 2005 ਨੂੰ ਮੌਤ ਦੀ ਸਜ਼ਾ ਦੀ



ਪੁਸ਼ਟੀ ਕੀਤੀ ਸੀ। ਉਸ ਸਮੇਂ 271 ਸਫਿਆਂ ਦਾ ਫੈਸਲਾ ਸੁਣਾਉਂਦਿਆਂ ਜਸਟਿਸ ਪੀ.ਵੀ. ਰੈਡੀ ਤੇ ਜਸਟਿਸ ਪੀ.ਪੀ. ਨਾਓਲੇਕਰ ਨੇ ਡਿਵੀਜ਼ਨ ਬੈਂਚ ਨੇ ਕਿਹਾ ਸੀ ਕਿ "ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਉਦੋਂ ਹੀ ਸ਼ਾਂਤ ਹੋਣਗੀਆਂ ਜਦੋਂ ਅਫ਼ਜ਼ਲ ਗੁਰੂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇਗੀ। 13 ਦਸੰਬਰ 2001 ਵਿਚ ਸੰਸਦ 'ਤੇ ਹਮਲਾ ਕਰਨ ਵਾਲੇ ਅਤਿਵਾਦੀਆਂ ਨੂੰ ਪਨਾਹ ਦੇਣ ਤੇ ਉਨ੍ਹਾਂ ਦੇ ਹਮਲੇ ਦੀ ਸਾਜ਼ਿਸ਼ ਰਚਣ ਦੇ ਦੋਸ਼ੀ ਅਫ਼ਜ਼ਲ ਦੀ ਲਾਸ਼ ਨੂੰ ਜੇਲ੍ਹ ਦੇ ਨਿਯਮਾਂ ਅਨੁਸਾਰ ਜੇਲ੍ਹ ਨੰਬਰ ਤਿੰਨ ਵਿਚ ਹੀ ਦਫਨਾ ਦਿੱਤਾ ਗਿਆ। ਮੁੰਬਈ ਹਮਲਿਆਂ ਦੇ ਦੋਸ਼ੀ ਅਜਮਲ ਕਸਾਬ ਨੂੰ ਵੀ ਫਾਂਸੀ ਦੇਣ ਮਗਰੋਂ ਲਾਸ਼ ਪੁਣੇ ਦੀ ਯਰਾਵੜਾ ਜੇਲ੍ਹ ਵਿਚ ਦਫਨਾ ਦਿੱਤੀ ਗਈ ਸੀ। ਰਾਸ਼ਟਰਪਤੀ ਮੁਖਰਜੀ ਨੇ ਤਿੰਨ ਫਰਵਰੀ ਨੂੰ ਗੁਰੂ ਦੀ ਰਹਿਮ ਦੀ ਅਪੀਲ ਨਾਮਨਜ਼ੂਰ ਕਰ ਦਿੱਤੀ ਸੀ। ਸੁਪਰੀਮ ਕੋਰਟ ਅਨੁਸਾਰ ਅਫ਼ਜ਼ਲ ਗੁਰੂ ਦੇ ਸੰਸਦ ਉਪਰ ਹਮਲਾ ਕਰਨ ਵੇਲੇ ਮਾਰੇ ਗਏ 'ਫਿਦਾਇਨ' ਅਤਿਵਾਦੀਆਂ ਨਾਲ ਚੰਗੇ ਸਬੰਧ ਸਨ ਤੇ ਹਮਲੇ 'ਤੇ ਕੁਝ ਮਿੰਟ ਪਹਿਲਾਂ ਹੀ ਅਤਿਵਾਦੀਆਂ ਦੀ ਅਫ਼ਜ਼ਲ ਨਾਲ ਮੋਬਾਈਲ ਫੋਨ 'ਤੇ ਗੱਲ ਹੋਈ ਸੀ। ਇਹ ਫੋਨ ਹਮਲਾਵਰਾਂ ਵਿਚੋਂ ਇਕ ਨੇ ਸਵੇਰੇ 10.43, 11 ਤੇ 11.25 'ਤੇ ਕੀਤੇ। ਗੁਰੂ ਨੇ ਮਾਰੇ ਗਏ ਪੰਜਾਂ ਅਤਿਵਾਦੀਆਂ ਮੁਹੰਮਦ, ਹੈਦਰ, ਹਮਜ਼ਾ, ਰਾਣਾ ਤੇ ਰਾਜਾ ਦੀਆਂ ਲਾਸ਼ਾਂ ਦੀ ਪਛਾਣ ਵੀ ਕੀਤੀ ਸੀ। ਅਫ਼ਜ਼ਲ ਗੁਰੂ ਦਾ ਜਨਮ ਉਤਰੀ ਕਸ਼ਮੀਰ ਦੇ ਸੋਪੋਰ ਜ਼ਿਲ੍ਹੇ ਵਿਚ ਹਬੀਬੁਲ੍ਹਾ ਗੁਰੂ ਦੇ ਘਰ ਹੋਇਆ ਤੇ ਉਨ੍ਹਾਂ ਦਾ ਟਰਾਂਸਪੋਰਟ ਤੇ ਲੱਕੜ ਦਾ ਕਾਰੋਬਾਰ ਸੀ। ਅਫ਼ਜ਼ਲ ਦੇ ਪਿਤਾ ਦੀ ਮੌਤ ਉਸ ਦੀ ਬੜੀ ਛੋਟੀ ਉਮਰੇ ਹੀ ਹੋ ਗਈ ਸੀ। 1988 ਵਿਚ ਉਸ ਨੇ ਜੇਹਲਮ ਵੈਲੀ ਮੈਡੀਕਲ ਕਾਲਜ ਦੇ ਐਮਬੀਬੀਸੀ ਕੋਰਸ ਵਿਚ ਦਾਖਲਾ ਲਿਆ ਪਰ ਪੜ੍ਹਾਈ ਵਿਚਾਲੇ ਛੱਡ ਦਿੱਤੀ। ਦਿਲੀ ਵਿਖੇ ਆਪਣੇ ਰਿਸ਼ਤੇਦਾਰ ਸ਼ੌਕਤ ਗੁਰੂ ਕੋਲ ਰਿਹਾ। ਗੁਰੂ ਇਥੇ ਫਲਾਂ ਦੇ ਕਾਰੋਬਾਰ ਵਿਚ ਕਮਿਸ਼ਨ ਏਜੰਟ ਬਣ ਗਿਆ। ਸੰਸਦ 'ਤੇ ਹਮਲੇ ਲਈ ਉਸ ਨੇ ਜੈਸ਼-ਏ-ਮੁਹੰਮਦ ਦੀ ਮਦਦ ਕੀਤੀ ਸੀ। ਅਫ਼ਜ਼ਲ ਦਾ ਇਕ ਪੁੱਤਰ ਗ਼ਾਲਿਬ ਹੈ ਜੋ ਆਪਣੀ ਮਾਂ ਨਾਲ ਵਾਦੀ ਵਿਚ ਰਹਿ ਰਿਹਾ ਹੈ।

## ਦਿਨਾਂ ਵਿਚ ਹੀ ਨਿਬੇੜਿਆ ਕੰਮ

**ਨਵੀਂ ਦਿੱਲੀ:** ਅਫ਼ਜ਼ਲ ਗੁਰੂ ਨੂੰ ਫਾਂਸੀ ਦੇਣ ਮਗਰੋਂ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਕਿ "ਰਾਸ਼ਟਰਪਤੀ ਨੇ ਤਿੰਨ ਫਰਵਰੀ ਨੂੰ ਅਫਜ਼ਲ ਗੁਰੂ ਦੀ ਰਹਿਮ ਦੀ ਅਪੀਲ ਖਾਰਜ ਕਰ ਦਿੱਤੀ ਸੀ। ਇਸ ਮਗਰੋਂ ਉਨ੍ਹਾਂ ਚਾਰ ਫਰਵਰੀ ਨੂੰ ਫਾਂਸੀ ਦੀ ਮਨਜ਼ੂਰੀ ਦੇ ਦਿੱਤੀ ਤੇ ਨਿਆਂਇਕ ਅਧਿਕਾਰੀ ਵੱਲੋਂ ਤਾਰੀਖ਼ ਤੇ ਸਮੇਂ ਦੀ ਪੁਸ਼ਟੀ ਕੀਤੀ ਗਈ।





ਉਨ੍ਹਾਂ ਕਿਹਾ ਕਿ ਅਫਜ਼ਲ ਗੁਰੂ ਦੀ ਰਹਿਮ ਦੀ ਅਪੀਲ ਨਾਮਨਜ਼ੂਰ ਕਰਨ ਦੀ ਸਿਫਾਰਸ਼ ਪਹਿਲਾਂ 2011 ਵਿਚ ਗ੍ਰਹਿ ਮੰਤਰਾਲੇ ਨੇ ਕੀਤੀ ਸੀ। ਪਿਛਲੇ ਸਾਲ ਪ੍ਰਣਬ ਮੁਖਰਜੀ ਦੇ ਰਾਸ਼ਟਰਪਤੀ ਬਣਨ 'ਤੇ ਉਨ੍ਹਾਂ ਨੇ ਲਟਕ ਰਹੀਆਂ ਪਟੀਸ਼ਨਾਂ ਨਜ਼ਰਸਾਨੀ ਲਈ ਉਨ੍ਹਾਂ ਨੂੰ ਭੇਜੀਆਂ। ਜਦੋਂ ਉਨ੍ਹਾਂ ਅਗਸਤ-2012 ਵਿਚ ਗ੍ਰਹਿ ਮੰਤਰਾਲੇ ਦਾ ਕਾਰਜ ਭਾਰ ਸੰਭਾਲਿਆ ਤਾਂ ਫਾਈਲ ਨੂੰ ਬੜੇ ਧਿਆਨ ਨਾਲ ਦੇਖਿਆ ਤੇ 21 ਜਨਵਰੀ ਨੂੰ ਰਾਸ਼ਟਰਪਤੀ ਕੋਲ ਸਿਫਾਰਸ਼ ਕੀਤੀ ਕਿ ਗੁਰੂ ਦੀ ਪਟੀਸ਼ਨ ਨਾਮਨਜ਼ੂਰ ਕਰ ਦਿੱਤੀ ਜਾਵੇ। ਇਸ ਤਰ੍ਹਾਂ ਸਰਕਾਰ ਨੇ ਇਹ ਕੰਮ ਦਿਨਾਂ ਵਿਚ ਹੀ ਨਿਬੇੜ ਦਿੱਤਾ।

## *ਨਿਆਂਪਾਲਿਕਾ ਦੀ ਕਾਹਲ!*

**ਨਵੀਂ ਦਿੱਲੀ:** ਸੰਸਦ 'ਤੇ ਹਮਲੇ ਦੇ ਮਾਮਲੇ ਦੀ ਸੁਣਵਾਈ ਹੇਠਲੀ ਅਦਾਲਤ ਤੋਂ ਲੈ ਕੇ ਸੁਪਰੀਮ ਕੋਰਟ ਵੱਲੋਂ ਬੜੀ ਤੇਜ਼ੀ ਨਾਲ ਨਿਬੇੜੀ ਗਈ। ਵਿਸ਼ੇਸ਼ ਅਦਾਲਤ ਨੇ ਮਾਮਲਾ ਕਰੀਬ ਛੇ ਮਹੀਨਿਆਂ ਵਿਚ ਸੁਣਾ ਦਿੱਤਾ। ਕੇਸ 'ਚ 90 ਗਵਾਹ ਪੇਸ਼ ਹੋਏ। 80 ਸਰਕਾਰੀ ਧਿਰ ਵੱਲੋਂ ਤੇ 10 ਬਚਾਅ ਪੱਖ ਵੱਲੋਂ। ਸੁਣਵਾਈ ਅਦਾਲਤ ਵੱਲੋਂ 18 ਦਸੰਬਰ, 2002 ਵਿਚ ਅਫਜ਼ਲ ਗੁਰੂ ਨੂੰ ਸਜ਼ਾ-ਏ-ਮੌਤ ਸੁਣਾਈ ਗਈ। 29 ਅਕਤੂਬਰ 2003 ਵਿਚ ਦਿੱਲੀ ਹਾਈ ਕੋਰਟ ਨੇ ਫੈਸਲਾ ਬਰਕਰਾਰ ਰੱਖਿਆ ਤੇ ਚਾਰ ਅਗਸਤ 2005 ਵਿਚ ਸੁਪਰੀਮ ਕੋਰਟ ਨੇ ਇਸ 'ਤੇ ਆਪਣੀ ਮੋਹਰ ਲਾ ਦਿੱਤੀ।

## ਪਰਿਵਾਰ ਨੂੰ ਨਹੀਂ ਕੀਤਾ ਗਿਆ ਸੂਚਿਤ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਫ਼ਜ਼ਲ ਗੁਰੂ ਦੇ ਘਰ ਵਾਲਿਆਂ ਨੂੰ ਸੂਚਿਤ ਕਰਨ ਦੇ ਮਾਮਲੇ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਸਰਕਾਰ ਦਾ ਦਾਅਵਾ ਹੈ ਕਿ ਘਰ ਵਾਲਿਆਂ ਨੂੰ ਸਪੀਡ ਪੋਸਟ ਭੇਜ ਦਿੱਤੀ ਗਈ ਸੀ ਪਰ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੋਈ ਚਿੱਠੀ ਨਹੀਂ ਮਿਲੀ। ਕੇਂਦਰ ਗ੍ਰਹਿ ਮੰਤਰੀ ਆਰ.ਕੇ. ਸਿੰਘ ਨੇ ਕਿਹਾ ਸੀ ਕਿ ਸਪੀਡ ਪੋਸਟ ਅਫ਼ਜ਼ਲ ਦੇ ਪਰਿਵਾਰ ਨੂੰ ਭੇਜੀ ਗਈ ਹੈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਵਾਲ ਕੀਤਾ ਹੈ ਕਿ ਕੀ ਅਫ਼ਜ਼ਲ ਦੇ ਪਰਿਵਾਰ ਨੂੰ ਇਉਂ ਸਪੀਡ ਪੋਸਟ ਰਾਹੀਂ ਦੱਸਣ ਦੀ ਕੋਈ ਤੁਕ ਬਣਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਵੀ ਸਿਰਫ 12 ਘੰਟੇ ਪਹਿਲਾਂ ਸੂਚਿਤ ਕੀਤਾ ਗਿਆ। ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਸ੍ਰੀ ਉਮਰ ਅਬਦੁੱਲਾ ਨੂੰ ਅੱਠ ਫਰਵਰੀ ਨੂੰ ਰਾਤ ਅੱਠ ਵਜੇ ਅਫਜ਼ਲ ਦੀ ਫਾਂਸੀ ਬਾਰੇ ਦੱਸਿਆ ਤੇ ਨੌਂ ਫਰਵਰੀ ਨੂੰ ਸਵੇਰੇ ਅੱਠ ਵਜੇ ਉਸ ਨੂੰ ਫਾਂਸੀ ਲਾ ਦਿੱਤੀ ਗਈ।

## ਆਮ ਜ਼ਿੰਦਗੀ ਜਿਉਣ ਦੀ ਬੜੀ ਸੀ ਚਾਹ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਤਬਾਹੀ ਦੀ ਘੁੰਮਣਘੇਰੀ ਵਿਚ ਫਸੇ ਕਸ਼ਮੀਰੀ ਨੌਜਵਾਨ ਮੁਹੰਮਦ ਅਫਜ਼ਲ ਗੁਰੂ ਦਾ ਵਿਲੱਖਣ ਕਿਸਮ ਦਾ ਮਾਮਲਾ ਹੈ। ਉਸ ਦੀ 34 ਸਾਲਾ ਪਤਨੀ ਤੁਬੱਸੁਮ ਗੁਰੂ ਬੀਤੇ ਸਮੇਂ ਨੂੰ ਚੇਤੇ ਕਰਦਿਆਂ ਦੱਸਦੀ ਹੈ ਕਿ ਉਹ ਦੂਸਰੇ ਹਜ਼ਾਰਾਂ ਨੌਜਾਵਨਾਂ ਵਾਂਗ ਜੰਮੂ ਤੇ ਕਸ਼ਮੀਰ ਲਿਬਰੇਸ਼ਨ ਫਰੰਟ ਦੀ ਅਗਵਾਈ ਵਿਚ ਸ਼ੁਰੂ ਹੋਈ ਲਹਿਰ ਵੱਲ ਖਿੱਚਿਆ ਗਿਆ ਸੀ। ਉਹ ਪਾਕਿਸਤਾਨ ਸਿਖਲਾਈ ਲਈ ਗਿਆ ਸੀ ਪਰ ਛੇਤੀ ਹੀ ਨਿਰਾਸ਼ ਹੋ ਗਿਆ ਤੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਹੀ ਕਸ਼ਮੀਰ ਵਾਪਸ ਆ ਗਿਆ। ਉਸ ਨੇ ਦੱਸਿਆ ਕਿ ਉਸਦਾ ਪਤੀ ਆਮ ਜ਼ਿੰਦਗੀ ਜਿਊਣੀ ਚਾਹੁੰਦਾ ਸੀ ਤੇ ਇਸੇ ਇਰਾਦੇ ਨਾਲ ਉਸ ਨੇ ਬੀਐਸਐਫ ਅੱਗੇ ਆਤਮ-ਸਮਰਪਣ ਕੀਤਾ ਸੀ। ਬੀਐਸਐਫ ਦੇ ਕਮਾਂਡੈਂਟ ਨੇ ਉਸ ਨੂੰ ਉਦੋਂ ਤਕ ਆਤਮ-ਸਮਰਪਣ ਸਰਟੀਫਿਕੇਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਨਾਲ ਉਹ ਅਮਨ-ਚੈਨ ਨਾਲ ਰਹਿ ਸਕਦਾ



ਜਦੋਂ ਤਕ ਉਸ ਨੇ ਦੋ ਹੋਰ ਨੌਜਾਵਨਾਂ ਨੂੰ ਆਤਮ-ਸਮਰਪਣ ਕਰਨ ਲਈ ਪ੍ਰੇਰਿਤ ਨਹੀਂ ਕੀਤਾ। ਆਪਣੇ 17 ਸਾਲਾ ਪੁੱਤਰ ਗਾਲਿਬ ਨਾਲ ਰਹਿ ਰਹੀ ਤੁਬੱਸੁਮ ਨੂੰ ਅਫਜ਼ਲ ਦੀ ਕਿਸਮਤ ਬਾਰੇ ਪਹਿਲਾਂ ਹੀ ਕਨਸੋਅ ਮਿਲ ਗਈ ਸੀ ਕਿਉਂਕਿ ਕਸ਼ਮੀਰੀ ਕੈਦੀਆਂ ਦੇ ਰਿਸ਼ਤੇਦਾਰਾਂ ਨੇ ਦੱਸਿਆ ਸੀ ਕਿ ਤਿਹਾੜ ਜੇਲ੍ਹ ਵਿਚ ਕਾਫੀ ਅਫਵਾਹਾਂ ਫੈਲੀਆਂ ਹੋਈਆਂ ਹਨ ਕਿ ਉਸ ਨੂੰ ਛੇਤੀ ਹੀ ਫਾਂਸੀ ਦੇ ਦਿੱਤੀ ਜਾਵੇਗੀ। ਉਸ ਨੂੰ ਫਾਂਸੀ 'ਤੇ ਲਟਕਾਏ ਜਾਣ ਬਾਰੇ ਜਾਣਕਾਰੀ ਉਨ੍ਹਾਂ ਦੇ ਰਿਸ਼ਤੇਦਾਰ ਨੇ ਦਿੱਤੀ ਜਿਸ ਨੂੰ ਟੈਲੀਵਿਜ਼ਨ ਤੋਂ ਇਸ ਬਾਰੇ ਪਤਾ ਲੱਗਾ ਸੀ। ਤੁਬੱਸੁਮ ਜਿਹੜੀ ਪ੍ਰਾਈਵੇਟ ਹਸਪਤਾਲ ਵਿਚ ਨਰਸ ਵਜੋਂ ਕੰਮ ਕਰਦੀ ਹੈ, ਨੇ ਅਫ਼ਜ਼ਲ ਦੀ ਔਖੀ ਜ਼ਿੰਦਗੀ ਬਾਰੇ ਦੱਸਦਿਆਂ ਕਿਹਾ ਕਿ 1997 ਵਿਚ ਉਨ੍ਹਾਂ ਦੇ ਵਿਆਹ ਤੋਂ ਪਹਿਲਾਂ ਅਫਜ਼ਲ ਨੇ ਕਸ਼ਮੀਰ ਵਿਚ ਦਵਾਈਆਂ ਤੇ ਸਰਜੀਕਲ ਵਸਤਾਂ ਦਾ ਛੋਟਾ ਕਾਰੋਬਾਰ ਸ਼ੁਰੂ ਕੀਤਾ ਸੀ ਪਰ ਸੁਰੱਖਿਆ ਏਜੰਸੀਆਂ ਵੱਲੋਂ ਉਸ ਨੂੰ ਜਾਸੂਸ ਕਹਿ ਕੇ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ।

## ਅੱਧਵਾਟੇ ਰਹਿ ਗਈ ਪੁੱਤ ਨੂੰ ਮਿਲਣ ਦੀ ਤਾਂਘ



ਸੰਸਦ 'ਤੇ ਹੋਏ ਦਹਿਸ਼ਤਗਰਦੀ ਹਮਲੇ ਦਾ ਦੋਸ਼ੀ ਅਫਜ਼ਲ ਗੁਰੂ ਆਪਣੇ ਪੁੱਤਰ ਗਾਲਿਬ ਦੀ ਸੂਰਤ ਦੇਖਣ ਲਈ ਹਮੇਸ਼ਾ ਤਾਂਘਦਾ ਰਹਿੰਦਾ ਸੀ। 'ਹਿੰਦੁਸਤਾਨ ਟਾਈਮਜ਼' ਵਿਚ ਉਸ ਦੀ ਪੰਜ ਸਾਲ ਪਹਿਲਾਂ ਲਈ ਗਈ ਆਖਰੀ ਇੰਟਰਵਿਊ ਮੁੜ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਇੰਟਰਵਿਊ ਵਿਚ ਉਹ ਆਪਣੇ ਪੁੱਤਰ ਨੂੰ ਦੇਖਣ ਦੀ ਤਾਂਘ ਤੇ ਆਪਣੇ ਪਰਿਵਾਰ ਨੂੰ ਮਿਲਣ ਦੀ ਖਾਹਿਸ਼ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਜਦੋਂ ਉਨ੍ਹਾਂ ਦਾ ਪੁੱਤਰ ਤੇ ਬੀਵੀ ਮਿਲਣ ਲਈ ਤਿਹਾੜ ਜੇਲ੍ਹ ਆਉਂਦੇ ਹਨ ਤਾਂ ਸੂਹੀਆ ਏਜੰਸੀਆਂ ਵੱਲੋਂ ਉਨ੍ਹਾਂ ਦਾ ਸਾਏ ਵਾਂਗ ਪਿੱਛਾ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਖਾਹਮਖਾਹ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਿਸ ਕਰਕੇ ਉਹ ਉਨ੍ਹਾਂ ਨੂੰ ਆਖਦੇ ਹਨ ਕਿ ਉਹ ਮਿਲਣ ਲਈ ਦਿੱਲੀ ਨਾ ਆਉਣ। ਜਦੋਂ ਇਹ ਇੰਟਰਵਿਊ ਲਈ ਗਈ ਸੀ, ਉਦੋਂ ਉਸ ਦਾ ਪੁੱਤਰ ਗਾਲਿਬ ਮਸਾਂ ਅੱਠ ਕੁ ਵਰ੍ਹਿਆਂ ਦਾ ਸੀ। ਉਹ ਅਜੇ ਨਿੱਕਾ ਹੀ ਸੀ ਜਦੋਂ ਅਫਜ਼ਲ ਨੂੰ ਪਾਰਲੀਮੈਂਟ 'ਤੇ ਹਮਲੇ ਦੇ ਮਾਮਲੇ ਸਬੰਧੀ ਗ੍ਰਿਫਤਾਰ ਕਰ ਲਿਆ ਗਿਆ ਸੀ। ਜਦੋਂ ਪੱਤਰਕਾਰ ਉਸ ਨਾਲ ਮੁਲਾਕਾਤ ਕਰਨ ਗਿਆ ਤਾਂ ਅਫਜ਼ਲ ਹੈਰਾਨ ਸੀ ਕਿ ਉਸ ਨੂੰ ਕੌਣ ਮਿਲਣ ਆਇਆ ਹੈ ਕਿਉਂਕਿ ਉਸ ਨੂੰ ਉੱਥੇ ਕਦੇ ਕੋਈ ਮਿਲਣ ਨਹੀਂ ਆਇਆ ਸੀ।

### ਫਾਂਸੀ ਤੋਂ ਬੇਖ਼ੌਫ ਸੀ ਅਫਜ਼ਲ ਗੁਰੂ

**ਚੰਡੀਗੜ੍ਹ:** ਅਫਜ਼ਲ ਗੁਰੂ ਨੂੰ ਫਾਂਸੀ ਲਈ ਲਿਜਾਣ ਸਮੇਂ ਉਹ ਪੂਰੀ ਤਰ੍ਹਾਂ ਸ਼ਾਂਤ ਤੇ ਸਥਿਰ ਸੀ। ਉਸ ਦੇ ਚਿਹਰੇ 'ਤੇ ਪਛਤਾਵੇ ਦਾ ਕੋਈ ਸੰਕੇਤ ਨਹੀਂ ਸੀ। ਤਿਹਾੜ ਜੇਲ੍ਹ ਦੇ ਅਧਿਕਾਰੀ ਨੇ ਦੱਸਿਆ ਕਿ ਉਹ ਪੂਰੀ ਤਰ੍ਹਾਂ ਸ਼ਾਂਤ ਸੀ ਤੇ ਉਸ ਨੇ ਕੋਈ ਵਿਰੋਧ ਨਹੀਂ ਕੀਤਾ। ਉਸ ਨੇ ਦੱਸਿਆ ਕਿ ਅਫਜ਼ਲ ਨੂੰ ਬੈਰਕ ਨੰਬਰ-3 ਵਿਚ ਰੱਖਿਆ ਗਿਆ ਸੀ। ਉਸ ਨੂੰ ਸ਼ਾਮ ਨੂੰ ਹੀ ਫਾਂਸੀ ਬਾਰੇ ਸੂਚਿਤ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਹ ਕੁਝ ਬੇਚੈਨ ਸੀ। ਜੇਲ੍ਹ ਦੀ ਡਾਇਰੈਕਟਰ ਬਿਮਲਾ ਮਿਸ਼ਰਾ ਨੇ ਕਿਹਾ ਕਿ ਉਹ ਤੰਦਰੁਸਤ ਸੀ। ਅਫਜ਼ਲ ਨੂੰ ਫਾਂਸੀ ਲਈ ਲਿਜਾਣ ਤੋਂ ਪਹਿਲਾਂ ਡਾਕਟਰ ਨੇ ਉਸ ਦੀ ਜਾਂਚ ਕੀਤੀ ਸੀ। ਉਨ੍ਹਾਂ ਕਿਹਾ ਕਿ ਫਾਂਸੀ ਲਈ ਆਮ ਪ੍ਰਕਿਰਿਆ ਦਾ ਪਾਲਣ ਕੀਤਾ ਗਿਆ।

# ਭਾਈ ਰਾਜੋਆਣਾ ਤੇ ਭਾਈ ਭੁੱਲਰ ਦੇ ਹਮਾਇਤੀ ਹੋਏ ਫਿਕਰਮੰਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** 26/11 ਮੁੰਬਈ ਹਮਲੇ ਤੇ 2001 ਵਿਚ ਸੰਸਦ 'ਤੇ ਹੋਏ ਹਮਲੇ ਦੇ ਵੱਖ-ਵੱਖ ਮਾਮਲਿਆਂ ਵਿਚ ਤਕਰੀਬਨ ਤਿੰਨ ਮਹੀਨਿਆਂ ਵਿਚ ਪਹਿਲਾਂ ਅਜਮਲ ਅਮੀਰ ਕਸਾਬ ਤੇ ਹੁਣ ਅਫਜ਼ਲ ਗੁਰੂ ਨੂੰ ਸਰਕਾਰ ਵੱਲੋਂ ਚੁੱਪ ਚਪੀਤੇ ਫਾਂਸੀ ਦਿੱਤੇ ਜਾਣ ਤੋਂ ਬਾਅਦ ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਤੇ ਭਾਈ ਦਵਿੰਦਰ ਸਿੰਘ ਭੁੱਲਰ 'ਤੇ ਵੀ ਖ਼ਤਰੇ ਦੀ ਤਲਵਾਰ ਲਟਕ ਗਈ ਹੈ। ਇਸ ਨੂੰ ਲੈ ਕੇ ਉਨ੍ਹਾਂ ਦੇ ਸਮਰਥਕ ਤੇ ਸਿੱਖ ਹਲਕਿਆਂ ਵਿਚ ਫਿਕਰ ਦਾ ਮਾਹੌਲ ਹੈ। ਇਸੇ ਤਰ੍ਹਾਂ ਲਾਹੌਰ ਵਿਖੇ ਕੋਟ ਲੱਖਪਤ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸਰਬਜੀਤ ਸਿੰਘ ਤੇ ਕ੍ਰਿਪਾਲ ਸਿੰਘ ਦੇ ਸਮਰਥਕ ਵੀ ਇਸ ਕਾਰਵਾਈ ਨੂੰ ਖ਼ਤਰੇ ਦੀ ਘੰਟੀ ਵਜੋਂ ਦੇਖ ਰਹੇ ਹਨ।

ਭਾਈ ਰਾਜੋਆਣਾ ਨੂੰ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਦੀ ਯੋਜਨਾ ਵਿਚ ਸ਼ਾਮਲ ਹੋਣ ਦੇ ਦੋਸ਼ ਹੇਠ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ ਜਿਸ ਖ਼ਿਲਾਫ਼ ਉਸ ਵੱਲੋਂ ਉਪਰਲੀ ਅਦਾਲਤ ਵਿਚ ਅਪੀਲ ਦਾਇਰ ਕਰਨ ਤੋਂ ਨਾਂਹ ਕਰ ਦਿੱਤੀ ਗਈ ਸੀ। ਪਿਛਲੇ ਵਰ੍ਹੇ ਮਾਰਚ ਮਹੀਨੇ ਵਿਚ ਜਦੋਂ ਅਦਾਲਤ ਨੇ ਉਸ ਨੂੰ ਫਾਂਸੀ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ ਸੀ ਤਾਂ ਉਸ ਵੇਲੇ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਫਾਂਸੀ ਦੇਣ ਤੋਂ ਨਾਂਹ ਕਰ ਦਿੱਤੀ ਸੀ।

ਉਸ ਵੇਲੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਤੇ ਸ਼੍ਰੋਮਣੀ ਕਮੇਟੀ ਨੇ ਵੀ ਫਾਂਸੀ ਦੀ ਸਜ਼ਾ ਦਿੱਤੇ ਜਾਣ ਦਾ ਵਿਰੋਧ ਕੀਤਾ ਸੀ। ਪੰਜ ਸਿੰਘ ਸਾਹਿਬਾਨਾਂ ਨੇ ਭਾਈ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਦਾ ਖ਼ਿਤਾਬ ਵੀ ਦਿੱਤਾ ਸੀ। ਇਸ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਉਸ ਦੇ ਹੱਕ ਵਿਚ ਰਾਸ਼ਟਰਪਤੀ ਅੱਗੇ ਰਹਿਮ ਦੀ ਅਪੀਲ ਵੀ ਦਾਇਰ ਕੀਤੀ ਗਈ ਸੀ ਜਿਸ ਦੇ ਸਿੱਟੇ ਵਜੋਂ ਉਸ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਲਾ ਦਿੱਤੀ ਗਈ ਸੀ। ਇਸੇ ਤਰ੍ਹਾਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਨੂੰ ਕਾਂਗਰਸੀ ਆਗੂ ਮਨਿੰਦਰਜੀਤ ਸਿੰਘ ਬਿੱਟਾ 'ਤੇ ਬੰਬ ਧਮਾਕੇ ਦੇ ਦੋਸ਼ ਹੇਠ ਫਾਂਸੀ ਦੀ ਸਜ਼ਾ ਸੁਣਾਈ ਹੋਈ ਹੈ। ਉਸ ਦੀ ਰਹਿਮ ਸਬੰਧੀ ਅਪੀਲ ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵੱਲੋਂ 26 ਮਈ, 2011 ਨੂੰ ਰੱਦ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿਚ ਉਸ ਨੂੰ ਬਚਾਉਣ ਲਈ ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਰਹਿਮ ਦੀ ਅਪੀਲ ਦਾਇਰ ਕੀਤੀ ਗਈ ਸੀ।




### ਦੋਹਾਂ ਦੀਆਂ ਫਾਈਲਾਂ ਗ੍ਰਹਿ ਮੰਤਰਾਲੇ ਕੋਲ

**ਨਵੀਂ ਦਿੱਲੀ:** ਫਾਂਸੀ ਦੀ ਸਜ਼ਾਯਾਫ਼ਤਾ ਭਾਈ ਬਲਵੰਤ ਸਿੰਘ ਰਾਜੋਆਣਾ ਤੇ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਬਾਰੇ ਫੈਸਲਾ ਵੀ ਜਲਦ ਹੋਣ ਦੀਆਂ ਅਟਕਲਾਂ ਹਨ। ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਇਕ ਹੋਰ ਵੱਡਾ ਫੈਸਲਾ ਲੈਂਦਿਆਂ ਫਾਂਸੀ ਦੀ ਸਜ਼ਾ ਮੁਆਫ਼ ਕਰਨ ਲਈ ਆਈਆਂ ਅੱਠ ਰਹਿਮ ਦੀਆਂ ਅਪੀਲਾਂ 'ਤੇ ਗ੍ਰਹਿ ਮੰਤਰਾਲੇ ਤੋਂ ਰਾਏ ਮੰਗੀ ਹੈ। ਇਨ੍ਹਾਂ ਅਪੀਲਾਂ ਵਿਚ ਭਾਈ ਬਲਵੰਤ ਸਿੰਘ ਰਾਜੋਆਣਾ ਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਨਾਂ ਵੀ ਸ਼ਾਮਿਲ ਹਨ।

ਕਸਾਬ ਤੇ ਅਫਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਤੋਂ ਬਾਅਦ ਸਿੱਖ ਹਲਕਿਆਂ ਨੇ ਭਾਈ ਰਾਜੋਆਣਾ ਨੂੰ ਵੀ ਚੁੱਪ ਚਪੀਤੇ ਅਚਨਚੇਤੀ ਫਾਂਸੀ ਦਿੱਤੇ ਜਾਣ ਦਾ ਖਦਸ਼ਾ ਪ੍ਰਗਟਾਇਆ ਹੈ। ਉਨ੍ਹਾਂ ਅਫਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਦੀ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਆਖਿਆ ਕਿ ਫਾਂਸੀ ਦੇਣਾ ਅਣਮਨੁੱਖੀ ਕਾਰਾ ਹੈ। ਅਫ਼ਜਲ ਗੁਰੂ ਨੂੰ ਫਾਂਸੀ ਦੇਣ ਦਾ ਫੈਸਲਾ ਨਿਰੋਲ ਰਾਜਨੀਤਕ ਹੈ ਜੋ 2014 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਮੌਕੇ ਇਕ ਫਿਰਕੇ ਦੀ ਵੋਟ ਬੈਂਕ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੀ ਸੋਚ ਵਿਚੋਂ ਨਿਕਲਿਆ ਜਾਪਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਭਾਈ ਰਾਜੋਆਣਾ ਨੂੰ ਬਚਾਉਣ ਲਈ ਕਾਨੂੰਨੀ ਚਾਰਾਜੋਈ ਤੋਂ ਇਲਾਵਾ ਰਾਸ਼ਟਰਪਤੀ ਕੋਲ ਅਪੀਲ ਦਾਇਰ ਕੀਤੀ ਹੋਈ ਹੈ। ਇਸ ਬਾਰੇ ਫੈਸਲਾ ਹੁਣ ਕੇਂਦਰ ਸਰਕਾਰ ਨੇ ਕਰਨਾ ਹੈ। ਉਨ੍ਹਾਂ ਆਖਿਆ ਕਿ ਕਸਾਬ ਤੇ ਅਫਜ਼ਲ ਗੁਰੂ ਦਾ ਮਾਮਲਾ ਭਾਈ ਰਾਜੋਆਣਾ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ।

ਸਰਬਜੀਤ ਸਿੰਘ ਦੇ ਕੇਸ ਦੀ ਪਾਕਿਸਤਾਨ ਵਿਚ ਪੈਰਵਾਈ ਕਰ ਰਹੇ ਉਸਦੇ ਵਕੀਲ ਅਵੈਸ਼ ਸ਼ੇਖ ਨੇ ਗੱਲਬਾਤ ਕਰਦਿਆਂ ਆਖਿਆ ਕਿ ਅਫਜ਼ਲ ਗੁਰੂ ਦੇ ਮਾਮਲੇ ਨੂੰ ਸਰਬਜੀਤ ਨਾਲ ਨਹੀਂ ਜੋੜਿਆ ਜਾ ਸਕਦਾ। ਉਨ੍ਹਾਂ ਆਖਿਆ ਕਿ ਸਰਬਜੀਤ ਦਾ ਕੇਸ ਗਲਤ ਸ਼ਨਾਖਤ ਨਾਲ ਜੁੜਿਆ ਹੋਇਆ ਹੈ। ਉਸ ਦਾ ਨਾਂ ਐਫ.ਆਈ.ਆਰ. ਵਿਚ ਦਰਜ ਨਹੀਂ ਹੈ। ਇਸੇ ਤਰ੍ਹਾਂ ਉਥੇ ਇਕ ਹੋਰ ਕਿਰਪਾਲ ਸਿੰਘ ਜੋ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ, ਦੇ ਸਮਰਥਕਾਂ ਵੱਲੋਂ ਵੀ ਇਸ ਕਾਰਵਾਈ ਨੂੰ ਖ਼ਤਰੇ ਦੀ ਘੰਟੀ ਵਜੋਂ ਦੇਖਿਆ ਜਾ ਰਿਹਾ ਹੈ।

# ਉਮਰ ਅਬਦੁੱਲਾ ਨੇ ਕੀਤਾ ਭਾਰਤ ਸਰਕਾਰ ਨੂੰ ਖਬਰਦਾਰ

**ਸ੍ਰੀਨਗਰ:** ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁਲਾ ਨੇ ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਦੀ ਜ਼ੋਰਦਾਰ ਆਲੋਚਨਾ ਕਰਦਿਆਂ ਕਿਹਾ ਕਿ ਇਸ ਨਾਲ ਵਾਦੀ ਦੇ ਨੌਜਵਾਨਾਂ ਵਿਚ ਬੇਗਾਨੇਪਣ ਤੇ ਬੇਇਨਸਾਫੀ ਦੀ ਭਾਵਨਾ ਪੈਦਾ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਵੀ ਇਕ ਤਰਾਸਦੀ ਹੈ ਕਿ ਅਫ਼ਜ਼ਲ ਨੂੰ ਫਾਂਸੀ ਦਿੱਤੇ ਜਾਣ ਤੋਂ ਪਹਿਲਾਂ ਆਖਰੀ ਵਾਰ ਆਪਣੇ ਪਰਿਵਾਰ ਨਾਲ ਵੀ ਨਹੀਂ ਮਿਲਣ ਦਿੱਤਾ ਗਿਆ। ਉਹ ਆਪਣੇ ਪਰਿਵਾਰ ਤੋਂ ਵਿਦਾਈ ਵੀ ਨਹੀਂ ਲੈ ਸਕਿਆ।

ਮੁੱਖ ਮੰਤਰੀ ਨੇ ਕਿਹਾ ਕਿ ਅਫ਼ਜ਼ਲ ਨੂੰ ਫਾਂਸੀ ਦਿੱਤੇ ਜਾਣ ਦੇ ਮਾੜੇ ਸਿੱਟੇ ਆਉਣ ਵਾਲੇ ਸਮੇਂ ਵਿਚ ਸਾਹਮਣੇ ਆਉਣਗੇ। ਇਹ ਵਾਦੀ ਦੀ ਨਵੀਂ ਪੀੜ੍ਹੀ 'ਤੇ ਅਸਰ ਪਾਉਣਗੇ ਜੋ ਵਧੇਰੇ ਫਿਕਰ ਦਾ ਵਿਸ਼ਾ ਹੈ। ਨਵੀਂ ਪੀੜ੍ਹੀ ਦੀ ਪਛਾਣ ਮਕਬੂਲ ਭੱਟ ਨਾਲ ਨਹੀਂ ਹੋ ਸਕਦੀ ਪਰ ਅਫ਼ਜ਼ਲ ਗੁਰੂ ਨਾਲ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਬਰਤਾਨੀਆ ਵਿਚ ਭਾਰਤੀ ਸਫੀਰ ਰਵਿੰਦਰ ਮਹਾਤਰੇ ਦੇ ਕਤਲ ਦੇ ਦੋਸ਼ ਹੇਠ ਭੱਟ ਨੂੰ 1984 ਵਿਚ ਫਾਂਸੀ ਦੇ ਦਿੱਤੀ ਗਈ ਸੀ।

ਉਮਰ ਨੇ ਕਿਹਾ ਕਿਹਾ ਇਹ ਗੱਲ ਸਮਝਣ ਦਾ ਯਤਨ ਕੀਤਾ ਜਾਵੇ ਕਿ ਕਸ਼ਮੀਰੀਆਂ ਦੀ ਪੂਰੀ ਇਕ ਪੀੜ੍ਹੀ ਤੋਂ ਵਧ ਲੋਕ ਆਪਣੇ-ਆਪ ਨੂੰ ਪੀੜਤ ਸਮਝਦੇ ਹਨ। ਉਹ ਆਪਣੇ-ਆਪ ਨੂੰ ਅਜਿਹੇ ਵਿਅਕਤੀ ਸਮਝਣ ਲੱਗ ਪੈਣਗੇ ਜਿਨ੍ਹਾਂ ਨੂੰ ਕਦੇ ਇਨਸਾਫ ਨਹੀਂ ਮਿਲੇਗਾ। ਇਸ ਗੱਲ ਨੂੰ ਪਸੰਦ ਕਰੋ ਜਾਂ ਨਾ ਪਰ ਅਫ਼ਜ਼ਲ ਨੂੰ ਫਾਂਸੀ ਦਿੱਤੇ ਜਾਣ ਨਾਲ ਨਵੀਂ ਪੀੜ੍ਹੀ ਦੇ ਦਿਲ ਵਿਚ ਇਹ ਗੱਲ ਬੈਠ ਜਾਵੇਗੀ ਕਿ ਉਨ੍ਹਾਂ ਨਾਲ ਕਦੇ ਇਨਸਾਫ ਨਹੀਂ ਹੋਵੇਗਾ। ਇਹ ਗੱਲ ਬੇਹੱਦ ਫਿਕਰ ਵਾਲੀ ਹੈ ਤੇ ਇਹ ਨਵੀਂ ਪੀੜ੍ਹੀ ਵਿਚ ਬੇਗਾਨੇਪਣ ਦੀ ਭਾਵਨਾ ਵਧਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਸ਼ਮੀਰ ਵਾਸੀਆਂ ਤੇ ਪੂਰੀ ਦੁਨੀਆਂ ਅੱਗੇ ਇਹ ਸਿੱਧ ਕਰਨਾ ਪਾਵੇਗਾ ਕਿ ਉਸ ਨੇ ਅਫ਼ਜ਼ਲ ਗੁਰੂ ਨੂੰ ਫਾਂਸੀ ਲਟਕਾ ਕੇ ਸਹੀ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਪਤਾ ਸੀ ਕਿ ਅਫ਼ਜ਼ਲ ਗੁਰੂ ਨੂੰ ਛੇਤੀ ਜਾਂ ਦੇਰ ਨਾਲ ਫਾਂਸੀ ਦਿੱਤੀ ਹੀ ਜਾਣੀ ਹੈ ਪਰ ਕਸ਼ਮੀਰੀਆਂ ਦੀਆਂ ਪੀੜ੍ਹੀਆਂ ਦੀ ਪਛਾਣ ਅਫ਼ਜ਼ਲ ਗੁਰੂ ਨਾਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੁੱਚੀ ਦੁਨੀਆਂ ਨੂੰ ਇਹ ਦੱਸਣਾ ਪਵੇਗਾ ਕਿ ਮੌਤ ਦੀ ਸਜ਼ਾ ਕੁਝ 'ਚੋਣਵਿਆਂ' ਨੂੰ ਹੀ ਨਹੀਂ ਦਿੱਤੀ ਜਾ ਰਹੀ।

ਮੁੱਖ ਮੰਤਰੀ ਨੇ ਇਸ ਗੱਲ 'ਤੇ ਸਹਿਮਤੀ ਜ਼ਾਹਰ ਕੀਤੀ ਕਿ ਬਹੁਤੇ ਇਹ ਮੰਨਦੇ ਹਨ ਕਿ ਅਫ਼ਜ਼ਲ ਦੇ ਮਾਮਲੇ ਦੀ ਨਿਰਪੱਖ ਸੁਣਵਾਈ ਨਹੀਂ ਹੋਈ। ਕੇਂਦਰ 'ਤੇ ਇਹ ਦੋਸ਼ ਲੱਗ ਰਿਹਾ ਹੈ ਕਿ ਅਫ਼ਜ਼ਲ ਨੂੰ ਫਾਂਸੀ ਕਾਨੂੰਨੀ ਤੌਰ 'ਤੇ ਨਹੀਂ ਸਗੋਂ ਸਿਆਸੀ ਕਾਰਨਾਂ ਕਰਕੇ ਦਿੱਤੀ ਗਈ ਹੈ।

## *ਅਫ਼ਜ਼ਲ ਨੂੰ ਫਾਂਸੀ ਵਿਰੁਧ ਪਾਕਿਸਤਾਨ ਵਿਚ ਰੋਸ ਮੁਜ਼ਾਹਰੇ*

**ਇਸਲਾਮਾਬਾਦ (ਬਿਊਰੋ):** ਭਾਰਤ ਵਿਚ ਮੁਹੰਮਦ ਅਫ਼ਜ਼ਲ ਗੁਰੂ ਨੂੰ ਫਾਂਸੀ ਦੇਣ ਦੇ ਵਿਰੋਧ ਵਿਚ ਪਾਕਿਸਤਾਨ ਵਿਚ ਜਮਾਤ-ਉਦ-ਦਾਵਾ ਤੇ ਕਸ਼ਮੀਰੀ ਜਥੇਬੰਦੀਆਂ ਵੱਲੋਂ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਕਬੂਜ਼ਾ ਕਸ਼ਮੀਰ ਵਿਚ ਪ੍ਰਸ਼ਾਸਨ ਨੇ ਤਿੰਨ ਦਿਨ ਦਾ ਸਰਕਾਰੀ ਸੋਗ ਮਨਾਇਆ। ਨੈਸ਼ਨਲ ਪ੍ਰੈਸ ਕਲੱਬ ਅੱਗੇ ਜਮਾਤ-ਉਦ-ਦਾਵਾ ਦੇ ਦਰਜਨਾਂ ਕਾਰਕੁਨ ਇਕੱਤਰ ਹੋਏ ਤੇ ਫਾਂਸੀ ਦੇਣ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਅਜਿਹੇ ਹੀ ਪ੍ਰਦਰਸ਼ਨ ਲਾਹੌਰ ਤੇ ਕਰਾਚੀ ਵਿਚ ਕੀਤੇ ਗਏ।

ਜੇ.ਯੂ.ਡੀ. ਦੇ ਮੁਖੀ ਹਾਫਿਜ਼ ਮੁਹੰਮਦ ਸਾਈਦ ਨੇ ਫਾਂਸੀ ਦੇਣ ਦੀ ਕਾਰਵਾਈ ਨੂੰ ਨਿਆਂਇਕ ਅਤਿਵਾਦ ਦਾ ਨਾਂ ਦਿੱਤਾ ਹੈ। ਹਾਫਿਜ਼ ਨੇ ਕਿਹਾ ਕਿ ਭਾਰਤ ਸਰਕਾਰ ਨੇ ਅੰਦਰੂਨੀ ਮਸਲਿਆਂ ਤੋਂ ਆਵਾਮ ਦਾ ਧਿਆਨ ਹਟਾਉਣ ਲਈ ਇਹ ਕਾਰਵਾਈ ਅਮਲ ਵਿਚ ਲਿਆਂਦੀ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਨੂੰ ਆਜ਼ਾਦ ਕਰਾਉਣ ਦੀ ਮੁਹਿੰਮ ਬਾਦਸਤੂਰ ਜਾਰੀ ਰਹੇਗੀ। ਇਸੇ ਤਰ੍ਹਾਂ ਮੁਜ਼ੱਫਰਾਬਾਦ ਵਿਚ ਵੀ ਕਸ਼ਮੀਰੀ ਜਥੇਬੰਦੀਆਂ ਦੇ 400 ਵਰਕਰਾਂ ਨੇ ਰੋਸ ਰੈਲੀ ਕੀਤੀ ਤੇ ਭਾਰਤ ਵਿਰੋਧੀ ਨਾਅਰੇ ਲਾਏ। ਲੋਕਾਂ ਦਾ ਕਹਿਣਾ ਸੀ ਕਿ ਅਫਜ਼ਲ ਨੂੰ ਫਾਂਸੀ ਸਿਆਸੀ ਖੇਤ ਕਾਰਨ ਦਿੱਤੀ ਗਈ ਹੈ।

# ਸੰਘ ਪਰਿਵਾਰ ਨੇ ਖੁੱਲ੍ਹ ਕੇ ਖੁਸ਼ੀ ਮਨਾਈ

**ਨਵੀਂ ਦਿੱਲੀ:** ਅਫ਼ਜ਼ਲ ਗੁਰੂ ਦੀ ਫਾਂਸੀ ਨੂੰ ਸਾਰੀਆਂ ਮੁੱਖ ਧਾਰਾ ਸਿਆਸੀ ਪਾਰਟੀਆਂ ਨੇ ਨਿਆਂ ਕਰਾਰ ਦਿੱਤਾ ਹੈ ਪਰ ਮੁੱਖ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ ਨੇ ਫਾਂਸੀ ਲਾਉਣ ਵਿਚ ਕੀਤੀ ਦੇਰੀ ਤੇ ਸੰਸਦ ਦੇ ਸੈਸ਼ਨ ਤੋਂ ਐਨ ਪਹਿਲਾਂ ਫਾਂਸੀ ਲਾਉਣ ਬਾਰੇ ਸਵਾਲ ਖੜ੍ਹੇ ਕੀਤੇ ਹਨ। ਕਾਂਗਰਸ ਤੇ ਭਾਜਪਾ ਦੇ ਮੁੱਖ ਆਗੂਆਂ ਨੇ ਕਿਹਾ ਹੈ ਕਿ ਸਰਕਾਰ ਦੀ ਇਸ ਕਾਰਵਾਈ ਨਾਲ ਦਹਿਸ਼ਤੀ ਜਥੇਬੰਦੀਆਂ ਨੂੰ ਸਖ਼ਤ ਸੁਨੇਹਾ ਗਿਆ ਹੈ। ਕਾਂਗਰਸ ਦੇ ਤਰਜਮਾਨ ਰਸ਼ੀਦ ਅਲਵੀ ਨੇ ਕਿਹਾ ਕਿ ਕਾਨੂੰਨ ਨੇ ਆਪਣਾ ਕੰਮ ਕੀਤਾ ਹੈ। ਪਾਰਟੀ ਦੇ ਇਕ ਹੋਰ ਤਰਜਮਾਨ ਸੰਦੀਪ ਦੀਕਸ਼ਿਤ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਨਿਆਂ ਮਿਲ ਗਿਆ ਹੈ। ਇਸੇ ਦੌਰਾਨ ਭਾਜਪਾ ਦੇ ਆਗੂ ਅਰੁਣ ਜੇਤਲੀ ਨੇ ਕਿਹਾ ਕਿ ਅਫ਼ਜ਼ਲ ਨੂੰ ਫਾਂਸੀ ਲਾਉਣ ਵਿਚ ਦੇਰੀ ਕੀਤੀ ਗਈ। ਉਸ ਨੇ ਅਜਿਹਾ ਕਾਰਾ ਕੀਤਾ ਸੀ ਜਿਸ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ। ਦੇਸ਼ ਦੀ ਸਰਵਉੱਚ ਅਦਾਲਤ ਨੇ ਵੀ ਉਸ ਦੀ ਫਾਂਸੀ ਬਰਕਰਾਰ ਰੱਖੀ ਸੀ। ਹੁਣ ਸਵਾਲ ਇਹ ਹੈ ਕਿ ਦੇਰੀ ਦਾ ਕਾਰਨ ਕੀ ਸੀ? ਉਨ੍ਹਾਂ ਕਿਹਾ ਕਿ ਸੰਸਦ ਦੇ ਸੈਸ਼ਨ ਤੋਂ ਐਨ ਪਹਿਲਾਂ ਇਹ ਕਾਰਵਾਈ ਕਰਨਾ ਵੀ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ।

ਭਾਜਪਾ ਦੇ ਮੀਤ ਪ੍ਰਧਾਨ ਮੁਖਤਾਰ ਅੱਬਾਸ ਨਕਵੀ ਨੇ ਕਿਹਾ ਕਿ ਅਫ਼ਜ਼ਲ ਨੇ ਦੇਸ਼ ਖ਼ਿਲਾਫ਼ ਸਾਜ਼ਿਸ਼ ਘੜੀ ਸੀ, ਉਸ ਦਾ ਇਹੀ ਹਸ਼ਰ ਹੋਣਾ ਸੀ। ਉਧਰ, ਕਾਂਗਰਸ ਦੇ ਆਗੂ ਤੇ ਕੈਬਨਿਟ ਮੰਤਰੀ ਮਨੀਸ਼ ਤਿਵਾੜੀ ਨੇ ਕਿਹਾ ਕਿ ਅਫ਼ਜ਼ਲ ਦੀ ਫਾਂਸੀ ਦਾ ਕਿਸੇ ਸਿਆਸੀ ਸਾਜ਼ਿਸ਼ ਜਾਂ ਚੋਣ ਸਿਆਸਤ ਨਾਲ ਕੋਈ ਸਬੰਧ ਨਹੀਂ ਹੈ। ਸਾਰੀ ਕਾਰਵਾਈ ਰੁਟੀਨ ਵਿਚ ਹੀ ਹੋਈ ਹੈ। ਸੀ.ਪੀ.ਐਮ. ਆਗੂ ਸੀਤਾ ਰਾਮ ਯਚੁਰੀ ਨੇ ਕਿਹਾ ਹੈ ਕਿ ਇਹ ਕਾਰਵਾਈ ਕਾਨੂੰਨ ਮੁਤਾਬਕ ਹੋਈ ਹੈ।

## ਫੈਸਲਾ ਸਿਆਸਤ ਤੋਂ ਪ੍ਰੇਰਿਤ: ਮਹਿਬੂਬਾ

**ਸ੍ਰੀਨਗਰ:** ਜੰਮੂ-ਕਸ਼ਮੀਰ ਵਿਚ ਵਿਰੋਧੀ ਧਿਰ ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀਡੀਪੀ) ਨੇ ਕਿਹਾ ਕਿ ਸੰਸਦ 'ਤੇ ਹਮਲੇ ਦੇ ਦੋਸ਼ੀ ਅਫ਼ਜ਼ਲ ਗੁਰੂ ਨੂੰ ਫਾਂਸੀ ਦੇਣ ਦਾ ਫੈਸਲਾ 'ਸਿਆਸੀ' ਸੀ ਕਿਉਂਕਿ ਕੇਂਦਰ ਦੀ ਯੂਪੀਏ ਸਰਕਾਰ ਹੋਰ ਭਖਦੇ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨਾ ਚਾਹੁੰਦੀ ਸੀ। ਪੀਡੀਪੀ ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਦੇਸ਼ ਵਿਚ ਭ੍ਰਿਸ਼ਟਾਚਾਰ ਸਮੇਤ ਕੁਝ ਹੋਰ ਵੱਡੇ ਮੁੱਦੇ ਭਖੇ ਹੋਏ ਹਨ ਜਿਨ੍ਹਾਂ ਤੋਂ ਕੇਂਦਰ ਸਰਕਾਰ ਲੋਕਾਂ ਦਾ ਧਿਆਨ ਲਾਂਭੇ ਕਰਨਾ ਚਾਹੁੰਦੀ ਸੀ।

# ਮਨੁੱਖੀ ਅਧਿਕਾਰ ਜਥੇਬੰਦੀਆਂ ਵਲੋਂ ਮੌਤ ਦੀ ਸਜ਼ਾ ਖਿਲਾਫ ਆਵਾਜ਼ ਬੁਲੰਦ

**ਨਿਊ ਯਾਰਕ:** ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਦੇ ਮੱਦੇਨਜ਼ਰ ਕੌਮਾਂਤਰੀ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਭਾਰਤ ਨੂੰ ਮੌਤ ਦੀ ਸਜ਼ਾ ਖ਼ਤਮ ਕਰਨ ਲਈ ਕਿਹਾ ਹੈ। ਹਿਊਮਨ ਰਾਈਟਸ ਵਾਚ ਦੀ ਦੱਖਣੀ ਏਸ਼ੀਆ ਦੀ ਡਾਇਰੈਕਟਰ ਮੀਨਾਕਸ਼ੀ ਗਾਂਗੁਲੀ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਸ ਨੇ ਅਫ਼ਜ਼ਲ ਗੁਰੂ ਨੂੰ ਫਾਂਸੀ ਦੀ ਸਜ਼ਾ ਕਿਉਂ ਦਿੱਤੀ। ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਗੰਭੀਰ ਜੁਰਮ ਕਰਨ ਵਾਲਿਆਂ ਨੂੰ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਮੌਤ ਦੀ ਸਜ਼ਾ ਦੇਣਾ ਵਹਿਸ਼ੀਆਨਾ ਹੈ। ਅਜਿਹਾ ਵੀ ਕੋਈ ਸਬੂਤ ਨਹੀਂ ਮਿਲਦਾ ਕਿ ਇਹ ਸਜ਼ਾ ਦਿੱਤੇ ਜਾਣ ਨਾਲ ਜੁਰਮਾਂ ਨੂੰ ਠੱਲ੍ਹ ਪੈ ਜਾਂਦੀ ਹੋਵੇ। ਜਥੇਬੰਦੀ ਦਾ ਕਹਿਣਾ ਹੈ ਕਿ ਉਹ ਹਰ ਹਾਲਤ ਵਿਚ ਮੌਤ ਦੀ ਸਜ਼ਾ ਦਾ ਵਿਰੋਧ ਕਰਦੀ ਹੈ ਕਿਉਂਕਿ ਇਹ ਗੈਰ ਮਨੁੱਖੀ ਸਜ਼ਾ ਹੈ ਤੇ ਇਸ ਨਾਲ ਇਕ ਜ਼ਿੰਦਗੀ ਖ਼ਤਮ ਹੋ ਜਾਂਦੀ ਹੈ। ਜ਼ਿਕਰਯੋਗ ਹੈ ਕਿ ਤਿੰਨ ਮਹੀਨੇ ਪਹਿਲਾਂ 26/11 ਹਮਲਿਆਂ ਦੇ ਦੋਸ਼ੀ ਅਜਮਲ ਕਸਾਬ ਨੂੰ ਪੁਣੇ ਦੀ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ। ਮੀਨਾਕਸ਼ੀ ਗਾਂਗੁਲੀ ਅਨੁਸਾਰ ਭਾਰਤ ਨੂੰ ਫਾਂਸੀ




ਦੇਣ ਦਾ ਇਹ ਰਾਹ ਛੱਡ ਦੇਣਾ ਚਾਹੀਦਾ ਹੈ। ਉਸ ਨੂੰ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਮੌਤ ਦੀ ਸਜ਼ਾ ਖ਼ਤਮ ਕਰਨ ਦਾ ਫੈਸਲਾ ਕੀਤਾ ਹੈ। ਅਫਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਪਿੱਛੋਂ ਇਹ ਜ਼ਰੂਰੀ ਹੋ ਗਿਆ ਹੈ ਕਿ ਭਾਰਤ ਆਪਣੇ ਫਾਂਸੀ ਦੇਣ ਵਾਲੇ ਰਵਾਇਤੀ ਕਾਨੂੰਨ ਵਿਚ ਬਦਲਾਅ ਲਿਆਵੇ ਤੇ ਮੌਤ ਦੀ ਸਜ਼ਾ ਖ਼ਤਮ ਕਰਨ ਵੱਲ ਕਦਮ ਵਧਾਵੇ।ਇਸ ਦੌਰਾਨ ਲੰਡਨ ਦੀ ਐਮਨੈਸਟੀ ਇੰਟਰਨੈਸ਼ਨਲ ਨੇ ਵੀ ਅਫਜ਼ਲ ਨੂੰ ਫਾਂਸੀ ਦਿੱਤੇ ਜਾਣ 'ਤੇ ਫਿਕਰ ਜ਼ਾਹਰ ਕੀਤਾ ਹੈ। ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੇ ਪ੍ਰੋਗਰਾਮ ਡਾਇਰੈਕਟਰ ਸ਼ਸ਼ੀ ਕੁਮਾਰ ਵੇਲਥ ਨੇ ਕਿਹਾ ਕਿ ਉਹ ਫਾਂਸੀ ਦੀ ਸਜ਼ਾ ਦਾ ਜ਼ੋਰਦਾਰ ਵਿਰੋਧ ਕਰਦੇ ਹਨ। ਭਾਰਤ ਨੂੰ ਹੁਣ ਕੌਮਾਂਤਰੀ ਰੁਝਾਨ ਮੁਤਾਬਕ ਇਹ ਸਜ਼ਾ ਖ਼ਤਮ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਫਜ਼ਲ ਗੁਰੂ ਖ਼ਿਲਾਫ਼ ਚੱਲੇ ਮੁਕੱਦਮੇ ਦੀ ਸੁਣਵਾਈ ਨਿਰਪੱਖ ਢੰਗ ਨਾਲ ਨਾ ਹੋਣ ਦੇ ਸਵਾਲ ਵੀ ਉਠਦੇ ਰਹੇ ਹਨ। ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਢੁਕਵਾਂ ਵਕੀਲ ਵੀ ਨਹੀਂ ਮਿਲਿਆ। ਇਸ ਤੋਂ ਪਹਿਲਾਂ ਨਵੰਬਰ ਵਿੱਚ ਅਜਮਲ ਕਸਾਬ ਨੂੰ ਫਾਂਸੀ ਦੇ ਦਿੱਤੀ ਗਈ ਸੀ ਜਦਕਿ ਉਸ ਦੀ ਰਹਿਮ ਦੀ ਅਪੀਲ ਰੱਦ ਹੋਣ ਬਾਰੇ ਵੀ ਜਨਤਕ ਤੌਰ 'ਤੇ ਕੁਝ ਨਹੀਂ ਦੱਸਿਆ ਗਿਆ ਸੀ। ਹੁਣ ਵੀ ਅਜਿਹਾ ਹੀ ਕੀਤਾ ਗਿਆ ਹੈ। ਇਉਂ ਚੁੱਪਚਾਪ ਕਿਸੇ ਨੂੰ ਫਾਹੇ ਲਾ ਦੇਣ ਦਾ ਇਹ ਰੁਝਾਨ ਪ੍ਰੇਸ਼ਾਨ ਕਰਨ ਵਾਲਾ ਹੈ।

## ਜਮਹੂਰੀ ਜਥੇਬੰਦੀਆਂ ਵੱਲੋਂ ਸਖ਼ਤ ਵਿਰੋਧ

**ਚੰਡੀਗੜ੍ਹ:** ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਅਜਮੇਰ ਔਲਖ ਤੇ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ ਨੇ ਅਫਜ਼ਲ ਗੁਰੂ ਨੂੰ ਦਿੱਤੀ ਗਈ ਫਾਂਸੀ ਨੂੰ ਨਿਆਂ ਪ੍ਰਣਾਲੀ ਦਾ ਜਨਾਜ਼ਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੌਤ ਦੀ ਸਜ਼ਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਇਥੇ ਜਾਰੀ ਇਕ ਬਿਆਨ ਵਿਚ ਦੋਹਾਂ ਆਗੂਆਂ ਨੇ ਆਖਿਆ ਕਿ ਕਿਸੇ ਵੀ ਸੱਭਿਅਕ ਸਮਾਜ ਵਿਚ ਮੌਤ ਦੀ ਸਜ਼ਾ ਲਈ ਕੋਈ ਥਾਂ ਨਹੀਂ ਹੈ। ਦੁਨੀਆਂ ਭਰ ਦੇ 110 ਦੇਸ਼ਾ ਨੇ ਮੌਤ ਦੀ ਸਜਾ ਬਿਲਕੁਲ ਖਤਮ ਕਰ ਦਿੱਤੀ ਹੈ ਪਰ ਭਾਰਤ ਸਰਕਾਰ ਰਾਜਨੀਤਕ ਪਹੁੰਚ ਅਪਨਾਉਣ ਦੀ ਥਾਂ ਦਮਨਕਾਰੀ ਨੀਤੀਆਂ ਲਾਗੂ ਕਰ ਰਹੀ ਹੈ ਤੇ ਮੌਤ ਦੀ ਸਜ਼ਾ ਉਤੇ ਅੜੀ ਹੋਈ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਵੱਲੋਂ ਰਹਿਮ ਦੀਆਂ ਅਪੀਲਾਂ ਨੂੰ ਰੱਦ ਕਰਨ ਨੂੰ ਗੁਪਤ ਰੱਖ ਕੇ ਕਾਹਲੀ ਨਾਲ ਫਾਂਸੀਆਂ ਦਿੱਤੀਆਂ ਜਾ ਰਹੀਆਂ ਹਨ। ਜੇ ਨਿਆਂ ਪ੍ਰਣਾਲੀ ਵੀ ਲੋਕਾਂ ਦੇ ਜਜ਼ਬਾਤਾਂ ਨੂੰ ਅੱਗੇ ਰੱਖ ਕੇ ਫੈਸਲੇ ਸੁਣਾਵੇਗੀ ਤਾਂ ਮਨੁੱਖੀ ਅਧਿਕਾਰ ਕਦੇ ਵੀ ਸੁਰੱਖਿਅਤ ਨਹੀਂ ਹੋ ਸਕਦੇ। ਅਫਜਲ ਗੁਰੂ ਹਮੇਸ਼ਾ ਮੰਗ ਕਰਦਾ ਰਿਹਾ ਹੈ ਕਿ ਉਸ ਦਾ ਪੱਖ ਸੁਣਿਆ ਜਾਵੇ। ਮੁਕੱਦਮੇ ਦੀ ਪੂਰੀ ਕਾਰਵਾਈ ਹੀ ਇਤਰਾਜ਼ ਭਰਪੂਰ ਹੈ। ਪਾਰਲੀਮੈਂਟ ਹਮਲੇ ਦਾ ਮਕਸਦ ਤੇ ਇਸ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਸਾਜਿਸ਼ ਬੇਨਕਾਬ ਹੋਣਾ ਤੇ ਉਸ ਸਮੇਂ ਦੇ ਗ੍ਰਹਿ ਮੰਤਰੀ ਦੀ ਜਵਾਬ ਦੇਹੀ ਆਉਣੀ ਬਾਕੀ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਸਰਕਾਰ ਮੌਤ ਦੀਆਂ ਸਜ਼ਾਵਾਂ ਲਾਗੂ ਕਰਕੇ ਫਿਰਕੂ ਤਾਕਤਾਂ ਨੂੰ ਮਜ਼ਬੂਤ ਕਰ ਰਹੀ ਹੈ। ਫਾਂਸੀ ਦੇਣ ਤੋਂ ਪਹਿਲਾਂ ਅਫਜ਼ਲ ਦੇ ਪਰਿਵਾਰ ਨੂੰ ਮੁਲਾਕਾਤ ਦਾ ਸਮਾਂ ਵੀ ਨਾ ਦਿੱਤੇ ਜਾਣਾ ਮਨੁੱਖਤਾ ਵਿਰੋਧੀ ਕਦਮ ਹੈ।

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੁਹੰਮਦ ਅਫਜ਼ਲ ਗੁਰੂ ਸਿਆਸਤ ਦੀ ਭੇਟ ਚੜ੍ਹਿਆ

*(ਸਫਾ ਇਕ ਦੀ ਬਾਕੀ)*

ਪਾਸੇ ਖਿੱਚਿਆ ਜਾ ਸਕੇ।

ਸਰਕਾਰ ਦੇ ਇਸ ਰੁਖ਼ ਦਾ ਕੌਮਾਂਤਰੀ ਪੱਧਰ 'ਤੇ ਵਿਰੋਧ ਹੋਇਆ ਹੈ। ਭਾਜਪਾ ਸਣੇ ਸੰਘ ਪਰਿਵਾਰ ਨੇ ਬੇਸ਼ੱਕ ਅਫਜ਼ਲ ਨੂੰ ਫਾਂਸੀ ਦਾ ਖੁੱਲ੍ਹ ਕੇ ਸਵਾਗਤ ਕੀਤਾ ਹੈ ਪਰ ਕਈ ਸਮਾਜਕ ਤੇ ਸਿਆਸੀ ਧਿਰਾਂ ਨੇ ਇਸ ਨੂੰ ਸਿਆਸਤ ਦੀ ਖੇਡ ਕਰਾਰ ਦਿੱਤਾ ਹੈ। ਇਨ੍ਹਾਂ ਵਿਚੋਂ ਯੂ.ਪੀ.ਏ. ਦੇ ਅਹਿਮ ਭਾਈਵਾਲ ਨੈਸ਼ਨਲ ਕਾਨਫਰੰਸ ਦਾ ਰੁਖ਼ ਸਭ ਤੋਂ ਤਿੱਖਾ ਰਿਹਾ। ਨੈਸ਼ਨਲ ਕਾਨਫਰੰਸ ਦੇ ਆਗੂ ਤੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁਲਾ ਨੇ ਅਫ਼ਜ਼ਲ ਗੁਰੂ ਨੂੰ ਫਾਹੇ ਲਾਉਣ ਦੀ ਜ਼ੋਰਦਾਰ ਆਲੋਚਨਾ ਕਰਦਿਆਂ ਕਿਹਾ ਕਿ ਇਸ ਨਾਲ ਵਾਦੀ ਦੇ ਨੌਜਵਾਨਾਂ ਵਿਚ ਬੇਗਾਨੇਪਣ ਤੇ ਬੇਇਨਸਾਫੀ ਦੀ ਭਾਵਨਾ ਪੈਦਾ ਹੋਵੇਗੀ।

ਉਨ੍ਹਾਂ ਕਿਹਾ ਕਿ ਇਹ ਗੱਲ ਸਮਝਣ ਦਾ ਯਤਨ ਕੀਤਾ ਜਾਵੇ ਕਿ ਕਸ਼ਮੀਰੀਆਂ ਦੀ ਪੂਰੀ ਇਕ ਪੀੜ੍ਹੀ ਤੋਂ ਵਧ ਲੋਕ ਆਪਣੇ-ਆਪ ਨੂੰ ਪੀੜਤ ਸਮਝਦੇ ਹਨ। ਉਹ ਆਪਣੇ-ਆਪ ਨੂੰ ਅਜਿਹੇ ਵਿਅਕਤੀ ਸਮਝਣ ਲੱਗ ਪੈਣਗੇ ਜਿਨ੍ਹਾਂ ਨੂੰ ਕਦੇ ਇਨਸਾਫ ਨਹੀਂ ਮਿਲੇਗਾ। ਇਸੇ ਤਰ੍ਹਾਂ ਜੰਮੂ-ਕਸ਼ਮੀਰ ਵਿਚ ਵਿਰੋਧੀ ਧਿਰ ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀਡੀਪੀ) ਨੇ ਕਿਹਾ ਹੈ ਕਿ ਅਫ਼ਜ਼ਲ ਨੂੰ ਫਾਂਸੀ ਦੇਣ ਦਾ ਫੈਸਲਾ ਸਿਆਸੀ ਖੇਡ ਸੀ ਕਿਉਂਕਿ ਕੇਂਦਰ ਦੀ ਯੂਪੀਏ ਸਰਕਾਰ ਹੋਰ ਭਖਦੇ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨਾ ਚਾਹੁੰਦੀ ਸੀ।

ਉਧਰ, ਅਫ਼ਜ਼ਲ ਨੂੰ ਫਾਹੇ ਲਾਉਣ ਦਾ ਵਿਰੋਧ ਕਰਦਿਆਂ ਕੌਮਾਂਤਰੀ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਭਾਰਤ ਨੂੰ ਮੌਤ ਦੀ ਸਜ਼ਾ ਖ਼ਤਮ ਕਰਨ ਲਈ ਕਿਹਾ ਹੈ। ਹਿਊਮਨ ਰਾਈਟਸ ਵਾਚ ਦਾ ਕਹਿਣਾ ਹੈ ਕਿ ਗੰਭੀਰ ਜੁਰਮ ਕਰਨ ਵਾਲਿਆਂ ਨੂੰ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਮੌਤ ਦੀ ਸਜ਼ਾ ਦੇਣਾ ਵਹਿਸ਼ੀਆਨਾ ਹੈ। ਅਜਿਹਾ ਵੀ ਕੋਈ ਸਬੂਤ ਨਹੀਂ ਮਿਲਦਾ ਕਿ ਇਹ ਸਜ਼ਾ ਦਿੱਤੇ ਜਾਣ ਨਾਲ ਜੁਰਮਾਂ ਨੂੰ ਠੱਲ੍ਹ ਪੈ ਜਾਂਦੀ ਹੋਵੇ। ਐਮਨੈਸਟੀ ਇੰਟਰਨੈਸ਼ਨਲ ਨੇ ਵੀ ਅਫਜ਼ਲ ਨੂੰ ਫਾਂਸੀ ਲਾਉਣ ਦਾ ਵਿਰੋਧ ਕੀਤਾ ਹੈ। ਇਸ ਜਥੇਬੰਦੀ ਨੇ ਦੋਸ਼ ਲਾਇਆ ਕਿ ਅਫਜ਼ਲ ਖ਼ਿਲਾਫ਼ ਚੱਲੇ ਮੁਕੱਦਮੇ ਦੀ ਸੁਣਵਾਈ ਨਿਰਪੱਖ ਢੰਗ ਨਾਲ ਨਹੀਂ ਹੋਈ। ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਢੁਕਵਾਂ ਵਕੀਲ ਵੀ ਨਹੀਂ ਮਿਲਿਆ।

ਮੀਡੀਆ ਵਿਚ ਇਸ ਗੱਲ ਦੀ ਚਰਚਾ ਰਹੀ ਹੈ ਕਿ ਕਸ਼ਮੀਰੀ ਨੌਜਵਾਨ ਮੁਹੰਮਦ ਅਫਜ਼ਲ ਗੁਰੂ ਨੂੰ ਇਸ ਮਾਮਲੇ ਵਿਚ ਉਸ ਦੇ ਪਿਛੋਕੜ ਨੇ ਫਸਾਇਆ ਹੈ ਜਿਸ ਨੂੰ ਉਹ ਭੁੱਲ ਜਾਣਾ ਚਾਹੁੰਦਾ ਸੀ। ਉਸ ਦੀ 34 ਸਾਲਾ ਪਤਨੀ ਤਬੱਸੁਮ ਗੁਰੂ ਦਾ ਕਹਿਣਾ ਹੈ ਕਿ ਉਹ ਦੂਜੇ ਹਜ਼ਾਰਾਂ ਨੌਜਵਾਨਾਂ ਵਾਂਗ ਜੰਮੂ ਤੇ ਕਸ਼ਮੀਰ ਲਿਬਰੇਸ਼ਨ ਫਰੰਟ ਦੀ ਅਗਵਾਈ ਵਿਚ ਸ਼ੁਰੂ ਹੋਈ ਲਹਿਰ ਵੱਲ ਖਿੱਚਿਆ ਗਿਆ ਸੀ। ਉਹ ਪਾਕਿਸਤਾਨ ਸਿਖਲਾਈ ਲਈ ਗਿਆ ਸੀ ਪਰ ਛੇਤੀ ਹੀ ਨਿਰਾਸ਼ ਹੋ ਗਿਆ ਤੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਕਸ਼ਮੀਰ ਵਾਪਸ ਆ ਗਿਆ। ਅਫਜ਼ਲ ਨੂੰ ਫਾਹੇ ਲਾਉਣ ਲਈ ਸਰਕਾਰ ਨੇ ਬੇਹੱਦ ਕਾਹਲੀ ਵਿਖਾਈ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਫਾਂਸੀ ਦੇਣ ਤੋਂ ਸਿਰਫ ਛੇ ਦਿਨ ਪਹਿਲਾਂ ਹੀ ਉਸ ਦੀ ਰਹਿਮ ਦੀ ਅਪੀਲ ਰੱਦ ਕੀਤੀ ਸੀ। ਸਰਕਾਰ ਨੇ ਇਸ ਮਾਮਲੇ ਵਿਚ ਇੰਨੀ ਚੁਸਤੀ ਵਿਖਾਈ ਕਿ ਹਫਤੇ ਦੇ ਅੰਦਰ-ਅੰਦਰ ਚੁੱਪ-ਚੁਪੀਤੇ ਸਾਰਾ ਕੰਮ ਨਿਬੇੜ ਦਿੱਤਾ। ਇਥੋਂ ਤੱਕ ਕਿ ਉਸ ਦੇ ਘਰਦਿਆਂ ਨੂੰ ਵੀ ਬਾਅਦ ਵਿਚ ਪਤਾ ਲੱਗਾ। ਇਸ ਮਾਮਲੇ ਦੇ ਨਿਬੇੜੇ ਲਈ ਹੇਠਲੀ ਅਦਾਲਤ ਤੋਂ ਲੈ ਕੇ ਸੁਪਰੀਮ ਕੋਰਟ ਵੱਲੋਂ ਬੜੀ ਤੇਜ਼ੀ ਵਿਖਾਈ ਗਈ। ਜੁਡੀਸ਼ਰੀ ਨੇ ਇਸ ਕੇਸ ਦੇ ਨਿਬੇੜੇ ਲਈ ਦਿਨ-ਰਾਤ ਇਕ ਕੀਤਾ। 13 ਦਸੰਬਰ 2001 ਦੇ ਇਸ ਹਮਲੇ ਦੇ ਮਾਮਲੇ ਨੂੰ ਨਿਬੇੜਨ ਲਈ ਹੇਠਲੀ ਅਦਾਲਤ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਸਿਰਫ ਤਿੰਨ ਸਾਲ ਦੋ ਮਹੀਨੇ ਲੱਗੇ। ਵਿਸ਼ੇਸ਼ ਅਦਾਲਤ ਨੇ ਮਾਮਲਾ ਕਰੀਬ ਛੇ ਮਹੀਨਿਆਂ ਵਿਚ ਸੁਣਾ ਦਿੱਤਾ।

ਸਰਕਾਰ ਨੇ ਇੰਨੀ ਕਾਹਲ ਦਿਖਾਈ ਕਿ ਅਫਜ਼ਲ ਦੇ ਘਰਦਿਆਂ ਨੂੰ ਵੀ ਸੂਚਿਤ ਨਾ ਕੀਤਾ, ਮਿਲਣੀ ਕਰਾਉਣਾ ਤਾਂ ਦੂਰ ਦੀ ਗੱਲ ਹੈ। ਬੱਸ, ਰਸਮ ਵਜੋਂ ਸਪੀਡ ਪੋਸਟ ਰਾਹੀਂ ਸੂਚਨਾ ਪਰਿਵਾਰ ਵੱਲ ਰੇੜ੍ਹ ਦਿੱਤੀ। ਇਹ ਚਿੱਠੀ ਪਰਿਵਾਰ ਨੂੰ ਅਫਜ਼ਲ ਨੂੰ ਫਾਂਸੀ ਲੱਗਣ ਤੋਂ ਬਾਅਦ ਮਿਲੀ। ਸਰਕਾਰ ਦੀ ਇਸ ਕਾਰਵਾਈ ਦੀ ਸਭ ਨੇ ਤਿੱਖੀ ਨਿੰਦਾ ਕੀਤੀ ਹੈ। ਹੁਣ ਅਫਜ਼ਲ ਦਾ ਪਰਿਵਾਰ ਉਸ ਦੀ ਦੇਹ ਕਸ਼ਮੀਰ ਲਿਜਾਣ ਲਈ ਅੜਿਆ ਹੋਇਆ ਹੈ। ਸਰਕਾਰ ਨੇ ਪਰਿਵਾਰ ਨੂੰ ਤਿਹਾੜ ਜੇਲ੍ਹ ਜਿੱਥੇ ਅਫਜ਼ਲ ਨੂੰ ਦਫਨਾਇਆ ਗਿਆ ਹੈ, ਪੁੱਜ ਕੇ ਫਾਤਿਹਾ ਪੜ੍ਹਨ ਲਈ ਕਿਹਾ ਹੈ, ਪਰ ਪਰਿਵਾਰ ਨੇ ਇਹ ਪੇਸ਼ਕਸ਼ ਰੱਦ ਕਰ ਦਿੱਤੀ ਹੈ ਅਤੇ ਕਿਹਾ ਹੈ ਕਿ ਉਹ ਤਿਹਾੜ ਜੇਲ੍ਹ ਤਾਂ ਹੀ ਜਾਣਗੇ ਜੇ ਉਨ੍ਹਾਂ ਨੂੰ ਅਫਜ਼ਲ ਦੀ ਦੇਹ ਦੇਣ ਦੀ ਆਗਿਆ ਦਿੱਤੀ ਜਾਵੇ।

# ਪਰਦੇਸੀਆਂ ਦੀ ਵਤਨ ਵਾਪਸੀ ਨੇ ਨੈਣਾਂ ਦੀਆਂ...

*(ਸਫਾ ਇਕ ਦੀ ਬਾਕੀ)*

ਮੁਆਵਜ਼ਾ ਦਿੱਤੇ ਜਾਣ ਦਾ ਫੈਸਲਾ ਸੁਣਾਇਆ ਗਿਆ ਜੋ ਸ. ਓਬਰਾਏ ਵੱਲੋਂ ਅਦਾਲਤ ਵਿਚ ਜਮ੍ਹਾਂ ਕਰਵਾ ਦਿੱਤਾ ਗਿਆ ਪਰ ਇਸ ਫੈਸਲੇ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਤੋਂ ਬਚਾਉਣ ਲਈ ਸ. ਓਬਰਾਏ ਵੱਲੋਂ 4 ਫਰਵਰੀ, 2013 ਨੂੰ ਦੋਵਾਂ ਜ਼ਖਮੀਆਂ ਨਾਲ ਸਮਝੌਤਾ ਕਰ ਲਿਆ ਗਿਆ ਤੇ 6 ਫਰਵਰੀ ਨੂੰ ਉਕਤ ਦੋਵਾਂ ਜ਼ਖਮੀਆਂ ਵੱਲੋਂ ਅਦਾਲਤ ਵਿਚ ਮੁਆਵਜ਼ਾ ਪ੍ਰਵਾਨ ਕਰਨ ਲਈ ਅਰਜ਼ੀ ਦਾਇਰ ਕੀਤੀ ਗਈ।

ਇਨ੍ਹਾਂ ਵਿਚੋਂ ਇਕ ਨੌਜਵਾਨ ਹਰਿਆਣੇ ਦਾ ਤੇ 16 ਪੰਜਾਬ ਨਾਲ ਸਬੰਧਤ ਸਨ। ਰਿਹਾ ਹੋ ਕੇ ਭਾਰਤ ਪੁੱਜੇ ਨੌਜਵਾਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਰਿਹਾਈ ਲਈ ਗੁਰੂ ਸਾਹਿਬਾਨ ਦਾ ਸ਼ੁਕਰਾਨਾ ਅਦਾ ਕੀਤਾ। ਜ਼ਿਲ੍ਹਾ ਮੋਗਾ ਦੇ ਪਿੰਡ ਕੁਕਰਾਣਾ ਦੇ ਵਾਸੀ ਕੁਲਦੀਪ ਸਿੰਘ ਜੋ ਅੱਠਵੀਂ ਪਾਸ ਹੈ ਤੇ ਵਧੇਰੇ ਕਮਾਈ ਦੀ ਆਸ ਨਾਲ ਵਿਦੇਸ਼ ਗਿਆ ਸੀ, ਨੇ ਆਖਿਆ ਕਿ ਜੇਲ੍ਹ ਵਿਚੋਂ ਰਿਹਾਈ ਲਈ ਸ. ਓਬਰਾਏ ਨੇ ਵੱਡਾ ਸਹਿਯੋਗ ਦਿੱਤਾ ਹੈ ਤੇ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਇਹ ਰਿਹਾਈ ਅਸੰਭਵ ਸੀ। ਆਪਣੀ ਹੱਡ-ਬੀਤੀ ਸੁਣਾਉਂਦਿਆਂ ਉਸ ਨੇ ਦੱਸਿਆ ਕਿ ਉਹ ਪ੍ਰਾਈਵੇਟ ਕੰਪਨੀ ਵਿਚ ਕੰਮ ਲਈ ਗਿਆ ਸੀ ਜਿਥੇ 12 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਉਸ ਨੂੰ ਅੱਧੀ ਤਨਖਾਹ ਹੀ ਦਿੱਤੀ ਗਈ। ਉਹ ਉਥੇ ਤਰਖਾਣਾ ਕੰਮ ਕਰਦਾ ਸੀ ਤੇ ਵਾਧੂ ਸਮੇਂ ਦੌਰਾਨ ਵੀ ਕੰਮ ਕਰਦਾ ਸੀ।



*ਸ੍ਰੀ ਹਰਿਮੰਦਰ ਸਾਹਿਬ ਵਿਖੇ ਸ. ਓਬਰਾਏ ਵਤਨ ਪਰਤੇ ਨੌਜਾਵਨਾਂ ਨਾਲ।*

ਸ. ਓਬਰਾਏ ਦਾ ਕਹਿਣਾ ਹੈ ਕਿ ਹੁਣ ਤਕ 54 ਪੰਜਾਬੀ ਨੌਜਵਾਨਾਂ ਨੂੰ ਸ਼ਾਰਜਾਹ ਦੀ ਜੇਲ੍ਹ ਵਿਚੋਂ ਮੌਤ ਦੇ ਮੂੰਹ ਵਿਚੋਂ ਬਚਾਇਆ ਹੈ ਜਿਨ੍ਹਾਂ ਵਿਚ ਇਹ 17 ਨੌਜਵਾਨ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮਿਸ਼ਰੀ ਖਾਨ ਦੇ ਪਰਿਵਾਰ ਨੂੰ ਤੇ ਜ਼ਖਮੀ ਹੋਏ ਮੁਸ਼ਤਾਕ ਅਹਿਮਦ ਤੇ ਸ਼ਾਹਿਦ ਇਕਬਾਲ ਨੂੰ ਬਲੱਡ ਮਨੀ ਵਜੋਂ ਵੱਡੀ ਰਕਮ ਅਦਾ ਕਰਨੀ ਪਈ ਹੈ। ਇਨ੍ਹਾਂ 54 ਨੌਜਵਾਨਾਂ ਵਿਚੋਂ 51 ਨੌਜਵਾਨ ਤਾਂ ਦੇਸ਼ ਵਾਪਸ ਪਰਤ ਚੁੱਕੇ ਹਨ ਪਰ ਤਿੰਨ ਨੌਜਵਾਨ ਸੰਦੀਪ ਸਿੰਘ, ਤਲਵਿੰਦਰ ਸਿੰਘ ਤੇ ਪਰਮਜੀਤ ਸਿੰਘ ਅਜੇ ਕੁਝ ਦਸਤਾਵੇਜ਼ਾਂ ਦੀ ਘਾਟ ਕਾਰਨ ਵਾਪਸੀ ਦੀ ਰਾਹ ਦੇਖ ਰਹੇ ਹਨ।

# ਲੀਡਰਾਂ ਦਾ ਭਵਿੱਖ ਵੀ ਤੈਅ ਕਰੇਗੀ ਮੋਗਾ ਦੀ ਜਿਮਨੀ ਚੋਣ

*(ਸਫਾ ਇਕ ਦੀ ਬਾਕੀ)*

ਕਾਗਜ਼ ਰੱਦ ਹੋਣ ਨਾਲ ਹੁਣ 10 ਉਮੀਦਵਾਰ ਮੈਦਾਨ ਵਿਚ ਡਟੇ ਹੋਏ ਹਨ। ਕੁੱਲ 16 ਉਮੀਦਵਾਰਾਂ ਵੱਲੋਂ ਨਾਮਜ਼ਦਗੀਆਂ ਦਾਖ਼ਲ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਇਕ ਨੇ ਨਾਂ ਵਾਪਸ ਲੈ ਲਿਆ ਸੀ। ਮੈਦਾਨ ਵਿਚ ਮੁੱਖ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਦੇ ਜੋਗਿੰਦਰਪਾਲ ਜੈਨ, ਕਾਂਗਰਸ ਦੇ ਉਮੀਦਵਾਰ ਵਿਜੇ ਸਾਥੀ, ਪੀਪਲਜ਼ ਪਾਰਟੀ ਆਫ਼ ਪੰਜਾਬ ਤੇ ਸਾਂਝੇ ਮੋਰਚੇ ਦੇ ਡਾ.ਰਵਿੰਦਰ ਧਾਲੀਵਾਲ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਬੀਰਇੰਦਰਪਾਲ ਸਿੰਘ ਸਹੌਲੀ (ਲੁਧਿਆਣਾ) ਹੀ ਹਨ।

ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਵਿਧਾਨ ਸਭਾ ਦੀਆਂ 1977 ਤੋਂ ਲੈ ਕੇ ਹੁਣ ਤੱਕ ਅੱਠ ਵਾਰ ਹੋਈਆਂ ਚੋਣਾਂ ਦੌਰਾਨ ਮੋਗਾ ਹਲਕੇ ਤੋਂ ਪੰਜ ਵਾਰ ਕਾਂਗਰਸ ਦੇ ਉਮੀਦਵਾਰ ਜੇਤੂ ਰਹੇ ਹਨ। ਇਸ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ ਤੋਤਾ ਸਿੰਘ ਨੇ ਹੀ ਦੋ ਵਾਰ ਮੋਗੇ ਦੀ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਈ ਜਦਕਿ ਇਕ ਵਾਰ ਹਲਕੇ ਦੀ ਸੀਟ ਇਸ ਵਾਰ ਮੈਦਾਨ ਵਿਚ ਉਤਰੇ ਕਾਂਗਰਸ ਦੇ ਉਮੀਦਵਾਰ ਸਾਥੀ ਵਿਜੈ ਕੁਮਾਰ ਦੇ ਪਿਤਾ ਸਾਥੀ ਰੂਪ ਲਾਲ ਨੇ ਜਨਤਾ ਦਲ ਦੀ ਟਿਕਟ 'ਤੇ ਜਿੱਤੀ ਸੀ।

ਮੋਗਾ ਜ਼ਿਮਨੀ ਚੋਣ ਦਾ ਦਿਲਚਸਪ ਪਹਿਲੂ ਇਹ ਵੀ ਹੈ ਸ਼੍ਰੋਮਣੀ ਅਕਾਲੀ ਦਲ (ਬ) ਦੇ ਉਮੀਦਵਾਰ ਜੋਗਿੰਦਰ ਪਾਲ ਜੈਨ ਦਾ ਸਿਆਸੀ ਜੀਵਨ ਕਾਂਗਰਸ ਵਿਚੋਂ ਸ਼ੁਰੂ ਹੋਇਆ। ਸੂਬੇ ਵਿਚ ਕੈਪਟਨ ਸਰਕਾਰ ਸਮੇਂ ਉਹ ਤੇ ਉਨ੍ਹਾਂ ਦੀ ਪਤਨੀ ਸਵਰਨ ਲਤਾ ਜੈਨ ਨਗਰ ਕੌਂਸਲ ਦੇ ਪ੍ਰਧਾਨ ਰਹੇ। ਫ਼ਰਵਰੀ 2007 ਤੇ ਜਨਵਰੀ 2012 ਦੀਆਂ ਚੋਣਾਂ ਵਿਚ ਕਾਂਗਰਸ ਟਿਕਟ 'ਤੇ ਸ੍ਰੀ ਜੈਨ ਵਿਧਾਇਕ ਚੁਣੇ ਗਏ। ਕਾਂਗਰਸ ਉਮੀਦਵਾਰ ਵਿਜੈ ਸਾਥੀ ਤੇ ਜੋਗਿੰਦਰ ਪਾਲ ਜੈਨ ਕਾਂਗਰਸ ਵਿਚ ਹੀ ਇਕੱਠੇ ਨਹੀਂ ਰਹੇ ਬਲਕਿ ਸਕੂਲ ਸਮੇਂ ਦੌਰਾਨ ਹਮਜਮਾਤੀ ਸਨ। ਇਹ ਦੋਵੇਂ ਉਮੀਦਵਾਰ ਬਦਲੇ ਸਿਆਸੀ ਸਮੀਕਰਨ ਵਿਚ ਇਕ ਦੂਜੇ ਨੂੰ ਭੰਡ ਕੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਜ਼ੋਰ ਲਾ ਰਹੇ ਹਨ।

ਪੀਪਲਜ਼ ਪਾਰਟੀ ਆਫ਼ ਪੰਜਾਬ ਤੇ ਸਾਂਝੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਦਾ ਪਿਛੋਕੜ ਨਿਰੋਲ ਅਕਾਲੀ ਹੈ। ਸਾਂਝੇ ਮੋਰਚੇ ਵੱਲੋਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਰਵਿੰਦਰ ਸਿੰਘ ਧਾਲੀਵਾਲ ਜ਼ਿਮਨੀ ਚੋਣ ਵਿਚ ਉਮੀਦਵਾਰ ਹਨ। ਕਾਂਗਰਸ ਉਮੀਦਵਾਰ ਵਿਜੈ ਸਾਥੀ ਅਕਾਲੀ ਦਲ (ਬ) ਦੇ ਉਮੀਦਵਾਰ ਜੋਗਿੰਦਰ ਪਾਲ ਜੈਨ ਨੂੰ ਸਵਾਲ ਕਰ ਰਹੇ ਹਨ ਕਿ ਉਹ ਪੰਥਕ ਉਮੀਦਵਾਰ ਹੈ, ਉਸ ਨੇ ਤਾਂ ਆਪਣੇ ਕੇਸਾਂ ਤੋਂ ਡਰਦਿਆਂ ਤੇ ਕਾਰੋਬਾਰ ਕਾਰਨ ਅਕਾਲੀਆਂ ਨਾਲ ਸੌਦਾ ਕੀਤਾ ਹੈ। ਅਕਾਲੀ ਦਲ ਤੇ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਨੇ ਮੋਗੇ ਵਿਚ ਡੇਰੇ ਲਾ ਲਏ ਹਨ। ਪਹਿਲਾਂ ਕੋਈ ਚੋਣ ਆਉਂਦੀ ਸੀ ਤਾਂ ਟਕਸਾਲੀ ਮੁੱਦਿਆਂ ਨਾਲ ਹੀ ਚੋਣ ਅਖ਼ਾੜਾ ਭਖ਼ਦਾ ਸੀ ਪਰ ਇਸ ਵਾਰੀ ਚੋਣ ਪ੍ਰਚਾਰ ਵਿਚ ਟਕਸਾਲੀ ਮੁੱਦਿਆਂ ਦੀ ਬਜਾਏ ਸਥਾਨਕ ਮੁੱਦੇ ਹੀ ਭਾਰੂ ਹਨ। ਹਲਕੇ ਦੇ ਆਮ ਲੋਕਾਂ ਲਈ ਜੋਗਿੰਦਰ ਪਾਲ ਵੱਲੋਂ ਕੀਤੀ ਦਲਬਦਲੀ ਵੱਡਾ ਮੁੱਦਾ ਜਾਪਦੀ ਹੈ। ਬਹੁਤੇ ਲੋਕ ਸ੍ਰੀ ਜੈਨ ਦੀ ਕਾਰਵਾਈ ਦੀ ਨਿੰਦਾ ਕਰਦੇ ਹਨ ਤੇ ਜ਼ਿਮਨੀ ਚੋਣ ਥੋਪਣ ਦਾ ਜ਼ਿੰਮੇਵਾਰ ਮੰਨਦੇ ਹਨ। ਇਸ ਦੇ ਉਲਟ ਗਰੀਬਾਂ ਦੇ ਵਿਹੜਿਆਂ ਵਿਚ ਦਲ ਬਦਲੀ ਦੀ ਕੋਈ ਮਹੱਤਤਾ ਨਜ਼ਰ ਨਹੀਂ ਆ ਰਹੀ।

ਜ਼ਿਮਨੀ ਚੋਣ ਵਿਚ ਜਿੱਤ ਯਕੀਨੀ ਬਣਾਉਣ ਲਈ ਅਕਾਲੀ ਦਲ ਨੇ ਸਮੁੱਚੀ ਸਰਕਾਰੀ ਸ਼ਕਤੀ ਝੋਕ ਦਿੱਤੀ ਹੈ ਤੇ ਦੂਜੇ ਪਾਸੇ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਲੰਮੇ ਸਮੇਂ ਪਿਛੋਂ ਕਿਸੇ ਹਲਕੇ ਵਿਚ ਮੋਰਚਾ ਲਾਉਣ ਲਈ ਮਜਬੂਰ ਹੋਏ ਹਨ। ਉਹ ਮੰਨਦੇ ਹਨ ਕਿ ਦਸੂਹਾ ਵਿਧਾਨ ਸਭਾ ਹਲਕੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਸੀ ਪਰ ਹੁਣ ਰਾਜਸੀ ਫਿਜ਼ਾ ਕੁਝ ਬਦਲੀ ਹੋਈ ਹੈ। ਹਾਕਮ ਪਾਰਟੀ 15 ਸਾਲ ਪਹਿਲਾਂ ਆਦਮਪੁਰ ਵਿਧਾਨ ਸਭਾ ਹਲਕੇ ਦੀ ਹਾਰ ਦੇ ਜ਼ਖਮ ਨੂੰ ਭੁੱਲੀ ਨਹੀਂ। ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਬਾਦਲ ਦੋਹਾਂ ਪਾਰਟੀਆਂ ਦੀ ਟੱਕਰ ਵਿਚ ਆਪਣੀ ਭਰਵੀਂ ਹਾਜ਼ਰੀ ਲਾਉਣ ਦੀ ਤਾਕ 'ਚ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਗੁਰਦੁਆਰਾ ਪੈਲਾਟਾਈਨ ਚੋਣਾਂ: ਵਿਰੋਧੀ ਧਿਰ ਨੂੰ ਹੂੰਝਾਫੇਰੂ ਜਿੱਤ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੀਆਂ ਲੰਘੇ ਐਤਵਾਰ ਨੂੰ ਹੋਈਆਂ ਵਿਸ਼ੇਸ਼ ਚੋਣਾਂ ਵਿਚ ਸ਼ਿਕਾਗੋ ਸਿੱਖਸ ਅਤੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਦੀ ਸਾਂਝੀ ਸਲੇਟ ਨੂੰ ਹੂੰਝਾਫੇਰੂ ਜਿੱਤ ਹਾਸਲ ਹੋਈ ਹੈ ਅਤੇ ਇਸ ਦੇ ਸਾਰੇ ਦੇ ਸਾਰੇ ਉਮੀਦਵਾਰ ਵੱਡੇ ਫਰਕ ਨਾਲ ਜੇਤੂ ਰਹੇ।

ਬੋਰਡ ਦੀਆਂ 5 ਸੀਟਾਂ ਲਈ ਸ. ਸੋਖੀ ਸਿੰਘ 860 ਵੋਟਾਂ, ਸ. ਸਰਵਣ ਸਿੰਘ 859 ਵੋਟਾਂ, ਸ. ਅੰਮ੍ਰਿਤਪਾਲ ਸਿੰਘ ਗਿੱਲ 829 ਵੋਟਾਂ, ਸ. ਮਹਾਂਬੀਰ ਸਿੰਘ ਬਰਾੜ 829 ਵੋਟਾਂ ਤੇ ਸ. ਗੁਰਮੀਤ ਸਿੰਘ ਭੋਲਾ 789 ਵੋਟਾਂ ਅਤੇ ਸੰਵਿਧਾਨ ਅਮਲ ਕਮੇਟੀ ਦੀ ਇਕੋ ਇਕ ਸੀਟ ਲਈ ਸ. ਆਰਥਰ ਸਿੰਘ ਗੁਲਾਟੀ 793 ਵੋਟਾਂ ਲੈ ਕੇ ਜੇਤੂ ਰਹੇ। ਇਸ ਸਮੇਂ ਸੁਸਾਇਟੀ ਦਾ ਪ੍ਰਬੰਧ ਚਲਾ ਰਹੀ ਪੰਥਕ ਸਲੇਟ ਦੇ ਬੋਰਡ ਲਈ ਉਮੀਦਵਾਰਾਂ ਬੀਬੀ ਸੁਖਦੇਵ ਕੌਰ ਘੁਮਾਣ (ਮੌਜੂਦਾ ਪ੍ਰਧਾਨ) ਨੂੰ 623, ਸ. ਕੁਲਦੀਪ ਸਿੰਘ ਝੁੱਟੂ (ਮੌਜੂਦਾ ਐਗਜ਼ੈਕਟਿਵ ਸੈਕਟਰੀ) ਨੂੰ 599, ਸ. ਸੰਤੋਖ ਸਿੰਘ ਨੂੰ 569, ਸ. ਗੁਰਦੀਪ ਸਿੰਘ ਜੌਹਲ ਨੂੰ 567, ਸ. ਅਮਰਜੀਤ ਸਿੰਘ ਜੌਹਰ (ਸਾਬਕਾ ਵਿੱਤ ਸਕੱਤਰ) ਨੂੰ 538 ਅਤੇ ਸੀ ਆਈ ਸੀ ਲਈ ਉਮੀਦਵਾਰ ਸ. ਜਸਦੇਵ ਸਿੰਘ ਨੂੰ 570 ਵੋਟਾਂ ਮਿਲੀਆਂ।

ਸੁਸਾਇਟੀ ਦੀਆਂ ਕੁਲ 2104 ਵੋਟਾਂ ਵਿਚੋਂ 1480 ਵੋਟਾਂ ਪਈਆਂ। ਦੋਹਾਂ ਸਲੇਟਾਂ ਦੇ ਵੱਖ ਵੱਖ ਉਮੀਦਵਾਰਾਂ ਨੂੰ ਪਈਆਂ ਵੋਟਾਂ ਤੋਂ ਇਹ ਗੱਲ ਸਪਸ਼ਟ ਜਾਹਰ ਹੁੰਦੀ ਹੈ ਕਿ ਸ਼ਿਕਾਗੋ ਸਿੱਖਸ ਅਤੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਦੇ ਉਮੀਦਵਾਰਾਂ ਨੂੰ ਆਮ ਕਰਕੇ ਵੋਟਾਂ ਸਲੇਟ ਦੇ ਹਿਸਾਬ ਪਈਆਂ। ਮਿਸਾਲ ਵਜੋਂ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਸ. ਸੋਖੀ ਸਿੰਘ ਨੂੰ 860 ਅਤੇ ਦੂਜੇ ਨੰਬਰ 'ਤੇ ਆਉਣ ਵਾਲੇ ਉਮੀਦਵਾਰ ਸਰਵਣ ਸਿੰਘ ਨੂੰ 859 ਵੋਟਾਂ ਮਿਲੀਆਂ। ਤੀਜੇ ਅਤੇ ਚੌਥੇ ਥਾਂ ਆਏ ਉਮੀਦਵਾਰਾਂ ਅੰਮ੍ਰਿਤਪਾਲ ਸਿੰਘ ਗਿੱਲ ਅਤੇ ਮਹਾਂਬੀਰ ਸਿੰਘ ਬਰਾੜ ਨੂੰ ਬਰਾਬਰ ਯਾਨਿ 829 ਵੋਟਾਂ ਪਈਆਂ। ਪੰਜਵੇਂ ਜੇਤੂ ਉਮੀਦਵਾਰ ਸ. ਗੁਰਮੀਤ ਸਿੰਘ ਭੋਲਾ ਨੂੰ 789 ਵੋਟਾਂ ਮਿਲੀਆਂ। ਇਸ ਦੇ ਮੁਕਾਬਲੇ ਪੰਥਕ ਸਲੇਟ ਦੇ ਉਮੀਦਵਾਰਾਂ ਦੀਆਂ ਵੋਟਾਂ ਵਿਚ ਅੰਤਰ ਕਾਫੀ ਜ਼ਿਆਦਾ ਹੈ ਜੋ ਉਪਰ ਦਿੱਤੇ ਗਏ ਵੇਰਵੇ ਤੋਂ ਜ਼ਾਹਰ ਹੈ।



*ਨਵੇਂ ਚੁਣੇ ਗਏ ਬੋਰਡ ਮੈਂਬਰ ਅੰਮ੍ਰਿਤਪਾਲ ਸਿੰਘ ਗਿੱਲ, ਮਹਾਂਵੀਰ ਸਿੰਘ ਬਰਾੜ, ਸੀ ਆਈ ਸੀ ਮੈਂਬਰ ਆਰਥਰ ਸਿੰਘ ਗੁਲਾਟੀ, ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ, ਸਰਵਣ ਸਿੰਘ, ਸੋਖੀ ਸਿੰਘ ਅਤੇ ਗੁਰਮੀਤ ਸਿੰਘ ਭੋਲਾ*

ਸ਼ਿਕਾਗੋ ਸਿੱਖਸ ਅਤੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਦੇ ਆਗੂਆਂ ਨੇ ਇਨ੍ਹਾਂ ਚੋਣ ਨਤੀਜਿਆਂ ਨੂੰ ਸੱਚ ਦੀ ਜਿੱਤ ਕਰਾਰ ਦਿੰਦਿਆਂ ਸੰਗਤਾਂ ਦਾ ਧੰਨਵਾਦ ਕੀਤਾ ਹੈ ਅਤੇ ਕਿਹਾ ਹੈ ਕਿ ਇਹ ਮੌਜੂਦਾ ਪ੍ਰਬੰਧਕਾਂ ਦੀ ਇਖਲਾਕੀ ਹਾਰ ਹੈ ਜਿਨ੍ਹਾਂ ਨੇ ਸਿਰਫ ਤੇ ਸਿਰਫ ਆਪਣੀ ਹਉਮੈ ਦੀ ਖਾਤਰ ਗੁਰੂ ਕੀ ਗੋਲਕ ਦਾ ਤਿੰਨ ਲੱਖ ਡਾਲਰ ਤੋਂ ਵੀ ਵੱਧ ਪੈਸਾ ਅਦਾਲਤੀ ਖਰਚੇ ਵਿਚ ਰੋੜ੍ਹ ਦਿੱਤਾ। ਇਹ ਪ੍ਰਬੰਧਕ ਜੇ ਆਪਣੀ ਹਉਮੈ ਛੱਡ ਦਿੰਦੇ ਤਾਂ ਨਵੰਬਰ 2011 ਵਿਚ ਹੀ ਹੁਣ ਵਾਲੀਆਂ ਸ਼ਰਤਾਂ ਅਨੁਸਾਰ ਹੀ ਸਮਝੌਤਾ ਹੋ ਜਾਣਾ ਸੀ ਅਤੇ ਉਸ ਸਮੇਂ ਅਦਾਲਤੀ ਕੇਸ ਉਪਰ ਅਜੇ 60 ਕੁ ਹਜ਼ਾਰ ਡਾਲਰ ਹੀ ਖਰਚ ਹੋਇਆ ਸੀ। ਇਸ ਸਾਂਝੀ ਸਲੇਟ ਦੇ ਆਗੂਆਂ ਸ. ਗੁਰਚਰਨ ਸਿੰਘ ਝੱਜ ਅਤੇ ਸ. ਭੁਪਿੰਦਰ ਸਿੰਘ ਹੁੰਦਲ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਤਾਂ ਐਨ ਆਖਰੀ ਮੌਕੇ ਵੀ ਇਹ ਚੋਣਾਂ ਰੁਕਵਾਉਣ ਲਈ ਆਪਣੀ ਤਰਫੋਂ ਕੋਸ਼ਿਸ਼ ਕੀਤੀ ਅਤੇ ਗੁਰੂ ਕੀ ਗੋਲਕ ਦਾ ਪੈਸਾ ਖਰਾਬ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਬੰਧਕਾਂ ਨੇ ਚੋਣਾਂ ਤੋਂ ਐਨ ਦੋ ਦਿਨ ਪਹਿਲਾਂ ਅਦਾਲਤ ਵਿਚ ਮੋਸ਼ਨ ਦਾਇਰ ਕਰਕੇ ਇਹ ਮੰਗ ਕੀਤੀ ਕਿ ਬੀਬੀਆਂ ਤੇ ਨੌਜਵਾਨਾਂ ਲਈ ਸੀਟਾਂ 'ਤੇ ਖੜ੍ਹੇ ਉਮੀਦਵਾਰਾਂ ਨੂੰ ਜੇਤੂ ਕਰਾਰ ਦਿੱਤਾ ਜਾਵੇ। ਇਹ ਵੱਖਰੀ ਗੱਲ ਹੈ ਕਿ ਅਦਾਲਤ ਨੇ ਇਹ ਮੋਸ਼ਨ ਰੱਦ ਕਰ ਦਿੱਤੀ। ਜੇ ਪ੍ਰਬੰਧਕ ਇਸ ਰਾਖਵੇਂਕਰਨ ਬਾਰੇ ਸੱਚਮੁੱਚ ਹੀ ਗੰਭੀਰ ਸਨ ਤਾਂ ਉਨ੍ਹਾਂ ਨੂੰ ਇਹ ਮਾਮਲਾ ਪਹਿਲਾਂ ਹੀ ਵਿਸ਼ੇਸ਼ ਚੋਣ ਕਮੇਟੀ ਦੇ ਧਿਆਨ ਵਿਚ ਲਿਆਉਣਾ ਚਾਹੀਦਾ ਸੀ।

ਜ਼ਿਕਰਯੋਗ ਹੈ ਕਿ ਇਹ ਚੋਣਾਂ ਇਕ ਅਦਾਲਤੀ ਕੇਸ ਵਿਚ ਰਾਜੀਨਾਮੇ ਪਿਛੋਂ ਅਦਾਲਤ ਦੇ ਹੁਕਮਾਂ 'ਤੇ ਹੋਈਆਂ ਹਨ ਅਤੇ ਜਿੱਤੇ ਉਮੀਦਵਾਰਾਂ ਦੀ ਮਿਆਦ ਅਪਰੈਲ 2014 ਤੱਕ ਹੋਵੇਗੀ। ਅਦਾਲਤੀ ਕੇਸ ਵਿਚ ਦੋਸ਼ ਲਾਇਆ ਗਿਆ ਸੀ ਕਿ 2010 ਵਿਚ ਹੋਈਆਂ ਸੁਸਾਇਟੀ ਦੀਆਂ ਚੋਣਾਂ ਵਿਚ ਵੋਟਾਂ ਦੀ ਹੇਰਾ-ਫੇਰੀ ਹੋਈ ਸੀ। ਰਾਜ਼ੀਨਾਮੇ ਪਿਛੋਂ 2010 ਵਿਚ ਚੁਣੇ ਗਏ 5 ਬੋਰਡ ਮੈਂਬਰਾਂ ਅਤੇ ਇਕ ਸੀ ਆਈ ਸੀ ਮੈਂਬਰ ਨੇ ਅਸਤੀਫਾ ਦੇ ਦਿੱਤਾ ਸੀ ਅਤੇ ਇਨ੍ਹਾਂ ਸੀਟਾਂ ਲਈ ਹੀ ਇਹ ਚੋਣਾਂ ਹੋਈਆਂ ਹਨ। ਦੱਸਣਯੋਗ ਹੈ ਕਿ ਸੁਸਾਇਟੀ ਦਾ ਪ੍ਰਬੰਧ ਇਕ 9 ਮੈਂਬਰੀ ਬੋਰਡ ਚਲਾਉਂਦਾ ਹੈ। ਇਸ ਦੇ ਮੈਂਬਰਾਂ ਦੀ ਮਿਆਦ 4 ਸਾਲ ਦੀ ਹੈ ਅਤੇ ਚੋਣਾਂ ਹਰ ਦੋ ਸਾਲ ਬਾਅਦ ਹੁੰਦੀਆਂ ਹਨ। ਇਕ ਵਾਰ 5 ਮੈਂਬਰਾਂ ਦੀ ਅਤੇ ਦੂਜੀ ਵਾਰ 4 ਮੈਂਬਰਾਂ ਦੀ ਚੋਣ ਹੁੰਦੀ ਹੈ। ਸੀ ਆਈ ਸੀ ਦੀ ਮਿਆਦ 6 ਸਾਲ ਹੈ ਅਤੇ ਇਸ ਦੇ ਇਕ ਮੈਂਬਰ ਦੀ ਚੋਣ ਹਰ ਦੋ ਸਾਲ ਬਾਅਦ ਹੁੰਦੀ ਹੈ।

ਅਦਾਲਤ ਦੇ ਹੁਕਮਾਂ ਅਨੁਸਾਰ ਨਵੇਂ ਬੋਰਡ ਦਾ ਗਠਨ ਚੋਣਾਂ ਦੇ ਇਕ ਹਫਤੇ ਦੇ ਅੰਦਰ ਕੀਤਾ ਜਾਣਾ ਹੈ ਜਿਸ ਮੁਤਾਬਕ 16 ਫਰਵਰੀ ਤੱਕ ਨਵਾਂ ਬੋਰਡ ਬਣ ਜਾਵੇਗਾ।

ਪਾਠਕਾਂ ਨੂੰ ਚੇਤੇ ਕਰਾਉਣਾ ਬਣਦਾ ਹੈ ਕਿ ਸਾਲ 2011 ਵਿਚ ਜਦੋਂ ਗੁਰਦੁਆਰਾ ਪੈਲਾਟਾਈਨ ਨਾਲ ਪਿਛਲੇ ਕਈ ਦਹਾਕਿਆਂ ਤੋਂ ਜੁੜੇ ਮੇਜਰ ਗੁਰਚਰਨ ਸਿੰਘ ਝੱਜ ਅਤੇ ਭੁਪਿੰਦਰ ਸਿੰਘ (ਬਾਬ) ਹੁੰਦਲ ਵਿਚਾਲੇ ਮੁੜ ਮਿੱਤਰਤਾ ਕਾਇਮ ਹੋ ਗਈ ਸੀ ਅਤੇ ਲੰਮੇ ਸਮੇਂ ਤੋਂ ਇਕ ਦੂਜੇ ਦੇ ਵਿਰੁਧ ਡਟੀਆਂ ਰਹੀਆਂ ਇਨ੍ਹਾਂ ਦੋਹਾਂ ਧਿਰਾਂ ਨੇ ਗੁਰੂ ਘਰ ਅਤੇ ਸਿੱਖ ਭਾਈਚਾਰੇ ਲਈ ਰਲ ਕੇ ਕੰਮ ਕਰਨ ਦਾ ਫੈਸਲਾ ਕੀਤਾ ਸੀ ਤਾਂ ਪੰਜਾਬ ਟਾਈਮਜ਼ ਨੇ ਇਸ ਨੂੰ ਸ਼ਿਕਾਗੋ ਦੀ ਸਿੱਖ ਸਿਆਸਤ ਵਿਚ ਇਕ ਅਹਿਮ ਮੋੜ ਦੱਸਿਆ ਸੀ। ਇਸ ਟਿੱਪਣੀ 'ਤੇ ਕੁਝ ਧਿਰਾਂ ਵਲੋਂ ਤਿੱਖਾ ਵਿਰੋਧ ਜਾਹਰ ਕੀਤਾ ਗਿਆ ਸੀ ਪਰ ਇਨ੍ਹਾਂ ਚੋਣ ਨਤੀਜਿਆਂ ਨੇ ਪੰਜਾਬ ਟਾਈਮਜ਼ ਦੀ ਉਹ ਟਿੱਪਣੀ ਸਹੀ ਸਾਬਤ ਕਰ ਦਿੱਤੀ ਹੈ।

ਚੋਣਾਂ ਬਹੁਤ ਹੀ ਅਮਨ-ਅਮਾਨ ਨਾਲ ਹੋਈਆਂ। ਦੋਹਾਂ ਧਿਰਾਂ ਵਿਚਾਲੇ ਬੇਸ਼ਕ ਮੀਡੀਏ ਵਿਚ ਤਿੱਖੀ ਬਹਿਸ ਚੱਲੀ ਪਰ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਚੋਣਾਂ ਦੀ ਸਮਾਪਤੀ ਤੋਂ ਬਾਅਦ ਦੀਵਾਨ ਹਾਲ ਵਿਚ ਭਾਈ ਰਜਿੰਦਰ ਸਿੰਘ ਦੇ ਰਾਗੀ ਜਥੇ ਅਤੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਨੇ ਇਕ ਇਕ ਸ਼ਬਦ ਦੀ ਹਾਜਰੀ ਭਰੀ।


ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



**Safe & Easy Weight Loss**
**Ph:317-886-4858**

*334 S Emerson Ave, Greenwood IN 46143*
*(Inside Indian Bazaar)*

www.punjabiweightloss.blogspot.com www.goherbalife.com/skaur



# Short Sale Specialist

## Selling HUD homes anywhere in California



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਦਿੱਲੀ ਦੇ ਗੁਰਦੁਆਰਿਆਂ ਵਿਚ ਵੱਡਾ ਫੇਰਬਦਲ ਸ਼ੁਰੂ

## ਕੀਰਤਨੀ ਜਥਿਆਂ ਨੂੰ ਖਾਸ ਹਦਾਇਤਾਂ ਜਾਰੀ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਜਿੱਤ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਦੇ ਗੁਰਦੁਆਰਿਆਂ ਵਿਚ ਹੁੰਦੀ ਕਥਾ ਵਿਚ ਬਦਲਾਅ ਲਿਆਉਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ ਜਿਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ ਸਿੰਘ ਉਥੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਕਥਾ ਕਰ ਰਹੇ ਹਨ। ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹੁੰਦੀ ਕਥਾ ਤੇ ਕੀਰਤਨ ਦਾ ਟੀਵੀ ਚੈਨਲ ਰਾਹੀਂ ਸਿੱਧਾ ਪ੍ਰਸਾਰਣ ਹੁੰਦਾ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਇਤਰਾਜ਼ ਸੀ ਕਿ ਇਸ ਕਥਾ ਵਿਆਖਿਆ ਰਾਹੀਂ ਗੁਰਬਾਣੀ ਦੀ ਥਾਂ ਇਕ ਵਿਅਕਤੀ ਵਿਸ਼ੇਸ਼ ਦੇ ਹੱਕ ਵਿਚ ਤੇ ਦੂਜੇ ਦੇ ਖਿਲਾਫ ਪ੍ਰਚਾਰ ਕੀਤਾ ਜਾਂਦਾ ਹੈ।

ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਦੇ ਸਮੇਂ ਵਿਚ ਰੱਖੇ ਕੁਝ ਪ੍ਰਚਾਰਕਾਂ ਨੂੰ ਇਸ ਸੇਵਾ ਤੋਂ ਹਟਾ ਦਿੱਤਾ ਹੈ। ਇਹ ਪ੍ਰਚਾਰਕ ਪਹਿਲਾਂ ਗੁਰਬਾਣੀ ਦੀ ਕਥਾ ਵਿਆਖਿਆ ਕਰਦੇ ਸਮੇਂ ਸਿੱਖ ਧਰਮ ਬਾਰੇ ਵੀ ਪ੍ਰਚਾਰ ਕਰਦੇ ਸਨ। ਹੁਣ ਕਥਾ ਵਿਆਖਿਆ ਕਰਨ ਵਾਲੇ ਪ੍ਰਚਾਰਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਿਰਫ਼ ਗੁਰਬਾਣੀ ਬਾਰੇ ਹੀ ਗੱਲ ਕਰਨ।

ਉਨ੍ਹਾਂ ਦੋਸ਼ ਲਾਇਆ ਕਿ ਕਥਾ ਵਾਚਕਾਂ ਨੂੰ ਦਿਸ਼ਾ ਨਿਰਦੇਸ਼ ਦੇਣਾ ਠੀਕ ਨਹੀਂ ਹੈ। ਇਸ ਨਾਲ ਸਿੱਖ ਧਰਮ ਦਾ ਪ੍ਰਚਾਰ ਰੁਕ ਜਾਵੇਗਾ। ਨਵੀਂ ਕਮੇਟੀ ਦੇ ਅਹੁਦੇਦਾਰਾਂ ਦਾ ਗਠਨ ਹੋਣ ਤੱਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਵਜੋਂ ਕੰਮ ਸੰਭਾਲ ਰਹੇ ਸ. ਸਰਨਾ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਇਹ ਚੋਣ ਹਾਰ ਗਈ ਹੈ। ਇਸ ਲਈ ਨੈਤਿਕ ਆਧਾਰ 'ਤੇ ਉਹ ਹੁਣ ਕਿਸੇ ਮਾਮਲੇ ਵਿਚ ਦਖਲ ਨਹੀਂ ਦੇ ਰਹੇ ਪਰ ਇਥੋਂ ਸਿੱਖ ਧਰਮ ਦਾ ਪ੍ਰਚਾਰ ਬੰਦ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਸ. ਸਰਨਾ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਫਿਲਹਾਲ ਨਵੀਂ ਕਮੇਟੀ ਦਾ ਗਠਨ ਨਹੀਂ ਹੋਇਆ ਹੈ। ਇਸ ਲਈ ਗੁਰਦੁਆਰਾ ਪ੍ਰਬੰਧ ਵਿਚ ਕੋਈ ਬਦਲਾਅ ਕਰਨ ਦਾ ਮਤਲਬ ਹੀ ਨਹੀਂ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਨਵੇਂ ਬਦਲਾਅ ਲਿਆਂਦੇ ਜਾਣਗੇ।

ਇਸ ਮਾਮਲੇ ਵਿਚ ਜੇ ਦਿੱਲੀ ਕਮੇਟੀ ਵਲੋਂ ਹੋਰ ਕਥਾ ਵਾਚਕ ਤੇ ਪ੍ਰਚਾਰਕ ਭੇਜਣ ਲਈ ਅਪੀਲ ਕੀਤੀ ਜਾਵੇਗੀ ਤਾਂ ਉਹ ਜ਼ਰੂਰ ਭੇਜਣਗੇ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਵਿਚ ਪ੍ਰਬੰਧਾਂ ਨੂੰ ਵਧੇਰੇ ਸੁਚਾਰੂ ਤੇ ਪਾਰਦਰਸ਼ੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਹਰ ਸੰਭਵ ਮਦਦ ਮੁਹੱਈਆ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਦਿੱਲੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਤੋਂ ਹੋਰ ਵੀ ਕਥਾ ਵਾਚਕ ਤੇ ਪ੍ਰਚਾਰਕ ਪ੍ਰਚਾਰ ਲਈ ਸੱਦੇ ਜਾਣਗੇ। ਉਨ੍ਹਾਂ ਆਖਿਆ ਕਿ ਇਸ ਪਿੱਛੇ ਮੁੱਖ ਮੰਤਵ ਕਥਾ ਵਿਆਖਿਆ ਰਾਹੀਂ ਗੁਰਬਾਣੀ ਦਾ ਸੰਦੇਸ਼ ਘਰ-ਘਰ ਪਹੁੰਚਾਉਣਾ ਹੈ ਤੇ ਸਿੱਖੀ ਦਾ ਪ੍ਰਚਾਰ ਕਰਨਾ ਹੈ।

## ਡੇਰਾ ਸਿਰਸਾ ਦੇ ਮੁਖੀ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ

**ਬਠਿੰਡਾ:** ਸਥਾਨਕ ਅਦਾਲਤ ਨੇ ਸਿੱਖ ਧਰਮ ਦੇ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਾਮਲੇ ਵਿਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਚੀਫ਼ ਜੁਡੀਸ਼ਲ



ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਡੇਰਾ ਮੁਖੀ ਵਿਰੁੱਧ ਦਾਇਰ ਸ਼ਿਕਾਇਤ ਵਿਚ ਕਿਹਾ ਗਿਆ ਸੀ ਕਿ ਉਸ ਨੇ ਡੇਰਾ ਸਲਾਬਤਪੁਰਾ (ਬਠਿੰਡਾ) ਵਿਚ ਸਮਾਗਮ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਵਰਗੇ ਵਸਤਰ ਪਹਿਨੇ ਸਨ। ਅਦਾਲਤ ਨੇ ਡੇਰਾ ਮੁਖੀ ਨੂੰ ਸੰਮਨ ਕੀਤੇ ਜਾਣ ਵਿਰੁੱਧ ਦਾਇਰ ਪਟੀਸ਼ਨ ਖਾਰਜ ਕਰ ਦਿੱਤੀ। ਡੇਰਾ ਮੁਖੀ ਨੂੰ 22 ਫਰਵਰੀ ਨੂੰ ਅਦਾਲਤ ਅੱਗੇ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਹਨ। ਮਾਮਲੇ ਮੁਤਾਬਕ ਸਥਾਨਕ ਵਸਨੀਕ ਰਾਜਿੰਦਰ ਸਿੰਘ ਸਿੱਧੂ ਨੇ 13 ਮਈ, 2007 ਨੂੰ ਸ਼ਿਕਾਇਤ ਦਾਇਰ ਕਰਕੇ ਕਿਹਾ ਸੀ ਕਿ ਡੇਰਾ ਮੁਖੀ ਨੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ। ਇਸ ਤੋਂ ਮਗਰੋਂ ਆਈ.ਪੀ.ਸੀ ਦੇ ਸੈਕਸ਼ਨ 295 (ਏ) ਅਧੀਨ ਇਕ ਕੇਸ ਦਰਜ ਕੀਤਾ ਗਿਆ ਸੀ। ਪਟੀਸ਼ਨਰ ਦੇ ਵਕੀਲ ਜੇਐਸ ਖੱਟਰ ਮੁਤਾਬਕ ਇਹ ਹੁਕਮ ਬਹੁਤ ਅਹਿਮ ਹਨ ਭਾਵੇਂਕਿ ਇਹ ਸਾਢੇ ਪੰਜ ਸਾਲ ਦੀ ਕਾਨੂੰਨੀ ਲੜਾਈ ਮਗਰੋਂ ਹੀ ਜਾਰੀ ਹੋਏ ਹਨ।

## ਇਤਾਲਵੀ ਭਾਸ਼ਾ ਵਿਚ ਸੱਤ ਬਾਣੀਆਂ ਦਾ ਗੁਟਕਾ ਤਿਆਰ

**ਇਟਲੀ:** ਇਥੋਂ ਦੀ ਸਿੱਖ ਸੇਵਾ ਸੁਸਾਇਟੀ ਇਟਲੀ ਵੱਲੋਂ ਨਿਤਨੇਮ ਦੀਆਂ ਸੱਤ ਬਾਣੀਆਂ ਦਾ ਇਟਾਲੀਅਨ ਭਾਸ਼ਾ ਵਿਚ ਗੁਟਕਾ ਸਾਹਿਬ ਤਿਆਰ ਕਰਵਾਇਆ ਗਿਆ ਹੈ ਜਿਸ ਦਾ ਮੁੱਖ ਮਕਸਦ ਇਟਲੀ ਵਿਚ ਜਨਮ ਲੈਣ ਵਾਲੇ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨਾ ਹੈ। ਇਸ ਤਰ੍ਹਾਂ ਬੱਚੇ ਗੁਰਮੁਖੀ ਵਿਚ ਜੇਕਰ ਨਿਤਨੇਮ ਨਹੀਂ ਵੀ ਕਰ ਸਕਦੇ ਤਾਂ ਉਹ ਇਟਾਲੀਅਨ ਵਿਚ ਨਿਤਨੇਮ ਕਰ ਸਕਦੇ ਹਨ। ਇਨ੍ਹਾਂ ਸੱਤ ਬਾਣੀਆਂ ਦੇ ਪਾਠ ਦੇ ਉਚਾਰਨ ਨੂੰ ਧਿਆਨ ਵਿਚ ਰੱਖ ਕੇ ਹੀ ਇਟਾਲੀਅਨ ਭਾਸ਼ਾ ਵਿਚ ਲਿਖਿਆ ਗਿਆ ਹੈ। ਸੁਸਾਇਟੀ ਵੱਲੋਂ ਇਟਲੀ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਇਹ ਗੁਟਕੇ ਪਹੁੰਚਦੇ ਕੀਤੇ ਗਏ ਹਨ। ਸੁਸਾਇਟੀ ਵੱਲੋਂ ਇਟਲੀ ਦੀ ਸਿੱਖ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਆਪਣੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਇਨ੍ਹਾਂ ਗੁਟਕਿਆਂ ਤੋਂ ਪਾਠ ਕਰਵਾਉਣ ਤਾਂ ਜੋ ਬੱਚੇ ਆਪਣੇ ਧਰਮ ਤੇ ਵਿਰਸੇ ਨਾਲ ਜੁੜ ਸਕਣ। ਸੁਸਾਇਟੀ ਵੱਲੋਂ ਪਹਿਲਾਂ ਵੀ ਇਟਾਲੀਅਨ ਭਾਸ਼ਾ ਵਿਚ ਸਿੱਖ ਧਰਮ ਦਾ ਲਿਟਰੇਚਰ ਵੰਡਿਆ ਜਾਂਦਾ ਹੈ।

## ਨਾਨਕਸ਼ਾਹੀ ਕੈਲੰਡਰ ਅਨੁਸਾਰ ਕਾਰ-ਵਿਹਾਰ ਕਰਨ ਦੀ ਅਪੀਲ



**ਅੰਮ੍ਰਿਤਸਰ:** ਨਾਨਕਸ਼ਾਹੀ ਸੰਮਤ 545 ਦੇ ਵਰ੍ਹੇ 2013-14 ਲਈ ਨਾਨਕਸ਼ਾਹੀ ਕੈਲੰਡਰ ਤੇ ਜੰਤਰੀ ਜਾਰੀ ਕਰਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਮੈਂਬਰਾਂ ਵੱਲੋਂ ਵੀ ਇਸੇ ਕੈਲੰਡਰ ਨੂੰ ਲਾਗੂ ਕੀਤਾ ਜਾਵੇਗਾ। ਉਨ੍ਹਾਂ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੇ ਨਿੱਜੀ ਕਾਰ-ਵਿਹਾਰ, ਵਿਆਹ-ਸ਼ਾਦੀਆਂ ਸਮੇਤ ਪ੍ਰਕਾਸ਼ ਪੁਰਬ, ਸ਼ਹੀਦੀ ਦਿਹਾੜੇ, ਸੰਗਰਾਂਦਾਂ ਤੇ ਮੱਸਿਆ ਇਸੇ ਕੈਲੰਡਰ ਅਨੁਸਾਰ ਮਨਾਉਣ। ਨਾਨਕਸ਼ਾਹੀ ਸੰਮਤ 545 ਦਾ ਨਵਾਂ ਵਰ੍ਹਾ 14 ਮਾਰਚ ਤੋਂ ਆਰੰਭ ਹੋ ਰਿਹਾ ਹੈ। ਇਸ ਬਾਰੇ ਨਵਾਂ ਕੈਲੰਡਰ ਤੇ ਨਵੀਂ ਜੰਤਰੀ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਜਾਰੀ ਕੀਤੀ ਗਈ। ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਸੋਧਾਂ ਉਪਰੰਤ ਸ੍ਰੀ ਅਕਾਲ ਤਖ਼ਤ ਵੱਲੋਂ ਪ੍ਰਵਾਨਤ ਕੀਤਾ ਗਿਆ ਹੈ ਤੇ ਇਸ ਨੂੰ ਪ੍ਰਵਾਨਗੀ ਦੇਣ ਸਮੇਂ ਸਾਰੇ ਸਿੰਘ ਸਾਹਿਬਾਨ ਨੇ ਸਹਿਮਤੀ ਪੱਤਰ 'ਤੇ ਦਸਤਖ਼ਤ ਕੀਤੇ ਸਨ।

ਸ੍ਰੀ ਅਕਾਲ ਤਖ਼ਤ ਵੱਲੋਂ ਪ੍ਰਵਾਨਗੀ ਉਪਰੰਤ ਜਾਰੀ ਨਾਨਕਸ਼ਾਹੀ ਕੈਲੰਡਰ ਨੂੰ ਸਮੁੱਚੀ ਸਿੱਖ ਕੌਮ ਨੇ ਵੀ ਪ੍ਰਵਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੇ ਸਰਨਾ ਧੜੇ ਵੱਲੋਂ ਕੁਝ ਮੁੱਦਿਆਂ 'ਤੇ ਇਸ ਕੈਲੰਡਰ ਦਾ ਵਿਰੋਧ ਕੀਤਾ ਗਿਆ ਸੀ ਜਿਸ ਨੂੰ ਸਿੱਖ ਸੰਗਤ ਨੇ ਪ੍ਰਵਾਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਾਂਗ ਹੁਣ ਨਵੇਂ ਚੁਣੇ ਦਿੱਲੀ ਕਮੇਟੀ ਦੇ ਮੈਂਬਰਾਂ ਨੇ ਐਲਾਨ ਕੀਤਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਸਮਰਪਤ ਹਨ ਤੇ ਸ੍ਰੀ ਅਕਾਲ ਤਖ਼ਤ ਦੇ ਹਰ ਹੁਕਮ ਨੂੰ ਮੰਨਦਿਆਂ ਇੰਨ-ਬਿੰਨ ਲਾਗੂ ਕਰਨਗੇ।

ਉਨ੍ਹਾਂ ਆਖਿਆ ਕਿ ਜੇਕਰ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਿੱਖ ਸੰਸਥਾ ਨੂੰ ਇਸ ਬਾਰੇ ਕੋਈ ਇਤਰਾਜ਼ ਹੈ ਤਾਂ ਉਹ ਆਪਣੇ ਇਤਰਾਜ਼ ਸ੍ਰੀ ਅਕਾਲ ਤਖ਼ਤ ਵਿਖੇ ਭੇਜ ਸਕਦਾ ਹੈ। ਉਨ੍ਹਾਂ ਦੇ ਇਤਰਾਜ਼ਾਂ 'ਤੇ ਇਸ ਬਾਰੇ ਬਣੀ ਹੋਈ ਕਮੇਟੀ ਵੱਲੋਂ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਇਸ ਕੈਲੰਡਰ ਮੁਤਾਬਕ ਦਿਨ-ਦਿਹਾੜੇ ਮਨਾਉਣ ਦੀ ਅਪੀਲ ਕੀਤੀ।

## ਹੁਣ ਸ਼੍ਰੋਮਣੀ ਕਮੇਟੀ ਕਰੇਗੀ ਗੁਰਦੁਆਰਾ ਡੇਹਰਾ ਸਾਹਿਬ ਦੀ ਸੇਵਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਔਕਾਫ਼ ਬੋਰਡ ਵੱਲੋਂ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਇਮਾਰਤ ਦੀ ਕਾਰ ਸੇਵਾ ਜੋ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਸੌਂਪੀ ਗਈ ਸੀ, ਹੁਣ ਸ਼੍ਰੋਮਣੀ ਕਮੇਟੀ ਦੀ ਨਿਗਰਾਨੀ ਹੇਠ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਦਿੱਲੀ ਕਮੇਟੀ ਦੀਆਂ ਆਮ ਚੋਣਾਂ ਵਿਚ ਸਰਨਾ ਧੜੇ ਦੀ ਹਾਰ ਤੋਂ ਬਾਅਦ ਪਾਕਿਸਤਾਨ ਔਕਾਫ਼ ਬੋਰਡ ਵੱਲੋਂ ਸ਼੍ਰੋਮਣੀ ਕਮੇਟੀ ਵੱਲ ਨੇੜਤਾ ਦਾ ਹੱਥ ਵਧਾਉਣਾ ਸ਼ੁਰੂ ਕੀਤਾ ਗਿਆ




ਹੈ। ਇਸ ਤੋਂ ਪਹਿਲਾਂ ਔਕਾਫ਼ ਬੋਰਡ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੁਕਾਬਲੇ ਦਿੱਲੀ ਕਮੇਟੀ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਰਹੀ ਹੈ। ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਉਨ੍ਹਾਂ ਸਾਰੇ ਗੁਰਧਾਮਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਚਲਾਇਆ ਜਾਂਦਾ ਸੀ। ਦੇਸ਼ ਦੀ ਵੰਡ ਤੋਂ ਬਾਅਦ ਵੀ ਲੰਮਾ ਸਮਾਂ ਸ਼੍ਰੋਮਣੀ ਕਮੇਟੀ ਹੀ ਪਾਕਿਸਤਾਨ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਕਰਦੀ ਰਹੀ ਹੈ ਪਰ 1999 ਵਿਚ ਔਕਾਫ਼ ਬੋਰਡ ਵੱਲੋਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕਰਕੇ ਇਹ ਹੱਕ ਖੋਹ ਲਏ ਗਏ ਸਨ।

ਰੋਸ ਵਜੋਂ ਉਸ ਵੇਲੇ ਸ਼੍ਰੋਮਣੀ ਕਮੇਟੀ ਨੇ ਜਥੇ ਭੇਜਣੇ ਬੰਦ ਕਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਔਕਾਫ਼ ਬੋਰਡ ਵੱਲੋਂ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਨੂੰ ਸੌਂਪੀ ਗਈ ਕਾਰ ਸੇਵਾ ਦਿੱਲੀ ਕਮੇਟੀ ਦੇ ਪ੍ਰਧਾਨ ਵਜੋਂ ਸੌਂਪੀ ਗਈ ਸੀ ਤੇ ਹੁਣ ਵੀ ਇਹ ਸੇਵਾ ਦਿੱਲੀ ਕਮੇਟੀ ਵੱਲੋਂ ਹੀ ਕਰਵਾਈ ਜਾਵੇਗੀ ਪਰ ਇਹ ਸ਼੍ਰੋਮਣੀ ਕਮੇਟੀ ਦੀ ਨਿਗਰਾਨੀ ਹੇਠ ਹੋਵੇਗੀ।

# ਪਾਕਿ 'ਚ ਗੁਰਦੁਆਰਿਆਂ ਨੇੜਲੀ ਜ਼ਮੀਨ ਵੇਚਣ 'ਤੇ ਪਾਬੰਦੀ

**ਇਸਲਾਮਾਬਾਦ:** ਪਾਕਿਸਤਾਨ ਸੁਪਰੀਮ ਕੋਰਟ ਨੇ ਦੇਸ਼ ਭਰ ਵਿਚ ਸਥਿਤ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਨੇੜਲੀਆਂ ਜ਼ਮੀਨਾਂ ਦੀ ਖਰੀਦੋ-ਫਰੋਖਤ ਜਾਂ ਤਬਾਦਲੇ ਉਤੇ ਮੁਕੰਮਲ ਪਾਬੰਦੀ ਲਾ ਦਿੱਤੀ ਹੈ। ਅਦਾਲਤ ਨੇ ਇਹ ਫੈਸਲਾ ਮੁਲਕ ਵਿਚ ਘੱਟ ਗਿਣਤੀਆਂ ਦੀਆਂ ਧਾਰਮਿਕ ਥਾਂਵਾਂ ਦੀ ਜਾਇਦਾਦ ਦੀ ਰਾਖੀ ਲਈ ਕਾਇਮ ਔਕਾਫ ਬੋਰਡ ਵੱਲੋਂ ਹੀ ਲਾਹੌਰ ਦੇ ਚੂਨਾ ਮੰਡੀ ਖੇਤਰ ਦੇ ਗੁਰਦੁਆਰੇ ਦੀ ਜ਼ਮੀਨ ਗੈਰ-ਕਾਨੂੰਨੀ ਢੰਗ ਨਾਲ ਵੇਚ ਦਿੱਤੇ ਜਾਣ ਖ਼ਿਲਾਫ਼ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਸੁਣਾਇਆ।

ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਇਫ਼ਤਿਖ਼ਾਰ ਚੌਧਰੀ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਦੇ ਹੁਕਮ ਮੁਤਾਬਕ ਇਸ ਜ਼ਮੀਨ ਨੂੰ ਨਾ ਤਾਂ ਵੇਚਿਆ ਜਾਂ ਤਬਦੀਲ ਕੀਤਾ ਜਾ ਸਕੇਗਾ ਤੇ ਨਾ ਹੀ ਇਸ ਉਤੇ ਸੜਕਾਂ ਦੀ ਉਸਾਰੀ ਜਾਂ ਹੋਰ ਕੋਈ ਵਿਕਾਸ ਕੰਮ ਕੀਤਾ ਜਾ ਸਕੇਗਾ। ਜਸਟਿਸ ਚੌਧਰੀ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਮੁਲਕ ਦੀਆਂ ਸਾਰੀਆਂ ਘੱਟ ਗਿਣਤੀਆਂ ਨੂੰ ਸੰਵਿਧਾਨਕ ਸੁਰੱਖਿਆ ਹਾਸਲ ਹੈ ਤੇ ਕਿਸੇ ਨੂੰ ਵੀ ਇਸ ਬਾਰੇ ਗੈਰ-ਸੰਵਿਧਾਨਕ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ "ਅਦਾਲਤ ਵੱਲੋਂ ਸੰਵਿਧਾਨ ਮੁਤਾਬਕ ਫੈਸਲੇ ਕੀਤੇ ਜਾਣਗੇ।

ਪਾਕਿਸਤਾਨ ਸਿੱਖ ਕੌਂਸਲ ਦੇ ਪ੍ਰਧਾਨ ਮਸਤਾਨ ਸਿੰਘ ਨੇ ਅਦਾਲਤ ਨੂੰ ਦੱਸਿਆ ਸੀ ਕਿ ਔਕਾਫ ਬੋਰਡ ਨੇ ਲਾਹੌਰ ਦੀ ਚੂਨਾ ਮੰਡੀ ਸਥਿਤ ਗੁਰਦੁਆਰੇ ਦੀ ਕਰੋੜਾਂ ਰੁਪਏ ਦੀ ਜ਼ਮੀਨ ਦੇ ਇਕ-ਇਕ ਕਨਾਲ ਦੇ 140 ਪਲਾਟ ਕੱਟ ਕੇ ਵੇਚ ਦਿੱਤੇ ਸਨ। ਇਸ ਜ਼ਮੀਨ ਉਤੇ ਉਸਾਰੀ ਵੀ ਸ਼ੁਰੂ ਹੋ ਗਈ ਸੀ।

ਦੂਜੇ ਪਾਸੇ ਔਕਾਫ ਬੋਰਡ ਦੇ ਵਕੀਲ ਹਾਮਿਦ ਖਾਨ ਨੇ ਦਾਅਵਾ ਕੀਤਾ ਕਿ ਇਸ ਜ਼ਮੀਨ ਦਾ ਹੋਰ ਜ਼ਮੀਨ ਨਾਲ ਤਬਾਦਲਾ ਕੀਤਾ ਗਿਆ ਸੀ ਪਰ ਅਦਾਲਤ ਨੇ ਸ੍ਰੀ ਖਾਨ ਨੂੰ ਪੁੱਛਿਆ ਕਿ ਬੋਰਡ ਨੇ ਇਹ ਜ਼ਮੀਨ ਕਿਸ ਕਾਨੂੰਨ ਤਹਿਤ ਵੇਚੀ ਸੀ।



### ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ

ਪਾਕਿਸਤਾਨ ਦੀ ਸੁਪਰੀਮ ਕੋਰਟ ਵੱਲੋਂ ਲਏ ਗਏ ਇਸ ਫੈਸਲੇ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਘੱਟ ਗਿਣਤੀ ਖਾਸਕਰ ਸਿੱਖ ਭਾਈਚਾਰੇ ਲਈ ਇਹ ਵੱਡੀ ਰਾਹਤ ਵਾਲਾ ਫੈਸਲਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਚੂਨਾ ਮੰਡੀ ਲਾਹੌਰ ਦੇ ਨਾਲ ਲੱਗਦੀ ਗੁਰਦੁਆਰਾ ਸਾਹਿਬ ਦੀ ਕਰੋੜਾਂ ਰੁਪਏ ਦੀ ਕੀਮਤੀ ਜਾਇਦਾਦ ਸੁਪਰੀਮ ਕੋਰਟ ਦੇ ਇਸ ਅਹਿਮ ਫੈਸਲੇ ਨਾਲ ਖੁਰਦ-ਬੁਰਦ ਹੋਣੋਂ ਬਚ ਜਾਵੇਗੀ।

# Matrimonials

## ਵਰ ਦੀ ਲੋੜ ਹੈ

ਜੱਟ ਸਿੱਖ ਸੇਖੋਂ ਕੈਲੀਫੋਰਨੀਆ ਰਹਿੰਦੀ ਗਰੀਨ ਕਾਰਡ ਹੋਲਡਰ (ਜੁਲਾਈ 2014 'ਚ ਸਿਟੀਜ਼ਨ ਬਣ ਰਹੀ) ਐਮ ਏ, 33 ਸਾਲਾ, ਕੱਦ 5'-5" ਲੜਕੀ ਲਈ ਅਮਰੀਕਾ 'ਚ ਕੱਚੇ ਜਾਂ ਪੱਕੇ ਤੌਰ 'ਤੇ ਰਹਿੰਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਫੋਟੋ ਤੇ ਵੇਰਵਾ ਈਮੇਲ ਕਰੋ: prince.kular@yahoo.com, Ph: 347-653-5790

## ਕੰਨਿਆ ਦੀ ਲੋੜ ਹੈ

ਸੋਹਣੇ ਸੁਨੱਖੇ ਜੱਟ ਸਿੱਖ ਅਮਰੀਕੀ ਸਿਟੀਜ਼ਨ ਲੜਕੇ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-704-2588 ਜਾਂ ਈਮੇਲ ਕਰੋ: matrimonial.1986@yahoo.com

---

ਜੱਟ ਸਿੱਖ ਅਟਵਾਲ, ਉਮਰ 38, ਕੱਦ 5'-9" ਕਲੀਨਸ਼ੇਵ ਤਲਾਕਸ਼ੁਦਾ ਅਮਰੀਕਾ ਰਹਿੰਦੇ ਲੜਕੇ ਲਈ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ 'ਚ ਚੰਗਾ ਸੈਟਲ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਸੰਪਰਕ ਕਰੋ, ਫੋਨ: 408-775-0975

---

ਇੰਡੀਆ ਰਹਿੰਦੇ ਸਰਕਾਰੀ ਮੁਲਾਜ਼ਮ ਵਾਲੀਆ ਸਿੱਖ, ਐਮ ਐਸ ਸੀ ਕੈਮਿਸਟਰੀ ਲੜਕੇ, 27 ਸਾਲ, 5'-8' ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਵਿਚਾਰ ਨਹੀਂ। ਸੰਪਰਕ ਕਰੋ, ਫੋਨ: 575-815-8536, ਇੰਡੀਆ 91-94641-21807 ਜਾਂ ਈਮੇਲ: walia@gmail.com



ਲੱਚਰ ਗਾਇਕੀ ਖਿਲਾਫ ਪੋਸਟਰ ਰਿਲੀਜ਼ ਕਰਦੇ ਹੋਏ ਪਤਵੰਤੇ ਸੱਜਣ

# ਪੱਤਰਕਾਰ ਨੀਟਾ ਮਾਛੀਕੇ ਵਲੋਂ ਪੰਜਾਬ ਫੇਰੀ ਦੌਰਾਨ ਲੱਚਰ ਗਾਇਕੀ ਖਿਲਾਫ ਝੰਡਾ ਬੁਲੰਦ

**ਫਰਿਜ਼ਨੋ (ਬਿਊਰੋ):** ਪੱਤਰਕਾਰ ਨੀਟਾ ਮਾਛੀਕੇ ਨੇ ਇਸ ਵਾਰ ਦੀ ਆਪਣੀ ਪੰਜਾਬ ਫੇਰੀ ਨੂੰ ਜਿਥੇ ਲੱਚਰ ਗਾਇਕੀ ਵਿਰੁਧ ਆਵਾਜ਼ ਬੁਲੰਦ ਕਰਨ ਦੇ ਮੌਕੇ ਵਜੋਂ ਵਰਤਿਆ, ਉਥੇ ਨਾਲ ਹੀ ਸਮਾਜਿਕ ਤਰੁਟੀਆਂ ਭਰੂਣ ਹੱਤਿਆ, ਪੇਂਡੂ ਸਕੂਲਾਂ ਦੇ ਡਿੱਗ ਰਹੇ ਮਿਆਰ, ਰਾਜਨੀਤਕ ਭਾਈਚਾਰਕ ਪੱਖਵਾਦ ਅਤੇ ਗੁੰਡਾਗਰਦੀ ਵਿਰੁਧ ਲੋਕਾਂ ਨੂੰ ਜਾਗਰੂਕ ਕੀਤਾ।

ਆਪਣੇ ਪਿੰਡ ਮਾਛੀਕੇ ਵਿਚ ਇੱਕ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਜਿਸ ਵਿਚ ਬੋਲਦਿਆਂ ਨੀਟਾ ਮਾਛੀਕੇ ਨੇ ਕਿਹਾ ਕਿ ਹਰ ਸਮਾਜ ਦੇ ਗਾਇਕ ਉਸ ਦੀ ਆਉਣ ਵਾਲੀ ਪੀੜ੍ਹੀ ਲਈ ਰੋਲ ਮਾਡਲ ਅਤੇ ਸੱਭਿਆਚਾਰ ਦਾ ਸ਼ੀਸ਼ਾ ਹੁੰਦੇ ਹਨ। ਜਿਸ ਸਮਾਜ ਦਾ ਸ਼ੀਸ਼ਾ ਮੈਲਾ ਹੋ ਜਾਵੇ, ਉਸ ਦੀ ਤਸਵੀਰ ਆਪਣੇ ਆਪ ਹੀ ਮੈਲੀ ਦਿਸੇਗੀ। ਹੁਣ ਸਮਾਂ ਆ ਗਿਆ ਹੈ ਕਿ ਆਪਾਂ ਸਾਰੇ ਰਲ ਕੇ ਸਹੀ ਅਰਥਾਂ ਵਿਚ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਹੋਏ ਲੱਚਰ ਗਾਇਕੀ ਤੇ ਗੀਤਕਾਰੀ ਦਾ ਡਟ ਕੇ ਵਿਰੋਧ ਕਰੀਏ।

ਇਸ ਸਮਾਗਮ ਵਿਚ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧ ਨੁਮਾਇੰਦਿਆਂ ਤੋਂ ਇਲਾਵਾ ਬਹੁਤ ਸਾਰੇ ਬੁੱਧੀਜੀਵੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿਚ ਪ੍ਰਮੁੱਖ ਡਾ. ਸਿਮਰਜੀਤ ਸਿੰਘ ਧਾਲੀਵਾਲ, ਮਲਕੀਤ ਸਿੰਘ ਦਾਖਾ (ਸਾਬਕਾ ਮੰਤਰੀ ਪੰਜਾਬ), ਅਜੀਤ ਸਿੰਘ ਸ਼ਾਂਤ (ਸਾਬਕਾ ਵਿਧਾਇਕ ਕਾਂਗਰਸ), ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਕਾਂਗਰਸ ਆਗੂ ਚਰਨ ਸਿੰਘ ਗੁੱਰਮ, ਪ੍ਰੋ. ਮੱਖਣ ਸਿੰਘ ਭੁੱਲਰ, ਡਾ. ਗੁਰਮੇਲ ਸਿੰਘ ਰਾਉਕੇ, ਮਾਸਟਰ ਦਰਬਾਰਾ ਸਿੰਘ ਅਤੇ ਸਥਾਨਕ ਪੱਤਰਕਾਰ ਰਣਜੀਤ ਸਿੰਘ ਬਾਵਾ, ਮਿੰਟੂ ਖੁਰਮੀ, ਸ੍ਰੀ ਅਸ਼ੋਕ ਮੋਦ ਅਤੇ ਮਾਸਟਰ ਚਮਕੌਰ ਸਿੰਘ ਮਾਛੀਕੇ ਸ਼ਾਮਲ ਸਨ। ਇਸ ਮੌਕੇ ਪੰਜਾਬੀ ਲੱਚਰ ਗਾਇਕੀ ਖਿਲਾਫ ਹਿੰਮਤਪੁਰਾ ਡਾਟ ਕਾਮ ਵਲੋਂ ਤਿਆਰ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਇਕ ਸੁੰਦਰ ਮਹਿਫਿਲ ਵੀ ਸਜੀ ਜਿਸ ਵਿਚ ਪੰਜਾਬੀ ਗਾਇਕ ਗੋਰਾ ਚੱਕ ਵਾਲਾ ਨੇ ਹਾਜ਼ਰੀਨ ਦਾ ਭਰਪੂਰ ਮਨੋਰੰਜਨ ਕੀਤਾ।

## ਸੂਬੇਦਾਰ ਜੋਗਿੰਦਰ ਸਿੰਘ ਮੁਲਤਾਨੀ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਸਿੱਖ ਭਾਈਚਾਰੇ ਦੀ ਇਕ ਉਘੀ ਹਸਤੀ ਸੂਬੇਦਾਰ ਜੋਗਿੰਦਰ ਸਿੰਘ ਮੁਲਤਾਨੀ ਮੰਗਲਵਾਰ 12 ਫਰਵਰੀ 2013 ਨੂੰ ਇਸ



ਫਾਨੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਗੁਰਦੁਆਰਾ ਪੈਲਾਟਾਈਨ ਦੇ 2010 ਵਿਚ ਬੋਰਡ ਮੈਂਬਰ ਚੁਣੇ ਗਏ ਸਨ ਅਤੇ ਗੁਰੂ ਘਰ ਦੇ ਸਾਬਕਾ ਪ੍ਰਧਾਨ ਸ. ਤਰਲੋਚਨ ਸਿੰਘ ਮੁਲਤਾਨੀ ਦੇ ਪਿਤਾ ਜੀ ਸਨ। ਸੂਬੇਦਾਰ ਮੁਲਤਾਨੀ 78 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਹ ਆਪਣੇ ਪਿਛੇ ਪਤਨੀ ਪਿਆਰ ਕੌਰ, ਪੁੱਤਰ ਤਰਲੋਚਨ ਸਿੰਘ ਮੁਲਤਾਨੀ, ਸੁਖਵੰਤ ਸਿੰਘ ਮੁਲਤਾਨੀ ਅਤੇ ਸ਼ਮਸ਼ੇਰ ਸਿੰਘ ਮੁਲਤਾਨੀ, ਨੂੰਹਾਂ ਬਲਵਿੰਦਰ ਕੌਰ, ਤਰਮਿੰਦਰ ਕੌਰ ਅਤੇ ਰਮਿੰਦਰ ਕੌਰ ਤੋਂ ਬਿਨਾ ਪੋਤਰੇ-ਪੜਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਉਨ੍ਹਾਂ ਦਾ ਅੰਤਿਮ ਸਸਕਾਰ 14 ਫਰਵਰੀ ਨੂੰ ਹੋਵੇਗਾ ਤੇ ਅੰਤਿਮ ਅਰਦਾਸ ਸਨਿਚਰਵਾਰ ਗੁਰਦੁਆਰਾ ਪੈਲਾਟਾਈਨ ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਸ. ਜਗਮੀਤ ਸਿੰਘ ਨਾਲ ਫੋਨ 847-606-3664 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਡੇਰਾ ਸਿਰਸਾ ਦੇ ਸ਼ਰਧਾਲੂ ਨੂੰ ਨਾਮਰਦ ਬਣਾਉਣ ਦੀ ਪੁਸ਼ਟੀ

**ਚੰਡੀਗੜ੍ਹ:** ਮੈਡੀਕਲ ਰਿਪੋਰਟ ਰਾਹੀਂ ਡੇਰਾ ਸਿਰਸਾ ਦੇ ਸ਼ਰਧਾਲੂ ਨੂੰ ਨਾਮਰਦ ਬਣਾਉਣ ਦੀ ਪੁਸ਼ਟੀ ਹੋ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਫ਼ੌਜਦਾਰੀ ਪਟੀਸ਼ਨ ਦਾਇਰ ਕਰਨ ਵਾਲੇ ਡੇਰਾ ਸਿਰਸਾ ਦੇ ਸ਼ਰਧਾਲੂ ਤੇ ਟੋਹਾਣਾ ਵਾਸੀ ਹੰਸ ਰਾਜ ਚੌਹਾਨ ਦੇ ਵਕੀਲ ਨਵਕਿਰਨ ਸਿੰਘ ਨੇ ਦੱਸਿਆ ਕਿ ਹਾਈ ਕੋਰਟ ਦੀਆਂ ਹਦਾਇਤਾਂ 'ਤੇ ਪਟੀਸ਼ਨਰ ਦੀ ਚੰਡੀਗੜ੍ਹ ਦੇ ਸੈਕਟਰ 16 ਸਥਿਤ ਸਰਕਾਰੀ ਮਲਟੀ ਸਪੈਸ਼ਲਿਟੀ ਹਸਪਤਾਲ ਵਿਖੇ 18 ਅਕਤੂਬਰ ਨੂੰ ਤਿੰਨ ਡਾਕਟਰਾਂ ਦੇ ਬੋਰਡ ਵੱਲੋਂ ਡਾਕਟਰੀ ਜਾਂਚ ਕੀਤੀ ਗਈ।

ਹਸਪਤਾਲ ਵੱਲੋਂ ਆਪਣੀ ਰਿਪੋਰਟ ਸੀਲਬੰਦ ਲਿਫ਼ਾਫ਼ੇ ਵਿਚ ਅਦਾਲਤ ਨੂੰ ਸੌਂਪੀ ਗਈ ਸੀ ਜਿਸ ਵਿਚ ਪਟੀਸ਼ਨਰ ਨੂੰ ਨਾਮਰਦ ਬਣਾਉਣ ਦੀ ਪੁਸ਼ਟੀ ਹੋਈ ਹੈ। ਡੇਰਾ ਮੁਖੀ ਦੇ ਵਕੀਲ ਨੇ ਅਦਾਲਤ ਨੂੰ ਦਲੀਲ ਦਿੱਤੀ ਕਿ ਇਹ 12 ਸਾਲ ਪੁਰਾਣਾ ਮਾਮਲਾ ਹੈ ਤੇ ਡੇਰਾ ਮੁਖੀ ਨੂੰ ਝੂਠੇ ਕੇਸ ਵਿਚ ਫਸਾਉਣ ਲਈ ਸਾਰੀ ਸਾਜ਼ਿਸ਼ ਰਚੀ ਗਈ ਹੈ। ਪਟੀਸ਼ਨਰ ਦੇ ਵਕੀਲ ਨੇ ਦਲੀਲ ਦਿੱਤੀ ਹੈ ਕਿ ਪਟੀਸ਼ਨਰ ਦਾ ਮਾਮਲਾ ਚਾਹੇ ਪੁਰਾਣਾ ਹੈ ਪਰ ਕਈ ਸਾਧੂਆਂ ਨੂੰ ਪਿਛਲੇ ਸਾਲ ਆਪ੍ਰੇਸ਼ਨ ਰਾਹੀਂ ਨਾਮਰਦ ਬਣਾਇਆ ਗਿਆ ਸੀ ਤੇ ਡੇਰਾ ਮੁਖੀ ਵੱਲੋਂ ਪਿਛਲੇ ਸੱਤ ਮਹੀਨਿਆਂ ਤੋਂ ਜਵਾਬ ਦਾਇਰ ਨਹੀਂ ਕੀਤਾ ਜਾ ਰਿਹਾ।

ਹਰਿਆਣਾ ਸਰਕਾਰ ਵੱਲੋਂ ਇਕ ਜਵਾਬ ਦਾਇਰ ਕਰਕੇ ਬੈਂਚ ਨੂੰ ਜਾਣਕਾਰੀ ਦਿੱਤੀ ਗਈ ਕਿ ਪਟੀਸ਼ਨਰ ਨੂੰ ਸੁਰੱਖਿਆ ਮੁਹੱਈਆ ਕਰਾ ਦਿੱਤੀ ਗਈ ਹੈ। ਪਟੀਸ਼ਨਰ ਨੇ ਸਾਰੇ ਮਾਮਲੇ ਦੀ ਪੜਤਾਲ ਸੀਬੀਆਈ ਤੋਂ ਕਰਵਾਉਣ ਅਤੇ ਉਸ ਨੂੰ ਸੁਰੱਖਿਆ ਪ੍ਰਦਾਨ ਕੀਤੇ ਜਾਣ ਦੀ ਮੰਗ ਕੀਤੀ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Emirates, Asiana Airlines, Singapore Airlines, Cathay Pacific, Korean Air, Lufthansa, China Airlines

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਭਾਰਤ ਦੀ ਵਿਕਾਸ ਦਰ ਨੂੰ ਝਟਕਾ-ਦਰ-ਝਟਕਾ

**ਨਵੀਂ ਦਿੱਲੀ:** ਦੇਸ਼ ਵਿਚ ਚਾਲੂ ਵਿੱਤੀ ਵਰ੍ਹੇ ਦੌਰਾਨ ਆਰਥਿਕ ਵਿਕਾਸ ਦਰ ਘਟ ਕੇ ਪੰਜ ਫ਼ੀਸਦੀ ਰਹਿਣ ਦਾ ਅਨੁਮਾਨ ਲਾਇਆ ਗਿਆ ਹੈ ਜੋ ਇਕ ਦਹਾਕੇ ਵਿਚ ਸਭ ਤੋਂ ਹੇਠਲੇ ਪੱਧਰ 'ਤੇ ਹੋਵੇਗੀ। ਨਿਰਮਾਣ, ਖੇਤੀਬਾੜੀ ਤੇ ਸੇਵਾ ਖੇਤਰ ਵਿਚ ਖਰਾਬ ਪ੍ਰਦਰਸ਼ਨ ਕਾਰਨ ਵਿਕਾਸ ਦਰ ਦਾ ਅਨੁਮਾਨ ਘਟਾਇਆ ਗਿਆ ਹੈ। ਕੇਂਦਰੀ ਅੰਕੜਾ ਸੰਗਠਨ (ਸੀਐਸਓ) ਵੱਲੋਂ ਦੱਸਿਆ ਗਿਆ ਅਨੁਮਾਨ ਸਰਕਾਰ ਤੇ ਭਾਰਤੀ ਰਿਜ਼ਰਵ ਬੈਂਕ ਦੇ ਅਨੁਮਾਨ ਤੋਂ ਕਾਫੀ ਘਟ ਹੈ।

ਸੀਐਸਓ ਵੱਲੋਂ ਜਾਰੀ ਕੀਤੇ ਗਏ ਪੇਸ਼ਗੀ ਅਨੁਮਾਨ ਮੁਤਾਬਕ ਸਾਲ 2012-13 ਦੌਰਾਨ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਦੀ ਵਿਕਾਸ ਦਰ ਪੰਜ ਫ਼ੀਸਦੀ ਰਹਿਣ ਦਾ ਅਨੁਮਾਨ ਹੈ ਜਦਕਿ ਪਿਛਲੇ ਸਾਲ ਇਹ 6.2 ਫ਼ੀਸਦੀ ਰਹੀ ਸੀ। ਸਾਲ 2002-03 ਵਿਚ ਕੁੱਲ ਰਾਸ਼ਟਰੀ ਉਤਪਾਦਨ ਚਾਰ ਫ਼ੀਸਦੀ ਰਿਹਾ ਸੀ ਤੇ ਇਸ ਪਿੱਛੋਂ ਭਾਰਤੀ ਅਰਥਵਿਵਸਥਾ ਛੇ ਫ਼ੀਸਦੀ ਤੋਂ ਉੱਪਰ ਦੀ ਵਿਕਾਸ ਦਰ ਨਾਲ ਵਧਦੀ ਰਹੀ ਹੈ ਜਿਸ ਵਿਚ ਸਭ ਤੋਂ ਵੱਧ 2006-07 ਵਿਚ 9.6 ਫ਼ੀਸਦੀ ਸੀ।

ਸੀਐਸਓ ਦੇ ਪੇਸ਼ਗੀ ਅਨੁਮਾਨ ਵਿਚ ਖੇਤੀਬਾੜੀ ਤੇ ਇਸ ਨਾਲ ਸਬੰਧਤ ਖੇਤਰ ਵਿਚ ਵਿਕਾਸ ਦਰ ਘਟਾ ਕੇ 1.3 ਫ਼ੀਸਦੀ ਕਰ ਦਿੱਤੀ ਗਈ ਹੈ ਜੋ 2011-12 ਵਿਚ 2.6 ਫ਼ੀਸਦੀ ਸੀ।

### ਡਾਕਟਰ ਮਨਮੋਹਨ ਸਿੰਘ ਦੇ ਸੁਫਨੇ ਖਿੰਡਣੇ ਸ਼ੁਰੂ



ਇਸ ਦੇ ਨਾਲ ਹੀ 2012-13 ਲਈ ਨਿਰਮਾਣ ਖੇਤਰ ਦੀ ਵਿਕਾਸ ਦਰ ਵੀ ਘਟਾ ਕੇ 1.9 ਫ਼ੀਸਦੀ ਕਰ ਦਿੱਤੀ ਗਈ ਜੋ ਪਿਛਲੇ ਵਿੱਤੀ ਸਾਲ ਵਿਚ 2.7 ਫ਼ੀਸਦੀ ਸੀ। ਰਿਜ਼ਰਵ ਬੈਂਕ ਨੇ ਪਿਛਲੇ ਮਹੀਨੇ ਆਪਣੀ ਤਮਾਹੀ ਮੁਦਰਾ ਨੀਤੀ ਸਮੀਖਿਆ ਵਿਚ ਮੌਜੂਦਾ ਵਿੱਤੀ ਵਰ੍ਹੇ ਲਈ 5.5 ਫ਼ੀਸਦੀ ਆਰਥਕ ਵਿਕਾਸ ਦਰ ਦਾ ਅਨੁਮਾਨ ਲਾਇਆ ਸੀ।

ਆਪਣੀ ਮੱਧ ਸਾਲ ਵਾਲੀ ਸਮੀਖਿਆ ਵਿਚ ਸਰਕਾਰ ਨੇ ਵੀ ਵਿਕਾਸ ਦਰ 5.7 ਤੋਂ 5.9 ਫ਼ੀਸਦੀ ਤੱਕ ਰਹਿਣ ਦਾ ਅਨੁਮਾਨ ਲਾਇਆ ਸੀ। ਪੂਰੇ ਵਿਤ ਵਰ੍ਹੇ ਲਈ ਵਿਕਾਸ ਦਰ ਦੇ ਤਾਜ਼ਾ ਅਨੁਮਾਨ ਦਾ ਅਰਥ ਹੈ ਕਿ 2012-13 ਦੀ ਦੂਸਰੀ ਛਿਮਾਹੀ ਵਿਚ ਆਰਥਿਕ ਵਿਕਾਸ ਦੀ ਰਫ਼ਤਾਰ ਹੋਰ ਮੰਦੀ ਪੈ ਗਈ ਹੈ। ਅਪਰੈਲ-ਸਤੰਬਰ ਦੌਰਾਨ ਵਿਕਾਸ ਦਰ 5.4 ਫ਼ੀਸਦੀ ਰਹੀ ਸੀ। ਉਸਾਰੀ ਦੇ ਖੇਤਰ ਵਿਚ ਵਿਕਾਸ ਦਰ ਪਿਛਲੇ ਸਾਲ 5.6 ਫ਼ੀਸਦੀ ਦੇ ਮੁਕਾਬਲੇ ਮੌਜੂਦਾ ਵਿਤ ਵਰ੍ਹੇ ਦੌਰਾਨ 5.9 ਫ਼ੀਸਦੀ ਰਹਿਣ ਦਾ ਅਨੁਮਾਨ ਹੈ। ਸੀਐਸਓ ਦੇ ਅਨੁਮਾਨ ਮੁਤਾਬਕ ਬਿਜਲੀ, ਗੈਸ ਤੇ ਪਾਣੀ ਉਤਪਾਦਨ ਦੀ ਵਿਕਾਸ ਦਰ ਘਟ ਕੇ 4.9 ਫ਼ੀਸਦੀ ਰਹਿਣ ਦੀ ਸੰਭਾਵਨਾ ਹੈ ਜੋ ਬੀਤੇ ਵਰ੍ਹੇ ਵਿਚ 6.5 ਫ਼ੀਸਦੀ ਸੀ।

### ਚਿਦੰਬਰਮ ਵੀ ਨਿਰਾਸ਼

*__ਮੁੰਬਈ:__ ਦੇਸ਼ ਦੇ ਆਰਥਿਕ ਵਿਕਾਸ ਬਾਰੇ ਕੇਂਦਰੀ ਅੰਕੜਾ ਸੰਸਥਾ (ਸੀਐਸਓ) ਦੇ ਅੰਦਾਜ਼ੇ ਤੋਂ ਨਿਰਾਸ਼ ਵਿੱਤ ਮੰਤਰੀ ਪੀ. ਚਿਦੰਬਰਮ ਨੇ ਆਸ ਪ੍ਰਗਟਾਈ ਹੈ ਕਿ ਇਸ ਚਾਲੂ ਵਿੱਤੀ ਸਾਲ ਦੌਰਾਨ ਵਿਕਾਸ ਦਰ 5.5 ਫੀਸਦੀ ਤੇ 2013-14 'ਚ ਛੇ ਤੋਂ ਸੱਤ ਫੀਸਦ ਤੱਕ ਰਹੇਗੀ। ਉਨ੍ਹਾਂ ਦਾ ਕਹਿਣਾ ਹੈ ਕਿ "ਸੀਐਸਓ ਨੇ ਜਿਹੜੀ ਵਿਕਾਸ ਦਰ ਪੰਜ ਫੀਸਦੀ ਦਰਸਾਈ ਹੈ, ਉਹ ਬਹੁਤ ਘੱਟ ਹੈ ਤੇ ਫਿਕਰ ਦਾ ਮਾਮਲਾ ਹੈ ਪਰ ਲੱਗਦਾ ਹੈ ਕਿ ਸੀਐਸਓ ਦੇ ਅੰਦਾਜ਼ੇ ਦੇ ਮੁਕਾਬਲੇ ਚਾਲੂ ਵਿੱਤੀ ਸਾਲ ਵਿਚ ਵਿਕਾਸ ਦਰ 5.5 ਫੀਸਦ ਰਹੇਗੀ। ਇਸ ਦੇ ਨਾਲ ਉਨ੍ਹਾਂ ਦਾਅਵਾ ਕੀਤਾ ਕਿ ਸੀਐਸਓ ਵੱਲੋਂ ਲਾਇਆ ਪੰਜ ਫੀਸਦੀ ਵਿਕਾਸ ਦਰ ਦਾ ਅੰਦਾਜ਼ਾ ਦਹਾਕੇ ਦਾ ਸਭ ਤੋਂ ਘੱਟ ਨਹੀਂ ਹੈ। ਇਹ ਸਾਲ 2000-01 ਤੇ 2002-03 ਤੋਂ ਵੱਧ ਹੈ। ਦੇਸ਼ ਦੀ ਆਰਥਿਕਤਾ ਦੇ ਮੁੜ ਲੀਹ 'ਤੇ ਪੈਣ ਦੇ ਸੰਕੇਤ ਮਿਲ ਰਹੇ ਹਨ। ਭਾਰਤ ਹਾਲੇ ਵੀ ਚੀਨ, ਫਿਲਪੀਨਜ਼ ਤੇ ਇੰਡੋਨੇਸ਼ੀਆ ਮਗਰੋਂ ਤੇਜ਼ੀ ਨਾਲ ਉਭਰਦੀ ਆਰਥਿਕਤਾ ਹੈ।*

## ਹਾਫਿਜ਼ ਸਈਦ ਵੱਲੋਂ ਅਮਰੀਕਾ ਨੂੰ ਵੰਗਾਰ

**ਨਿਊ ਯਾਰਕ:** ਮੁੰਬਈ ਦੇ 26/11 ਹਮਲਿਆਂ ਦੇ ਮੁੱਖ ਸਾਜ਼ਿਸ਼-ਘਾੜੇ ਤੇ ਲਸ਼ਕਰੇ ਤੋਇਬਾ ਦੇ ਮੁਖੀ ਹਾਫਿਜ਼ ਸਈਦ ਦਾ ਕਹਿਣਾ ਹੈ ਕਿ ਉਸ ਦੀ ਹੋਣੀ ਅਮਰੀਕਾ ਨਹੀਂ ਸਗੋਂ ਅੱਲਾ ਦੇ ਹੱਥ ਵਿਚ ਹੈ ਤੇ ਉਹ ਪਾਕਿਸਤਾਨ ਵਿਚ ਇਕ ਆਮ ਆਦਮੀ ਦੀ ਤਰ੍ਹਾਂ ਘੁੰਮਦਾ-ਫਿਰਦਾ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਉਸ ਲਈ ਇਕ ਕਰੋੜ ਡਾਲਰ ਦਾ ਇਨਾਮ ਰੱਖਿਆ ਹੋਇਆ ਹੈ। ਉਸ ਨੇ ਇਹ ਗੱਲ 'ਨਿਊ ਯਾਰਕ ਟਾਈਮਜ਼' ਨੂੰ ਦਿੱਤੀ ਇੰਟਰਵਿਊ ਵਿਚ ਕਹੀ ਹੈ। ਇਸ 64 ਸਾਲਾ ਅਤਿਵਾਦੀ ਆਗੂ ਦਾ ਲਾਹੌਰ ਵਿਚਲਾ ਅਹਾਤਾ 'ਕਿਲ੍ਹਾਬੰਦ ਘਰ, ਦਫਤਰ ਤੇ ਮਸਜਿਦ' ਵਰਗਾ ਹੈ। ਅਖ਼ਬਾਰ ਨੇ ਦੱਸਿਆ ਕਿ ਸਈਦ ਦੀ ਸੁਰੱਖਿਆ 'ਕਲਾਸ਼ਨੀਕੋਵ' (ਏਕੇ) ਰਾਈਫਲਾਂ ਨਾਲ ਲੈਸ ਉਸ ਦੇ ਹਮਾਇਤੀਆਂ ਵੱਲੋਂ ਹੀ ਨਹੀਂ ਕੀਤੀ ਜਾਂਦੀ ਸਗੋਂ ਖੁਦ ਪਾਕਿਸਤਾਨ ਹਕੂਮਤ ਵੱਲੋਂ ਵੀ ਕੀਤੀ ਜਾਂਦੀ ਹੈ। ਸਈਦ ਅਕਸਰ ਜਨਤਕ ਰੈਲੀਆਂ ਨੂੰ ਸੰਬੋਧਨ ਕਰਦਾ ਹੈ ਤੇ ਟੀਵੀ ਦੇ ਮੁੱਖ ਪ੍ਰੋਗਰਾਮਾਂ ਵਿਚ ਦਿਖਾਈ ਦਿੰਦਾ ਹੈ। ਹੁਣ ਉਸ ਵੱਲੋਂ ਪੱਛਮੀ ਮੀਡੀਆ ਨਾਲ ਰਾਬਤਾ ਕਰਕੇ ਉਨ੍ਹਾਂ ਦੀਆਂ 'ਗਲਤਫਹਿਮੀਆਂ' ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਸ ਦਾ ਦਾਅਵਾ ਹੈ ਕਿ ਪਾਕਿਸਤਾਨੀ ਅਦਾਲਤਾਂ ਵੱਲੋਂ ਉਸ ਨੂੰ ਸਾਰੇ ਦੋਸ਼ਾਂ ਤੋਂ ਬਰੀ ਕੀਤਾ ਜਾ ਚੁੱਕਾ ਹੈ ਤੇ ਉਸ ਨੇ ਕਦੇ ਵੀ ਅਮਰੀਕਾ ਖ਼ਿਲਾਫ਼ ਕੁਝ ਨਹੀਂ ਕੀਤਾ।

## ਸੁਪਰੀਮ ਕੋਰਟ ਨੇ ਸੀ.ਬੀ.ਆਈ. ਨੂੰ ਝਿੜਕਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਢਾਹੁਣ ਦੇ ਕੇਸ ਵਿਚ ਸੀਬੀਆਈ ਵੱਲੋਂ ਸੀਨੀਅਰ ਭਾਜਪਾ ਆਗੂ ਐਲ.ਕੇ ਅਡਵਾਨੀ ਤੇ ਹੋਰਾਂ ਖ਼ਿਲਾਫ਼ ਵਰਤੀ ਗਈ ਭਾਸ਼ਾ 'ਤੇ ਇਤਰਾਜ਼ ਕਰਦਿਆਂ ਕਿਹਾ ਕਿ ਜਿੰਨੀ ਦੇਰ ਤੱਕ ਅਦਾਲਤ ਵੱਲੋਂ ਕੇਸ ਦਾ ਨਿਬੇੜਾ ਨਹੀਂ ਕੀਤਾ ਜਾਂਦਾ, ਓਨੀ ਦੇਰ ਤੱਕ ਅਜਿਹੀ ਭਾਸ਼ਾ ਨਾ ਵਰਤੀ ਜਾਵੇ। ਬੈਂਚ ਨੇ ਕਿਹਾ ਕੇਸ ਦੇ ਨਿਬੇੜੇ ਤੱਕ ਅਜਿਹਾ ਨਾ ਕਿਹਾ ਜਾਵੇ ਕਿ ਇਹ ਕੌਮੀ ਗੁਨਾਹ ਸੀ ਜਾਂ ਇਹ ਕੌਮੀ ਮਹੱਤਵ ਦਾ ਮਾਮਲਾ ਹੈ।

ਬੈਂਚ ਨੇ ਇਹ ਟਿੱਪਣੀ ਉਦੋਂ ਕੀਤੀ ਜਦੋਂ ਸੀਬੀਆਈ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਪੀਪੀ ਰਾਓ ਨੇ ਆਖਿਆ ਕਿ ਇਸ ਕੌਮੀ ਸਾਜ਼ਿਸ਼ ਵਿਚ ਭਾਜਪਾ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਸ਼ਾਮਲ ਸਨ ਜਿਸ ਦੀ ਝਲਕ ਰੱਥ ਯਾਤਰਾ ਤੋਂ ਮਿਲਦੀ ਸੀ। ਇਸ ਲਈ ਇਹ ਇਕ ਕੌਮੀ ਗੁਨਾਹ ਸੀ। ਵਿਸ਼ੇਸ਼ ਸੀਬੀਆਈ ਅਦਾਲਤ ਤੇ ਅਲਾਹਾਬਾਦ ਹਾਈ ਕੋਰਟ ਨੇ ਭਾਜਪਾ ਆਗੂ ਐਲ.ਕੇ ਅਡਵਾਨੀ, ਕਲਿਆਣ ਸਿੰਘ, ਉਮਾ ਭਾਰਤੀ, ਵਿਨੈ ਕਟਿਆਰ ਤੇ ਮੁਰਲੀ ਮਨੋਹਰ ਜੋਸ਼ੀ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਦੋਸ਼ ਹਟਾ ਦਿੱਤੇ ਸਨ ਜਿਸ ਖ਼ਿਲਾਫ਼ ਸੀਬੀਆਈ ਨੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਹੈ।

ਸੁਣਵਾਈ ਦੌਰਾਨ ਬੈਂਚ ਨੇ ਵਿਸ਼ੇਸ਼ ਕੋਰਟ ਵਿਚ ਸੁਣਵਾਈ ਤੇ ਦੋਵੇਂ ਅਦਾਲਤਾਂ ਦੇ ਫੈਸਲਿਆਂ ਖ਼ਿਲਾਫ਼ ਅਪੀਲ ਦਾਇਰ ਕਰਨ ਵਿਚ ਲੱਗੀ ਦੇਰੀ 'ਤੇ ਵੀ ਸਵਾਲ ਉਠਾਏ। ਉਂਜ, ਬੈਂਚ ਨੇ ਸੀਬੀਆਈ ਨੂੰ ਉਹ ਦਸਤਾਵੇਜ਼ ਦਾਖਲ ਕਰਨ ਦੀ ਆਗਿਆ ਦੇ ਦਿੱਤੀ ਜਿਨ੍ਹਾਂ ਦਾ ਵਿਸ਼ੇਸ਼ ਅਦਾਲਤ ਤੇ ਹਾਈ ਕੋਰਟ ਵੱਲੋਂ ਦਿੱਤੇ ਫੈਸਲਿਆਂ ਵਿਚ ਹਵਾਲਾ ਦਿੱਤਾ ਗਿਆ ਸੀ।

## ਭਾਰਤ ਵਿਚ ਬੱਚੇ ਲਾਪਤਾ ਹੋਣ ਦੇ ਮਾਮਲੇ ਵਧੇ

**ਨਵੀਂ ਦਿੱਲੀ:** ਦੇਸ਼ ਵਿਚ ਹਜ਼ਾਰਾਂ ਬੱਚਿਆਂ ਦੇ ਲਾਪਤਾ ਹੋਣ ਤੇ ਸਾਲਾਂਬੱਧੀ ਉਨ੍ਹਾਂ ਦੀ ਭਾਲ ਲਈ ਢਿੱਲੀ-ਮੱਠੀ ਪਹੁੰਚ 'ਤੇ ਸੁਪਰੀਮ ਕੋਰਟ ਨੇ ਕੇਂਦਰ ਤੇ ਰਾਜ ਸਰਕਾਰਾਂ ਪ੍ਰਤੀ ਡਾਢੀ ਨਾਰਾਜ਼ਗੀ ਦਿਖਾਈ ਹੈ। ਚੀਫ਼ ਜਸਟਿਸ ਅਲਤਮਸ਼ ਕਬੀਰ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਸਰਕਾਰਾਂ ਦੀ ਢਿੱਲ-ਮੱਠ ਵਾਲੀ ਪਹੁੰਚ ਲਈ ਇਹ ਸਬੂਤ ਕਾਫੀ ਹੈ ਕਿ ਨੋਟਿਸ ਜਾਰੀ ਕਰਨ ਦੇ ਬਾਵਜੂਦ ਕਈ ਰਾਜਾਂ ਨੇ ਪ੍ਰਗਤੀ ਰਿਪੋਰਟ ਪੇਸ਼ ਕਰਨ ਦੀ ਲੋੜ ਹੀ ਨਹੀਂ ਸਮਝੀ।

ਪਟੀਸ਼ਨਰ ਐਨਜੀਓ ਵੱਲੋਂ ਪੇਸ਼ ਵਕੀਲ ਐਚ.ਐਸ ਫੂਲਕਾ ਨੇ ਅਦਾਲਤ ਨੂੰ ਦੱਸਿਆ ਕਿ ਜਨਵਰੀ 2008 ਤੋਂ ਜਨਵਰੀ 2010 ਤੱਕ ਦੇਸ਼ 'ਚੋਂ 1.7 ਲੱਖ ਬੱਚੇ ਲਾਪਤਾ ਹੋਏ ਜਿਨ੍ਹਾਂ ਵਿਚੋਂ ਬਹੁਤੇ ਜਿਸਮਫਰੋਸ਼ੀ ਲਈ ਤੇ ਕੁਝ ਬਾਲ-ਮਜ਼ਦੂਰੀ ਲਈ ਅਗਵਾ ਕੀਤੇ ਗਏ ਸਨ। ਇਨ੍ਹਾਂ ਵਿਚੋਂ 41000 ਬੱਚਿਆਂ ਦਾ ਹਾਲੇ ਵੀ ਕੋਈ ਥਹੁ-ਪਤਾ ਨਹੀਂ ਲੱਗ ਸਕਿਆ ਕਿਉਂਕਿ ਪੁਲਿਸ ਨੇ ਸਹੀ ਕਾਰਵਾਈ ਨਹੀਂ ਕੀਤੀ। ਇਕ ਐਨਜੀਓ 'ਬਚਪਨ ਬਚਾਓ ਅੰਦੋਲਨ' ਵੱਲੋਂ ਦਾਇਰ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਬੈਂਚ ਨੇ ਕਿਹਾ ਕਿ ਲਾਪਤਾ ਬੱਚਿਆਂ ਬਾਰੇ ਕੋਈ ਵੀ ਗੰਭੀਰ ਨਹੀਂ



ਜਾਪਦਾ। ਬੈਂਚ ਨੇ ਇਸ ਗੱਲ ਦਾ ਵੀ ਸਖ਼ਤ ਨੋਟਿਸ ਲਿਆ ਕਿ ਤਾਮਿਲਨਾਡੂ, ਗੁਜਰਾਤ ਤੇ ਅਰੁਨਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਪਹਿਲਾਂ ਜਾਰੀ ਹੋਏ ਹੁਕਮਾਂ ਦੇ ਬਾਵਜੂਦ ਅਦਾਲਤ ਵਿਚ ਪੇਸ਼ ਨਹੀਂ ਹੋਏ। ਸੁਪਰੀਮ ਕੋਰਟ ਦੇ ਬੈਂਚ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਗਲੀ ਸੁਣਵਾਈ 'ਤੇ ਇਹ ਅਧਿਕਾਰੀ ਪੇਸ਼ ਨਾ ਹੋਏ ਤਾਂ ਇਨ੍ਹਾਂ ਦੇ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਜਾਣਗੇ।

## ਪਾਕਿਸਤਾਨ ਵੱਲੋਂ ਕਸ਼ਮੀਰ ਮਸਲੇ ਬਾਰੇ ਰਾਇਸ਼ੁਮਾਰੀ 'ਤੇ ਜ਼ੋਰ

**ਇਸਲਾਮਾਬਾਦ:** ਕਸ਼ਮੀਰ ਸਮੱਸਿਆ ਦੇ ਮੁੱਦੇ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਾਜਾ ਪ੍ਰਵੇਜ਼ ਅਸ਼ਰਫ ਨੇ ਕਿਹਾ ਹੈ ਕਿ ਇਸ ਦਾ ਹੱਲ ਬਹੁਤ ਜ਼ਰੂਰੀ ਹੈ ਤੇ ਜੇਕਰ ਇਸ ਸਮੱਸਿਆ ਦਾ ਜਲਦੀ ਹੱਲ ਨਾ ਕੀਤਾ ਗਿਆ ਤਾਂ ਇਹ ਵਿਸ਼ਵ ਸ਼ਾਂਤੀ ਲਈ ਘਾਤਕ ਸਿੱਧ ਹੋਵੇਗੀ। ਜਨਾਬ ਅਸ਼ਰਫ ਨੇ ਕਸ਼ਮੀਰ ਇਕਜੁਟਤਾ ਦਿਵਸ ਮੌਕੇ ਸੰਬੋਧਨ ਕਰਦਿਆਂ ਵਿਸ਼ਵ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਉਹ ਕਸ਼ਮੀਰ ਮਸਲੇ ਦੇ ਹੱਲ ਲਈ ਉਸਾਰੂ ਰੋਲ ਅਦਾ ਕਰੇ।

ਉਨ੍ਹਾਂ ਕਿਹਾ ਕਿ ਕਸ਼ਮੀਰ ਸਮੱਸਿਆ ਦਾ ਹੱਲ ਸੰਯੁਕਤ ਰਾਸ਼ਟਰ ਵੱਲੋਂ ਪਾਸ ਕੀਤੇ ਪ੍ਰਸਤਾਵਾਂ ਅਨੁਸਾਰ ਹੀ ਸੰਭਵ ਹੈ ਤੇ ਇਸ ਲਈ ਕਸ਼ਮੀਰ ਵਿਚ ਰਾਇਸ਼ੁਮਾਰੀ ਕਰਵਾ ਕੇ ਹੀ ਸਮੱਸਿਆ ਦਾ ਸਹੀ ਤਰੀਕੇ ਨਾਲ ਹੱਲ ਕੀਤਾ ਜਾ ਸਕਦਾ ਹੈ। ਪਾਕਿਸਤਾਨ ਹਮੇਸ਼ਾ ਹੀ ਭਾਰਤ ਨਾਲ ਸ਼ਾਂਤੀਪੂਰਨ ਸਬੰਧ ਚਾਹੁੰਦਾ ਹੈ। ਇਸ ਮੌਕੇ ਜਨਾਬ ਜ਼ਰਦਾਰੀ ਨੇ ਕਿਹਾ ਕਿ ਉਹ ਇਸ ਮੌਕੇ ਆਪਣੇ ਕਸ਼ਮੀਰੀ ਭਰਾਵਾਂ ਨੂੰ ਮੁੜ ਭਰੋਸਾ ਦੇਣਾ ਚਾਹੁੰਦੇ ਹਨ ਕਿ ਪਾਕਿਸਤਾਨ ਕਸ਼ਮੀਰ ਝਗੜੇ ਦਾ ਛੇਤੀ ਤੇ ਸ਼ਾਂਤਮਈ ਹੱਲ ਲੱਭਣ ਪ੍ਰਤੀ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਹਮੇਸ਼ਾ ਭਾਰਤ ਸਰਕਾਰ ਨਾਲ ਗੱਲਬਾਤ ਦੀ ਹਮਾਇਤ ਕੀਤੀ ਹੈ। ਜਨਾਬ ਜ਼ਰਦਾਰੀ ਨੇ ਸੰਯੁਕਤ ਰਾਸ਼ਟਰ ਦੇ ਮਤਿਆਂ ਤੇ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਮੁਤਾਬਕ ਕਸ਼ਮੀਰ ਮੁੱਦੇ ਦੇ ਹੱਲ ਦਾ ਸੱਦਾ ਦਿੱਤਾ।

## ਬਰਤਾਨੀਆ 'ਤੇ ਬੇਰੁਜ਼ਗਾਰੀ ਦਾ ਸਾਇਆ ਹੋਰ ਸੰਘਣਾ

**ਲੰਡਨ:** ਬਰਤਾਨੀਆ ਵਿਚ ਕੰਮਕਾਜੀ ਉਮਰ ਦੇ ਤਕਰੀਬਨ 40 ਲੱਖ ਲੋਕਾਂ ਨੂੰ ਕਦੇ ਵੀ ਚੱਜ ਦੀ ਨੌਕਰੀ ਨਹੀਂ ਮਿਲੀ ਤੇ 25 ਤੋਂ 64 ਸਾਲ ਉਮਰ ਵਰਗ ਦੇ ਇਨ੍ਹਾਂ ਲੋਕਾਂ ਵਿਚੋਂ 10 ਲੱਖ ਲੋਕਾਂ ਨੂੰ ਕਦੇ ਇਕ ਤਨਖਾਹ ਵੀ ਘਰ ਲੈ ਕੇ ਜਾਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ। 'ਦ ਸੰਨ' ਅਖ਼ਬਾਰ ਦੀ ਰਿਪੋਰਟ ਮੁਤਾਬਕ ਉਨ੍ਹਾਂ ਲੋਕਾਂ ਦੀ ਗਿਣਤੀ ਬਰਤਾਨੀਆ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਬਰਮਿੰਘਮ ਦੀ ਆਬਾਦੀ ਤੋਂ ਚਾਰ ਗੁਣਾ ਵੱਧ ਹੈ ਜਿਨ੍ਹਾਂ ਨੂੰ ਕਦੇ ਆਰਜ਼ੀ ਨੌਕਰੀ ਵੀ ਨਹੀਂ ਮਿਲੀ।

ਇਨ੍ਹਾਂ ਵਿਚੋਂ ਇਕ-ਤਿਹਾਈ ਤੋਂ ਵੱਧ ਉਹ ਲੋਕ ਵੀ ਹਨ ਜਿਨ੍ਹਾਂ ਨੂੰ 18 ਤੋਂ 24 ਸਾਲ ਦੀ ਉਮਰ ਵਿਚਕਾਰ ਰੋਜ਼ੀ-ਰੋਟੀ ਕਮਾਉਣ ਦਾ ਇਕ ਵੀ ਮੌਕਾ ਨਹੀਂ ਮਿਲਿਆ। ਆਰਥਿਕ ਮੰਦਹਾਲੀ ਦੇ ਦੌਰ ਵਿਚ ਨਵੀਂ ਪੀੜ੍ਹੀ ਰੁਜ਼ਗਾਰ ਲਈ ਸੰਘਰਸ਼ ਕਰ ਰਹੀ ਹੈ। ਉਂਜ, 25 ਤੋਂ 64 ਸਾਲ ਦੀ ਉਮਰ ਦੇ 10 ਲੱਖ ਲੋਕਾਂ ਨੂੰ ਇਕ ਵੀ ਤਨਖਾਹ ਘਰ ਲੈ ਕੇ ਜਾਣ ਦਾ ਮੌਕਾ ਪ੍ਰਾਪਤ ਨਹੀਂ ਹੋਇਆ। ਰਿਪੋਰਟ ਮੁਤਾਬਕ 65 ਸਾਲ ਤੋਂ ਵੱਧ ਉਮਰ ਦੇ 205000 ਪੈਨਸ਼ਨਰਾਂ ਨੂੰ ਸੇਵਾਮੁਕਤ ਹੋਣ ਤੋਂ ਪਹਿਲਾਂ ਦਿਹਾੜੀ ਜੋਗਾ ਕੰਮ ਵੀ ਕਰਨ ਨੂੰ ਨਹੀਂ ਮਿਲ ਸਕਿਆ। ਇਨ੍ਹਾਂ ਤੋਂ ਇਲਾਵਾ 16-17 ਸਾਲ ਦੀ ਉਮਰ ਦੇ




11 ਲੱਖ ਨੌਜਵਾਨਾਂ ਨੂੰ ਸਕੂਲ ਛੱਡਣ ਤੋਂ ਬਾਅਦ ਕੋਈ ਕੰਮ ਨਹੀਂ ਮਿਲ ਸਕਿਆ।

ਕਦੇ ਵੀ ਰੁਜ਼ਗਾਰ ਨਾ ਪਾ ਸਕਣ ਵਾਲੇ ਲੋਕਾਂ ਦੀ ਗਿਣਤੀ ਲੰਡਨ ਵਿਚ 737000 ਹੈ ਜਦਕਿ ਬਰਮਿੰਘਮ ਵਿਚ ਇਹ ਗਿਣਤੀ 144000, ਲੀਡਜ਼ ਵਿਚ 72000, ਮਾਨਚੈਸਟਰ ਵਿਚ 71000, ਗਲਾਸਗੋ ਵਿਚ 55000 ਅਤੇ ਲਿਵਰਪੂਲ ਵਿਚ 52000 ਹੈ। ਰੁਜ਼ਗਾਰ ਹਾਸਲ ਨਾ ਕਰ ਸਕਣ ਵਾਲੇ ਲੋਕਾਂ ਵਿਚ 39 ਲੱਖ ਲੋਕੀਂ ਕਿਸੇ ਨਾ ਕਿਸੇ ਪੱਖ ਤੋਂ ਅਯੋਗ ਹਨ।

ਉਧਰ, ਰੁਜ਼ਗਾਰ ਮੰਤਰੀ ਮਾਰਕ ਹੋਬਾਨ ਨੇ ਕਿਹਾ ਕਿ ਲੋਕਾਂ ਨੂੰ ਆਸਾਨੀ ਨਾਲ ਨੌਕਰੀ ਦਿਵਾਉਣ ਲਈ ਹੋਰ ਕਦਮ ਚੁੱਕੇ ਜਾਣ ਦੀ ਲੋੜ ਹੈ ਪਰ ਜਿਹੜੇ ਲੋਕ ਕੰਮ ਤੋਂ ਵਾਂਝੇ ਹਨ ਉਨ੍ਹਾਂ ਨੂੰ ਵੀ ਥੋੜ੍ਹਾ ਤਰੱਦਦ ਕਰਨ ਦੀ ਲੋੜ ਹੈ।

## ਪੁਲਿਸ ਤੰਤਰ ਵਿਚ ਸੁਧਾਰਾਂ ਦੀ ਸਿਫਾਰਸ਼

**ਨਵੀਂ ਦਿੱਲੀ:** ਦੇਸ਼ ਵਿਚ ਮਾੜੇ ਪੁਲਿਸ ਪ੍ਰਬੰਧ 'ਤੇ ਫਿਕਰ ਜ਼ਾਹਿਰ ਕਰਦਿਆਂ ਕੇਂਦਰੀ ਵਿਜੀਲੈਂਸ ਕਮਿਸ਼ਨਰ (ਸੀਵੀਸੀ) ਨੇ ਇਸ ਨੂੰ ਦਰੁਸਤ ਕਰਨ ਲਈ ਫੌਰੀ ਕਦਮ ਚੁੱਕਣ ਦੀ ਸਲਾਹ ਦਿੱਤੀ ਹੈ।

ਵਿਜੀਲੈਂਸ ਕਮਿਸ਼ਨਰ ਤੇ ਸਾਬਕਾ ਆਈਸੀਐਸ ਅਫਸਰ ਆਰ. ਸ੍ਰੀਕੁਮਾਰ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਪੁਲਿਸ ਨੂੰ ਸੱਚੇ ਅਰਥਾਂ ਵਿਚ 'ਸਰਕਾਰ ਦੇ ਏਜੰਟ' ਦੀ ਥਾਂ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਬਣਾਇਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸੀਬੀਆਈ ਦੇ ਸਾਬਕਾ ਮੁਖੀ ਡੀ.ਆਰ. ਕਾਰਤੀਕੇਅਨ ਵੱਲੋਂ ਸੱਦੇ ਸਮਾਗਮ ਵਿਚ ਰੱਖਿਆ ਮੰਤਰੀ ਏ.ਕੇ. ਐਂਟਨੀ ਤੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਕਿਹਾ ਕਿ ਪੁਲਿਸ ਨੂੰ ਵਧੇਰੇ 'ਸੰਵੇਦਨਸ਼ੀਲ ਤੇ ਜ਼ਿੰਮੇਵਾਰ' ਬਣਾਇਆ ਜਾਣਾ ਚਾਹੀਦਾ ਹੈ।

ਵਿਜੀਲੈਂਸ ਕਮਿਸ਼ਨਰ ਸ੍ਰੀਕੁਮਾਰ ਮੁਤਾਬਕ ਪੁਲਿਸ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਇਹ ਕਾਨੂੰਨਾਂ ਨੂੰ ਸਹੀ ਢੰਗ ਨਾਲ ਲਾਗੂ ਕਰਾਏ ਪਰ 1861 ਦਾ ਪੁਲਿਸ ਐਕਟ ਇਸ ਨੂੰ ਕਾਨੂੰਨ ਦੇ ਏਜੰਟ ਦੀ ਥਾਂ ਸਰਕਾਰ ਦਾ ਏਜੰਟ ਬਣਾਉਂਦਾ ਹੈ। ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਤਕਰੀਬਨ 30 ਸਾਲ ਪਹਿਲਾਂ ਕੌਮੀ ਪੁਲਿਸ ਕਮਿਸ਼ਨ ਨੇ ਮਾਡਲ ਪੁਲਿਸ ਐਕਟ ਦਾ ਖਰੜਾ ਤਿਆਰ ਕੀਤਾ ਸੀ ਪਰ ਬਹੁਤੇ ਸੂਬੇ ਹੁਣ ਤੱਕ ਇਸ ਨੂੰ ਅਪਣਾਉਣ ਵਿਚ ਨਾਕਾਮ ਰਹੇ ਹਨ।

# ਆਰ.ਡੀ.ਐਕਸ. ਕੇਸ ਵਿਚ ਭਾਈ ਰਾਜੋਆਣਾ ਨੂੰ ਦਸ ਸਾਲ ਕੈਦ

## ਪੇਸ਼ੀ ਮੌਕੇ ਸਖ਼ਤ ਸੁਰੱਖਿਆ ਪ੍ਰਬੰਧ



*ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਪੇਸ਼ੀ ਲਈ ਲਿਜਾ ਰਹੇ ਪੁਲਿਸ ਮੁਲਾਜ਼ਮ।*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਅਧੀਨ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਪਟਿਆਲਾ ਦੀ ਅਦਾਲਤ ਨੇ ਆਰਡੀਐਕਸ ਕੇਸ ਵਿਚ ਦਸ ਸਾਲ ਕੈਦ ਤੇ ਦਸ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਪੁਲਿਸ ਨੇ ਭਾਈ ਰਾਜੋਆਣਾ ਖ਼ਿਲਾਫ਼ 22 ਦਸੰਬਰ, 1995 ਨੂੰ ਥਾਣਾ ਸਿਟੀ ਰਾਜਪੁਰਾ ਵਿਚ ਇਹ ਕੇਸ ਉਦੋਂ ਦਰਜ ਕੀਤਾ ਗਿਆ ਸੀ, ਜਦੋਂ ਸੀਆਈਏ ਸਟਾਫ ਪਟਿਆਲਾ ਨੇ ਬੇਅੰਤ ਸਿੰਘ ਕਤਲ ਕੇਸ ਬਾਰੇ ਰਾਜਪੁਰਾ ਤੋਂ ਕੀਤੀ ਗਈ ਗ੍ਰਿਫਤਾਰੀ ਦੌਰਾਨ ਉਨ੍ਹਾਂ ਦੇ ਕਬਜ਼ੇ ਵਿਚੋਂ 12 ਕਿਲੋ ਆਰਡੀਐਕਸ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ।

ਪਟਿਆਲਾ ਪੁਲਿਸ ਨੇ ਭਾਈ ਰਾਜੋਆਣਾ ਨੂੰ ਗ੍ਰਿਫਤਾਰ ਕਰਕੇ ਚੰਡੀਗੜ੍ਹ ਪੁਲਿਸ ਹਵਾਲੇ ਕਰ ਦਿੱਤਾ ਸੀ ਤੇ ਕਤਲ ਕੇਸ ਦੀ ਸੁਣਵਾਈ ਬੁੜੈਲ ਜੇਲ੍ਹ ਦੇ ਅੰਦਰ ਬਣੀ ਵਿਸ਼ੇਸ਼ ਅਦਾਲਤ ਵਿਚ ਹੀ ਹੋਈ ਤੇ 31 ਜੁਲਾਈ, 2008 ਨੂੰ ਉਸ ਨੂੰ ਫਾਂਸੀ ਦੀ ਸਜ਼ਾ ਹੋਈ। ਇਸ ਉਪਰੰਤ 15 ਸਾਲਾਂ ਬਾਅਦ 15 ਜਨਵਰੀ, 2010 ਨੂੰ ਉਨ੍ਹਾਂ ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ। ਇਸ ਕੇਸ ਤਹਿਤ ਭਾਈ ਰਾਜੋਆਣਾ ਨੂੰ ਪਹਿਲੀ ਵਾਰ ਪਟਿਆਲਾ ਦੀ ਅਦਾਲਤ ਵਿਚ 29 ਸਤੰਬਰ, 2010 ਨੂੰ ਪੇਸ਼ ਕੀਤਾ ਗਿਆ ਜਿੱਥੇ ਇਸ ਕੇਸ ਦੀ ਪ੍ਰਕਿਰਿਆ ਸ਼ੁਰੂ ਹੋਈ ਤੇ ਉਨ੍ਹਾਂ ਨੂੰ ਕਈ ਵਾਰ ਅਦਾਲਤ ਵਿਚ ਲਿਆਂਦਾ ਗਿਆ।

ਫਾਂਸੀ ਦੀ ਸਜ਼ਾ ਨੂੰ ਅਮਲ ਵਿਚ ਲਿਆਉਣ ਬਾਰੇ ਹੁਕਮਾਂ ਤੋਂ ਬਾਅਦ ਛਿੜੇ ਵਿਵਾਦ ਕਾਰਨ ਵਿਸਫੋਟਕ ਸਮੱਗਰੀ ਵਾਲਾ ਕੇਸ ਫਿਰ ਤੋਂ ਲਟਕ ਗਿਆ। 21 ਜਨਵਰੀ ਨੂੰ ਤਕਰੀਬਨ ਸਾਲ ਬਾਅਦ ਉਨ੍ਹਾਂ ਨੂੰ ਮੁੜ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ ਤੇ ਵਧੀਕ ਸੈਸ਼ਨ ਜੱਜ ਸੰਜੀਵ ਬੇਰੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿੱਥੇ ਚਾਰ ਫਰਵਰੀ ਦੀ ਪੇਸ਼ੀ ਦੌਰਾਨ ਭਾਈ ਰਾਜੋਆਣਾ ਦੇ ਬਿਆਨ ਦਰਜ ਹੋਏ। ਫੈਸਲੇ ਦੌਰਾਨ ਅਦਾਲਤ ਨੇ ਭਾਈ ਰਾਜੋਆਣਾ ਨੂੰ ਦਸ ਸਾਲ ਦੀ ਕੈਦ ਤੇ ਦਸ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

ਇਸ ਕੇਸ ਵਿਚ ਇਕ ਇੰਸਪੈਕਟਰ ਸਮੇਤ ਚਾਰ ਪੁਲਿਸ ਮੁਲਾਜ਼ਮਾਂ ਦੇ ਬਿਆਨ ਦਰਜ ਹੋਏ ਹਨ। ਇਸ ਪੇਸ਼ੀ ਮੌਕੇ ਵੀ ਭਾਈ ਰਾਜੋਆਣਾ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿਚ ਲਿਆਂਦਾ ਗਿਆ ਤੇ ਸਾਰਾ ਕੋਰਟ ਕੰਪਲੈਕਸ ਪੁਲਿਸ ਛਾਉਣੀ ਬਣਿਆ ਰਿਹਾ। 1995 ਵਿਚ ਹੀ ਉਸ ਖ਼ਿਲਾਫ਼ ਥਾਣਾ ਸਦਰ ਪਟਿਆਲਾ ਵਿਚ ਵੀ ਅਸਲਾ ਬਰਾਮਦਗੀ ਦਾ ਕੇਸ ਦਰਜ ਕੀਤਾ ਗਿਆ ਸੀ ਜੋ ਅਜੇ ਸੁਣਵਾਈ ਅਧੀਨ ਹੈ ਤੇ ਇਸ ਕੇਸ ਦੀ ਅਗਲੀ ਸੁਣਵਾਈ 16 ਫਰਵਰੀ ਨੂੰ ਹੈ।

## ਏਜੰਸੀਆਂ 'ਤੇ ਗੁੰਮਰਾਹ ਕਰਨ ਦਾ ਦੋਸ਼

ਪੱਤਰਕਾਰਾਂ ਨੂੰ ਵੰਡੀ ਹੱਥ ਲਿਖਤ ਰਾਹੀਂ ਭਾਈ ਰਾਜੋਆਣਾ ਨੇ ਆਖਿਆ ਕਿ ਏਜੰਸੀਆਂ ਦੇ ਕੁਝ ਬੰਦੇ ਲਗਾਤਾਰ ਇਹ ਪ੍ਰਚਾਰ ਕਰ ਰਹੇ ਹਨ ਕਿ ਮਾਰਚ 2012 ਤੋਂ ਬਾਅਦ ਉਨ੍ਹਾਂ ਵੱਲੋਂ ਜਾਰੀ ਕੀਤੀਆਂ ਕੁਝ ਅਪੀਲਾਂ ਤੇ ਪੱਤਰ ਸਰਕਾਰੀ ਏਜੰਸੀਆਂ ਵੱਲੋਂ ਲਿਖੇ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਬਾਰੇ ਉਨ੍ਹਾਂ ਦੀ ਭੈਣ ਕਮਲਦੀਪ ਕੌਰ 'ਤੇ ਵੀ ਇਲਜ਼ਾਮ ਲਾਏ ਜਾ ਰਹੇ ਹਨ ਪਰ ਇਹ ਗੱਲਾਂ ਬੇਬੁਨਿਆਦ ਹਨ। ਭਾਈ ਰਾਜੋਆਣਾ ਨੇ ਕਿਹਾ ਕਿ ਉਨ੍ਹਾਂ ਦੀ ਭੈਣ ਵੱਲੋਂ ਜਾਰੀ ਕੀਤੇ ਗਏ ਸਾਰੇ ਪੱਤਰ ਉਨ੍ਹਾਂ ਵੱਲੋਂ ਖ਼ੁਦ ਲਿਖੇ ਜਾਂਦੇ ਰਹੇ ਹਨ। ਇਸ ਲਈ ਅਜਿਹੇ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਹੋਣ ਦੀ ਲੋੜ ਹੈ। ਵਧੀਕ ਸੈਸ਼ਨ ਜੱਜ ਸੰਜੀਵ ਬੇਰੀ ਦੀ ਅਦਾਲਤ ਵਿਚ ਭਾਈ ਰਾਜੋਆਣਾ ਨੇ ਜੱਜ ਨੂੰ ਸੰਬੋਧਨ ਹੁੰਦੇ ਹੋਏ ਕਿਹਾ "ਸਤਿਕਾਰਯੋਗ ਜੱਜ ਸਾਹਿਬ, ਤੁਸੀਂ ਸਤਿਕਾਰਯੋਗ ਹੋ, ਮੇਰਾ ਇਸ ਅਦਾਲਤ ਨਾਲ ਕੋਈ ਨਿੱਜੀ ਵੈਰ ਵਿਰੋਧ ਜਾਂ ਗਿਲਾ ਸ਼ਿਕਵਾ ਨਹੀਂ। ਮੇਰਾ ਹਿੰਦੁਸਤਾਨ ਦੇ ਨਿਆਇਕ ਪ੍ਰਣਾਲੀ ਵਿਚ ਕੋਈ ਭਰੋਸਾ ਨਹੀਂ। ਇਨ੍ਹਾਂ ਅਦਾਲਤਾ ਵੱਲੋਂ ਦਿੱਤੀ ਹੋਈ ਹਰ ਸਜ਼ਾ ਮੈਨੂੰ ਆਪਣੇ ਗੁਰੂ ਵੱਲੋਂ ਭੇਜਿਆ ਹੋਇਆ ਇਕ ਤਗਮਾ ਲਗਦਾ ਹੈ। ਮੈਂ ਇਸ ਅਦਾਲਤ ਰਾਹੀਂ ਹਿੰਦੁਸਤਾਨ ਤੋਂ ਆਜ਼ਾਦੀ ਦੀ ਮੰਗ ਕਰਦਾ ਹਾਂ।" ਇਹ ਕਹਿੰਦੇ ਹੀ ਉਸ ਨੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ। ਇਸ ਤੋਂ ਬਾਅਦ ਜੱਜ ਸਾਹਿਬ ਨੂੰ ਫ਼ਤਹਿ ਬੁਲਾਈ ਤੇ ਜੱਜ ਸਾਹਿਬ ਨੇ ਮੁਸਕਰਾ ਕੇ ਸਤਿਕਾਰ ਨਾਲ ਫ਼ਤਹਿ ਦਾ ਜਵਾਬ ਦਿੱਤਾ।

## ਆਰ.ਡੀ.ਐਕਸ. ਕੇਸ ਦੀ ਕਹਾਣੀ

ਪੁਲਿਸ ਵੱਲੋਂ ਦਾਇਰ ਦੋਸ਼ ਪੱਤਰ ਵਿਚ ਕਿਹਾ ਗਿਆ ਸੀ ਕਿ ਸੀਆਈਏ ਦੇ ਮੁਖੀ ਥਾਣੇਦਾਰ ਦਵਿੰਦਰ ਸਿੰਘ ਮੱਲ੍ਹੀ ਗਗਨ ਚੌਕ ਰਾਜਪੁਰਾ ਵਿਖੇ ਵਿਸ਼ੇਸ਼ ਜਾਂਚ ਕਰ ਰਹੇ ਸਨ। ਉਸ ਵੇਲੇ ਪੰਜਾਬੀ ਯੂਨੀਵਰਸਿਟੀ ਵਿਖੇ ਸਾਇੰਸ ਕਾਨਫਰੰਸ ਕਰਕੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਰੂਪ ਵਿਚ ਆਉਣਾ ਸੀ। ਸਵੇਰੇ ਸਾਢੇ ਨੌਂ ਵਜੇ ਜਦੋਂ ਅਣਪਛਾਤੇ ਵਿਅਕਤੀ ਨੂੰ ਰੋਕਿਆ ਤਾਂ ਉਸ ਨੇ ਸਾਇਆਨਾਈਡ ਕੈਪਸੂਲ ਖਾਣ ਦੀ ਨਾਕਾਮ ਕੋਸ਼ਿਸ਼ ਕੀਤੀ। ਪੁਲਿਸ ਦੀ ਕਹਾਣੀ ਮੁਤਾਬਕ ਬਾਅਦ ਵਿਚ ਉਸ ਵਿਅਕਤੀ ਦੀ ਪਛਾਣ ਕੀਤੀ ਗਈ ਤਾਂ ਉਹ ਬਲਵੰਤ ਸਿੰਘ ਰਾਜੋਆਣਾ ਜੋ ਬੇਅੰਤ ਸਿੰਘ ਕੇਸ ਵਿਚ ਅਦਾਲਤ ਵੱਲੋਂ ਭਗੌੜਾ ਕਰਾਰ ਦੇ ਦਿੱਤਾ ਗਿਆ ਸੀ ਜਿਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਇਸ ਦੀ ਸੂਚਨਾ ਸਾਬਕਾ ਮੁੱਖ ਮੰਤਰੀ ਦੇ ਕਤਲ ਦੀ ਜਾਂਚ ਕਰ ਰਹੀ ਜਾਂਚ ਏਜੰਸੀ ਸੀਬੀਆਈ ਨੂੰ ਦਿੱਤੀ ਗਈ। ਪੁਲਿਸ ਮੁਤਾਬਕ ਉਸ ਕੋਲੋਂ ਧਮਾਕਾਖੇਜ਼ ਸਮੱਗਰੀ ਤਕਰੀਬਨ 12 ਕਿਲੋਗ੍ਰਾਮ, 43 ਡੈਟੋਨੇਟਰ, ਪੰਜ ਦਿਨ ਰਾਤ ਵਾਲੀਆਂ ਸਵਿੱਚਾਂ, ਦੋ ਰਿਵਾਲਵਰ, 10 ਪੈਨਸਿਲ ਬੰਬ, ਚਾਰ ਬੰਡਲ ਕਾਲੀਆਂ ਤੇ ਤਿੰਨ ਬੰਡਲ ਲਾਲ ਤਾਰਾਂ ਬਰਾਮਦ ਕੀਤੀਆਂ। ਦਿਲਚਸਪ ਗੱਲ ਇਹ ਹੈ ਕਿ ਅਕਤੂਬਰ 2010 ਵਿਚ ਭਾਈ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਪਰ ਇਸ ਕੇਸ ਦਾ ਦੋਸ਼ ਪੱਤਰ ਹੀ ਅਕਤੂਬਰ 2010 ਨੂੰ ਦਾਇਰ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਉਸ ਨੂੰ ਭਾਰਤ ਦੀ ਨਿਆਂ ਪ੍ਰਣਾਲੀ 'ਤੇ ਭੋਰਾ ਵੀ ਵਿਸ਼ਵਾਸ ਨਹੀਂ ਹੈ ਜਿਸ ਕਰਕੇ ਉਹ ਕਿਸੇ ਵੀ ਉੱਚ ਅਦਾਲਤ ਵਿਚ ਕੋਈ ਵੀ ਅਪੀਲ ਨਹੀਂ ਕਰਨਗੇ।


ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577


## ਜੈਨਕੋ ਵਲੋਂ ਸੈਨ ਹੋਜ਼ੇ ਅਤੇ ਫਰੀਮਾਂਟ 'ਚ ਇੰਜੀਨੀਅਰ ਦਿਵਸ 17 ਅਤੇ 24 ਫਰਵਰੀ ਨੂੰ

**ਸੈਨ ਹੋਜ਼ੇ (ਬਿਊਰੋ):** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ 'ਜੈਨਕੋ' ਵਲੋਂ ਆਉਂਦੀ 17 ਫਰਵਰੀ ਨੂੰ ਗੁਰਦੁਆਰਾ ਫਰੀਮਾਂਟ ਅਤੇ 24 ਫਰਵਰੀ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਇੰਜੀਨੀਅਰ ਦਿਵਸ ਮਨਾਇਆ ਜਾਵੇਗਾ। ਇਨ੍ਹਾਂ ਦੋਹੀਂ ਦਿਨੀਂ ਗੁਰੂ ਘਰਾਂ ਅੰਦਰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਦੋ ਵਜੇ ਤੱਕ ਜਥੇਬੰਦੀ ਦੇ ਨੁਮਾਇੰਦਿਆਂ ਵਲੋਂ ਵਿਸ਼ੇਸ਼ ਜਾਣਕਾਰੀ ਬੂਥ ਲਾਏ ਜਾਣਗੇ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਜਥੇਬੰਦੀ ਵਲੋਂ ਲਾਏ ਜਾ ਰਹੇ ਇਨ੍ਹਾਂ ਬੂਥਾਂ ਰਾਹੀਂ ਗੈਰ ਇੰਜੀਨੀਅਰਿੰਗ ਪੇਸ਼ੇ ਵਾਲੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਇੰਜੀਨੀਅਰ ਬਣਾਉਣ ਬਾਰੇ ਜਾਣਕਾਰੀ ਦਿੱਤੀ ਜਾਏਗੀ। ਇਸ ਤੋਂ ਇਲਾਵਾ ਵਿਸ਼ੇਸ਼ ਕਰਕੇ ਲੜਕੀਆਂ ਨੂੰ ਇਹ ਦੱਸਿਆ ਜਾਏਗਾ ਇਕ ਇੰਜੀਨੀਅਰਿੰਗ ਦੇ ਪੇਸ਼ੇ ਵਿਚ ਹੁਣ ਲੜਕੀਆਂ ਵੀ ਲੜਕਿਆਂ ਦੇ ਨਾਲ ਬਰਾਬਰ ਦੀਆਂ ਭਾਈਵਾਲ ਹਨ ਅਤੇ ਵੱਡੀ ਸਫਲਤਾ ਹਾਸਲ ਕਰ ਰਹੀਆਂ ਹਨ। ਇੰਜੀਨੀਅਰਿੰਗ ਦੀ ਪੜ੍ਹਾਈ ਦੇ ਚਾਹਵਾਨ ਬੱਚਿਆਂ ਨੂੰ ਇਸ ਖੇਤਰ ਬਾਰੇ ਜਾਣਕਾਰੀ ਦਿੱਤੀ ਜਾਏਗੀ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾਣਗੇ।

ਜਥੇਬੰਦੀ ਦੇ ਬਿਆਨ ਅਨੁਸਾਰ ਕਾਲਜਾਂ ਅਤੇ ਮੁਲਾਜ਼ਮਾਂ ਦੀ ਕੌਮੀ ਪੱਧਰ ਦੀ ਇਕ ਜਥੇਬੰਦੀ ਵਲੋਂ ਕਰਵਾਏ ਗਏ ਸਰਵੇਖਣ ਮੁਤਾਬਕ ਸਾਲ 2011 ਦੀ ਕਲਾਸ ਪਾਸ ਕਰਨ ਵਾਲੇ ਸਭ ਤੋਂ ਵੱਧ ਵਿਦਿਆਰਥੀ ਕੈਮੀਕਲ ਇੰਜੀਨੀਅਰਿੰਗ, ਇਲੈਕਟਰੀਕਲ ਇੰਜੀਨੀਅਰਿੰਗ ਅਤੇ ਕੰਪਿਊਟਰ ਸਾਇੰਸ ਆਦਿ ਸਭ ਤੋਂ ਵੱਧ ਤਨਖਾਹਾਂ ਮੁਹੱਈਆਂ ਕਰਨ ਵਾਲੇ ਖੇਤਰਾਂ ਵਿਚ ਗਏ।

ਜ਼ਿਕਰਯੋਗ ਹੈ ਕਿ ਜੈਨਕੋ ਜਥੇਬੰਦੀ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਵਿਦਿਆਰਥੀਆਂ ਦੀ ਅਲੂਮਨੀ ਐਸੋਸੀਏਸ਼ਨ ਹੈ। ਪਿਛਲੇ ਸਮਿਆਂ ਵਿਚ ਪੰਜਾਬ ਦੇ ਹੋਰਨਾਂ ਕਾਲਜਾਂ ਤੋਂ ਇੰਜੀਨੀਅਰਿੰਗ ਕਰਨ ਵਾਲੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੀ ਇਸ ਵਿਚ ਸ਼ਾਮਲ ਹੋਏ ਹਨ। ਇਹ ਸੰਸਥਾ ਸਮੇਂ ਸਮੇਂ 'ਤੇ ਕੈਲੀਫੋਰਨੀਆ ਵਿਚ ਸਭਿਆਚਾਰਕ, ਧਾਰਮਕ ਅਤੇ ਖੇਡ ਸਮਾਗਮ ਕਰਵਾਉਂਦੀ ਰਹਿੰਦੀ ਹੈ। ਇਸ ਤੋਂ ਬਿਨਾ ਭਾਈਚਾਰਕ ਭਲਾਈ ਦੇ ਹੋਰਨਾਂ ਕੰਮਾਂ ਵਿਚ ਵੀ ਬਣਦਾ ਯੋਗਦਾਨ ਪਾਉਂਦੀ ਹੈ।




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
24/7 Customer Service Available
Same rate for lanline and mobile.
ਟੋਲ ਫਰੀ ਨੰਬਰ 1-888-652-6268
732-983-4332/4333

# ਵਰਲਡ ਸਿੱਖ ਫੈਡਰੇਸ਼ਨ ਵਲੋਂ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਦੇ ਪ੍ਰਚਾਰ ਦਾ ਅਹਿਦ

**ਸੈਨ ਹੋਜ਼ੇ (ਬਿਊਰੋ):** ਪ੍ਰਿੰਟ ਮੀਡੀਏ ਦੇ ਨਾਲ ਨਾਲ ਆਧੁਨਿਕ ਇਲੈਕਟ੍ਰਾਨਿਕ ਮੀਡੀਏ ਰਾਹੀਂ ਗੁਰਮਤਿ ਪ੍ਰਚਾਰ ਵਿਚ ਜੁਟੀ ਸੰਸਥਾ ਵਰਲਡ ਸਿੱਖ ਫੈਡਰੇਸ਼ਨ ਨੇ ਅਹਿਦ ਲਿਆ ਹੈ ਕਿ ਬਿਨਾ ਕਿਸੇ ਨਾਲ ਟਕਰਾਓ ਵਿਚ ਪਿਆਂ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਦੇ ਪ੍ਰਚਾਰ-ਪ੍ਰਸਾਰ ਲਈ ਸਰਗਰਮੀ ਚਲਾਈ ਜਾਵੇ।

ਇਥੇ ਸੰਸਥਾ ਦੇ ਮੁੱਖ ਸੇਵਾਦਾਰ ਸ. ਹਰਬਖ਼ਸ਼ ਸਿੰਘ ਦੇ ਘਰ ਹੋਈ ਇਕ ਇਕੱਤਰਤਾ ਵਿਚ ਗੁਰਮਤਿ ਪ੍ਰਚਾਰਕ ਪ੍ਰੋ. ਸਰਬਜੀਤ ਸਿੰਘ ਧੂੰਦਾ ਦੀ ਅਮਰੀਕਾ ਪ੍ਰਚਾਰ ਫੇਰੀ ਦੀਆਂ ਪ੍ਰਾਪਤੀਆਂ ਦੀ ਸਮੀਖਿਆ ਕੀਤੀ ਗਈ ਅਤੇ ਇਸ ਪ੍ਰਚਾਰ ਮੁਹਿੰਮ ਨੂੰ ਹੋਰ ਅੱਗੇ ਚਲਾਉਣ ਲਈ ਵਿਉਂਤਬੰਦੀ ਕਰਦਿਆਂ ਫੈਸਲਾ ਕੀਤਾ ਗਿਆ ਕਿ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਦੇ ਪ੍ਰਚਾਰ-ਪਸਾਰ ਲਈ ਮਿਸ਼ਨਰੀ ਕਾਲਜ ਦੇ ਵਿਦਵਾਨ ਪ੍ਰਚਾਰਕਾਂ ਦੀਆਂ ਸੇਵਾਵਾਂ ਲਈਆਂ ਜਾਣ। ਮੀਟਿੰਗ ਵਿਚ ਡੇਰਾਵਾਦ ਅਤੇ ਸ਼ਬਦ ਗੁਰੂ ਫਲਸਫੇ ਦੇ ਵਿਰੋਧੀ ਰੁਝਾਨ ਨੂੰ ਠੱਲ੍ਹ ਪਾਉਣ ਹਿਤ ਘਰ ਘਰ ਗੁਰਮਤਿ ਆਸ਼ੇ ਵਾਲੀਆਂ ਸੀਡੀਆਂ ਅਤੇ ਹੋਰ ਪ੍ਰਚਾਰ ਸਮੱਗਰੀ ਪਹੁੰਚਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ।

ਇਸ ਮੀਟਿੰਗ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਨਿਕਟ ਭਵਿੱਖ ਵਿਚ ਅਮਰੀਕਾ ਆ ਰਹੇ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਮੀਟਿੰਗ ਵਿਚ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਦੇਸ਼ ਦੇ ਨਾਲ ਨਾਲ ਆਪੋ ਆਪਣੇ ਪੁਸ਼ਤੈਨੀ ਇਲਾਕਿਆਂ ਵਿਚ ਵੀ ਲਾਇਬ੍ਰੇਰੀਆਂ ਰਾਹੀਂ ਉਚੇ ਪਾਏ ਦਾ ਸਾਹਿਤ ਉਪਲਬਧ ਕਰਵਾਇਆ ਜਾਵੇ। ਇਕ ਵੱਖਰੇ ਮਤੇ ਰਾਹੀਂ ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ ਕਮੇਟੀ ਵਲੋਂ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਲਾਗੂ ਕਰਨ ਦੇ ਲਏ ਗਏ ਫੈਸਲੇ ਦੀ ਪੁਰਜ਼ੋਰ ਸ਼ਲਾਘਾ ਕੀਤੀ ਗਈ। ਸਮੂਹ ਗੁਰੂ ਘਰਾਂ ਨੂੰ ਅਪੀਲ ਕੀਤੀ ਗਈ ਕਿ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਦੀ ਜਾਮਨ ਰਹਿਤ ਮਰਿਆਦਾ ਦਾ ਇੰਨ-ਬਿੰਨ ਪਾਲਣ ਕੀਤਾ ਜਾਵੇ।

ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਹਰਮਿੰਦਰ ਸਿੰਘ, ਤਰਲੋਚਨ ਸਿੰਘ ਦੁਪਾਲਪੁਰ, ਬਲਵਿੰਦਰ ਸਿੰਘ ਲੰਗਤੋਆ, ਸੁਖਦੇਵ ਸਿੰਘ, ਮਝੈਲ ਸਿੰਘ ਸਰਾਂ, ਡਾ. ਗੁਰਮੀਤ ਸਿੰਘ ਬਰਸਾਲ, ਬੀਬੀ ਕਮਲਜੀਤ ਕੌਰ ਲੈਥਰੋਪ, ਕਮਲ ਸਿੰਘ ਸੋਮਲ, ਮਨਜੀਤ ਸਿੰਘ ਬਿੰਦ, ਬਾਵਾ ਸਿੰਘ ਅਤੇ ਬੀਬੀ ਗੁਰਿੰਦਰ ਕੌਰ ਲੈਥਰੋਪ ਸ਼ਾਮਲ ਹੋਏ।



ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੇ ਵਰਕਰ ਮੋਗਾ ਜਿਮਨੀ ਚੋਣ 'ਚ ਜਿੱਤ ਦਾ ਭਰੋਸਾ ਪ੍ਰਗਟਾਉਂਦੇ ਹੋਏ

# ਮੋਗਾ ਜਿਮਨੀ ਚੋਣ ਵਿਚ ਅਕਾਲੀ ਦਲ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ

**ਫਰਿਜ਼ਨੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦਾ ਯੂਥ ਵਿੰਗ ਪੰਜਾਬ ਦੇ ਮੋਗਾ ਹਲਕੇ ਵਿਚ ਹੋ ਰਹੀਆਂ ਜ਼ਿਮਨੀ ਚੋਣਾਂ ਵਿਚ ਅਕਾਲੀ ਦਲ ਬਾਦਲ ਦੇ ਉਮੀਦਵਾਰ ਜੋਗਿੰਦਰ ਜੈਨ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਆਪਣੇ ਵਲੋਂ ਕੋਈ ਕਸਰ ਬਾਕੀ ਨਹੀਂ ਛਡੇਗਾ। ਇਹ ਤਹੱਈਆ ਵਿੰਗ ਦੀ ਇਥੇ ਤਾਜ ਆਫ ਇੰਡੀਆ ਰੈਸਟੋਰੈਂਟ ਵਿਚ ਹੋਈ ਇਸ ਸਾਲ ਦੀ ਪਹਿਲੀ ਮੀਟਿੰਗ ਵਿਚ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਫਰਿਜ਼ਨੋ ਦੇ ਉਘੇ ਬਿਜਨਸਮੈਨ ਅਤੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨ ਸ੍ਰੀ ਹੈਰੀ ਗਿੱਲ ਨੇ ਕੀਤੀ।

ਮੀਟਿੰਗ ਦੇ ਸ਼ੁਰੂ ਵਿਚ ਅਕਾਲੀ ਦਲ-ਕੈਲੀਫੋਰਨੀਆ ਦੇ ਯੂਥ ਵਿੰਗ ਦੇ ਚੇਅਰਮੈਨ ਹਰਪ੍ਰੀਤ ਸਿੰਘ ਸਿੱਧੂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਅਮਰੀਕਾ ਵਸਦੇ ਪੰਜਾਬੀਆਂ ਨੂੰ ਬੇਨਤੀ ਕੀਤੀ ਕਿ ਉਹ ਪੰਜਾਬ ਵਿਚ ਬੈਠੇ ਆਪੋ-ਆਪਣੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ੍ਰੀ ਜੋਗਿੰਦਰ ਜੈਨ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਆਖਣ। ਯੂਥ ਅਕਾਲੀ ਦਲ-ਕੈਲੀਫੋਰਨੀਆ ਦੇ ਸੈਕਟਰੀ ਸ੍ਰੀ ਟੋਨੀ ਗਿੱਲ ਨੇ ਕਿਹਾ ਕਿ ਯੂਥ ਅਕਾਲੀ ਦਲ ਮੋਗਾ ਚੋਣ ਵਿਚ ਸ੍ਰੀ ਜੈਨ ਦੀ ਜਿੱਤ ਯਕੀਨੀ ਬਣਾਉਣ ਵਾਸਤੇ ਪੂਰੀ ਵਾਹ ਲਾਵੇਗਾ। ਸ੍ਰੀ ਅਰਜਨ ਸਿੰਘ ਜੋਸਨ ਨੇ ਪੰਜਾਬ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਤੇ ਚਿੰਤਾ ਪ੍ਰਗਟ ਕੀਤੀ।

ਇਸ ਮੌਕੇ ਬੋਲਦਿਆਂ ਗੁਰਦੀਪ ਸਿੰਘ ਅਣਖੀ ਨੇ ਗਦਰੀ ਬਾਬਿਆਂ ਦੇ ਮੇਲੇ ਵਿਚ ਵਿਸ਼ੇਸ਼ ਯੋਗਦਾਨ ਪਾਉਣ ਲਈ ਹੈਰੀ ਗਿੱਲ, ਵਿਨੇ ਵੋਹਰਾ ਅਤੇ ਵਿਕਰਮ ਵੋਹਰਾ ਦਾ ਧੰਨਵਾਦ ਕੀਤਾ। ਡਾ. ਜਸਬੀਰ ਸਿੰਘ ਨੇ ਕਿਹਾ ਕਿ ਜਿਵੇਂ ਗਦਰੀ ਬਾਬਿਆਂ ਨੇ ਦੇਸ਼ ਵਿਚੋਂ ਅੰਗਰੇਜ਼ਾਂ ਨੂੰ ਕੱਢਣ ਦੀ ਮੁਹਿੰਮ ਚਲਾਈ ਸੀ, ਉਸੇ ਤਰ੍ਹਾਂ ਅੱਜ ਪੰਜਾਬ ਵਿਚੋਂ ਨਸ਼ਿਆਂ ਨੂੰ ਕੱਢਣ ਦੀ ਮੁਹਿੰਮ ਚਲਾਉਣ ਦੀ ਲੋੜ ਹੈ। ਸੁਰਿੰਦਰ ਮੰਢਾਲੀ ਨੇ ਹਰ ਪ੍ਰਵਾਸੀ ਪੰਜਾਬੀ ਦੇ ਮਨ ਅੰਦਰ ਪੰਜਾਬ ਜਾਣ ਪ੍ਰਤੀ ਬੈਠੇ ਡਰ ਨੂੰ ਕੱਢਣ ਦੀ ਲੋੜ 'ਤੇ ਜ਼ੋਰ ਦਿੱਤਾ। ਪਾਲ ਧਾਲੀਵਾਲ, ਸੰਨੀ ਚੱਠਾ, ਸੰਤੋਖ ਸਿੰਘ ਮਿਨਹਾਸ ਅਤੇ ਪ੍ਰਦੀਪ ਮਿਨਹਾਸ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

ਸ਼੍ਰੋਮਣੀ ਅਕਾਲੀ ਦਲ ਕੈਲੀਫੋਰਨੀਆ ਦੇ ਸੀਨੀਅਰ ਪ੍ਰਧਾਨ ਵਿਨੇ ਵੋਹਰਾ ਨੇ ਦਿੱਲੀ ਗੁਰਦਵਾਰਾ ਚੋਣਾਂ ਵਿਚ ਅਕਾਲੀ ਦਲ ਦੀ ਇਤਿਹਾਸਕ ਜਿੱਤ ਉਤੇ ਅਕਾਲੀ ਵਰਕਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਧਾ ਮੋਗਾ ਤਾਂ 'ਕੱਲੇ ਫਰਿਜ਼ਨੋ ਵਿਚ ਬੈਠਾ ਹੈ, ਇਸ ਲਈ ਮੋਗਾ ਚੋਣਾਂ ਵਿਚ ਜਿੱਤ ਯਕੀਨੀ ਬਣਾਉਣ ਲਈ ਫਰਿਜ਼ਨੋ ਵਾਸੀਆਂ ਦਾ ਖਾਸ ਯੋਗਦਾਨ ਹੋਵੇਗਾ।

ਹਰਪ੍ਰੀਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਅਮਰੀਕਾ ਦੇ ਈਸਟ ਕੋਸਟ ਦੇ ਸੂਬਿਆਂ ਦੇ ਅਹੁਦੇਦਾਰਾਂ ਦੀਆਂ ਚਿਠੀਆਂ ਪੰਜਾਬ ਤੋਂ ਲੈ ਆਏ ਹਨ ਅਤੇ ਹੈਰੀ ਗਿੱਲ ਤੇ ਵਿਨੇ ਵੋਹਰਾ ਨੂੰ ਨਾਲ ਲੈ ਕੇ ਸਭ ਅਹੁਦੇਦਾਰਾਂ ਨੂੰ ਇਹ ਚਿਠੀਆਂ ਦੇ ਕੇ ਆਉਣਗੇ। ਉਨ੍ਹਾਂ ਖੁਸ਼ੀ ਜ਼ਾਹਰ ਕੀਤੀ ਕਿ ਕੈਲੀਫੋਰਨੀਆ ਦੀਆਂ ਜੋ ਚਾਰ ਨਿਯੁਕਤੀਆਂ ਹੋਈਆਂ ਹਨ, ਉਨ੍ਹਾਂ ਵਿਚੋਂ ਇੱਕ ਸ਼੍ਰੋਮਣੀ ਅਕਾਲੀ ਦਲ ਕੈਲੀਫੋਰਨੀਆ ਦੇ ਚੇਅਰਮੈਨ ਵਜੋਂ ਉਨ੍ਹਾਂ ਦੀ ਆਪਣੀ ਨਿਯੁਕਤੀ ਹੈ। ਹੋਰ ਨਿਯੁਕਤੀਆਂ ਵਿਚ ਹੈਰੀ ਗਿੱਲ ਨੂੰ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦਾ ਚੇਅਰਮੈਨ, ਵਿਨੇ ਵੋਹਰਾ ਨੂੰ ਸੀਨੀਅਰ ਪ੍ਰਧਾਨ ਕੈਲੀਫੋਰਨੀਆ ਅਤੇ ਟੋਨੀ ਗਿੱਲ ਨੂੰ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਕੈਲੀਫੋਰਨੀਆ ਦਾ ਜਨਰਲ ਸਕੱਤਰ ਬਣਾਇਆ ਗਿਆ ਹੈ।

ਸ੍ਰੀ ਹੈਰੀ ਗਿੱਲ ਨੇ ਮੁੱਖ ਮੰਤਰੀ ਪੰਜਾਬ ਸ੍ਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ੍ਰੀ ਸੁਖਬੀਰ ਬਾਦਲ ਦਾ ਧੰਨਵਾਦ ਕਰਦਿਆ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਪੂਰੀ ਜੀਅ ਜਾਨ ਲਾ ਕੇ ਕੰਮ ਕਰੇਗਾ ਅਤੇ ਮੋਗਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਹਰ ਭਾਰੀ ਬਹੁਮਤ ਨਾਲ ਜਿਤਾਏਗਾ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਪੂਰੀ ਚੜ੍ਹਦੀ ਕਲਾ ਵਿਚ ਹੈ ਅਤੇ ਮੋਗਾ ਜ਼ਿਮਨੀ ਚੋਣ ਵਿਚ ਅਕਾਲੀ ਦਲ ਦੀ ਜਿੱਤ ਯਕੀਨੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਗਿੱਲ, ਸੰਦੀਪ ਭੁੱਲਰ, ਚਰਨਜੀਤ ਸਿੰਘ ਮਾਂਗਟ, ਦਲਜੀਤ ਸਿੰਘ ਬਿੰਦ, ਡਾਕਟਰ ਲੋਹਨ, ਰਾਜਪਾਲ ਗਿੱਲ, ਅਮ੍ਰਿਤਪਾਲ ਸੰਧੂ, ਪੁਨੀਤ ਅਰੋੜਾ, ਗੁਰਮਖ ਸੇਖੋਂ, ਬਲਵਿੰਦਰ ਬਰਾੜ, ਪਰਦੀਪ ਮਨਿਹਾਸ, ਕੰਵਲਜੀਤ ਟਿਵਾਣਾ, ਸੁਰਜੀਤ ਸਿੰਘ, ਮਹਿੰਦਰ ਢਾਹ, ਗੁਰਦੀਪ ਸਿੰਘ ਅਣਖੀ, ਨਵਤੇਜ ਮੱਟੂ, ਜਗਤਾਰ ਚੱਠਾ, ਤੇਜਪਾਲ ਸਿੰਘ ਮੱਟੂ, ਹੈਪੀ ਚੱਠਾ, ਗੁਰਦੀਪ ਸ਼ੇਰਗਿੱਲ, ਜਸਵੰਤ ਮਹਿਮੀ, ਇੰਦਰਜੀਤ ਨਾਗਰਾ, ਗੁਰਪ੍ਰੀਤ ਦੋਧਰ, ਗੁਰਜਪਾਲ ਸਿੰਘ ਦੋਧਰ, ਗੈਰੀ ਚਾਹਲ, ਗੁਰਪ੍ਰੀਤ ਸਰਾਏ, ਪਵਨਦੀਪ ਸਰਾਏ, ਤਰਨ ਢੀਂਡਸਾ ਤੇ ਅਮਰੀਕ ਸਿੰਘ ਹਾਜ਼ਰ ਸਨ। ਇਸ ਮੌਕੇ ਗਾਇਕ ਰਾਜ ਬਰਾੜ ਨੇ ਆਏ ਮਹਿਮਾਨਾਂ ਦਾ ਆਪਣੀ ਗਾਇਕੀ ਨਾਲ ਮਨੋਰੰਜਨ ਕੀਤਾ।

## ਪੰਜਾਬ ਵਿਚ ਸਵਾਈਨ ਫਲੂ ਦਾ ਕਹਿਰ, 26 ਮੌਤਾਂ

**ਚੰਡੀਗੜ੍ਹ:** ਪੰਜਾਬ 'ਚ ਸਵਾਈਨ ਫਲੂ ਦਾ ਕਹਿਰ ਜਾਰੀ ਹੈ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ ਮੌਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜਨਵਰੀ ਮਹੀਨੇ ਦੌਰਾਨ ਔਸਤਨ ਇਕ ਦਿਨ ਦੇ ਵਕਫੇ ਨਾਲ ਫਲੂ ਦੇ ਇਕ ਮਰੀਜ਼ ਦੀ ਜਾਨ ਜਾ ਰਹੀ ਸੀ ਜਦੋਂਕਿ ਪਿਛਲੇ ਹਫਤੇ ਨੌਂ ਜਣਿਆਂ ਨੇ ਦਮ ਤੋੜਿਆ ਹੈ। ਸਿਹਤ ਵਿਭਾਗ ਸਵਾਈਨ ਫਲੂ ਦੇ ਵਾਇਰਸ ਦੀ ਪਛਾਣ ਕਰਨ ਵਿਚ ਤਾਂ ਸਫਲ ਹੋ ਗਿਆ ਹੈ ਪਰ ਇਸ ਨੂੰ ਖ਼ਤਮ ਕਰਨ ਦਾ ਰਸਤਾ ਲੱਭਣ ਵਿਚ ਕਾਮਯਾਬੀ ਨਹੀਂ ਮਿਲ ਰਹੀ।

ਫਲੂ ਨੂੰ ਡਾਕਟਰਾਂ ਦੀ ਭਾਸ਼ਾ ਵਿਚ ਐਚ1 ਐਨ1 ਦਾ ਨਾਂ ਦਿੱਤਾ ਗਿਆ ਹੈ। ਇਸ ਦੀ ਸ਼ੁਰੂਆਤ 2009 ਵਿਚ ਮੈਕਸੀਕੋ ਤੋਂ ਹੋਈ ਸੀ ਤੇ ਬਾਅਦ ਵਿਚ ਇਸ ਨੇ ਕਈ ਹੋਰ ਦੇਸ਼ਾਂ ਨੂੰ ਵੀ ਆਪਣੀ ਜਕੜ ਵਿਚ ਲੈ ਲਿਆ ਸੀ। ਇਹ ਸਾਹ ਰਾਹੀਂ ਅੱਗੇ ਫੈਲਦਾ ਹੈ।

ਪੰਜਾਬ ਵਿਚ ਸਵਾਈਨ ਫਲੂ ਨਾਲ ਮੌਤਾਂ ਦੀ ਗਿਣਤੀ 26 ਨੂੰ ਪੁੱਜ ਗਈ ਹੈ। ਇਨ੍ਹਾਂ ਵਿਚੋਂ ਗਿਆਰਾਂ ਮੌਤਾਂ ਫਰਵਰੀ ਵਿਚ ਹੋਈਆਂ ਹਨ ਜਦੋਂਕਿ 15 ਦੀ ਜਾਨ ਜਨਵਰੀ ਵਿਚ ਗਈ ਸੀ। ਇਸ ਤੋਂ ਬਿਨਾਂ 130 ਤੋਂ ਵੱਧ ਨੂੰ ਬਿਮਾਰੀ ਦੀ ਪੁਸ਼ਟੀ ਹੋ ਚੁੱਕੀ ਹੈ। ਗੈਰਸਰਕਾਰੀ ਤੌਰ 'ਤੇ ਮੌਤਾਂ ਦੀ ਗਿਣਤੀ 26 ਤੋਂ ਵੱਧ ਦੱਸੀ ਜਾ ਰਹੀ ਹੈ ਤੇ ਬਿਮਾਰੀ ਦੀ ਲਪੇਟ 'ਚ ਆ ਰਹੇ ਮਰੀਜ਼ਾਂ ਦੀ ਸੰਖਿਆ ਦੋ ਸੌ ਨੂੰ ਪਾਰ ਕਰ ਗਈ ਹੈ।

# ਪੰਜਾਬ ਦੇ ਡੈਮਾਂ ਬਾਰੇ ਹਰਿਆਣਾ ਦਾ ਇਤਰਾਜ਼ ਗਲਤ ਕਰਾਰ

**ਚੰਡੀਗੜ੍ਹ:** ਕੇਂਦਰ ਨੇ ਸੁਪਰੀਮ ਕੋਰਟ ਵਿਚ ਸਟੈਂਡ ਲਿਆ ਹੈ ਕਿ ਥੀਨ ਡੈਮ/ਰਣਜੀਤ ਸਾਗਰ ਤੇ ਸ਼ਾਹਪੁਰ ਕੰਢੀ ਪ੍ਰਾਜੈਕਟਾਂ ਨੂੰ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਦੇ ਤਹਿਤ ਲਿਆਉਣ ਦਾ ਕੋਈ ਕਾਨੂੰਨੀ ਰਾਹ ਨਹੀਂ ਹੈ। ਹਰਿਆਣਾ ਨੇ ਅਪੀਲ ਕੀਤੀ ਸੀ ਕਿ ਰਾਵੀ ਦਰਿਆ 'ਤੇ ਸਥਿਤ ਇਨ੍ਹਾਂ ਪ੍ਰਾਜੈਕਟਾਂ ਨੂੰ ਬੀਬੀਐਮਬੀ ਦੇ ਪ੍ਰਬੰਧਾਂ ਹੇਠ ਲਿਆਂਦਾ ਜਾਵੇ।

ਸੁਪਰੀਮ ਕੋਰਟ ਵਿਚ ਦਾਇਰ ਕੀਤੇ ਹਲਫ਼ਨਾਮੇ ਵਿਚ ਕੇਂਦਰੀ ਊਰਜਾ ਮੰਤਰਾਲੇ ਨੇ ਕਿਹਾ ਹੈ ਕਿ ਪੰਜਾਬ ਪੁਨਰਗਠਨ ਐਕਟ 1966 ਦੇ ਸੈਕਸ਼ਨ 78 ਤੇ 80 ਅਨੁਸਾਰ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਪ੍ਰਾਜੈਕਟ ਕਦੇ ਬੀਬੀਐਮਬੀ ਦੇ ਪ੍ਰਬੰਧਾਂ ਜਾਂ ਕੰਟਰੋਲ ਹੇਠ ਨਹੀਂ ਲਿਆਂਦੇ ਜਾ ਸਕਦੇ। ਬੀਬੀਐਮਬੀ ਐਕਟ ਵਿਚ ਵੀ ਅਜਿਹਾ ਕੋਈ ਪ੍ਰਬੰਧ ਨਹੀਂ ਹੈ ਕਿ ਉਹ ਹੋਰ ਪ੍ਰਾਜੈਕਟਾਂ ਨੂੰ ਬੋਰਡ ਤਹਿਤ ਲਿਆ ਸਕੇ। ਇਸ ਲਈ ਸੁਪਰੀਮ ਕੋਰਟ ਨੂੰ ਇਸ ਕੇਸ ਦੇ ਸਾਰੇ ਤੱਥਾਂ ਤੇ ਸਥਿਤੀਆਂ ਨੂੰ ਧਿਆਨ ਵਿਚ ਰੱਖਦਿਆਂ ਕਾਨੂੰਨੀ ਤੇ ਸੰਵਿਧਾਨਕ ਮੈਰਿਟ ਅਨੁਸਾਰ ਇਸ ਬਾਰੇ ਫ਼ੈਸਲਾ ਕਰਨਾ ਚਾਹੀਦਾ ਹੈ। ਕੇਂਦਰ ਵੱਲੋਂ ਇਸ ਮਾਮਲੇ ਦੀ ਪੈਰਵੀ ਐਡੀਸ਼ਨਲ ਸਾਲਿਸਟਰ ਜਨਰਲ ਮੋਹਨ ਜੈਨ ਨੇ ਕੀਤੀ।

ਆਪਣੇ ਦਾਅਵੇ ਵਿਚ ਹਰਿਆਣਾ ਨੇ ਸ਼ਾਹਪੁਰ ਕੰਢੀ ਡੈਮ, ਮਾਧੋਪੁਰ ਹੈੱਡ ਵਰਕਸ ਤੇ ਥੀਨ ਡੈਮ/ਰਣਜੀਤ ਸਾਗਰ ਪ੍ਰਾਜੈਕਟ 'ਤੇ ਪੰਜਾਬ ਦਾ ਕੰਟਰੋਲ ਹੋਣ ਦਾ ਵਿਰੋਧ ਕੀਤਾ ਸੀ। ਇਸ 'ਤੇ ਸੁਪਰੀਮ ਕੋਰਟ ਨੇ ਕੇਂਦਰ ਨੂੰ ਨੋਟਿਸ ਜਾਰੀ ਕਰਦਿਆਂ ਰਾਜਸਥਾਨ, ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਦੀ ਰਾਇ ਵੀ ਮੰਗੀ ਸੀ। ਜਦੋਂ ਇਹ ਮਾਮਲਾ ਜਸਟਿਸ ਸੀਕੇ ਪ੍ਰਸਾਦ ਤੇ ਐਫਐਮਆਈ ਕਲੀਫੁੱਲਾ ਦੀ ਅਗਵਾਈ ਵਾਲੇ ਬੈਂਚ ਕੋਲ ਸੁਣਵਾਈ ਲਈ ਆਇਆ ਤਾਂ ਹਰਿਆਣਾ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਅਲਤਾਫ਼ ਅਹਿਮਦ ਨੇ ਕਿਹਾ ਕਿ ਇਸ ਮੁੱਦੇ 'ਤੇ ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਤੇ ਹਰਿਆਣਾ ਇਕਜੁੱਟ ਹਨ।

ਉਨ੍ਹਾਂ ਕਿਹਾ ਕਿ ਹੋਰ ਪ੍ਰਾਜੈਕਟਾਂ ਨੂੰ ਸੰਭਾਲਣ ਲਈ ਬੀਬੀਐਮਬੀ ਹੈ। ਉਹ ਭਾਈਵਾਲ ਰਾਜਾਂ ਦੇ ਹਿੱਤਾਂ ਵਾਸਤੇ ਇਨ੍ਹਾਂ ਪ੍ਰਾਜੈਕਟਾਂ ਲਈ ਇਕੋ ਜਿਹਾ ਪ੍ਰਬੰਧ ਚਾਹੁੰਦੇ ਹਨ ਤੇ ਇਹ ਨਹੀਂ ਚਾਹੁੰਦੇ ਕਿ ਪੰਜਾਬ ਇਕੱਲਾ ਇਨ੍ਹਾਂ ਦਾ ਪ੍ਰਬੰਧ ਸੰਭਾਲੀ ਰੱਖੇ। ਸੁਪਰੀਮ ਕੋਰਟ ਤੱਕ ਪਹੁੰਚ ਕਰਦਿਆਂ ਹਰਿਆਣਾ ਨੇ ਇਹ ਅਪੀਲ ਕੀਤੀ ਸੀ ਕਿ ਰਾਵੀ ਦਰਿਆ 'ਤੇ ਸਥਿਤ ਸ਼ਾਹਪੁਰ ਕੰਢੀ ਪ੍ਰਾਜੈਕਟ ਦਾ ਪ੍ਰਬੰਧ ਸੰਭਾਲਣ ਤੋਂ ਪੰਜਾਬ ਨੂੰ ਰੋਕਿਆ ਜਾਵੇ।

## ਆਹਲੂਵਾਲੀਆ ਵੱਲੋਂ ਅਸਤੀਫਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਜਾ ਰਹੀ ਸ੍ਰੀ ਗੁਰੂ ਗਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਪਹਿਲਾਂ ਹੀ ਮੁਅੱਤਲ ਚੱਲ ਰਹੇ ਵਾਈਸ ਚਾਂਸਲਰ ਜਸਬੀਰ ਸਿੰਘ ਆਹਲੂਵਾਲੀਆ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਹੈ।

ਸੂਤਰਾਂ ਅਨੁਸਾਰ ਜਥੇਦਾਰ ਮੱਕੜ ਨੇ ਇਸ ਬਾਰੇ ਕਾਨੂੰਨੀ ਰਾਇ ਲੈਣ ਲਈ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਹੈ।

# ਪਹਾੜੀ ਸੂਬਿਆਂ ਨੂੰ ਖੁੱਲ੍ਹੇ ਗੱਫਿਆਂ ਖ਼ਿਲਾਫ਼ ਪੰਜਾਬ ਸਰਕਾਰ ਡਟੀ

**ਨਵੀਂ ਦਿੱਲੀ:** ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਵਿਚ ਸਨਅਤੀ ਇਕਾਈਆਂ ਨੂੰ ਕਰ ਛੋਟਾਂ ਦਿੱਤੇ ਜਾਣ ਖ਼ਿਲਾਫ ਪੰਜਾਬ ਦੀ ਸ਼ਿਕਾਇਤ ਦੇ ਹੱਲ ਲਈ ਸੁਪਰੀਮ ਕੋਰਟ ਵੱਲੋਂ

## ਸੁਪਰੀਮ ਕੋਰਟ ਨੇ ਇਤਰਾਜ਼ ਠੁਕਰਾਏ

ਨਿਯੁਕਤ ਵਿਚੋਲਿਆਂ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੇ ਯਤਨਾਂ ਨੂੰ ਬੂਰ ਨਹੀਂ ਪਿਆ। ਤਿੰਨ ਪਹਾੜੀ ਰਾਜਾਂ ਵਿਚ ਸਨਅਤੀ ਇਕਾਈਆਂ ਉੱਤੇ ਕਰ ਛੋਟਾਂ ਦੇ ਰੂਪ ਵਿਚ ਹੋਈ ਕੇਂਦਰ ਦੀ ਮਿਹਰਬਾਨੀ ਖ਼ਿਲਾਫ ਪੰਜਾਬ ਵੱਲੋਂ ਦਾਅਵਾ ਪਾਇਆ ਗਿਆ ਹੈ। ਪੰਜਾਬ ਦਾ ਪੱਖ ਹੈ ਕਿ ਗੁਆਂਢੀ ਰਾਜਾਂ 'ਤੇ ਕੇਂਦਰ ਦੀਆਂ ਮਿਹਰਬਾਨੀਆਂ ਇਸ ਸੂਬੇ 'ਤੇ ਬਹੁਤ ਭਾਰੂ ਪੈ ਰਹੀਆਂ ਹਨ।

ਸੀਲਬੰਦ ਲਿਫ਼ਾਫ਼ੇ ਵਿਚ ਪੇਸ਼ ਰਿਪੋਰਟ ਵਾਚਣ ਮਗਰੋਂ ਜਸਟਿਸ ਸੀਕੇ ਪ੍ਰਸਾਦ ਤੇ ਐਫਐਮਆਈ ਕਾਲੀਫੁੱਲਾ 'ਤੇ ਆਧਾਰਤ ਡਿਵੀਜ਼ਨ ਬੈਂਚ ਨੇ ਕਿਹਾ ਕਿ ਵਿਚੋਲਗਿਰੀ ਸਫ਼ਲ ਨਹੀਂ ਹੋ ਸਕੀ ਤੇ ਇਸ ਮੁੱਦੇ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਸਿੱਟੇ ਵਜੋਂ ਬੈਂਚ ਨੇ ਕੇਂਦਰ ਤੇ ਤਿੰਨ ਰਾਜਾਂ ਨੂੰ ਨੋਟਿਸ ਜਾਰੀ ਕਰਦਿਆਂ ਅੱਠ ਹਫ਼ਤਿਆਂ ਦੇ ਅੰਦਰ ਪੰਜਾਬ ਦੇ ਦਾਅਵੇ ਬਾਰੇ ਜਵਾਬ ਮੰਗਿਆ ਹੈ।

ਕੇਂਦਰ ਵੱਲੋਂ ਪੇਸ਼ ਐਡੀਸ਼ਨਲ ਸਾਲਿਸਟਰ ਜਨਰਲ ਮੋਹਨ ਜੈਨ ਨੇ ਕਿਹਾ ਕਿ ਤਿੰਨ ਪਹਾੜੀ ਰਾਜਾਂ ਵਿਚ ਨਵੀਆਂ ਸਨਅਤੀ ਇਕਾਈਆਂ ਨੂੰ ਕਰ ਛੋਟਾਂ ਦੇ ਪੈਕੇਜ ਐਲਾਨੇ ਜਾਣ ਵਿਰੁੱਧ ਪੰਜਾਬ ਦੀ ਕਾਨੂੰਨੀ ਚਾਰਾਜੋਈ ਇਸ ਕਰਕੇ ਨਿਹਫਲ ਹੋ ਜਾਂਦੀ ਹੈ ਕਿਉਂਕਿ ਇਹ ਪੈਕੇਜ ਜੰਮੂ-ਕਸ਼ਮੀਰ ਵਿਚ 14 ਜੂਨ, 2002 ਦੇ ਹੁਕਮ ਤਹਿਤ ਤੇ ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਵਿਚ 6-7 ਜਨਵਰੀ 2003 ਨੂੰ ਜਾਰੀ ਕੀਤਾ ਗਿਆ ਸੀ ਜਿਸ ਨੂੰ 10 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ।

ਦੂਜੇ ਪਾਸੇ ਪੰਜਾਬ ਨੇ ਕਿਹਾ ਕਿ ਉਸ ਨੇ 12 ਦਸੰਬਰ, 2010 ਨੂੰ ਕੇਂਦਰ ਵੱਲੋਂ ਜਾਰੀ ਸਰਕੂਲਰ 'ਤੇ ਇਤਰਾਜ਼ ਕਰਦਿਆਂ ਮੁੜ ਸੋਧ ਕੇ ਦਾਅਵਾ ਪਾਇਆ ਸੀ। ਨਵੇਂ ਸਰਕੂਲਰ ਵਿਚ ਕੇਂਦਰ ਨੇ ਇਨ੍ਹਾਂ ਕਰ ਛੋਟਾਂ ਵਿਚ ਅਗਲੇ ਦਸ ਸਾਲ ਲਈ ਵਾਧਾ ਕਰ ਦਿੱਤਾ ਸੀ ਤੇ ਇਹ ਸਹੂਲਤ ਸਨਅਤਾਂ ਵੱਲੋਂ ਉਤਪਾਦਨ ਵਧਾਉਣ ਲਈ ਅੱਪਗਰੇਡ ਕੀਤੇ ਪਲਾਂਟਾਂ ਨੂੰ ਵੀ ਦਿੱਤੀ ਗਈ ਸੀ।

ਪੰਜਾਬ ਦਾ ਪੱਖ ਹੈ ਕਿ ਕੇਂਦਰ 2003 ਦੇ ਨੋਟੀਫਿਕੇਸ਼ਨ ਨੂੰ ਇਸ ਤੋਂ ਅੱਗੇ ਨਹੀਂ ਵਧਾ ਸਕਦਾ ਸੀ ਕਿਉਂਕਿ ਕਾਨੂੰਨ ਮੁਤਾਬਕ ਇਹ ਅਸੰਭਵ ਹੈ ਤੇ ਸੰਵਿਧਾਨ ਦੇ ਆਰਟੀਕਲ '301 ਤੋਂ 303 ਤੱਕ ਦੀ ਉਲੰਘਣਾ' ਹੈ। ਇਸ ਤੋਂ ਇਲਾਵਾ ਕੇਂਦਰੀ ਵਿੱਤ ਮੰਤਰੀ ਦੇ ਪੰਜਾਬ ਨੂੰ ਦਿੱਤੇ ਭਰੋਸੇ ਦੇ ਵੀ ਇਹ ਉਲਟ ਸੀ ਕਿ ਕਰ ਛੋਟਾਂ ਕੇਵਲ ਉਨ੍ਹਾਂ ਇਕਾਈਆਂ ਨੂੰ ਮਿਲਣਗੀਆਂ ਜਿਨ੍ਹਾਂ ਨੇ ਮਿੱਥੀ ਹੋਈ ਤਰੀਕ ਤੋਂ ਪਹਿਲਾਂ-ਪਹਿਲਾਂ ਵਧੀਕ ਕੰਮ/ਫੇਰਬਦਲ ਕਰ ਲਏ ਸਨ।

ਇਸ ਨਾਲ ਸਹਿਮਤ ਨਾ ਹੁੰਦੇ ਹੋਏ ਬੈਂਚ ਨੇ ਕਿਹਾ ਕਿ ਪੰਜਾਬ ਇਕ ਅਮੀਰ ਸੂਬਾ ਹੈ ਤੇ ਇਸ ਨੂੰ ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਜਿਹੇ ਰਾਜਾਂ ਨਾਲ ਮੁਕਾਬਲਾ ਨਹੀਂ ਕਰਨਾ ਚਾਹੀਦਾ ਜਿੱਥੇ ਬੇਰੁਜ਼ਗਾਰੀ ਬਹੁਤ ਜ਼ਿਆਦਾ ਹੈ। ਆਪਣੇ ਸੋਧੇ ਹੋਏ ਦਾਅਵੇ ਵਿਚ ਪੰਜਾਬ ਨੇ ਕਿਹਾ ਕਿ ਤਿੰਨੇ ਰਾਜਾਂ ਨੂੰ ਮਿਲੀਆਂ ਕਰ ਰਿਆਇਤਾਂ ਨਾਲ ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲੱਗ ਰਿਹਾ ਹੈ ਤੇ ਇਥੇ ਦਾ ਸਨਅਤੀ ਵਾਧਾ ਰੁਕ ਗਿਆ ਹੈ ਕਿਉਂਕਿ ਇਸ ਨਾਲ ਨਾ ਕੇਵਲ ਪੰਜਾਬ ਵਿਚ ਨਵੀਆਂ ਸਨਅਤੀ ਇਕਾਈਆਂ ਆਉਣੋਂ ਹਟਣਗੀਆਂ ਬਲਕਿ ਸੂਬੇ ਵਿਚ ਮੌਜੂਦ ਇਕਾਈਆਂ ਵੀ ਬਾਹਰ ਗੁਆਂਢੀ ਸੂਬਿਆਂ ਵਿਚ ਜਾਣ ਲੱਗ ਜਾਣਗੀਆਂ ਜਿੱਥੇ ਵਧੇਰੇ ਕਰ ਰਿਆਇਤਾਂ ਹਨ।

## ਪੰਜਾਬ ਵਿਚੋਂ ਸਨਅਤੀ ਇਕਾਈਆਂ ਖਿਸਕੀਆਂ

ਪੰਜਾਬ ਦਾ ਕਹਿਣਾ ਹੈ ਕਿ ਕੇਂਦਰ ਵੱਲੋਂ ਪੱਖਪਾਤੀ ਢੰਗ ਨਾਲ ਪਹਾੜੀ ਰਾਜਾਂ 'ਤੇ ਕਰ ਰਿਆਇਤਾਂ ਦੇ ਰੂਪ ਵਿਚ ਕੀਤੀਆਂ ਮਿਹਰਬਾਨੀਆਂ ਸਦਕਾ ਪਹਿਲਾਂ ਹੀ ਇੱਥੋਂ ਸਨਅਤੀ ਉਜਾੜਾ ਹੋ ਰਿਹਾ ਹੈ ਤੇ ਪਹਿਲਾਂ ਹੀ 274 ਸਨਅਤੀ ਇਕਾਈਆਂ ਸੂਬੇ ਵਿਚੋਂ ਬਾਹਰ ਜਾ ਚੁੱਕੀਆਂ ਹਨ ਜਿਨ੍ਹਾਂ ਨਾਲ 3675 ਕਰੋੜ ਰੁਪਏ ਦੀ ਰਕਮ ਵੀ ਚਲੀ ਗਈ ਹੈ। ਇਸ ਪੱਖੋਂ ਲੁਧਿਆਣਾ ਨੂੰ ਸਭ ਤੋਂ ਵੱਧ ਮਾਰ ਪਈ ਹੈ ਜਿੱਥੋਂ 33 ਸਨਅਤੀ ਇਕਾਈਆਂ 2027 ਕਰੋੜ ਰੁਪਏ ਦਾ ਨਿਵੇਸ਼ ਪੁੱਟ ਕੇ ਤੁਰ ਗਈਆਂ ਹਨ। ਇਸ ਤੋਂ ਇਲਾਵਾ ਮੁਹਾਲੀ (742.5 ਕਰੋੜ ਰੁਪਏ), ਗੁਰਦਾਸਪੁਰ/ਬਟਾਲਾ (461 ਕਰੋੜ ਰੁਪਏ), ਹੁਸ਼ਿਆਰਪੁਰ (66 ਕਰੋੜ ਰੁਪਏ), ਪਟਿਆਲਾ (60 ਕਰੋੜ ਰੁਪਏ) ਤੇ ਮਾਲੇਰਕੋਟਲਾ ਵਿਚ (50 ਕਰੋੜ ਰੁਪਏ) ਦੇ ਨਿਵੇਸ਼ ਨੂੰ ਸੱਟ ਵੱਜੀ ਹੈ।

# ਫਰਾਂਸ 'ਚ ਦਸਤਾਰ ਦੇ ਮੁੱਦੇ ਦੇ ਹੱਲ ਲਈ ਮੁੜ ਸਰਗਰਮੀ

**ਚੰਡੀਗੜ੍ਹ:** ਭਾਰਤ ਦੌਰੇ 'ਤੇ ਆ ਰਹੇ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲੈਂਦੇ ਦੀ ਆਮਦ 'ਤੇ ਸਿੱਖ ਜਥੇਬੰਦੀਆਂ ਵੱਲੋਂ ਫਰਾਂਸ ਦੀਆਂ ਵਿਦਿਅਕ ਸੰਸਥਾਵਾਂ ਵਿਚ ਸਿੱਖ ਵਿਦਿਆਰਥੀਆਂ 'ਤੇ ਦਸਤਾਰ ਸਜਾਉਣ 'ਤੇ ਲਾਈ ਗਈ ਰੋਕ ਦਾ ਮਾਮਲਾ ਮੁੜ ਉਭਾਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਫਰਾਂਸ ਦੇ ਰਾਸ਼ਟਰਪਤੀ ਦੀ ਆਮਦ 'ਤੇ ਸਿੱਖ ਜਥੇਬੰਦੀਆਂ ਨੇ ਇਕ ਵਾਰ ਮੁੜ੍ਹ ਦਸਤਾਰ ਦੇ ਮੁੱਦੇ ਨੂੰ ਉਭਾਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਇਸ ਰੋਕ ਨੂੰ ਖ਼ਤਮ ਕਰਵਾਇਆ ਜਾ ਸਕੇ।

ਫਰਾਂਸ ਸਰਕਾਰ ਵੱਲੋਂ 2004 ਵਿਚ ਵਿਦਿਅਕ ਨੀਤੀ ਦੇ ਨਿਯਮਾਂ ਵਿਚ ਸੋਧ ਕਰਦਿਆਂ ਧਰਮ ਨੂੰ ਦਰਸਾਉਂਦੇ ਚਿੰਨ੍ਹ ਸਕੂਲਾਂ ਵਿਚ ਪਹਿਨਣ 'ਤੇ ਰੋਕ ਲਾ ਦਿੱਤੀ ਸੀ। ਇਸੇ ਰੋਕ ਤਹਿਤ ਸਿੱਖ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਦਸਤਾਰ ਸਜਾਉਣ ਤੋਂ ਰੋਕ ਦਿੱਤਾ ਗਿਆ ਸੀ ਜਿਸ ਦੇ ਸਿੱਟੇ ਵਜੋਂ ਫਰਾਂਸ ਵਿਚ ਰਹਿੰਦੇ ਕਈ ਸਿੱਖ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋਈ ਹੈ। ਇਸ ਤੋਂ ਇਲਾਵਾ ਸ਼ਨਾਖਤੀ ਕਾਰਡਾਂ 'ਤੇ ਬਿਨਾਂ ਦਸਤਾਰ ਵਾਲੀ ਫੋਟੋ ਲਾਈ ਜਾਂਦੀ ਹੈ।

ਫਰਾਂਸ ਦੇ ਰਾਸ਼ਟਰਪਤੀ ਦੀ ਆਮਦ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਦੁਵੱਲੀ ਗੱਲਬਾਤ ਦੇ ਏਜੰਡੇ ਵਿਚ ਦਸਤਾਰ 'ਤੇ ਲਾਈ ਰੋਕ ਦਾ ਮਾਮਲਾ ਵੀ ਰੱਖਣ ਤਾਂ ਜੋ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਸਕੇ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਕਿ ਉਹ ਦਿੱਲੀ ਸਥਿਤ ਫਰਾਂਸ ਦੇ ਸਫਾਰਤਖਾਨੇ ਨੂੰ ਵੀ ਪੱਤਰ ਭੇਜ ਰਹੇ ਹਨ ਜਿਸ ਰਾਹੀਂ ਫਰਾਂਸ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਲਈ ਸਮੇਂ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਤੋਂ ਇਲਾਵਾ ਸਿੱਖ ਜਥੇਬੰਦੀਆਂ ਵੱਲੋਂ ਇਹ ਮਾਮਲਾ ਸਿੱਧੇ ਤੌਰ 'ਤੇ ਵੀ ਫਰਾਂਸ ਦੇ ਰਾਸ਼ਟਰਪਤੀ ਅੱਗੇ ਰੱਖਿਆ ਜਾਵੇਗਾ। ਉਨ੍ਹਾਂ ਆਖਿਆ ਕਿ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਵਿੰਗ ਵੱਲੋਂ ਇਸ ਮਾਮਲੇ ਵਿਚ ਫਰਾਂਸ ਦੀ ਇਸ ਨੀਤੀ ਖ਼ਿਲਾਫ਼ ਫੈਸਲਾ ਦਿੱਤਾ ਜਾ ਚੁੱਕਾ ਹੈ ਪਰ ਇਸ ਫੈਸਲੇ ਨੂੰ ਫਰਾਂਸ ਵੱਲੋਂ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦੱਸਿਆ ਕਿ ਫਰਾਂਸ ਵਿਚ ਰਹਿੰਦੇ ਦੋ ਸਿੱਖਾਂ ਵੱਲੋਂ ਪਟੀਸ਼ਨਾਂ ਰਾਹੀਂ ਉਥੇ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਵਿੰਗ ਕੋਲ ਉਠਾਇਆ ਗਿਆ ਸੀ ਜਿਸ 'ਤੇ ਕਾਰਵਾਈ ਕਰਦਿਆਂ ਫਰਾਂਸ ਸਰਕਾਰ ਦੇ ਖ਼ਿਲਾਫ ਫੈਸਲਾ ਦਿੱਤਾ ਸੀ। ਉਨ੍ਹਾਂ ਆਖਿਆ ਕਿ ਪਹਿਲਾਂ ਵੀ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਇਸ ਫੈਸਲੇ ਖ਼ਿਲਾਫ ਆਵਾਜ਼ ਉਠਾ ਚੁੱਕੀਆਂ ਹਨ।

ਦਲ ਖਾਲਸਾ ਦੇ ਕੰਵਰਪਾਲ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਚਾਹੀਦਾ ਹੈ ਕਿ ਉਹ ਸਿੱਖ ਵਿਦਵਾਨਾਂ ਤੇ ਮਾਹਰਾਂ ਦੇ ਇਕ ਵਫਦ ਸਮੇਤ ਫਰਾਂਸ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਤੇ ਦਸਤਾਰ 'ਤੇ ਲਾਈ ਗਈ ਰੋਕ ਨੂੰ ਹਟਾਉਣ ਦਾ ਮਾਮਲਾ ਉਨ੍ਹਾਂ ਅੱਗੇ ਰੱਖਣ। ਉਨ੍ਹਾਂ ਆਖਿਆ ਕਿ ਫਰਾਂਸ ਸਰਕਾਰ ਸਿੱਖ ਧਰਮ ਤੋਂ ਪੂਰੀ ਤਰ੍ਹਾਂ ਜਾਣੂ ਹੈ ਪਰ ਆਪਣੀਆਂ ਸਿਆਸੀ ਮਜ਼ਬੂਰੀਆਂ ਕਾਰਨ ਇਸ ਮਾਮਲੇ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਉਨ੍ਹਾਂ ਭਾਰਤ ਸਰਕਾਰ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਾਉਂਦਿਆਂ ਆਖਿਆ ਕਿ ਇਕ ਪਾਸੇ ਕੇਂਦਰ ਸਰਕਾਰ ਇਸ ਮਸਲੇ ਨੂੰ ਗੰਭੀਰਤਾ ਨਾਲ ਉਠਾਉਣ ਦਾ ਭਰੋਸਾ ਦਿੰਦੀ ਹੈ ਤੇ ਦੂਜੇ ਪਾਸੇ ਇਸ ਮਾਮਲੇ ਨੂੰ ਠੋਸ ਢੰਗ ਨਾਲ ਫਰਾਂਸ ਸਰਕਾਰ ਕੋਲ ਕਦੇ ਨਹੀਂ ਰੱਖਿਆ ਗਿਆ।

## ਸੁੱਖ ਧਾਲੀਵਾਲ ਨੇ ਚੋਣ ਮੈਦਾਨ ਛੱਡਿਆ

**ਟੋਰਾਂਟੋ:** ਕਰ ਚੋਰੀ ਦੇ ਮਾਮਲੇ ਵਿਚ ਘਿਰੇ ਭਾਰਤੀ ਮੂਲ ਦੇ ਕੈਨੇਡਿਆਈ ਸਾਬਕਾ ਸੰਸਦ ਮੈਂਬਰ ਸੁੱਖ ਧਾਲੀਵਾਲ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਚੋਣਾਂ 'ਚੋਂ ਹਟਣਾ ਪੈ ਗਿਆ ਹੈ। ਸੂਬਾਈ ਚੋਣਾਂ ਵਿਚ ਉਹ ਲਿਬਰਲ ਪਾਰਟੀ ਦੇ ਉਮੀਦਵਾਰ ਸਨ, ਉਨ੍ਹਾਂ 'ਤੇ ਕਰ ਚੋਰੀ ਦੇ ਛੇ ਦੋਸ਼ ਲੱਗੇ ਹਨ। ਇਸ ਮਾਮਲੇ ਬਾਰੇ ਪੰਜਾਬੀ ਭਾਈਚਾਰੇ ਵਿਚ ਵਾਹਵਾ ਚਰਚਾ ਹੋ ਰਹੀ ਹੈ।



ਸੁੱਖ ਧਾਲੀਵਾਲ

ਸਰੀ ਤੋਂ ਸਾਬਕਾ ਸੰਸਦ ਮੈਂਬਰ ਧਾਲੀਵਾਲ ਦੀ ਉਮੀਦਵਾਰੀ ਬਾਰੇ ਜਦੋਂ ਲਿਬਰਲ ਪਾਰਟੀ ਨੇ ਨਜ਼ਰਸਾਨੀ ਕੀਤੀ ਤਾਂ ਉਸ ਦੇ ਕੁਝ ਘੰਟਿਆਂ ਬਾਅਦ ਹੀ ਉਸ ਨੇ ਚੋਣਾਂ ਵਿਚੋਂ ਹਟਣ ਦਾ ਫੈਸਲਾ ਕਰ ਲਿਆ। ਭਾਵੇਂ ਉਹ ਪਹਿਲਾਂ ਇਹ ਜ਼ੋਰ ਦੇ ਰਹੇ ਸਨ ਕਿ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਪਰ ਬਾਅਦ ਵਿਚ ਪਰਿਵਾਰ ਨਾਲ ਸਲਾਹ-ਮਸ਼ਵਰਾ ਕਰਨ ਮਗਰੋਂ ਉਨ੍ਹਾਂ ਆਪਣਾ ਚੋਣ ਪ੍ਰਚਾਰ ਬੰਦ ਕਰ ਦਿੱਤਾ।

## ਸਾਹਿਬਜ਼ਾਦਿਆਂ ਬਾਰੇ ਬਣੇਗੀ ਐਨੀਮੇਸ਼ਨ ਫ਼ਿਲਮ

**ਚੰਡੀਗੜ੍ਹ:** ਬਾਲੀਵੁੱਡ ਫ਼ਿਲਮਾਂ ਦੇ ਉਘੇ ਨਿਰਮਾਤਾ, ਨਿਰਦੇਸ਼ਕ ਹੈਰੀ ਬਵੇਜਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸਿੱਖ ਇਤਿਹਾਸ ਪੜ੍ਹਦੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਤੇ ਚਾਰ ਪੁੱਤਰਾਂ ਦੇ ਤਿਆਗ ਬਾਰੇ ਜੋ ਸਿੱਖਾਂ ਦੇ ਮਾਣਮੱਤੇ ਇਤਿਹਾਸ ਬਾਰੇ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੂੰ ਆਪਣੀ ਅਗਲੀ ਫ਼ਿਲਮ ਦੀ ਕਹਾਣੀ ਮਿਲਣ ਦਾ ਅਹਿਸਾਸ ਹੋਇਆ।

ਉਨ੍ਹਾਂ ਨੇ ਅਖ਼ੀਰ ਵਿਚ ਤਿੰਨ ਸਾਲਾਂ ਤੋਂ ਵੱਧ ਸਮੇਂ ਵਿਚ ਤਕਨੀਕੀ ਖੋਜ ਤੇ ਕਾਫ਼ੀ ਮਿਹਨਤ ਤੋਂ ਬਾਅਦ ਨੂੰ 3-ਡੀ ਐਨੀਮੇਸ਼ਨ ਵਿਚ ਪਹਿਲਾਂ ਲੁੱਕ ਤਿਆਰ ਕੀਤੀ ਜਿਸ ਨੂੰ ਐਸ-3ਡੀ ਵਿਚ ਵੀ ਬਣਾਇਆ ਗਿਆ ਜੋ ਥਿਏਟਰਾਂ ਵਿਚ 3ਡੀ ਪ੍ਰੋਜੈਕਸ਼ਨ ਹੈ। ਉਨ੍ਹਾਂ ਕਿਹਾ ਕਿ ਗੌਰਵਮਈ ਸਿੱਖ ਇਤਿਹਾਸ 'ਤੇ ਐਨੀਮੇਸ਼ਨ ਫ਼ਿਲਮ ਦਾ ਨਿਰਮਾਣ ਕਰਕੇ ਉਨ੍ਹਾਂ ਨੂੰ ਕਾਫ਼ੀ ਸਕੂਨ ਮਿਲਿਆ। ਉਨ੍ਹਾਂ ਕਿਹਾ ਕਿ ਇਹ ਸੋਚਿਆ ਸਮਝਿਆ ਤੱਥ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਪੁੱਤਰਾਂ ਦੇ ਜੀਵਨ 'ਤੇ ਲਾਈਵ ਐਕਸ਼ਨ ਫ਼ਿਲਮ ਨਹੀਂ ਬਣ ਸਕਦੀ।

ਇਸ ਲਈ ਇਕ ਮਾਤਰ ਵਿਕਲਪ ਐਨੀਮੇਸ਼ਨ ਫ਼ਿਲਮ ਦਾ ਰਹਿ ਜਾਂਦਾ ਹੈ ਜਿਸ ਵਿਚ ਉਹ ਸਿੱਖ ਇਤਿਹਾਸ ਦੇ ਇਸ ਹਿੱਸੇ 'ਤੇ ਫ਼ਿਲਮ ਬਣਾ ਸਕਦੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਐਨੀਮੇਸ਼ਨ ਫ਼ਿਲਮ 'ਚਾਰ ਸਾਹਿਬਜ਼ਾਦੇ' ਦੇ ਪਹਿਲੇ ਲੁੱਕ ਦਾ ਲਾਂਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਫ਼ਿਲਮ ਸਤੰਬਰ 2012 ਤੋਂ ਨਿਰਮਾਣ ਵਿਚ ਹੈ ਤੇ ਅਗਲੀਆਂ ਸਰਦੀਆਂ ਤੱਕ ਇਹ ਥਿਏਟਰਾਂ ਵਿਚ ਲਾਂਚ ਕਰ ਦਿੱਤੀ ਜਾਵੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਇਹ ਫ਼ਿਲਮ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਕਈ ਹੋਰ ਭਾਸ਼ਾਵਾਂ ਤੋਂ ਇਲਾਵਾ ਇਕ ਦਰਜਨ ਤੋਂ ਵੱਧ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਰਿਲੀਜ਼ ਹੋਵੇਗੀ। ਉਨ੍ਹਾਂ ਕਿਹਾ ਕਿ ਫ਼ਿਲਮ ਦੀ ਸਕਰਿਪਟ ਦਾ ਲੇਖਨ ਤੇ ਨਿਰਮਾਣ ਸ਼੍ਰੋਮਣੀ ਕਮੇਟੀ ਦੀ ਟੀਮ ਨਾਲ ਤਾਲਮੇਲ ਬਿਠਾਉਂਦੇ ਹੋਏ ਕੀਤਾ ਗਿਆ ਹੈ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


## ਭਾਰਤੀ ਅਮਰੀਕੀ ਨੌਜਵਾਨ ਫਰਾਡ ਨਿਵੇਸ਼ ਸਕੀਮ ਦੇ ਦੋਸ਼ ਵਿਚ ਫਸਿਆ

**ਸਿਕਾਗੋ:** ਅਮਰੀਕੀ ਬਾਜ਼ਾਰਾਂ ਦੇ ਰੈਗੂਲੇਟਰ ਐਸਈਸੀ ਨੇ ਭਾਰਤੀ ਮੂਲ ਦੇ ਬਿਜਨਸਮੈਨ ਅੰਸ਼ੂ ਸੇਠੀ ਉਤੇ ਫਰਾਡ



ਅੰਸ਼ੂ ਸੇਠੀ (ਖੱਬੇ) ਆਪਣੇ ਇਕ ਸਾਥੀ ਨਾਲ।

ਨਿਵੇਸ਼ ਸਕੀਮ ਰਾਹੀਂ ਚੀਨੀ ਅਤੇ ਹੋਰ ਨਿਵੇਸ਼ਕਾਂ ਤੋਂ ਘੱਟੋ ਘੱਟ 15 ਕਰੋੜ ਡਾਲਰ (800 ਕਰੋੜ ਰੁਪਏ ਤੋਂ ਜ਼ਿਆਦਾ) ਦੀ ਠੱਗੀ ਮਾਰਨ ਦੇ ਦੋਸ਼ ਲਾਏ ਹਨ। ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (ਐਸਈਸੀ) ਨੇ ਕਿਹਾ ਹੈ ਕਿ ਜ਼ਿਲ੍ਹਾ ਅਦਾਲਤ ਨੇ 29 ਸਾਲਾ ਅੰਸ਼ੂ ਸੇਠੀ ਤੇ ਇਸ ਧੋਖਾਧੜੀ ਵਾਲੀ ਸਕੀਮ ਚਲਾਉਣ ਵਾਲੀਆਂ ਇਸ ਦੀਆਂ ਦੋ ਕੰਪਨੀਆਂ ਦੇ ਅਸਾਸੇ ਜਾਂਚ ਪੂਰੀ ਹੋਣ ਤਕ ਜਾਮ ਕਰਨ ਦੇ ਹੁਕਮ ਦੇ ਦਿੱਤੇ ਹਨ।

ਐਸਈਸੀ ਵੱਲੋਂ ਲਾਏ ਦੋਸ਼ਾਂ ਮੁਤਾਬਕ ਸ਼ਿਕਾਗੋ ਏਰੀਏ ਵਿਚ ਰਹਿੰਦੇ ਸੇਠੀ ਨੇ ਦੋ ਫਰਮਾਂ-ਏ ਸ਼ਿਕਾਗੋ ਕਨਵੈਨਸ਼ਨ ਸੈਂਟਰ (ਏਸੀਸੀਸੀ) ਤੇ ਇੰਟਰਨੈਸ਼ਨਲ ਰੀਜਨਲ ਸੈਂਟਰ ਟਰੱਸਟ ਆਫ ਸ਼ਿਕਾਗੋ (ਆਈਆਰਸੀਟੀਸੀ) ਰਾਹੀਂ 14.5 ਕਰੋੜ ਡਾਲਰ ਦੇ ਰਿਣ ਪੱਤਰ ਵੇਚੇ ਤੇ ਪ੍ਰਸ਼ਾਸਕੀ ਫੀਸ ਵਜੋਂ 11 ਲੱਖ ਡਾਲਰ ਹਾਸਲ ਕੀਤੇ ਸਨ। ਇਸ ਦੇ 250 ਨਿਵੇਸ਼ਕਾਂ ਵਿਚੋਂ ਬਹੁਤੇ ਚੀਨੀ ਹਨ।

ਐਸਈਸੀ ਮੁਤਾਬਕ ਸੇਠੀ ਤੇ ਉਸ ਦੇ ਸਹਿਯੋਗੀਆਂ ਨੇ ਨਿਵੇਸ਼ਕਾਂ ਨੂੰ ਇਹ ਸਬਜ਼ਬਾਗ ਦਿਖਾ ਕੇ ਠੱਗਿਆ ਕਿ ਉਹ ਸ਼ਿਕਾਗੋ ਦੇ ਓਹੇਅਰ ਹਵਾਈ ਅੱਡੇ ਲਾਗੇ ਉਸਾਰੇ ਜਾ ਰਹੇ ਦੁਨੀਆ ਦੇ ਪਹਿਲੇ ਪਲੈਟੀਨਮ ਲੀਡ ਪ੍ਰਵਾਨਤ ਹੋਟਲ ਅਤੇ ਕਾਨਫਰੰਸ ਸੈਂਟਰ ਲਈ ਵਿੱਤੀ ਯੋਗਦਾਨ ਪਾ ਰਹੇ ਹਨ। ਨਿਵੇਸ਼ਕਾਂ ਨੂੰ ਇਹ ਝਾਂਸਾ ਵੀ ਦਿੱਤਾ ਗਿਆ ਕਿ ਈਬੀ-5 ਪਰਵਾਸੀ ਨਿਵੇਸ਼ਕ ਪਾਇਲਟ ਪ੍ਰੋਗਰਾਮ ਰਾਹੀਂ ਅਮਰੀਕੀ ਨਾਗਰਿਕਤਾ ਹਾਸਲ ਕਰਨ ਲਈ ਉਨ੍ਹਾਂ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਇਸ ਪਾਇਲਟ ਪ੍ਰੋਗਰਾਮ ਰਾਹੀਂ ਵਿਦੇਸ਼ੀ ਨਿਵੇਸ਼ਕਾਂ ਨੂੰ ਘਰੇਲੂ ਪ੍ਰਾਜੈਕਟ ਵਿਚ ਨਿਵੇਸ਼ ਕਰਕੇ ਅਮਰੀਕਾ ਵਿਚ ਨਿਵਾਸ ਦਾ ਮੌਕਾ ਦਿੱਤਾ ਜਾਂਦਾ ਹੈ।

## ਸਭ ਤੋਂ ਲੰਬੀ ਬਿੱਲੀ ਦੀ ਮੌਤ

**ਲਾਸ ਏਂਜਲਸ:** ਵਿਸ਼ਵ ਦੀ ਸਭ ਤੋਂ ਲੰਬੀ ਬਿੱਲੀ ਸਟੀਵੀ ਜੋ ਨੱਕ ਤੋਂ ਲੈ ਕੇ ਪੂਛ ਤਕ ਚਾਰ ਫੁੱਟ ਲੰਬੀ ਸੀ, ਦੀ ਮੌਤ ਹੋ ਗਈ। ਉਹ ਪਿਛਲੇ ਇਕ ਸਾਲ ਤੋਂ ਕੈਂਸਰ ਨਾਲ ਜੂਝ ਰਹੀ ਸੀ। ਬਿੱਲੀ ਦੀ ਮਾਲਕ ਰੌਬਿਨ ਹੈਂਡਰਿਕਸਨ ਨੇ ਕਿਹਾ ਕਿ ਅੱਠ ਸਾਲਾ ਸਟੀਵੀ ਦੀ ਨਵੇਦਾ ਦੇ ਰੈਨੋ ਵਿਚ ਮੌਤ ਹੋ ਗਈ। ਅਗਸਤ 2010 ਵਿਚ ਗਿੰਨੀਜ਼ ਵਲਡ ਰਿਕਾਰਡਜ਼ ਵੱਲੋਂ ਸਟੀਵੀ ਨੂੰ ਨੱਕ ਤੋਂ ਪੂਛ ਤਕ 48.5 ਇੰਚ ਨਾਪ ਕੇ ਉਸ ਨੂੰ ਵਿਸ਼ਵ ਦੀ ਸਭ ਤੋਂ ਲੰਬੀ ਬਿੱਲੀ ਐਲਾਨਿਆ ਗਿਆ ਸੀ।




ਪੰਜਾਬ ਟਾਈਮਜ਼

*ਸਨਿਚਰਵਾਰ, 16 ਫਰਵਰੀ 2013*

## ਇਨਸਾਫ਼ ਨੂੰ ਫਾਂਸੀ

ਭਾਰਤ ਦੀ ਸੰਸਦ ਉਤੇ 13 ਦਸੰਬਰ 2001 ਨੂੰ ਹੋਏ ਹਮਲੇ ਵਾਲੇ ਕੇਸ ਵਿਚ ਦੋਸ਼ੀ ਠਹਿਰਾਏ ਕਸ਼ਮੀਰੀ ਨੌਜਵਾਨ ਮੁਹੰਮਦ ਅਫ਼ਜ਼ਲ ਗੁਰੂ ਨੂੰ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਚੁੱਪ-ਚੁਪੀਤੇ ਫਾਂਸੀ ਲਾ ਦਿੱਤਾ। ਸੰਘ ਪਰਿਵਾਰ ਨਾਲ ਸਬੰਧਤ ਤਮਾਮ ਜਥੇਬੰਦੀਆਂ ਨੇ ਅਫ਼ਜ਼ਲ ਨੂੰ ਫਾਹੇ ਟੰਗਣ 'ਤੇ ਬੜੀਆਂ ਚਾਘੀਆਂ ਪਾਈਆਂ ਹਨ। ਅਜਿਹੀਆਂ ਕਾਰਵਾਈਆਂ ਇਨ੍ਹਾਂ ਜਥੇਬੰਦੀਆਂ ਦੀਆਂ ਨੀਤੀਆਂ ਦਾ ਹੀ ਹਿੱਸਾ ਹਨ ਅਤੇ ਇਨ੍ਹਾਂ ਜਥੇਬੰਦੀਆਂ ਦੀ ਘੱਟ-ਗਿਣਤੀਆਂ ਪ੍ਰਤੀ ਪਹੁੰਚ ਬਾਰੇ ਵੀ ਕਿਸੇ ਨੂੰ ਕੋਈ ਭਰਮ-ਭੁਲੇਖਾ ਨਹੀਂ ਹੈ। ਮਸਲਾ ਤਾਂ ਉਦੋਂ ਬਣਦਾ ਹੈ ਜਦੋਂ ਆਪਣੇ ਆਪ ਨੂੰ ਧਰਮ-ਨਿਰਪੱਖ ਆਖਣ ਵਾਲੀ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਜਿਹੀ ਕਾਰਵਾਈ ਨੂੰ ਅੰਜਾਮ ਦਿੰਦੀ ਹੈ। ਹੋਰ ਤਾਂ ਹੋਰ ਜਿਸ ਸਰਕਾਰ ਦੀ ਅਗਵਾਈ ਘੱਟ-ਗਿਣਤੀ ਨਾਲ ਸਬੰਧਤ ਡਾ. ਮਨਮੋਹਨ ਸਿੰਘ ਵਰਗਾ ਬੰਦਾ ਕਰ ਰਿਹਾ ਹੋਵੇ, ਉਹ ਵੀ ਇਸ ਢੰਗ ਨਾਲ ਕਾਰਵਾਈ ਕਰੇ, ਇਹ ਗੱਲ ਕਈ ਸਵਾਲ ਖੜ੍ਹੇ ਕਰਦੀ ਹੈ। ਉਂਜ ਵੀ ਅਫ਼ਜ਼ਲ ਦੇ ਕੇਸ ਬਾਰੇ ਬੜੀ ਬਹਿਸ ਹੁੰਦੀ ਰਹੀ ਹੈ, ਕਿਉਂਕਿ ਉਸ ਖਿਲਾਫ ਇਸ ਕੇਸ ਨਾਲ ਸਿੱਧੇ ਸਬੰਧਤ ਹੋਣ ਦਾ ਕੋਈ ਸਬੂਤ ਨਹੀਂ ਸੀ। ਜੱਜਾਂ ਨੇ ਸਿਰਫ ਹਾਲਾਤ ਆਧਾਰਤ ਸਬੂਤਾਂ ਨੂੰ ਧਿਆਨ ਵਿਚ ਰੱਖ ਕੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਦੂਜੇ, ਉਸ ਦਾ ਕੇਸ ਲੜਨ ਵਾਲਾ ਵੀ ਕੋਈ ਨਹੀਂ ਸੀ। ਜਿਹੜਾ ਵਕੀਲ ਉਸ ਨੂੰ ਸਰਕਾਰ ਵੱਲੋਂ ਮੁਹੱਈਆ ਕੀਤਾ ਗਿਆ ਸੀ, ਉਸ ਨੇ ਤਾਂ ਅਦਾਲਤ ਵਿਚ ਇਹ ਵੀ ਕਹਿ ਦਿੱਤਾ ਸੀ ਕਿ ਅਫ਼ਜ਼ਲ ਨੂੰ ਮੌਤ ਦੀ ਸਜ਼ਾ ਤਾਂ ਹੋਣੀ ਹੀ ਹੈ, ਇਸ ਲਈ ਹੁਣ ਤਾਂ ਉਸ ਦੀ ਮੰਗ ਇਹੀ ਹੈ ਕਿ ਉਸ ਨੂੰ ਘੱਟ ਤਕਲੀਫ ਵਾਲੀ ਮੌਤ ਬਖ਼ਸ਼ੀ ਜਾਵੇ। ਵਕੀਲ ਨੇ ਇਹ ਗੱਲ ਅਫ਼ਜ਼ਲ ਨੂੰ ਦੱਸੇ ਬਗੈਰ ਅਦਾਲਤ ਅੱਗੇ ਰੱਖ ਦਿੱਤੀ ਸੀ। ਇਉਂ ਕੋਈ ਵੀ ਸਿੱਧਾ ਸਬੂਤ ਨਾ ਹੋਣ ਦੇ ਬਾਵਜੂਦ ਅਫ਼ਜ਼ਲ ਨੂੰ ਇਸ ਕੇਸ ਨਾਲ ਨਰੜ ਦਿੱਤਾ ਗਿਆ। ਇੰਦਰਾ ਗਾਂਧੀ ਕਤਲ ਕੇਸ ਵਿਚ ਵੀ ਇਸੇ ਤਰ੍ਹਾਂ ਦੀ ਜ਼ਿਆਦਤੀ ਕੇਹਰ ਸਿੰਘ ਨਾਲ ਕੀਤੀ ਗਈ ਸੀ। ਉਸ ਨੂੰ ਵੀ ਹਾਲਾਤ ਆਧਾਰਤ ਸਬੂਤਾਂ ਤਹਿਤ ਫਾਂਸੀ ਦੀ ਸਜ਼ਾ ਸੁਣਾ ਕੇ 1989 ਵਿਚ ਫਾਂਸੀ ਲਾ ਦਿੱਤਾ ਗਿਆ ਸੀ। ਅਦਾਲਤੀ ਟੀਰ ਦੀ ਇੰਤਹਾ ਦੇਖੋ ਕਿ 1999 ਵਿਚ ਈਸਾਈ ਮਿਸ਼ਨਰੀ ਡਾਕਟਰ ਗ੍ਰਾਹਮ ਸਟੂਅਰਟ ਸਟੇਨਜ਼ ਅਤੇ ਉਸ ਦੇ ਦੋ ਪੁੱਤਰਾਂ ਨੂੰ ਸੁੱਤੇ ਪਿਆਂ ਨੂੰ ਸਾੜਨ ਵਾਲੇ ਬਜਰੰਗ ਦਲ ਦੇ ਆਗੂ ਦਾਰਾ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਹੇਠਲੀ ਅਦਾਲਤ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ ਪਰ ਬਾਅਦ ਵਿਚ ਪਹਿਲਾਂ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ ਨੇ ਵੀ ਉਸ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ; ਸਿੱਧੇ ਸਬੂਤਾਂ ਦੇ ਬਾਵਜੂਦ! ਸੰਘ ਪਰਿਵਾਰ ਦਾ ਦੋਸ਼ ਸੀ ਕਿ ਸਟੇਨਜ਼ ਆਦਿਵਾਸੀਆਂ ਨੂੰ ਭਰਮਾ ਕੇ ਧਰਮ ਬਦਲੀ ਦੀ ਲਹਿਰ ਚਲਾ ਰਿਹਾ ਸੀ।

ਉਂਜ, ਸੰਸਦ ਉਤੇ ਹਮਲੇ ਦਾ ਆਖਰੀ ਸੱਚ ਕੀ ਹੈ ਭਲਾ? ਹਮਲੇ ਵੇਲੇ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਸੀ ਅਤੇ ਗ੍ਰਹਿ ਮੰਤਰੀ ਸਨ-ਲਾਲ ਕ੍ਰਿਸ਼ਨ ਅਡਵਾਨੀ। ਹਮਲੇ ਪਿੱਛੋਂ ਉਨ੍ਹਾਂ ਦਾ ਸਿਰਫ ਇਕ ਵਾਰ ਹੀ ਇਹ ਬਿਆਨ ਆਇਆ ਕਿ ਹਮਲਾਵਰ ਪਾਕਿਸਤਾਨੀ ਜਾਪਦੇ ਸਨ। ਬਾਅਦ ਵਿਚ ਕਿਸੇ ਨੇ ਮਾਰੇ ਗਏ ਇਨ੍ਹਾਂ ਦਹਿਸ਼ਤਪਸੰਦਾਂ ਦਾ ਖੋਜ-ਖੁਰਾ ਨਾ ਲੱਭਿਆ, ਨਾ ਮੁਲਕ ਨੂੰ ਦੱਸਿਆ ਕਿ ਉਹ ਕੌਣ ਸਨ। ਉਸ ਵੇਲੇ ਪੰਜਾਬ ਅਤੇ ਕਸ਼ਮੀਰ ਦੀਆਂ ਸਰਹੱਦਾਂ ਉਤੇ ਬੇਮਿਸਾਲ ਫੌਜ ਤਾਇਨਾਤ ਕਰ ਦਿੱਤੀ ਗਈ ਸੀ। ਮਗਰੋਂ ਸਿਆਸੀ ਮਾਹਿਰਾਂ ਨੇ ਵੀ ਇਹ ਸੂਹ ਕੱਢੀ ਅਤੇ ਫਿਰ ਉਸ ਵੇਲੇ ਦੇ ਕੌਮੀ ਸੁਰੱਖਿਆ ਸਲਾਹਕਾਰ ਬ੍ਰਿਜੇਸ਼ ਮਿਸ਼ਰਾ ਨੇ ਵੀ ਕਿਹਾ ਕਿ ਫੌਜ ਤਾਇਨਾਤੀ ਵਾਲੀ ਸਾਰੀ ਕਾਰਵਾਈ ਪਾਕਿਸਤਾਨ ਨੂੰ ਡਰਾਉਣ ਲਈ ਕੀਤੀ ਗਈ ਸੀ। ਭਾਜਪਾ ਦਾ ਇਹ ਹਮਲਾਵਰ ਅਤੇ ਜੰਗਬਾਜ਼ ਰੁਖ ਸਦਾ ਹੀ ਰਿਹਾ ਹੈ। ਇਸ ਦੀਆਂ ਜੜ੍ਹਾਂ ਵਿਚ ਘੱਟ-ਗਿਣਤੀਆਂ ਪ੍ਰਤੀ ਨਫਰਤ ਬਹੁਤ ਡੂੰਘੀ ਉਤਰੀ ਹੋਈ ਹੈ। ਇਸ ਨਫਰਤ ਦਾ ਇਜ਼ਹਾਰ ਇਸ ਨੇ ਗੁਜਰਾਤ ਵਿਚ ਫਰਵਰੀ 2002 ਵਿਚ ਮੁਸਲਿਮ ਭਾਈਚਾਰੇ ਦਾ ਕਤਲੇਆਮ ਕਰ ਕੇ ਕੀਤਾ ਸੀ। ਹੁਣ ਇਸੇ ਪਾਰਟੀ ਦਾ ਲੀਡਰ ਨਰਿੰਦਰ ਮੋਦੀ ਮੱਲੋ-ਮੱਲੀ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਤਕੜਾ ਉਮੀਦਵਾਰ ਬਣ ਕੇ ਉਭਰ ਆਇਆ ਹੈ। ਇਹ ਬੰਦਾ ਬਹੁਤ ਜ਼ੋਰ-ਸ਼ੋਰ ਤੇ ਦਬਕੇ ਨਾਲ ਭਾਰਤ ਉਤੇ ਹਿੰਦੂਤਵ ਦਾ ਰੰਗ ਚੜ੍ਹਾਉਣ ਦੀਆਂ ਗੱਲਾਂ ਕਰਦਾ ਹੈ। ਇਸ ਦੇ ਮੁਕਾਬਲੇ ਕਾਂਗਰਸ ਦੇ ਹੱਥ ਫਿਲਹਾਲ ਖਾਲੀ ਹਨ। ਡਾ. ਮਨਮੋਹਨ ਸਿੰਘ ਹੁਣ ਕਾਂਗਰਸ ਲਈ ਚੱਲਿਆ ਹੋਇਆ ਕਾਰਤੂਸ ਹੈ। ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦਾ ਸ਼ਹਿਜ਼ਾਦਾ ਰਾਹੁਲ ਗਾਂਧੀ ਅਜੇ ਨਿਆਣਾ ਹੈ ਅਤੇ ਸਭ ਯਤਨਾਂ ਦੇ ਬਾਵਜੂਦ ਸਿਆਸਤ ਵਿਚ ਕੋਈ ਪੈਂਠ ਨਹੀਂ ਬਣਾ ਸਕਿਆ। ਨਰਿੰਦਰ ਮੋਦੀ ਦੀ ਚੜ੍ਹਾਈ ਰੋਕਣ ਤੇ ਖੁਦ ਨੂੰ ਹਿੰਦੂਤਵ-ਪ੍ਰਸਤ ਸਾਬਤ ਕਰਨ ਲਈ ਕਾਂਗਰਸ ਨੂੰ ਵੱਢਮਾਰੂ ਪਹਿਲਕਦਮੀ ਦੀ ਲੋੜ ਸੀ। ਸੋ, ਇਸ ਗੇੜ ਵਿਚ ਅਫ਼ਜ਼ਲ ਤੋਂ ਵੱਡਾ ਦਾਅ ਹੋਰ ਕੀ ਹੋ ਸਕਦਾ ਸੀ? ਅਜਿਹੇ ਹਾਲਾਤ ਵਿਚ ਘੱਟ-ਗਿਣਤੀਆਂ ਅਤੇ ਹੋਰ ਨਿਤਾਣੇ ਤਬਕਿਆਂ ਲਈ ਜੂਝਣ ਵਾਲਿਆਂ ਸਿਰ ਵੱਡੀ ਜ਼ਿੰਮੇਵਾਰੀ ਆਣ ਪੈਂਦੀ ਹੈ। ਇਸ ਦੇ ਨਾਲ ਇਕ ਮਸਲਾ ਆਜ਼ਾਦੀ ਦਾ ਹੈ ਜਿਸ ਦੀ ਗੱਲ ਕਸ਼ਮੀਰੀਆਂ ਦਾ ਇਕ ਹਿੱਸਾ ਕਰ ਰਿਹਾ ਹੈ। ਜੇ ਰਤਾ ਕੁ ਇਤਿਹਾਸ ਫਰੋਲੀਏ ਤਾਂ ਲੱਭਦਾ ਹੈ ਕਿ ਜਦੋਂ ਇਕ ਸਦੀ ਪਹਿਲਾਂ ਗਦਰੀਆਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਠਾਣੀ ਸੀ ਤਾਂ ਉਨ੍ਹਾਂ ਦੀ ਸਭ ਤੋਂ ਪਹਿਲੀ ਯੋਜਨਾ ਕਸ਼ਮੀਰ ਨੂੰ ਆਜ਼ਾਦ ਕਰਵਾਉਣ ਦੀ ਸੀ। ਹੁਣ ਅਸਲ ਮਸਲਾ ਗਦਰੀਆਂ ਵਰਗੀ ਹੀ ਵਿਸ਼ਾਲ ਅਤੇ ਵਿਰਾਟ ਲਾਮਬੰਦੀ ਦਾ ਹੈ। ਇਕੱਲੀਆਂ-ਇਕਹਿਰੀਆਂ ਲੜਾਈਆਂ ਦੀ ਥਾਂ ਹੁਣ ਸਾਰੇ ਭਾਈਚਾਰਿਆਂ ਅਤੇ ਤਬਕਿਆਂ ਨੂੰ ਇਕੱਠੇ ਹੱਲਾ ਬੋਲਣ ਦਾ ਕੋਈ ਰਾਹ ਲੱਭਣਾ ਚਾਹੀਦਾ ਹੈ ਤਾਂ ਕਿ ਕੱਲ੍ਹ ਨੂੰ ਕੋਈ ਅਫ਼ਜ਼ਲ ਫਾਹੇ ਨਾ ਟੰਗਿਆ ਜਾਵੇ। ਨਹੀਂ ਤਾਂ ਇਤਿਹਾਸ ਗਵਾਹ ਹੈ ਕਿ ਸੱਤਾਧਾਰੀਆਂ ਨੇ ਵੱਖ ਵੱਖ ਥਾਂਈਂ ਚੱਲੀਆਂ ਲਹਿਰਾਂ ਨੂੰ ਸਮੁੱਚੇ ਮੁਲਕ ਨਾਲੋਂ ਨਿਖੇੜ-ਨਿਖੇੜ ਕੇ ਖਤਮ ਕੀਤਾ ਹੈ। ਅਸੀਂ ਪੰਜਾਬੀਆਂ ਨੇ ਸੱਤਾਧਾਰੀਆਂ ਦਾ ਇਹ ਰੰਗ ਖੁਦ ਦੇਖਿਆ ਹੋਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਧੰਨ ਗੁਰੂ ਕੇ ਸਿੱਖ!*

ਸਾਡਾ ਧਰਮ ਨਿਆਰਾ ਸੀ ਸਾਰਿਆਂ ਤੋਂ, ਚੌਧਰ ਵਾਸਤੇ ਖੋਟ ਰਲਾਈ ਜਾਂਦੇ।
ਸੰਗਤ ਭਰੀ ਜਾਂਦੀ ਹਰ ਥਾਂ ਗੋਲਕਾਂ ਨੂੰ, ਬਣਕੇ ਚੌਧਰੀ ਛਕੀ-ਛਕਾਈ ਜਾਂਦੇ।
ਸਿੱਖੀ ਹਾਰਦੀ ਜਿੱਤਦਾ ਮਲਕ ਭਾਗੋ, ਗੁੱਝੀ ਜਿਹੀ ਛੁਰੀ ਚਲਾਈ ਜਾਂਦੇ।
ਲਾ ਕੇ ਜਿੰਦਰੇ ਸੋਚ ਤੇ ਸਿਆਣਪਾਂ ਨੂੰ, ਝੁੱਗਾ ਕੌਮ ਦਾ ਚੌੜ ਕਰਵਾਈ ਜਾਂਦੇ।
ਬਣਕੇ ਬਿਪਰ ਦੇ ਦਾਸ ਦੇ ਦਾਸ ਪੱਕੇ, ਖੁਦ ਨੂੰ 'ਖਾਲਸੇ' ਉਂਜ ਅਖਵਾਈ ਜਾਂਦੇ।
ਖਾ ਗਈ ਸਿੱਖੀ ਨੂੰ ਸਿਉਂਕ ਸਿਆਸਤਾਂ ਦੀ, ਏਸੇ ਖੁਸ਼ੀ ਵਿਚ ਚਾਂਭੜਾਂ ਪਾਈ ਜਾਂਦੇ!

# ਤਸ਼ੱਦਦ, ਸੀ.ਆਈ.ਏ. ਅਤੇ ਖੁੱਲ੍ਹੀ ਮੰਡੀ

ਹੁਣੇ ਜਿਹੇ ਭਾਰਤ ਦੇ ਪ੍ਰਧਾਨ ਮੰਤਰੀ ਦੀ ਬੇਟੀ ਅੰਮ੍ਰਿਤ ਸਿੰਘ ਵੱਲੋਂ ਤਿਆਰ ਕੀਤੀ ਰਿਪੋਰਟ ਨਾਲ ਅਮਰੀਕਾ ਵੱਲੋਂ ਚਲਾਈ ਜਾ ਰਹੀ 'ਦਹਿਸ਼ਤ ਵਿਰੋਧੀ ਜੰਗ' ਅੰਦਰ ਮਨੁੱਖੀ ਹੱਕਾਂ ਦੇ ਘਾਣ ਅਤੇ ਲਾਕਾਨੂੰਨੀਆਂ ਦਾ ਮੁੱਦਾ ਇਕ ਵਾਰ ਫਿਰ ਸੁਰਖ਼ੀਆਂ 'ਚ ਹੈ। ਓਪਨ ਸੁਸਾਇਟੀ ਫਾਉਂਡੇਸ਼ਨ ਵੱਲੋਂ ਛਾਪੀ 216 ਸਫ਼ਿਆਂ ਦੀ ਰਿਪੋਰਟ 'ਗਲੋਬਲਾਈਜ਼ਿੰਗ ਟਾਰਚਰ' ਵਿਚ ਲੇਖਕਾ ਨੇ ਉਨ੍ਹਾਂ 136 ਬੰਦਿਆਂ ਦੀ ਤਫ਼ਸੀਲ ਦਿੱਤੀ ਹੈ ਜਿਨ੍ਹਾਂ ਨੂੰ

**ਬੂਟਾ ਸਿੰਘ**
ਫ਼ੋਨ:91-94634-74342

ਸੀ.ਆਈ.ਏ. ਦੀ ਖੁਫ਼ੀਆ ਮੁਹਿੰਮ ਦੌਰਾਨ ਗ੍ਰਿਫ਼ਤਾਰ ਕਰ ਕੇ ਅਤੇ ਦੁਨੀਆ ਭਰ 'ਚ ਕੋਡ ਨਾਵਾਂ ਹੇਠ ਚਲਾਏ ਜਾ ਰਹੇ ਤਸੀਹਾ ਕੇਂਦਰਾਂ 'ਚ ਰੱਖ ਕੇ ਵਰ੍ਹਿਆਂ ਬੱਧੀ ਤਸ਼ੱਦਦ ਕੀਤਾ ਗਿਆ। ਇਸ ਤੋਂ ਪਹਿਲਾਂ ਅੰਮ੍ਰਿਤ ਸਿੰਘ, ਅਮਰੀਕੀ ਸਿਵਲ ਲਿਬਰਟੀਜ਼ ਯੂਨੀਅਨ ਦੀ ਵਕੀਲ ਵਜੋਂ, ਐਡਵੋਕੇਟ ਜਮੀਲ ਜਾਫ਼ਰ ਨਾਲ ਮਿਲ ਕੇ ਇਕ ਦਸਤਾਵੇਜ਼ੀ ਵੇਰਵਾ 'ਤਸ਼ੱਦਦ ਦਾ ਪ੍ਰਸ਼ਾਸਨ: ਵਾਸ਼ਿੰਗਟਨ ਤੋਂ ਅਬੂ ਗ਼ਰੇਬ' ਵੀ ਲਿਖ ਚੁੱਕੀ ਹੈ। ਇਸ ਰਿਪੋਰਟ ਅਨੁਸਾਰ, "ਭਾਵੇਂ ਹੋਰ ਵੀ ਬਹੁਤ ਸਾਰੇ ਬੰਦੇ ਇਨ੍ਹਾਂ ਕਾਰਵਾਈਆਂ ਦਾ ਸ਼ਿਕਾਰ ਹੋਏ ਹੋਣਗੇ, ਐਪਰ ਇਹ ਰਿਪੋਰਟ ਇਸ ਬਾਬਤ ਹੁਣ ਤੱਕ ਹਾਸਲ ਜਾਣਕਾਰੀ ਦੀ ਸਭ ਤੋਂ ਭਰਵੀਂ ਸੂਚੀ ਹੈ। ਇਸ ਸੂਚੀ ਵਿਚ ਦਿੱਤੇ ਤੱਥ ਭਰੋਸੇਯੋਗ ਜਨਤਕ ਸਰੋਤਾਂ ਅਤੇ ਮਨੁੱਖੀ ਹੱਕਾਂ ਦੀਆਂ ਵੱਕਾਰੀ ਜਥੇਬੰਦੀਆਂ ਵਲੋਂ ਮੁਹੱਈਆ ਕੀਤੀ ਜਾਣਕਾਰੀ ਵਿਚੋਂ ਲਏ ਗਏ ਹਨ।" ਰਿਪੋਰਟ ਵਿਚ ਅਫ਼ਰੀਕਾ, ਏਸ਼ੀਆ, ਆਸਟ੍ਰੇਲੀਆ, ਯੂਰਪ ਅਤੇ ਉੱਤਰੀ ਅਮਰੀਕਾ ਦੇ ਮਹਾਂਦੀਪਾਂ ਦੇ 54 ਮੁਲਕਾਂ ਦੀ ਸੂਚੀ ਅਤੇ ਉਨ੍ਹਾਂ ਦੀ ਸੀ.ਆਈ.ਏ. ਦੀਆਂ ਖੁਫ਼ੀਆ ਮੁਹਿੰਮਾਂ ਵਿਚ ਹਿੱਸੇਦਾਰੀ ਦੇ ਚੋਖੇ ਵੇਰਵੇ ਵੀ ਦਿੱਤੇ ਗਏ ਹਨ ਜਿਨ੍ਹਾਂ ਨੇ ਇਨ੍ਹਾਂ ਕਾਰਵਾਈਆਂ ਨੂੰ ਅੰਜਾਮ ਦੇਣ 'ਚ ਵੱਖ-ਵੱਖ ਰੂਪਾਂ ਵਿਚ ਇਸ ਦਾ ਹੱਥ ਵਟਾਇਆ। ਕਿਸੇ ਨੇ ਤਸੀਹਾ ਕੇਂਦਰਾਂ ਦੀਆਂ ਸੇਵਾਵਾਂ ਮੁਹੱਈਆ ਕਰ ਕੇ ਅਤੇ ਕਿਸੇ ਨੇ 'ਸ਼ੱਕੀ' ਦਹਿਸ਼ਤਗਰਦਾਂ ਦੀ ਢੋਆ-ਢੁਆਈ ਲਈ ਹਵਾਈ ਜਾਂ ਹੋਰ ਸੇਵਾਵਾਂ ਦੇ ਕੇ। ਇੰਞ ਨਾ ਸਿਰਫ਼ ਅਮਰੀਕੀ ਰਾਜ (ਸਟੇਟ), ਸਗੋਂ ਇਸ ਦੀਆਂ ਘ੍ਰਿਣਤ ਕਾਰਵਾਈਆਂ 'ਚ ਭਾਈਵਾਲ ਹੋਰ ਰਾਜ ਵੀ ਇਨ੍ਹਾਂ ਉਲੰਘਣਾਵਾਂ ਦੇ ਸਿੱਧੇ ਰੂਪ 'ਚ ਜਵਾਬਦੇਹ ਹਨ।

11 ਸਤੰਬਰ 2001 ਦੇ ਹਮਲਿਆਂ ਤੋਂ ਬਾਅਦ ਅਮਰੀਕੀ ਰਾਜ 'ਸ਼ੱਕੀ' ਦਹਿਸ਼ਤਗਰਦਾਂ ਨੂੰ ਚੁੱਪ-ਚੁਪੀਤੇ ਗ੍ਰਿਫ਼ਤਾਰ ਕਰ ਕੇ ਹੋਰ ਮੁਲਕਾਂ 'ਚ ਬਣਾਏ ਖ਼ੁਫ਼ੀਆ ਤਸੀਹਾ ਕੇਂਦਰਾਂ 'ਚ ਸਾਲਾਂ ਬੱਧੀ ਤਨਹਾਈ ਕੋਠੜੀਆਂ 'ਚ ਰੱਖ ਕੇ ਤਸੀਹੇ ਦੇ ਰਿਹਾ ਹੈ। 'ਤਫ਼ਤੀਸ਼ ਦੀਆਂ ਵਿਕਸਤ ਤਕਨੀਕਾਂ' ਦੇ ਨਾਂ ਹੇਠ ਘੋਰ ਤਸ਼ੱਦਦ ਬੇਰੋਕ ਜਾਰੀ ਹੈ। ਪ੍ਰਵਾਨਿਤ ਕੌਮਾਂਤਰੀ ਸਮਝਦਾਰੀ ਦੇ ਬਾਵਜੂਦ ਅਮਰੀਕੀ ਰਾਜ ਨੇ ਤਸ਼ੱਦਦ ਦੀ ਆਪਣੀ ਹੀ ਪ੍ਰੀਭਾਸ਼ਾ ਘੜੀ ਹੋਈ ਹੈ ਜੋ ਅਮਰੀਕਾ ਦੀ 'ਆਫ਼ਿਸ ਆਫ ਲੀਗਲ ਕੌਂਸਲ' ਵੱਲੋਂ ਮਨਜ਼ੂਰਸ਼ੁਦਾ ਹੈ; ਜੋ ਕਹਿੰਦੀ ਹੈ ਕਿ ਜਦੋਂ ਤੱਕ ਕਿਸੇ ਦੇ ਜਿਸਮ ਨੂੰ ਖ਼ਾਸ ਮਾਤਰਾ ਜਾਂ ਖ਼ਾਸ ਰੂਪ 'ਚ ਨੁਕਸਾਨ ਨਹੀਂ ਪੁੱਜਦਾ, ਉਸ ਨੂੰ ਤਸ਼ੱਦਦ ਨਹੀਂ ਮੰਨਿਆ ਜਾ ਸਕਦਾ। ਜੇ ਇਸ ਬਾਰੇ ਕਿਸੇ ਪਾਸਿਓਂ ਸਵਾਲਾਂ ਦਾ ਸਾਹਮਣਾ ਕਰਨਾ ਪੈ ਜਾਵੇ ਤਾਂ ਜਵਾਬ ਹਾਜ਼ਰ ਹੈ ਕਿ ਅਮਰੀਕੀ ਰਾਜ ਤਾਂ ਤਸ਼ੱਦਦ ਦੇ ਖ਼ਿਲਾਫ਼ ਹੈ, ਸ਼ੱਕੀ ਦਹਿਸ਼ਤਗਰਦਾਂ ਤੋਂ ਪੁੱਛਗਿੱਛ ਕਰਨ ਲਈ ਇਸ ਦੀਆਂ ਖ਼ੁਫ਼ੀਆ ਏਜੰਸੀਆਂ ਮਹਿਜ਼ ਤੈਅਸ਼ੁਦਾ 'ਤਫ਼ਤੀਸ਼ ਦੀਆਂ ਵਿਕਸਤ ਤਕਨੀਕਾਂ' ਹੀ ਇਸਤੇਮਾਲ ਕਰਦੀਆਂ ਹਨ। ਸਚਾਈ ਇਸ ਤੋਂ ਉਲਟ ਹੈ। ਤਫ਼ਤੀਸ਼ ਕਰਨ ਵੇਲੇ ਇਨ੍ਹਾਂ ਨਜ਼ਰਬੰਦਾਂ ਨੂੰ ਹਰ ਤਰ੍ਹਾਂ ਦੇ ਵਹਿਸ਼ੀ ਜਿਸਮਾਨੀ ਤੇ ਮਾਨਸਿਕ ਤਸੀਹੇ ਦਿੱਤੇ ਜਾਂਦੇ ਹਨ। ਗੁਆਂਟਾਨਾਮੋ ਤੇ ਅਬੂ ਗ਼ਰੇਬ ਦੇ ਤਸੀਹਾ ਕੇਂਦਰਾਂ 'ਚ ਡੱਕੇ 'ਸ਼ੱਕੀ' ਬੰਦਿਆਂ ਉੱਪਰ ਤਸ਼ੱਦਦ ਦਾ ਭੇਤ ਖੁੱਲ੍ਹਣ ਨਾਲ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ ਰਹੀ ਕਿ ਉਥੇ ਆਮ ਰੂਪ 'ਚ ਮੁਸਲਿਮ ਸ਼ਨਾਖ਼ਤ ਵਾਲਿਆਂ, ਖ਼ਾਸ ਕਰ ਕੇ ਇਰਾਕ ਅਤੇ ਅਫ਼ਗਾਨਿਸਤਾਨ ਦੇ ਨਾਗਰਿਕਾਂ ਨੂੰ ਕਿਸ ਤਰ੍ਹਾਂ ਦੇ ਸੰਤਾਪ ਵਿਚੋਂ ਲੰਘਣਾ ਪੈਂਦਾ ਹੈ। ਕਿਸੇ ਬੰਦੇ ਦਾ ਨਾਮ ਮੁਸਲਿਮ ਹੋਣਾ ਜਾਂ ਇਸ ਦਾ ਭੁਲੇਖਾ ਪੈਣਾ ਹੀ ਉਸ ਦੇ ਅਮਰੀਕੀ ਖੁਫ਼ੀਆ ਏਜੰਸੀਆਂ ਦੇ ਅੜਿੱਕੇ ਚੜ੍ਹਨ ਲਈ ਕਾਫ਼ੀ ਹੈ। ਸੀ.ਆਈ.ਏ. ਦੀ ਮਰਜ਼ੀ ਅਨੁਸਾਰ ਮਹੀਨਿਆਂ ਜਾਂ ਸਾਲਾਂਬੱਧੀ ਇਕੱਲਤਾ ਕੋਠੜੀਆਂ 'ਚ ਗੁਜ਼ਾਰਨਾ ਅਤੇ ਘੋਰ ਜਿਸਮਾਨੀ ਤੇ ਮਾਨਸਿਕ ਤਸ਼ੱਦਦ ਦਾ ਸੰਤਾਪ ਝੱਲਣਾ ਹੀ ਉਨ੍ਹਾਂ ਦੀ ਹੋਣੀ ਹੈ। ਨਜ਼ਰਬੰਦਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਕੋਈ ਕਾਨੂੰਨੀ ਮੌਕਾ ਵੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸਕੇ-ਸਬੰਧੀਆਂ ਨੂੰ ਉੱਕਾ ਹੀ ਜਾਣਕਾਰੀ ਨਹੀਂ ਹੁੰਦੀ ਕਿ ਉਹ ਕਿੱਥੇ ਹਨ ਅਤੇ ਕਿਸ ਹਾਲਤ 'ਚ ਹਨ। ਅਮਰੀਕਾ ਦੇ ਇਸ ਪ੍ਰੋਗਰਾਮ ਦਾ ਮੁੱਖ ਮਕਸਦ ਨਜ਼ਰਬੰਦਾਂ ਨੂੰ ਕਾਨੂੰਨ ਦੀ ਪਹੁੰਚ ਤੋਂ ਦੂਰ ਤਸ਼ੱਦਦ ਦਾ ਸ਼ਿਕਾਰ ਬਣਾ ਕੇ ਦਹਿਸ਼ਤਗਰਦੀ ਦੇ ਕੌਮਾਂਤਰੀ ਤਾਣੇਬਾਣੇ ਬਾਰੇ 'ਜਾਣਕਾਰੀ ਉਗਲਾਉਣਾ' ਅਤੇ ਇਨ੍ਹਾਂ ਪੂਰੀ ਤਰ੍ਹਾਂ ਲਾਕਾਨੂੰਨੀ ਜੁਰਮਾਂ ਦੀ ਜਨਤਕ ਜਵਾਬਦੇਹੀ ਤੋਂ ਬਚਣਾ ਹੈ। ਅਜਿਹਾ ਕਰ ਕੇ ਅਮਰੀਕੀ ਰਾਜ ਆਪਣੇ ਮੁਲਕ ਦੇ ਅਤੇ ਕੌਮਾਂਤਰੀ ਕਾਨੂੰਨਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਰਿਹਾ ਹੈ।

ਕੌਮਾਂਤਰੀ ਕਾਨੂੰਨ ਤਸ਼ੱਦਦ ਨੂੰ ਦੋ-ਟੁੱਕ ਰੂਪ 'ਚ ਰੱਦ ਕਰਦੇ ਹਨ। ਤਸ਼ੱਦਦ ਅਤੇ ਹੋਰ ਅਣਮਨੁੱਖੀ ਜਾਂ ਜ਼ਲੀਲ-ਕਰੂ ਵਤੀਰੇ ਜਾਂ ਸਜ਼ਾਵਾਂ ਬਾਰੇ ਯੂ.ਐੱਨ. ਕਨਵੈਨਸ਼ਨ (ਕੈਟ) ਉੱਪਰ ਅਮਰੀਕਾ ਸਮੇਤ 152 ਮੁਲਕਾਂ ਨੇ ਸਹੀ ਪਾਈ ਹੋਈ ਹੈ। ਇਸ ਵਿਚ ਸਾਫ਼ ਕਿਹਾ ਗਿਆ ਹੈ, "ਜੰਗ ਜਾਂ ਜੰਗ ਦਾ ਖ਼ਤਰਾ, ਅੰਦਰੂਨੀ ਰਾਜਸੀ ਅਸਥਿਰਤਾ ਜਾਂ ਕੋਈ ਹੋਰ ਸੰਕਟਕਾਲੀ ਸਥਿਤੀ, ਹਾਲਾਤ ਚਾਹੇ ਕੁਝ ਵੀ ਹੋਣ ਤਸ਼ੱਦਦ ਦੀ ਕੋਈ ਵਾਜਬੀਅਤ ਨਹੀਂ ਹੋ ਸਕਦੀ"।

ਇਸ ਦੀਆਂ ਮੱਦਾਂ, ਖ਼ਾਸ ਕਰ ਕੇ 4 ਅਤੇ 5 ਤਹਿਤ ਅਮਰੀਕਾ ਵਿਚ 18-ਯੂ.ਐੱਸ.ਸੀ ਅਤੇ 2340-ਏ ਵਰਗੇ ਕੇਂਦਰੀ ਕਾਨੂੰਨ ਬਣੇ ਹੋਏ ਹਨ ਜਿਨ੍ਹਾਂ ਮੁਤਾਬਿਕ ਅਮਰੀਕਾ ਤੋਂ ਬਾਹਰ ਤਸ਼ੱਦਦ ਨੂੰ ਅੰਜਾਮ ਦੇਣ ਜਾਂ ਤਸ਼ੱਦਦ ਦੀ ਕੋਸ਼ਿਸ਼ ਕਰਨ ਅਤੇ ਇਸ ਦੀ ਸਾਜ਼ਿਸ਼ ਰਚਣ ਨੂੰ ਜੁਰਮ ਮੰਨ ਕੇ ਅਮਰੀਕੀ ਅਧਿਕਾਰੀਆਂ ਨੂੰ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। 1949 ਦੀਆਂ ਚਾਰ ਜਨੇਵਾ ਕਨਵੈਨਸ਼ਨਾਂ ਤਹਿਤ ਵੀ ਹਥਿਆਰਬੰਦ ਲੜਾਈਆਂ ਦੌਰਾਨ ਤਸ਼ੱਦਦ ਅਤੇ ਦੁਰਵਿਹਾਰ ਦੀ ਮਨਾਹੀ ਹੈ। ਇਸੇ ਤਰ੍ਹਾਂ ਸ਼ਹਿਰੀ ਤੇ ਸਿਆਸੀ ਹੱਕਾਂ ਬਾਰੇ ਕੌਮਾਂਤਰੀ ਹਲਫ਼ਨਾਮੇ (ਆਈ.ਸੀ.ਸੀ.ਪੀ.ਆਰ.), ਮਨੁੱਖੀ ਅਤੇ ਲੋਕ ਹੱਕਾਂ ਬਾਰੇ ਅਫ਼ਰੀਕੀ ਚਾਰਟਰ, ਮਨੁੱਖੀ ਹੱਕਾਂ ਬਾਰੇ ਅਮਰੀਕੀ ਕਨਵੈਨਸ਼ਨ ਅਤੇ ਮਨੁੱਖ ਹੱਕਾਂ ਬਾਰੇ ਯੂਰਪੀ ਕਨਵੈਨਸ਼ਨ ਸਮੇਤ ਬਹੁਤ ਸਾਰੇ ਕੌਮਾਂਤਰੀ ਸਮਝੌਤੇ ਅਤੇ ਲਿਖਤੀ ਅਹਿਦਨਾਮੇ ਹਨ ਜਿਨ੍ਹਾਂ 'ਚ ਤਸ਼ੱਦਦ ਦੀ ਮੁਕੰਮਲ ਮਨਾਹੀ ਹੈ; ਪਰ ਮਨੁੱਖੀ ਹੱਕਾਂ ਦਾ ਘੋਰ ਘਾਣ ਕਰਨ ਅਤੇ ਇਸ ਵਿਚ ਦੂਜੇ ਮੁਲਕਾਂ ਨੂੰ ਭਾਈਵਾਲ ਬਣਾਉਣ ਦੇ ਮੋਹਰੀ ਅਮਰੀਕੀ ਹੁਕਮਰਾਨਾਂ ਦੇ ਇਹ ਚਿਤ ਚੇਤੇ ਵੀ ਨਹੀਂ ਕਿ ਉਨ੍ਹਾਂ ਨੇ ਤਸ਼ੱਦਦ ਬਾਰੇ ਕੌਮਾਂਤਰੀ ਅਹਿਦਨਾਮਿਆਂ ਅਤੇ ਘਰੇਲੂ ਕਾਨੂੰਨਾਂ 'ਤੇ ਦਸਤਖ਼ਤ ਕੀਤੇ ਹੋਏ ਹਨ। ਉਂਞ ਜਮਹੂਰੀਅਤ ਦੀ ਦੁਹਾਈ ਦੇਣ ਪੱਖੋਂ ਉਨ੍ਹਾਂ ਦਾ ਕੋਈ ਸਾਨੀ ਨਹੀਂ ਹੈ। 2009 'ਚ ਅਹੁਦਾ ਸੰਭਾਲਣ ਤੋਂ ਛੇਤੀ ਪਿੱਛੋਂ ਪ੍ਰਧਾਨ ਬਰਾਕ ਓਬਾਮਾ ਨੇ ਇਕ ਸਰਕਾਰੀ ਹੁਕਮ ਜਾਰੀ ਕੀਤਾ ਸੀ। ਇਸ ਵਿਚ ਤਸ਼ੱਦਦ ਨੂੰ ਨਾਮਨਜ਼ੂਰ ਕਰਦਿਆਂ ਸੀ.ਆਈ.ਏ. ਦੇ ਅਜਿਹੇ ਖ਼ੁਫ਼ੀਆ ਤਸੀਹਾ ਕੇਂਦਰ ਬੰਦ ਕਰਨ ਦੀ ਹਦਾਇਤ ਵੀ ਸੀ ਅਤੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਤਫ਼ਤੀਸ਼ ਲਈ ਦੂਜੇ ਮੁਲਕਾਂ ਦੇ ਹਵਾਲੇ ਕਰਨ ਦੀ ਨੀਤੀ ਉੱਪਰ ਦੁਬਾਰਾ ਨਜ਼ਰਸਾਨੀ ਕਰਨ ਦਾ ਇਕਰਾਰ ਵੀ ਸੀ; ਪਰ ਉਸ ਨੇ ਕਿਸੇ ਸ਼ੱਕੀ ਬੰਦੇ ਨੂੰ ਇਕ ਖ਼ਾਸ ਮਕਸਦ ਲਈ ਦੂਜੇ ਮੁਲਕ ਦੇ ਹਵਾਲੇ ਕਰਨ ਦੇ ਪਹਿਲੂ ਨੂੰ ਉੱਕਾ ਹੀ ਰੱਦ ਨਹੀਂ ਕੀਤਾ। ਇਹ ਮਹਿਜ਼ ਕੂਟਨੀਤਕ ਬਿਆਨ ਸੀ ਅਤੇ ਇਸ ਪਿੱਛੇ ਤਸ਼ੱਦਦ ਬਾਰੇ ਰਾਜ ਦੀ ਮੂਲ ਨੀਤੀ ਨੂੰ ਬਦਲਣ ਦਾ ਕੋਈ ਇਰਾਦਾ ਨਹੀਂ ਸੀ। ਸਿੱਟੇ ਵਜੋਂ, ਗ਼ੈਰਕਾਨੂੰਨੀ ਗ੍ਰਿਫ਼ਤਾਰੀਆਂ ਅਤੇ ਤਸ਼ੱਦਦ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ; ਬੇਸ਼ੱਕ, ਵੱਧ ਚੌਕਸੀ ਤਹਿਤ।

ਸੀ.ਆਈ.ਏ. ਦੀਆਂ ਖ਼ੁਫ਼ੀਆ ਕਾਰਵਾਈਆਂ ਬਾਰੇ ਇਨਟੈਗਰਿਟੀ ਟਾਸਕ ਫੋਰਸ ਦੀ ਸਰਕਾਰੀ ਨਜ਼ਰਸਾਨੀ ਰਿਪੋਰਟ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ। ਅਮਰੀਕੀ ਸੈਨੇਟ ਦੀ ਸਿਲੈਕਟ ਕਮੇਟੀ ਵਲੋਂ ਸੀ.ਆਈ.ਏ. ਦੀਆਂ ਇਨ੍ਹਾਂ ਕਾਰਵਾਈਆਂ ਬਾਰੇ ਇਕ ਸਰਕਾਰੀ ਰਿਪੋਰਟ ਨੂੰ ਮਨਜ਼ੂਰੀ ਦੇਣ ਦੇ ਬਾਵਜੂਦ ਹਾਲੇ ਤੱਕ ਇਹ ਜਨਤਕ ਨਹੀਂ ਕੀਤੀ ਗਈ; ਹਾਲਾਂਕਿ ਕਮੇਟੀ ਦੀ ਚੇਅਰਮੈਨ ਸੈਨੇਟਰ ਡਿਆਨ ਫਾਇਨਸਟਾਇਨ ਦੇ ਬਿਆਨ ਅਨੁਸਾਰ ਉਸ ਸਮੇਤ ਬਹੁਗਿਣਤੀ ਕਮੇਟੀ ਦਾ ਵਿਸ਼ਵਾਸ ਸੀ ਕਿ ਲੰਮੇ ਸਮੇਂ ਲਈ ਗੁਪਤ ਅੱਡੇ ਬਣਾ ਕੇ ਇੱਥੇ ਤਫ਼ਤੀਸ਼ ਦੀਆਂ ਅਖੌਤੀ ਵਿਕਸਤ ਤਕਨੀਕਾਂ ਦੀ ਵਰਤੋਂ ਕਰਨਾ "ਭਿਆਨਕ ਗ਼ਲਤੀ" ਹੈ। ਇਸ ਦੇ ਬਾਵਜੂਦ ਅਮਰੀਕਾ ਅਤੇ ਹੋਰ ਰਾਜਾਂ ਵਲੋਂ ਮਨੁੱਖੀ ਹੱਕਾਂ ਦੀਆਂ ਘੋਰ ਉਲੰਘਣਾਵਾਂ ਦੀ ਪੜਤਾਲ ਨਹੀਂ ਕਰਵਾਈ ਗਈ, ਕਾਰਵਾਈ ਤਾਂ ਕੀ ਕਰਨੀ ਸੀ। ਸਿਰਫ਼ ਇਟਲੀ ਦੀ ਇਕ ਅਦਾਲਤ ਨੇ ਹੀ ਇਨ੍ਹਾਂ ਕਾਰਵਾਈਆਂ 'ਚ ਸ਼ਾਮਲ ਆਪਣੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ। ਕੈਨੇਡਾ ਵਲੋਂ ਸਿਰਫ਼ ਇਕ ਪੀੜਤ ਮਿਹਰ ਅਰਾਰ ਨੂੰ ਸੀ.ਆਈ.ਏ. ਨਾਲ ਮਿਲਕੇ ਅਗਵਾ ਕਰ ਕੇ ਸੀਰੀਆ ਦੇ ਤਸੀਹਾ ਕੇਂਦਰ ਭੇਜਣ 'ਚ ਲਈ ਮੁਆਫ਼ੀ ਮੰਗੀ ਗਈ, ਪਰ ਹੋਰ ਕਿਸੇ ਪਾਸਿਓਂ ਅਜਿਹਾ ਕੋਈ ਸੀਮਤ ਸੰਕੇਤ ਵੀ ਨਹੀਂ ਹੈ।

ਤਾਜ਼ਾ ਰਿਪੋਰਟ ਜਿੱਥੇ ਅਮਰੀਕੀ ਰਾਜ ਦੀ ਅਖੌਤੀ ਦਹਿਸ਼ਤਵਾਦ ਵਿਰੁੱਧ ਜੰਗ ਦੇ ਨਾਂ ਹੇਠ ਵਿਆਪਕ ਲਾਕਾਨੂੰਨੀ ਨੂੰ ਨੰਗਾ ਕਰਦੀ ਹੈ, ਉੱਥੇ ਇਸ ਰਿਪੋਰਟ ਦੀਆਂ ਸੀਮਤਾਈਆਂ ਨੂੰ ਸਮਝਣਾ ਵੀ ਜ਼ਰੂਰੀ ਹੈ। ਰਿਪੋਰਟ ਅਮਰੀਕੀ ਰਾਜ ਦੀਆਂ ਲਾਕਾਨੂੰਨੀਆਂ ਅਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦੀ ਚਰਚਾ ਤਾਂ ਕਰਦੀ ਹੈ, ਪਰ ਇਸ ਪਿੱਛੇ ਮੌਜੂਦ ਮਕਸਦ ਨੂੰ ਸਪਸ਼ਟ ਨਹੀਂ ਕਰਦੀ। ਰਿਪੋਰਟ ਇਸ ਤਸ਼ੱਦਦ ਦੇ ਕਾਰਪੋਰੇਟ ਸਰਮਾਏਦਾਰੀ ਦੇ ਕੁਲ ਦੁਨੀਆ 'ਤੇ ਗ਼ਲਬਾ ਪਾਉਣ ਦੇ ਏਜੰਡੇ ਨਾਲ ਅਨਿੱਖੜ ਰਿਸ਼ਤੇ 'ਤੇ ਉਂਗਲ ਨਹੀਂ ਧਰਦੀ; ਜਿਸ ਵਿਚ ਖੁੱਲ੍ਹੀ ਮੰਡੀ ਅਤੇ ਤਸ਼ੱਦਦ ਇਕੋ ਸਿੱਕੇ ਦੇ ਦੋ ਪਹਿਲੂ ਹਨ। ਵਿਸ਼ਵ ਪ੍ਰਸਿੱਧ ਕੈਨੇਡੀਅਨ ਲੇਖਿਕਾ ਤੇ ਕਾਰਕੁਨ ਨੈਓਮੀ ਕਲਾਇਨ ਦੀ 2008 'ਚ ਛਪੀ ਵੱਡਅਕਾਰੀ ਸੰਸਾਰ ਪ੍ਰਸਿੱਧ ਕਿਤਾਬ 'ਦਿ ਸ਼ਾਕ ਡਾਕਟਰਿਨ' ਵਿਚ ਇਸ ਪੂਰੇ ਵਰਤਾਰੇ ਦਾ ਡੂੰਘਾ ਤੇ ਭਰਵਾਂ ਅਧਿਐਨ ਪੇਸ਼ ਕੀਤਾ ਗਿਆ ਹੈ। ਉਸ ਦੀ ਖੋਜ ਤਸ਼ੱਦਦ ਦੇ ਸਮਕਾਲੀ ਵਰਤਾਰੇ ਤੱਕ ਮਹਿਦੂਦ ਨਹੀਂ। ਉਸ ਨੇ ਨਾ ਸਿਰਫ਼ ਸੀ.ਆਈ.ਏ. ਦੀ ਅਗਵਾਈ ਹੇਠ ਤਸ਼ੱਦਦ ਦੇ ਅਸਰਦਾਰ ਤਰੀਕਿਆਂ ਦੀ ਖੋਜ ਅਤੇ ਪੰਜ ਦਹਾਕੇ ਤੋਂ ਇਸ ਦੀ ਅਮਲਦਾਰੀ ਦੇ ਇਤਿਹਾਸ ਦੀ ਨਿਸ਼ਾਨਦੇਹੀ ਕੀਤੀ, ਸਗੋਂ ਪ੍ਰਮਾਣਿਕ ਤੱਥਾਂ ਦੇ ਆਧਾਰ 'ਤੇ ਇਹ ਵੀ ਸਾਬਤ ਕੀਤਾ ਕਿ ਇਹ ਘਟਨਾਵਾਂ ਅਚਾਨਕ ਹੋਈਆਂ ਭੁੱਲਾਂ ਅਤੇ ਕਾਨੂੰਨੀ ਗ਼ਲਤੀਆਂ ਨਹੀਂ ਹਨ। ਇਹ ਅਮਰੀਕੀ ਹੁਕਮਰਾਨ ਜਮਾਤ ਦੀ ਸੋਚੀ-ਸਮਝੀ ਨੀਤੀ ਦਾ ਸਿੱਟਾ ਹੈ ਜਿਸ ਪਿੱਛੇ ਸ਼ਿਕਾਗੋ ਸਕੂਲ ਆਫ ਇਕਨਾਮਿਕਸ, ਖ਼ਾਸ ਕਰਕੇ ਇਸ ਦੇ ਚੋਟੀ ਦੇ ਅਰਥ ਵਿਗਿਆਨੀ ਮਿਲਟਨ ਫਰੀਡਮੈਨ ਦਾ 'ਸਦਮਾ ਮੱਤ' ਕੰਮ ਕਰਦਾ ਹੈ, ਜਿਸ ਦਾ ਜ਼ੋਰ ਹੀ ਇਹ ਹੈ ਕਿ ਦੁਨੀਆ ਦੀ ਖੁੱਲ੍ਹੀ ਮੰਡੀ ਪੱਖੀ ਆਰਥਿਕ ਸੁਧਾਰਾਂ ਅਨੁਸਾਰ ਢਾਂਚਾ-ਢਲਾਈ ਕਰਨ ਲਈ ਕਿਸੇ ਮੁਲਕ ਦਾ ਸਦਮੇ ਦੀ ਹਾਲਤ 'ਚ ਹੋਣਾ ਜਾਂ ਸਦਮੇ 'ਚ ਸੁੱਟਿਆ ਜਾਣਾ ਕਿਉਂ ਜ਼ਰੂਰੀ ਹੈ। ਸਦਮਾ ਚਾਹੇ ਕੁਦਰਤੀ ਹੋਵੇ ਜਾਂ ਮਸਨੂਈ ਪੈਦਾ ਕੀਤਾ। ਇਹ ਭਾਵੇਂ ਕੁਦਰਤੀ ਆਫ਼ਤਾਂ, ਆਰਥਿਕ ਸੰਕਟ, ਰਾਜ ਪਲਟੇ ਦੇ ਰੂਪ 'ਚ ਹੋਵੇ, ਜਾਂ ਜੰਗ ਜਾਂ ਕਿਸੇ ਹੋਰ ਰੂਪ 'ਚ ਤਬਾਹੀ ਹੋਵੇ। ਇਸ ਅਨੁਸਾਰ ਨਾਬਰ ਕੌਮਾਂ ਨੂੰ ਨਿਸਲ ਕਰਨ ਲਈ ਤਸੀਹਿਆਂ ਅਤੇ ਜੰਗਾਂ ਦੇ ਰੂਪ 'ਚ ਸਦਮਾ ਦੇਣਾ ਤਾਂ ਹੋਰ ਵੀ ਜ਼ਰੂਰੀ ਹੈ।

ਤਾਜ਼ਾ ਰਿਪੋਰਟ ਅਮਰੀਕੀ ਰਾਜ ਨੂੰ ਸੀ.ਆਈ.ਏ. ਦੀਆਂ ਇਨ੍ਹਾਂ ਉਲੰਘਣਾਵਾਂ ਦੀ ਨਿਰਪੱਖ ਅਤੇ ਆਜ਼ਾਦਾਨਾ ਪੜਤਾਲ ਕਰਵਾਉਣ ਅਤੇ ਇਨ੍ਹਾਂ ਦੀ ਮਦਦ ਕਰ ਰਹੇ ਹੋਰ ਮੁਲਕਾਂ ਨੂੰ ਸੀ.ਆਈ.ਏ. ਨੂੰ ਸਹਿਯੋਗ ਨਾ ਦੇਣ ਦੀ ਅਪੀਲ ਕਰਦੀ ਹੈ, ਪਰ ਸਵਾਲ ਇਹ ਹੈ ਕਿ ਖੁੱਲ੍ਹੀ ਮੰਡੀ ਦੇ ਹਿੱਤਾਂ ਨੂੰ ਪ੍ਰਣਾਏ ਅਮਰੀਕੀ ਰਾਜ ਜਾਂ ਇਸ ਦੇ ਪਿਛਲੱਗ ਬਣੇ ਰਾਜਾਂ 'ਚ ਕੀ ਅਜਿਹੀ ਕੋਈ ਰਾਜਨੀਤਕ ਇੱਛਾ ਹੈ?

# ਜਮਹੂਰੀਅਤ ਦਾ ਮੁਕੰਮਲ ਮਜ਼ਮਾ!



**ਹੁਣ ਜਦੋਂ ਅਫ਼ਜ਼ਲ ਗੁਰੂ ਨੂੰ ਫਾਹੇ ਲਾ ਦਿੱਤਾ ਗਿਆ ਹੈ, ਮੈਨੂੰ ਉਮੀਦ ਹੈ ਕਿ ਹੁਣ ਤਾਂ ਸਾਡੀ ਸਮੂਹਿਕ ਰੂਹ ਨੂੰ ਸ਼ਾਂਤੀ ਮਿਲ ਗਈ ਹੋਵੇਗੀ। ਕੀ ਹਾਲੇ ਵੀ ਸਾਡਾ ਖ਼ੂਨ ਦਾ ਖੱਪਰ ਪੂਰਾ ਨਹੀਂ ਭਰਿਆ?**

ਕੀ ਇਹ ਅਜਿਹਾ ਸੰਪੂਰਨਤਾ ਦਾ ਦਿਨ ਨਹੀਂ ਸੀ? ਮੇਰਾ ਮਤਲਬ, ਜੋ ਕੁੱਝ ਦਿੱਲੀ ਵਿਚ ਕੀਤਾ ਗਿਆ। ਦਿੱਲੀ 'ਚ ਬਸੰਤ ਨੇ ਹਾਲੇ ਦਸਤਕ ਦਿੱਤੀ ਹੀ ਸੀ, ਸੂਰਜ ਅਜੇ ਚੜ੍ਹਿਆ ਹੀ ਸੀ, ਅਤੇ ਕਾਨੂੰਨ ਨੇ ਆਪਣਾ ਕੰਮ ਕਰ ਦਿਖਾਇਆ। ਐਨ ਛਾਹ ਵੇਲੇ, 2001 ਦੇ ਸੰਸਦ ਉੱਪਰ ਹਮਲੇ ਵਾਲੇ ਕੇਸ ਵਿਚ ਮੁੱਖ ਦੋਸ਼ੀ ਠਹਿਰਾਏ ਅਫ਼ਜ਼ਲ ਗੁਰੂ ਨੂੰ ਚੁੱਪ-ਚੁਪੀਤੇ ਫਾਹੇ ਲਾ ਦਿੱਤਾ ਗਿਆ ਅਤੇ ਉਸ

**ਅਰੁੰਧਤੀ ਰਾਏ**

ਦੀ ਲਾਸ਼ ਤਿਹਾੜ ਜੇਲ੍ਹ 'ਚ ਦਫਨਾ ਦਿੱਤੀ ਗਈ। ਕੀ ਉਸ ਨੂੰ ਮਕਬੂਲ ਭੱਟ ਦੇ ਨੇੜੇ ਦਫ਼ਨਾਇਆ ਗਿਆ? (ਇਕ ਹੋਰ ਕਸ਼ਮੀਰੀ ਜਿਸ ਨੂੰ 11 ਫਰਵਰੀ 1984 'ਚ ਤਿਹਾੜ ਜੇਲ੍ਹ 'ਚ ਫਾਹੇ ਲਾਇਆ ਗਿਆ ਸੀ) ਅਫ਼ਜ਼ਲ ਦੇ ਬੇਟੇ (ਗਾਲਿਬ) ਤੇ ਉਸ ਦੀ ਪਤਨੀ (ਤਬੱਸਮ) ਨੂੰ ਇਸ ਦੀ ਜਾਣਕਾਰੀ ਨਹੀਂ ਦਿੱਤੀ ਗਈ। ਗ੍ਰਹਿ ਸਕੱਤਰ ਨੇ ਪ੍ਰੈੱਸ ਨੂੰ ਦੱਸਿਆ, "ਅਥਾਰਟੀ ਨੇ ਉਸ ਦੇ ਪਰਿਵਾਰ ਨੂੰ ਸਪੀਡ ਪੋਸਟ ਅਤੇ ਰਜਿਸਟਰਡ ਪੋਸਟ ਰਾਹੀਂ ਇਤਲਾਹ ਭੇਜੀ ਸੀ, ਜੰਮੂ-ਕਸ਼ਮੀਰ ਪੁਲਿਸ ਦੇ ਡਾਇਰੈਕਟਰ ਜਨਰਲ ਨੂੰ ਇਹ ਪਤਾ ਲਾਉਣ ਲਈ ਕਿਹਾ ਗਿਆ ਹੈ ਕਿ ਕੀ ਉਨ੍ਹਾਂ ਨੂੰ ਇਤਲਾਹ ਮਿਲੀ ਜਾਂ ਨਹੀਂ।" ਕੋਈ ਬਾਹਲੀ ਵੱਡੀ ਗੱਲ ਨਹੀਂ, ਉਹ ਤਾਂ ਮਹਿਜ਼ ਕਸ਼ਮੀਰੀ ਦਹਿਸ਼ਤਪਸੰਦ ਦੇ ਪਰਿਵਾਰ ਵਾਲੇ ਹਨ!

ਇਸ ਵਿਲੱਖਣ ਏਕਤਾ ਦੀ ਘੜੀ ਕੌਮ, ਜਾਂ ਘੱਟੋਘੱਟ ਇਸ ਦੀਆਂ ਵੱਡੀਆਂ ਸਿਆਸੀ ਪਾਰਟੀਆਂ ਕਾਂਗਰਸ, ਭਾਜਪਾ ਅਤੇ ਸੀ.ਪੀ.ਐਮ. ਨੇ ('ਦੇਰੀ' ਜਾਂ 'ਸਮੇਂ' ਬਾਰੇ ਕੁਝ ਰੇੜਕੇ ਨੂੰ ਛੱਡ ਕੇ) ਕਾਨੂੰਨ ਦੇ ਰਾਜ ਦੀ ਫ਼ਤਹਿ ਦੇ ਜਸ਼ਨ ਮਿਲ-ਜੁਲ ਕੇ ਮਨਾਏ। ਕੌਮ ਦੀ ਰੂਹ ਨੇ ਸਾਡੇ ਉੱਪਰ ਆਪਣੀ ਸਮੂਹਿਕ ਬੌਧਿਕ ਛਾਪ ਛੱਡੀ ਜਿਸ ਦਾ ਇਨ੍ਹੀਂ ਦਿਨੀਂ ਸਿੱਧਾ ਪ੍ਰਸਾਰਨ ਟੀ.ਵੀ. ਸਟੂਡੀਓ 'ਤੋਂ ਹੋ ਰਿਹਾ ਹੈ-ਆਪਣੀ ਵੇਦਨਾ ਦੀ ਦਾਸਤਾਂ ਅਤੇ ਤੱਥਾਂ ਉੱਪਰ ਪੂਰੀ ਪਕੜ ਦੇ ਰੂਪ 'ਚ ਆਮ ਪਰੋਸੇ ਜਾਂਦੇ ਮਿਲਗੋਭੇ ਦੀ ਛਾਪ। ਉਹ ਆਦਮੀ ਹੁਣ ਭਾਵੇਂ ਮੁਰਦਾ ਸੀ ਅਤੇ ਇਸ ਜਹਾਨੋਂ ਕੂਚ ਕਰ ਗਿਆ ਸੀ, ਫਿਰ ਵੀ ਇਨ੍ਹਾਂ ਨੂੰ ਝੁੰਡਾਂ ਦੇ ਰੂਪ 'ਚ ਸ਼ਿਕਾਰ ਕਰਨ ਵਾਲੇ ਬੁਜ਼ਦਿਲਾਂ ਵਾਂਗ, ਇਕ ਦੂਜੇ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਮਹਿਸੂਸ ਹੋ ਰਹੀ ਸੀ। ਸ਼ਾਇਦ ਇਸ ਡੂੰਘੇ ਅਹਿਸਾਸ ਕਾਰਨ, ਕਿਉਂਕਿ ਉਹ ਜਾਣਦੇ ਹਨ ਕਿ ਉਹ ਸਾਰੇ ਭਿਆਨਕ ਅਤੇ ਘਿਣਾਉਣਾ ਕੰਮ ਅੰਜਾਮ ਦੇਣ ਲਈ ਇਕਜੁੱਟ ਹੋਏ ਹਨ।

ਸੱਚ ਕੀ ਹੈ?

13 ਦਸੰਬਰ 2001 ਨੂੰ ਅਸਲੇ ਨਾਲ ਲੈਸ ਪੰਜ ਆਦਮੀ ਚਿੱਟੇ ਰੰਗ ਦੀ ਅੰਬੈਸਡਰ ਕਾਰ ਜਿਸ ਵਿਚ ਵਿਸਫੋਟਕ ਇੰਪਰੋਵਾਈਜ਼ਡ ਐਕਸਪਲੋਜ਼ਿਵ ਡਿਵਾਈਸ ਰੱਖਿਆ ਹੋਇਆ ਸੀ, ਵਿਚ ਸਵਾਰ ਹੋ ਕੇ ਸੰਸਦ ਭਵਨ 'ਚ ਜਾ ਘੁਸੇ। ਜਦੋਂ ਉਨ੍ਹਾਂ ਨੂੰ ਲਲਕਾਰਿਆ ਗਿਆ ਤਾਂ ਉਹ ਛਾਲਾਂ ਮਾਰ ਕੇ ਕਾਰ 'ਚੋਂ ਬਾਹਰ ਆ ਗਏ ਅਤੇ ਗੋਲੀਆਂ ਦਾ ਮੀਂਹ ਵਰਸਾਉਣ ਲੱਗੇ। ਉਨ੍ਹਾਂ ਨੇ ਅੱਠ ਸੁਰੱਖਿਆ ਮੁਲਾਜ਼ਮ ਅਤੇ ਇਕ ਮਾਲੀ ਥਾਏਂ ਮਾਰ ਮੁਕਾਏ। ਇਸ ਪਿੱਛੋਂ ਹੋਈ ਗੋਲੀਬਾਰੀ 'ਚ ਉਹ ਸਾਰੇ ਮਾਰੇ ਗਏ। ਕਿਹਾ ਜਾਂਦਾ ਹੈ ਕਿ ਪੁਲਿਸ ਹਿਰਾਸਤ 'ਚ ਕੀਤੇ ਇਕਬਾਲ 'ਚ ਅਫ਼ਜ਼ਲ ਗੁਰੂ ਨੇ ਇਨ੍ਹਾਂ ਦੀ ਸ਼ਨਾਖ਼ਤ ਮੁਹੰਮਦ, ਰਾਣਾ, ਰਾਜਾ, ਹਮਜ਼ਾ ਅਤੇ ਹੈਦਰ ਵਜੋਂ ਕੀਤੀ ਸੀ। ਉਸ ਦੇ ਕਈ ਤਰ੍ਹਾਂ ਦੇ ਇਕਬਾਲੀਆ ਬਿਆਨਾਂ ਦੀ ਚਰਚਾ ਹੁੰਦੀ ਰਹੀ ਹੈ। ਉਨ੍ਹਾਂ ਹਮਲਾਵਰਾਂ ਬਾਰੇ ਅਸੀਂ ਅੱਜ ਵੀ ਬੱਸ ਇੰਨਾ ਕੁ ਹੀ ਜਾਣਦੇ ਹਾਂ। ਉਸ ਸਮੇਂ ਮੁਲਕ ਦੇ ਗ੍ਰਹਿ ਮੰਤਰੀ ਐੱਲ.ਕੇ. ਅਡਵਾਨੀ ਦਾ ਕਹਿਣਾ ਸੀ ਉਹ 'ਪਾਕਿਸਤਾਨੀ ਜਾਪਦੇ ਸਨ'। (ਖ਼ੁਦ ਸਿੰਧੀ ਹੋਣ ਕਾਰਨ ਉਹ ਚੰਗੀ ਤਰ੍ਹਾਂ ਜਾਣਦਾ ਹੋਵੇਗਾ ਕਿ ਪਾਕਿਸਤਾਨੀ ਕਿਹੋ ਜਹੇ ਹੁੰਦੇ ਹਨ!) ਮਹਿਜ਼ ਅਫ਼ਜ਼ਲ ਦੇ ਇਕਬਾਲੀਆ ਬਿਆਨ (ਜਿਸ ਨੂੰ ਪਿੱਛੋਂ ਮੁਲਕ ਦੀ ਸਰਵਉੱਚ ਅਦਾਲਤ ਨੇ 'ਲਾਪਰਵਾਹੀ' ਅਤੇ 'ਕਾਨੂੰਨੀ ਤੌਰ-ਤਰੀਕਿਆਂ ਦੀਆਂ ਬੇਨਿਯਮੀਆਂ' ਵਾਲਾ ਕਹਿ ਕੇ ਰੱਦ ਕਰ ਦਿੱਤਾ) ਦੇ ਆਧਾਰ 'ਤੇ ਭਾਰਤ ਸਰਕਾਰ ਨੇ ਪਾਕਿਸਤਾਨ ਤੋਂ ਆਪਣੇ ਸਫ਼ੀਰ ਨੂੰ ਵਾਪਸ ਬੁਲਾ ਲਿਆ ਅਤੇ ਪੰਜ ਲੱਖ ਫ਼ੌਜੀ ਪਾਕਿਸਤਾਨ ਦੀ ਸਰਹੱਦ 'ਤੇ ਭੇਜਣ ਲਈ ਲਾਮਬੰਦ ਕਰ ਲਏ। ਪਰਮਾਣੂ ਯੁੱਧ ਦੀ ਚਰਚਾ ਹੋਣ ਲੱਗੀ। ਬਦੇਸ਼ੀ ਸਫ਼ਾਰਤਖ਼ਾਨਿਆਂ ਨੇ ਵੀਜ਼ਾ ਸਲਾਹਕਾਰ ਲਾ ਦਿੱਤੇ ਅਤੇ ਦਿੱਲੀ ਤੋਂ ਆਪਣਾ ਅਮਲਾ-ਫੈਲਾ ਹਟਾ ਲਿਆ। ਇਹ ਖਿੱਚੋਤਾਣ ਕਈ ਮਹੀਨੇ ਚਲਦੀ ਰਹੀ ਅਤੇ ਭਾਰਤ ਨੂੰ ਹਜ਼ਾਰਾਂ ਕਰੋੜ ਦਾ ਨੁਕਸਾਨ ਹੋਇਆ।

14 ਦਸੰਬਰ 2001 ਨੂੰ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਦਾਅਵਾ ਕੀਤਾ ਕਿ ਉਸ ਨੇ ਹਮਲਾ ਕਰਨ ਵਾਲਿਆਂ ਦਾ ਸੁਰਾਗ਼ ਲਾ ਲਿਆ ਹੈ। 15 ਦਸੰਬਰ ਨੂੰ ਸੈੱਲ ਨੇ ਇਸ ਦੇ 'ਮੁੱਖ ਸਾਜ਼ਿਸ਼ਘਾੜੇ' ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ ਨੂੰ ਦਿੱਲੀ ਤੋਂ ਅਤੇ ਸ਼ੌਕਤ ਗੁਰੂ ਤੇ ਅਫ਼ਜ਼ਲ ਗੁਰੂ ਨੂੰ ਸ੍ਰੀਨਗਰ ਦੀ ਫਲਾਂ ਦੀ ਮੰਡੀ ਤੋਂ ਗ੍ਰਿਫ਼ਤਾਰ ਕਰ ਲਿਆ। ਬਾਅਦ 'ਚ ਸ਼ੌਕਤ ਦੀ ਪਤਨੀ ਅਫ਼ਸ਼ਾਂ ਗੁਰੂ ਨੂੰ ਵੀ ਫੜ ਲਿਆ ਗਿਆ। ਮੀਡੀਆ ਨੇ ਵਿਸ਼ੇਸ਼ ਸੈੱਲ ਦੀ ਕਹਾਣੀ ਦਾ ਹੁੱਬ ਕੇ ਪ੍ਰਸਾਰਨ ਕੀਤਾ। ਇਸ ਦੀਆਂ ਕੁਝ ਸੁਰਖੀਆਂ ਇਸ ਤਰ੍ਹਾਂ ਸਨ: 'ਦਿੱਲੀ ਯੂਨੀਵਰਸਿਟੀ ਦਾ ਲੈਕਚਰਾਰ ਸਾਜ਼ਿਸ਼ ਦਾ ਧੁਰਾ ਨਿਕਲਿਆ', 'ਵਰਸਿਟੀ ਡੌਨ ਨੇ ਕੀਤੀ ਫ਼ਿਦਾਇਨ ਹਮਲੇ ਦੀ ਰਾਹਨੁਮਾਈ', 'ਫ਼ੁਰਸਤ ਦੇ ਪਲਾਂ 'ਚ ਦਹਿਸ਼ਤ ਬਾਰੇ ਲੈਕਚਰ ਝਾੜਿਆ ਕਰਦਾ ਸੀ ਡੌਨ'। ਜ਼ੀ.ਟੀ.ਵੀ. ਨੇ 13 ਦਸੰਬਰ ਨਾਂ ਦੇ 'ਦਸਤਾਵੇਜ਼ੀ ਨਾਟਕ' ਦਾ ਪ੍ਰਸਾਰਨ ਕੀਤਾ ਜਿਸ ਬਾਰੇ ਦਾਅਵਾ ਕੀਤਾ ਗਿਆ ਕਿ ਮਨਪ੍ਰਚਾਵੇ ਲਈ ਫਿਲਮਾਇਆ ਇਹ ਪ੍ਰਸਾਰਨ 'ਪੁਲਿਸ ਦੀ ਫ਼ਰਦੇ-ਜੁਰਮ 'ਤੇ ਆਧਾਰਤ ਸੱਚੀ ਕਹਾਣੀ' ਹੈ। (ਜੇ ਪੁਲਿਸ ਦੀ ਕਹਾਣੀ ਨੂੰ ਹੀ ਸੱਚ ਮੰਨਣਾ ਹੈ, ਫਿਰ ਅਦਾਲਤਾਂ ਕਾਹਦੇ ਲਈ ਹਨ?) ਮੌਕੇ ਦੇ ਪ੍ਰਧਾਨ ਮੰਤਰੀ (ਅਟਲ ਬਿਹਾਰੀ) ਵਾਜਪਾਈ ਅਤੇ ਐੱਲ.ਕੇ. ਅਡਵਾਨੀ ਨੇ ਸ਼ਰੇਆਮ ਇਸ ਫਿਲਮੀ ਪ੍ਰੋਗਰਾਮ ਦੀ ਤਾਰੀਫ਼ ਕੀਤੀ। ਸਰਵਉੱਚ ਅਦਾਲਤ ਨੇ ਇਹ ਕਹਿ ਕੇ ਇਸ ਦੇ ਪ੍ਰਸਾਰਨ 'ਤੇ ਰੋਕ ਲਾਉਣੋਂ ਨਾਂਹ ਕਰ ਦਿੱਤੀ ਕਿ ਮੀਡੀਆ ਦਾ ਜੱਜਾਂ ਉੱਪਰ ਕੋਈ ਪ੍ਰਭਾਵ ਨਹੀਂ ਪਵੇਗਾ। ਇਹ ਫਿਲਮੀ ਪ੍ਰੋਗਰਾਮ ਅਫ਼ਜ਼ਲ, ਸ਼ੌਕਤ ਅਤੇ ਗਿਲਾਨੀ ਨੂੰ ਫਾਸਟ ਟਰੈਕ ਅਦਾਲਤ ਵਲੋਂ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਪ੍ਰਸਾਰਤ ਕੀਤਾ ਗਿਆ। ਇਸ ਤੋਂ ਪਿੱਛੋਂ, ਉੱਚ ਅਦਾਲਤ ਨੇ 'ਮੁੱਖ ਸਾਜ਼ਿਸ਼ੀ' ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ ਅਤੇ ਅਫ਼ਸ਼ਾਂ ਗੁਰੂ ਨੂੰ ਬਰੀ ਕਰ ਦਿੱਤਾ। ਸਰਵਉੱਚ ਅਦਾਲਤ ਨੇ ਇਹ ਫ਼ੈਸਲਾ ਬਰਕਰਾਰ ਰੱਖਿਆ, ਪਰ ਆਪਣੇ 5 ਅਗਸਤ 2005 ਦੇ ਫ਼ੈਸਲੇ 'ਚ ਮੁਹੰਮਦ ਅਫ਼ਜ਼ਲ ਨੂੰ ਤੀਹਰੀ ਉਮਰ ਕੈਦ ਅਤੇ ਦੋਹਰੀ ਮੌਤ ਦੀ ਸਜ਼ਾ ਵੀ ਸੁਣਾ ਦਿੱਤੀ ਗਈ।

ਕੁਝ ਸੀਨੀਅਰ ਪੱਤਰਕਾਰਾਂ ਵੱਲੋਂ ਸਾਰਾ ਕੁਝ ਜਾਣਦੇ ਹੋਏ ਵੀ ਫੈਲਾਏ ਗਏ ਝੂਠ ਦੇ ਉਲਟ, ਅਫ਼ਜ਼ਲ ਗੁਰੂ "ਸੰਸਦ ਭਵਨ ਉੱਪਰ 13 ਦਸੰਬਰ 2005 ਨੂੰ ਹਮਲਾ ਕਰਨ ਵਾਲੇ ਦਹਿਸ਼ਤਪਸੰਦਾਂ" ਵਿਚੋਂ ਇਕ ਨਹੀਂ ਸੀ, ਨਾ ਹੀ ਉਹ "ਸੁਰੱਖਿਆ ਅਮਲੇ ਉੱਪਰ ਗੋਲੀਆਂ ਦੀ ਬੌਛਾੜ ਕਰ ਕੇ ਉਨ੍ਹਾਂ ਵਿਚੋਂ ਤਿੰਨ ਨੂੰ ਥਾਏਂ ਢੇਰ ਕਰ ਦੇਣ ਵਾਲਿਆਂ" ਵਿਚ ਸ਼ਾਮਲ ਸੀ। (ਇਹ ਹੋਰ ਕਿਸੇ ਨੇ ਨਹੀਂ, ਭਾਜਪਾ ਦੇ ਰਾਜ ਸਭਾ ਮੈਂਬਰ ਚੰਦਨ ਮਿਤਰਾ ਨੇ 7 ਅਕਤੂਬਰ 2006 ਦੇ ਦਿ ਪਾਈਨੀਅਰ ਅਖ਼ਬਾਰ ਵਿਚ ਲਿਖਿਆ ਸੀ।) ਇੱਥੋਂ ਤੱਕ ਕਿ ਪੁਲਿਸ ਦੀ ਫ਼ਰਦੇ-ਜੁਰਮ ਵੀ ਅਫ਼ਜ਼ਲ ਨੂੰ ਇਸ ਦਾ ਦੋਸ਼ੀ ਨਹੀਂ ਕਹਿੰਦੀ। ਸਰਵਉੱਚ ਅਦਾਲਤ ਦਾ ਫ਼ੈਸਲਾ ਕਹਿੰਦਾ ਹੈ ਕਿ ਇਸ ਮਾਮਲੇ ਦੇ "ਸਬੂਤ ਹਾਲਾਤ ਆਧਾਰਤ ਹਨ। ਜ਼ਿਆਦਾਤਰ ਸਾਜ਼ਿਸ਼ਾਂ ਵਾਂਗ, ਇਸ ਮੁਜਰਮਾਨਾ ਸਾਜ਼ਿਸ਼ ਦੀ ਗਵਾਹੀ ਦਿੰਦੇ ਸਬੂਤ ਨਹੀਂ ਹਨ ਅਤੇ ਹੋ ਵੀ ਨਹੀਂ ਸਕਦੇ।" ਪਰ ਅੱਗੇ ਇਹ ਕਹਿੰਦੀ ਹੈ: "ਭਾਰੀ ਨੁਕਸਾਨ ਪਹੁੰਚਾਉਣ ਵਾਲੇ ਅਤੇ ਪੂਰੀ ਕੌਮ ਨੂੰ ਕੰਬਣੀ ਛੇੜ ਦੇਣ ਵਾਲੇ ਹਮਲੇ ਨੂੰ ਦੇਖਦਿਆਂ ਸਮਾਜ ਦੀ ਸਮੂਹਿਕ ਰੂਹ ਨੂੰ ਸ਼ਾਂਤੀ ਫਿਰ ਹੀ ਮਿਲੇਗੀ ਜੇ ਦੋਸ਼ੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ"।

ਸਾਡੀ ਸਮੂਹਿਕ ਰੂਹ ਨੂੰ ਘੜਨ ਵਾਲੇ ਕੌਣ ਹਨ? ਕੀ ਮੀਡੀਆ ਵਲੋਂ ਸਾਨੂੰ ਪਰੋਸੇ ਤੱਥਾਂ ਰਾਹੀਂ ਘੜੀ ਚੇਤਨਾ ਇਹ ਸਮੂਹਿਕ ਰੂਹ ਹੋ ਸਕਦੀ ਹੈ? ਟੀ.ਵੀ. 'ਤੇ ਸਾਨੂੰ ਦਿਖਾਏ ਪ੍ਰੋਗਰਾਮਾਂ ਦੀ ਘੜੀ ਹੋਈ ਰੂਹ?

ਕੁਝ ਲੋਕ ਇਹ ਦਲੀਲ ਦੇਣਗੇ ਕਿ ਐੱਸ.ਏ.ਆਰ. ਗਿਲਾਨੀ ਨੂੰ ਬਰੀ ਕੀਤੇ ਜਾਣ ਅਤੇ ਅਫ਼ਜ਼ਲ ਨੂੰ ਸਜ਼ਾ ਦਿੱਤੇ ਜਾਣ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਇਸ ਮਾਮਲੇ ਦੀ ਸੁਣਵਾਈ ਸਾਫ਼-ਸੁਥਰੇ ਤਰੀਕੇ ਨਾਲ ਨਹੀਂ ਹੋਈ। ਕੀ ਸੱਚਮੁੱਚ ਇੰਞ ਹੋਇਆ?

ਫਾਸਟ ਟਰੈਕ ਅਦਾਲਤ ਵਿਚ ਮਾਮਲੇ ਦੀ ਸੁਣਵਾਈ ਮਈ 2006 ਨੂੰ ਸ਼ੁਰੂ ਹੋਈ। ਉਸ ਵਕਤ ਕੁਲ ਆਲਮ ਹਾਲੇ ਵੀ 9 ਸਤੰਬਰ ਦੇ ਜਨੂੰਨ ਦੀ ਲਪੇਟ 'ਚ ਸੀ। ਅਮਰੀਕੀ ਨਿਜ਼ਾਮ ਅਫ਼ਗਾਨਿਸਤਾਨ 'ਚ ਆਪਣੀ 'ਫ਼ਤਹਿ' ਦੇ ਅਗਾਊਂ ਗੁਰੂਰ 'ਚ ਡੰਕੇ ਵਜਾ ਰਿਹਾ ਸੀ। ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਦਾ ਦੌਰ ਚੱਲ ਰਿਹਾ ਸੀ। ਅਜਿਹੇ ਹਾਲਾਤ ਵਿਚ ਕਾਨੂੰਨ ਸੰਸਦ ਉੱਪਰ ਹਮਲੇ ਦੇ ਮਾਮਲੇ 'ਚ ਆਪਣਾ ਕੰਮ ਕਰ ਰਿਹਾ ਸੀ। ਕਿਸੇ ਅਪਰਾਧ ਦੇ ਮਾਮਲੇ ਦੇ ਅਹਿਮ ਪੜਾਅ 'ਤੇ ਜਦੋਂ ਸਬੂਤ ਪੇਸ਼ ਕੀਤੇ ਜਾਂਦੇ ਹਨ, ਜਦੋਂ ਗਵਾਹੀਆਂ ਬਾਰੇ ਜਿਰ੍ਹਾ ਕੀਤੀ ਜਾਂਦੀ ਹੈ, ਜਦੋਂ ਕਾਨੂੰਨੀ ਦਲੀਲਾਂ ਦੀ ਬੁਨਿਆਦ ਤਿਆਰ ਕੀਤੀ ਜਾਂਦੀ ਹੈ-ਉੱਚ ਅਦਾਲਤ ਅਤੇ ਸਰਵਉੱਚ ਅਦਾਲਤ 'ਚ ਇਸ ਵਕਤ ਸਿਰਫ਼ ਕਾਨੂੰਨੀ ਨੁਕਤੇ ਪੇਸ਼ ਕੀਤੇ ਜਾ ਸਕਦੇ ਹਨ, ਨਵੇਂ ਸਬੂਤ ਪੇਸ਼ ਨਹੀਂ ਕੀਤੇ ਜਾ ਸਕਦੇ-ਅਜਿਹੇ ਪੜਾਅ 'ਤੇ ਭਾਰੀ ਸੁਰੱਖਿਆ ਵਾਲੀ ਕਾਲ ਕੋਠੜੀ 'ਚ ਡੱਕੇ ਅਫ਼ਜ਼ਲ ਗੁਰੂ ਕੋਲ ਆਪਣਾ ਪੱਖ ਰੱਖਣ ਲਈ ਕੋਈ ਵਕੀਲ ਨਹੀਂ ਸੀ। ਅਦਾਲਤ ਵਲੋਂ ਦਿੱਤਾ ਅਨਾੜੀ ਵਕੀਲ ਇਕ ਵਾਰ ਵੀ ਜੇਲ੍ਹ ਜਾ ਕੇ ਅਫ਼ਜ਼ਲ ਨੂੰ ਨਹੀਂ ਮਿਲਿਆ, ਉਸ ਨੇ ਆਪਣੇ ਮੁਵੱਕਿਲ ਦੇ ਬਚਾਅ ਲਈ ਇਕ ਵੀ ਗਵਾਹ ਹਾਜ਼ਰ ਨਹੀਂ ਕਰਾਇਆ ਅਤੇ ਇਸਤਗਾਸਾ ਪੱਖ ਵਲੋਂ ਭੁਗਤਾਏ ਗਵਾਹਾਂ ਨਾਲ ਜਿਰ੍ਹਾ ਨਹੀਂ ਕੀਤੀ। ਇਨ੍ਹਾਂ ਹਾਲਾਤ 'ਚ ਜੱਜ ਨੇ ਸਾਫ਼ ਕਹਿ ਦਿੱਤਾ ਕਿ ਉਹ ਕੁਝ ਵੀ ਕਰ ਸਕਣ ਤੋਂ ਪੂਰੀ ਤਰ੍ਹਾਂ ਅਸਮਰੱਥ ਹੈ।

ਐਪਰ, ਸ਼ੁਰੂ ਤੋਂ ਹੀ ਮਾਮਲੇ 'ਚ ਕੋਈ ਦਮ ਨਹੀਂ ਸੀ। ਕੁਝ ਮਿਸਾਲਾਂ ਇਹ ਹਨ:

ਪੁਲਿਸ ਨੇ ਅਫ਼ਜ਼ਲ ਦਾ ਖੁਰਾ ਕਿਵੇਂ ਨੱਪਿਆ? ਇਸ ਬਾਰੇ ਪੁਲਿਸ ਦਾ ਕਹਿਣਾ ਹੈ ਕਿ ਉਸ ਦੀ ਦੱਸ ਐੱਸ.ਏ.ਆਰ. ਗਿਲਾਨੀ ਨੇ ਪਾਈ ਸੀ, ਪਰ ਅਦਾਲਤ ਦਾ ਰਿਕਾਰਡ ਕਹਿੰਦਾ ਹੈ ਕਿ ਅਫ਼ਜ਼ਲ ਨੂੰ ਗ੍ਰਿਫ਼ਤਾਰ ਕਰ ਲੈਣ ਦਾ ਇਸ਼ਾਰਾ ਗਿਲਾਨੀ ਨੂੰ ਚੁੱਕੇ ਜਾਣ ਤੋਂ ਪਹਿਲਾਂ ਹੀ ਕਰ ਦਿੱਤਾ ਗਿਆ ਸੀ। ਉੱਚ ਅਦਾਲਤ ਦਾ ਕਹਿਣਾ ਸੀ ਕਿ ਇਹ 'ਆਪਾ ਵਿਰੋਧੀ ਗੱਲਾਂ' ਹਨ ਪਰ ਇਸ ਨੂੰ ਇੰਞ ਹੀ ਰਹਿਣ ਦਿੱਤਾ ਗਿਆ।

ਅਫ਼ਜ਼ਲ ਦੇ ਵਿਰੁੱਧ ਇਲਜ਼ਾਮ ਦੇ ਸਭ ਤੋਂ ਵੱਡੇ ਦੋ ਸਬੂਤ ਮੋਬਾਈਲ ਅਤੇ ਲੈਪਟਾਪ ਸਨ ਜੋ ਉਸ ਦੀ ਗ੍ਰਿਫ਼ਤਾਰੀ ਵਕਤ ਜ਼ਬਤ ਕੀਤੇ ਦੱਸੇ ਗਏ। ਗ੍ਰਿਫ਼ਤਾਰੀ ਸਮੇਂ ਬਰਾਮਦਗੀ ਦੀ ਸੂਚੀ ਉੱਪਰ ਗਿਲਾਨੀ ਦੇ ਭਾਈ ਬਿਸਮਿੱਲ੍ਹਾ ਨੇ ਦਸਤਖ਼ਤ ਕੀਤੇ ਸਨ। ਇਸ ਉੱਪਰ ਜੰਮੂ-ਕਸ਼ਮੀਰ ਦੇ ਦੋ ਪੁਲਸੀਆਂ ਦੇ ਦਸਤਖ਼ਤ ਸਨ ਜਿਨ੍ਹਾਂ ਵਿਚੋਂ ਇਕ ਪਹਿਲੇ ਸਮਿਆਂ 'ਚ ਅਫ਼ਜ਼ਲ ਨੂੰ ਸਤਾਉਣ ਵਾਲਾ ਪੁਲਸੀਆ ਸੀ ਜਦੋਂ ਅਫ਼ਜ਼ਲ 'ਖਾੜਕੂ' ਵਜੋਂ ਆਤਮ-ਸਮਰਪਣ ਕਰ ਚੁੱਕਾ ਸੀ। ਕੰਪਿਊਟਰ ਅਤੇ ਮੋਬਾਇਲ ਸੀਲ ਕੀਤੇ ਹੋਏ ਨਹੀਂ ਸਨ ਜਿਸ ਤਰ੍ਹਾਂ ਕਿ ਸਬੂਤਾਂ ਨੂੰ ਸਾਂਭਣ ਲਈ ਆਮ ਹੀ ਕਰਨਾ ਹੁੰਦਾ ਹੈ। ਸੁਣਵਾਈ ਸਮੇਂ ਇਹ ਸਪਸ਼ਟ ਹੋ ਗਿਆ ਕਿ ਗ੍ਰਿਫ਼ਤਾਰੀ ਪਿੱਛੋਂ ਲੈਪਟਾਪ ਦੀ ਹਾਰਡ ਡਿਸਕ ਨਾਲ ਛੇੜਛਾੜ ਕੀਤੀ ਗਈ ਸੀ। ਇਸ ਵਿਚ ਸਿਰਫ਼ ਗ੍ਰਹਿ ਮੰਤਰਾਲੇ ਦੇ ਫਰਜ਼ੀ ਪਾਸਾਂ ਅਤੇ ਫਰਜ਼ੀ ਸ਼ਨਾਖ਼ਤੀ ਕਾਰਡਾਂ ਦੇ ਇਮੇਜ ਰੱਖੇ ਗਏ ਸਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਦੀ ਵਰਤੋਂ ਦਹਿਸ਼ਤਪਸੰਦਾਂ ਨੇ ਸੰਸਦ 'ਚ ਦਾਖ਼ਲ ਹੋਣ ਲਈ ਕੀਤੀ। ਇਸ ਤੋਂ ਬਿਨਾਂ ਇਸ ਵਿਚ ਸੰਸਦ ਭਵਨ ਬਾਰੇ ਜ਼ੀ.ਟੀ.ਵੀ. ਦਾ ਵੀਡੀਓ ਕਲਿੱਪ ਰੱਖਿਆ ਹੋਇਆ ਸੀ। ਲਿਹਾਜ਼ਾ ਪੁਲਿਸ ਮੁਤਾਬਕ, ਅਫ਼ਜ਼ਲ ਨੇ ਉਸ ਨੂੰ ਸਭ ਤੋਂ ਵੱਧ ਦੋਸ਼ੀ ਸਾਬਤ ਕਰਨ ਵਾਲੇ ਡਾਟਾ ਨੂੰ ਛੱਡ ਕੇ ਬਾਕੀ ਸਾਰੀ ਜਾਣਕਾਰੀ ਇਸ ਵਿਚੋਂ ਪਹਿਲਾਂ ਹੀ ਮਿਟਾ ਦਿੱਤੀ ਸੀ। ਅਤੇ ਉਹ ਇਸ ਨੂੰ ਗਾਜ਼ੀ ਬਾਬਾ ਦੇ ਸਪੁਰਦ ਕਰਨ ਜਾ ਰਿਹਾ ਸੀ ਜਿਸ ਨੂੰ ਫ਼ਰਦੇ-ਜੁਰਮ ਵਿਚ 'ਕਾਰਵਾਈਆਂ ਦਾ ਸਰਗਨਾ' ਬਿਆਨ ਕੀਤਾ ਗਿਆ।

ਸਰਕਾਰੀ ਪੱਖ ਦੇ ਗਵਾਹ ਕਮਲ ਕਿਸ਼ੋਰ ਨੇ ਅਫ਼ਜ਼ਲ ਦੀ ਸ਼ਨਾਖ਼ਤ ਕੀਤੀ ਅਤੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਹੀ ਉਹ ਅਹਿਮ ਸਿੰਮ ਕਾਰਡ ਅਫ਼ਜ਼ਲ ਨੂੰ ਵੇਚਿਆ ਸੀ ਜਿਸ ਜ਼ਰੀਏ 4 ਦਸੰਬਰ ਨੂੰ ਸਾਰੇ ਦੋਸ਼ੀਆਂ ਨੇ ਉਸ ਨਾਲ ਸੰਪਰਕ ਬਣਾਈ ਰੱਖਿਆ, ਪਰ ਸਰਕਾਰੀ ਪੱਖ ਵਲੋਂ ਪੇਸ਼ ਕੀਤਾ ਗਿਆ ਫ਼ੋਨ ਕਾਲਾਂ ਦਾ ਰਿਕਾਰਡ ਦਿਖਾਉਂਦਾ ਕਿ ਇਹ ਸਿੰਮ ਤਾਂ 6 ਨਵੰਬਰ 2001 ਤੋਂ ਹੀ ਚਾਲੂ ਸੀ।

ਇੰਞ ਝੂਠਾਂ ਦੇ ਢੇਰ ਅਤੇ ਜਾਅਲੀ ਸਬੂਤਾਂ ਦਾ ਕੋਈ ਅੰਤ ਨਹੀਂ ਹੈ। ਅਦਾਲਤਾਂ ਨੇ ਇਹ ਸਭ ਕੁਝ ਦੇਖਿਆ, ਪਰ ਪੁਲਿਸ ਨੂੰ ਥੋੜ੍ਹੀ ਝਾੜ ਪਾ ਕੇ ਇਸ ਨੂੰ ਰਫ਼ਾ-ਦਫ਼ਾ ਕਰ ਦਿੱਤਾ ਗਿਆ। ਇਸ ਤੋਂ ਵੱਧ ਕੁਝ ਨਹੀਂ ਹੋਇਆ।

ਇਹ ਵੀ ਤਾਂ ਉਹੀ ਘਸੀ-ਪਿਟੀ ਕਹਾਣੀ ਹੈ। ਆਤਮ-ਸਮਰਪਣ ਕਰਨ ਵਾਲੇ ਜ਼ਿਆਦਾਤਰ ਖਾੜਕੂਆਂ ਵਾਂਗ ਅਫ਼ਜ਼ਲ ਵੀ ਕਸ਼ਮੀਰ ਵਿਚ ਐਵੇਂ ਹੀ ਅੜਿੱਕੇ ਚੜ੍ਹ ਗਏ ਵਿਅਕਤੀਆਂ ਵਿਚੋਂ ਇਕ ਹੈ-ਰਾਜ ਮਸ਼ੀਨਰੀ ਦੇ ਤਸੀਹਿਆਂ, ਬਲੈਕਮੇਲ, ਫ਼ਿਰੌਤੀਆਂ ਦਾ ਸਤਾਇਆ ਬੰਦਾ। ਸਾਜ਼ਿਸ਼ ਦੀ ਇਸ ਵਿਸ਼ਾਲ ਘਾੜਤ ਵਿਚ ਉਹ ਕੁਝ ਵੀ ਨਹੀਂ ਸੀ। ਜਿਹੜਾ ਵੀ ਕੋਈ ਸੰਸਦ ਉੱਪਰ ਹਮਲੇ ਦੇ ਭੇਤ ਦੀ ਸੱਚੀਓਂ ਹੀ ਥਾਹ ਪਾਉਣੀ ਚਾਹੁੰਦਾ, ਉਸ ਨੂੰ ਸਬੂਤਾਂ ਦੀ ਭਰਮਾਰ ਨੂੰ ਨੀਝ ਨਾਲ ਘੋਖਣ ਦੇ ਰਾਹ ਤੁਰਨਾ ਪੈਣਾ ਸੀ। ਕਿਸੇ ਨੇ ਵੀ ਇਹ ਤਰੱਦਦ ਕਰਨ ਦੀ ਲੋੜ ਨਹੀਂ ਸਮਝੀ, ਇਸ ਨਾਲ ਇਹ ਯਕੀਨੀ ਬਣਾ ਦਿੱਤਾ ਗਿਆ ਕਿ ਇਸ ਸਾਜ਼ਿਸ਼ ਦੇ ਅਸਲ ਘਾੜਿਆਂ ਦੀ ਸ਼ਨਾਖ਼ਤ ਨਾ ਹੋ ਸਕੇ ਅਤੇ ਉਨ੍ਹਾਂ ਦੀ ਭੂਮਿਕਾ ਦੀ ਕੋਈ ਪੜਤਾਲ ਹੀ ਨਾ ਹੋਵੇ।

ਹੁਣ ਜਦੋਂ ਅਫ਼ਜ਼ਲ ਗੁਰੂ ਨੂੰ ਫਾਹੇ ਲਾ ਦਿੱਤਾ ਗਿਆ ਹੈ, ਮੈਨੂੰ ਉਮੀਦ ਹੈ ਕਿ ਹੁਣ ਤਾਂ ਸਾਡੀ ਸਮੂਹਿਕ ਰੂਹ ਨੂੰ ਸ਼ਾਂਤੀ ਮਿਲ ਗਈ ਹੋਵੇਗੀ। ਕੀ ਹਾਲੇ ਵੀ ਸਾਡਾ ਖ਼ੂਨ ਦਾ ਖੱਪਰ ਪੂਰਾ ਨਹੀਂ ਭਰਿਆ?

**ਅਨੁਵਾਦ: ਬੂਟਾ ਸਿੰਘ**
*ਫ਼ੋਨ:91-94634-74342*

---

*"ਪੁਲਿਸ ਨੇ ਸੰਸਦ ਉੱਪਰ ਹਮਲੇ ਦੇ ਸਾਜ਼ਿਸ਼ਘਾੜੇ ਦਾ ਪਤਾ ਲਾਉਣ 'ਚ ਆਪਣੀ ਨਾਕਾਮੀ ਨੂੰ ਢਕਣ ਲਈ ਮੈਨੂੰ ਬਲੀ ਦਾ ਬੱਕਰਾ ਬਣਾਇਆ। ਇਨ੍ਹਾਂ ਨੇ ਅਵਾਮ ਦੀਆਂ ਅੱਖਾਂ 'ਚ ਘੱਟਾ ਪਾਇਆ ਹੈ। ਅਵਾਮ ਨੂੰ ਹਾਲੇ ਤੱਕ ਵੀ ਨਹੀਂ ਪਤਾ ਕਿ ਸੰਸਦ ਉੱਪਰ ਹਮਲਾ ਕਿਸ ਦੇ ਦਿਮਾਗ ਦੀ ਕਾਢ ਸੀ। ਮੈਨੂੰ ਇਸ ਮਾਮਲੇ 'ਚ ਕਸ਼ਮੀਰ ਦੀ ਵਿਸ਼ੇਸ਼ ਟਾਸਕ ਫੋਰਸ (ਐੱਸ.ਟੀ.ਐਫ.) ਅਤੇ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਵਲੋਂ ਫਸਾਇਆ ਗਿਆ।"*
***-ਅਫ਼ਜ਼ਲ ਗੁਰੂ ਨਾਲ 2006 'ਚ ਹੋਈ ਗੱਲਬਾਤ ਜੋ ਕਾਰਵਾਂ ਰਸਾਲੇ ਨੇ ਛਾਪੀ***



---

### ਫਾਂਸੀ ਦਾ ਤਖਤਾ

*__13 ਦਸੰਬਰ 2001:__ ਪੰਜ ਦਹਿਸ਼ਤਗਰਦਾਂ ਵਲੋਂ ਸੰਸਦ ਦੇ ਅਹਾਤੇ 'ਚ ਘੁਸ ਕੇ, ਗੋਲੀਆਂ ਦੀ ਅੰਨ੍ਹੇਵਾਹ ਬੌਛਾੜ। ਪੰਜ ਦੇ ਪੰਜ ਹਮਲਾਵਰ ਅਤੇ 9 ਸੁਰੱਖਿਆ ਮੁਲਾਜ਼ਮ ਮਾਰੇ ਗਏ, 16 ਜ਼ਖ਼ਮੀ ਹੋਏ।*

*__15 ਦਸੰਬਰ 2001:__ ਦਿੱਲੀ ਪੁਲਿਸ ਨੇ ਅਫ਼ਜ਼ਲ ਗੁਰੂ ਨੂੰ ਜੰਮੂ-ਕਸ਼ਮੀਰ ਤੋਂ ਅਤੇ ਐੱਸ.ਏ.ਆਰ. ਗਿਲਾਨੀ ਨੂੰ ਦਿੱਲੀ ਯੂਨੀਵਰਸਿਟੀ ਦੇ ਜ਼ਾਕਿਰ ਹੁਸੈਨ ਕਾਲਜ ਤੋਂ ਗ੍ਰਿਫ਼ਤਾਰ ਕੀਤਾ। ਪਿੱਛੋਂ ਅਫ਼ਸ਼ਾਂ ਗੁਰੂ ਅਤੇ ਉਸ ਦਾ ਪਤੀ ਸ਼ੌਕਤ ਗੁਰੂ ਵੀ ਗ੍ਰਿਫ਼ਤਾਰ।*

*__29 ਦਸੰਬਰ 2001:__ ਅਫ਼ਜ਼ਲ ਗੁਰੂ ਦਾ 10 ਦਿਨਾ ਪੁਲਿਸ ਰਿਮਾਂਡ।*

*__4 ਜੂਨ 2002 :__ ਅਫ਼ਜ਼ਲ, ਗਿਲਾਨੀ, ਸ਼ੌਕਤ ਅਤੇ ਅਫ਼ਸ਼ਾਂ ਗੁਰੂ ਖ਼ਿਲਾਫ਼ ਦੋਸ਼ ਆਇਦ।*

*__18 ਦਸੰਬਰ 2002:__ ਟਰਾਇਲ ਅਦਾਲਤ ਵਲੋਂ ਗਿਲਾਨੀ, ਸ਼ੌਕਤ ਗੁਰੂ ਅਤੇ ਅਫ਼ਜ਼ਲ ਗੁਰੂ ਨੂੰ ਫਾਂਸੀ ਦੀ ਸਜ਼ਾ। ਅਫ਼ਸ਼ਾਂ ਗੁਰੂ ਨੂੰ 5 ਸਾਲ ਕੈਦ।*

*__29 ਅਕਤੂਬਰ 2003:__ ਦਿੱਲੀ ਉੱਚ ਅਦਾਲਤ ਵਲੋਂ ਅਫ਼ਜ਼ਲ ਗੁਰੂ ਅਤੇ ਸ਼ੌਕਤ ਗੁਰੂ ਦੀ ਮੌਤ ਦੀ ਸਜ਼ਾ ਬਰਕਰਾਰ, ਗਿਲਾਨੀ ਤੇ ਅਫ਼ਸ਼ਾਂ ਬਰੀ।*

*__4 ਅਗਸਤ 2005:__ ਸਰਵਉੱਚ ਅਦਾਲਤ ਵਲੋਂ ਅਫ਼ਜ਼ਲ ਗੁਰੂ ਦੀ ਮੌਤ ਦੀ ਸਜ਼ਾ 'ਤੇ ਮੋਹਰ; ਸ਼ੌਕਤ ਗੁਰੂ ਦੀ ਸਜ਼ਾ ਘਟਾ ਕੇ 10 ਸਾਲ ਦੀ ਬਾਮੁਸ਼ੱਕਤ ਕੈਦ 'ਚ ਬਦਲੀ। ਅਫ਼ਜ਼ਲ ਬਾਰੇ ਸਰਵਉੱਚ ਅਦਾਲਤ ਦੀ ਟਿੱਪਣੀ-"ਅਪੀਲ ਕਰਤਾ ਜੋ ਆਤਮ-ਸਮਰਪਣ ਕਰ ਚੁੱਕਾ ਖਾੜਕੂ ਹੈ ਅਤੇ ਜੋ ਕੌਮ ਖ਼ਿਲਾਫ਼ ਰਾਜਧ੍ਰੋਹ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਤੋਂ ਬਾਜ਼ ਨਹੀਂ ਆ ਰਿਹਾ, ਸਮਾਜ ਲਈ ਖ਼ਤਰਾ ਹੈ ਅਤੇ ਉਸ ਦੀ ਜ਼ਿੰਦਗੀ ਖ਼ਤਮ ਕਰ ਦੇਣੀ ਚਾਹੀਦੀ ਹੈ।"*

*__26 ਸਤੰਬਰ 2006:__ ਦਿੱਲੀ ਅਦਾਲਤ ਵਲੋਂ ਅਫ਼ਜ਼ਲ ਗੁਰੂ ਨੂੰ ਫਾਹੇ ਲਾਉਣ ਦਾ ਹੁਕਮ; ਫਾਂਸੀ ਦੀ ਤਾਰੀਖ 20 ਅਕਤੂਬਰ 2006 ਮਿਥੀ।*

*__3 ਅਕਤੂਬਰ 2006:__ ਅਫ਼ਜ਼ਲ ਗੁਰੂ ਦੀ ਪਤਨੀ ਤਬੱਸੁਮ ਗੁਰੂ ਨੇ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਨੂੰ ਰਹਿਮ ਦੀ ਅਰਜ਼ੀ ਦਿੱਤੀ।*

*__12 ਜਨਵਰੀ 2007:__ ਸਰਵਉੱਚ ਅਦਾਲਤ ਵਲੋਂ ਅਫ਼ਜ਼ਲ ਗੁਰੂ ਦੀ ਮੌਤ ਦੀ ਸਜ਼ਾ 'ਤੇ ਨਜ਼ਰਸਾਨੀ ਕਰਨ ਦੀ ਅਪੀਲ ਇਹ ਕਹਿ ਕੇ ਖ਼ਾਰਜ ਕਿ "ਇਸ ਵਿਚ ਕੋਈ ਦਮ ਨਹੀਂ।"*

*__19 ਮਈ 2010:__ ਦਿੱਲੀ ਹਕੂਮਤ ਵਲੋਂ ਅਫ਼ਜ਼ਲ ਗੁਰੂ ਦੀ ਰਹਿਮ ਦੀ ਅਰਜ਼ੀ ਖਾਰਜ; ਸਰਵਉੱਚ ਅਦਾਲਤ ਵੱਲੋਂ ਉਸ ਨੂੰ ਦਿੱਤੀ ਮੌਤ ਦੀ ਸਜ਼ਾ ਦੀ ਪੁਸ਼ਟੀ।*

*__30 ਦਸੰਬਰ 2010:__ ਸ਼ੌਕਤ ਹੁਸੈਨ ਗੁਰੂ ਤਿਹਾੜ ਜੇਲ੍ਹ 'ਚੋਂ ਰਿਹਾਅ।*

*__10 ਦਸੰਬਰ 2012:__ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਵਲੋਂ 22 ਦਸੰਬਰ ਨੂੰ ਖ਼ਤਮ ਹੋਣ ਵਾਲੇ ਸੰਸਦ ਦੇ ਸਰਦ ਰੁੱਤ ਸੈਸ਼ਨ ਤੋਂ ਪਿੱਛੋਂ ਅਫ਼ਜ਼ਲ ਗੁਰੂ ਦੀ ਮਿਸਲ ਨੂੰ ਘੋਖਣ ਦਾ ਐਲਾਨ।*

*__26 ਜਨਵਰੀ 2013:__ ਰਾਸ਼ਟਰਪਤੀ ਪ੍ਰਣਬ ਮੁਖਰਜੀ ਵਲੋਂ ਅਫ਼ਜ਼ਲ ਗੁਰੂ ਦੀ ਰਹਿਮ ਦੀ ਅਰਜ਼ੀ ਖ਼ਾਰਜ।*

*__9 ਫਰਵਰੀ 2013:__ ਅਫ਼ਜ਼ਲ ਗੁਰੂ ਨੂੰ ਤਿਹਾੜ ਜੇਲ੍ਹ 'ਚ ਫਾਂਸੀ।*

# ਸਾਧੂ ਫੈਸਲਾ ਕਰਨਗੇ ਕੌਣ ਹੋਵੇ ਭਾਰਤ ਦਾ ਪ੍ਰਧਾਨ ਮੰਤਰੀ !

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਇਹ ਪੈਂਤੜਾ ਵੀ ਹੈਰਾਨੀ ਵਾਲਾ ਹੈ ਕਿ ਦੇਸ਼ ਦੇ ਸਾਧੂ-ਸੰਤਾਂ ਨੂੰ ਇਹ ਫੈਸਲਾ ਦੇਣ ਦਾ ਹੱਕ ਹੈ ਕਿ ਇਸ ਦੇਸ਼ ਦਾ ਆਗੂ ਕੌਣ ਹੋਵੇ? ਜੇ ਇੱਕ ਧਰਮ ਵਿਚ ਆਸਥਾ ਵਾਲੇ ਸਾਧੂ-ਸੰਤਾਂ ਨੂੰ ਇਹ ਹੱਕ ਦੇਣਾ ਹੈ ਤਾਂ ਦੂਸਰੇ ਧਰਮਾਂ ਵਾਲਿਆਂ ਨੂੰ ਕਿਉਂ ਨਹੀਂ ਹੋਵੇਗਾ? ਕੱਲ੍ਹ ਨੂੰ ਹਰ ਕੋਈ ਆਪੋ ਆਪਣੇ ਧਰਮ ਦੇ ਚਾਰ ਜਾਂ ਚੌਤੀ ਸੌ ਸਾਧ ਜੋੜ ਕੇ ਫੁਰਮਾਨ ਜਾਰੀ ਕਰ ਦੇਵੇਗਾ ਕਿ ਫਲਾਣਾ ਨਹੀਂ, ਅਸਲ ਵਿਚ ਫਲਾਣਾ ਆਗੂ ਇਸ ਦੇਸ਼ ਦੀ ਅਗਵਾਈ ਲਈ ਚੁਣਿਆ ਜਾਣਾ ਚਾਹੀਦਾ ਹੈ। ਫਿਰ ਕੀ ਅੰਤਲਾ ਫੈਸਲਾ ਇਨ੍ਹਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ?***

ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕ-ਰਾਜ ਹੈ, ਸਭ ਤੋਂ ਵਧੀਆ ਭਾਵੇਂ ਨਹੀਂ ਬਣ ਸਕਿਆ। ਇਥੇ ਅਗਲੇ ਸਾਲ ਲੋਕਤੰਤਰ ਦਾ ਮਹਾਂਕੁੰਭ ਹੋਣਾ ਹੈ, ਜਿਸ ਵਿਚ ਸਾਰੇ ਦੇਸ਼ ਦੇ ਲੋਕਾਂ ਨੇ ਮੁਲਕ ਦੀ ਵਾਗਡੋਰ ਅਗਲੇ ਪੰਜ ਸਾਲਾਂ ਲਈ ਕਿਸੇ ਧਿਰ ਨੂੰ ਸੌਂਪਣ ਦਾ ਫਤਵਾ ਦੇਣਾ ਹੈ। ਫਤਵਾ ਦੇਣ ਸਮੇਂ ਕੁਝ ਲੋਕ ਇਹ ਸੋਚਣਗੇ ਕਿ ਉਹ ਇਸ ਮੁਲਕ ਦੀ ਦਿਸ਼ਾ ਤੈਅ ਕਰਨ ਚੱਲੇ ਹਨ, ਕੁਝ ਸੋਚਣਗੇ ਕਿ ਉਨ੍ਹਾਂ ਨੂੰ ਦਿਸ਼ਾ ਦੇ ਨਾਲ ਮਤਲਬ ਨਹੀਂ ਅਤੇ ਉਹ ਤਾਂ ਸਿਰਫ ਇੱਕ ਜਾਂ ਦੂਸਰੀ ਪਾਰਟੀ ਨਾਲ ਵਫਾ ਨਿਭਾਉਣ ਚੱਲੇ ਹਨ ਤੇ ਕੁਝਨਾਂ ਨੂੰ ਸਿਰਫ ਇਹ ਚੇਤਾ ਹੋਵੇਗਾ ਕਿ ਖੜੇ ਹੋਏ ਉਮੀਦਵਾਰਾਂ ਵਿਚੋਂ ਸਾਡੇ ਲਈ ਨਿੱਜੀ ਤੌਰ ਉਤੇ ਫਲਾਣਾ ਚੰਗਾ ਰਹੇਗਾ। ਜਿਹੜੇ ਲੋਕ ਚਾਰ ਨੋਟਾਂ ਪਿੱਛੇ ਵੋਟਾਂ ਵੇਚਣ ਜਾਂ ਨਸ਼ੇ ਦੇ ਲੋਰ ਵਿਚ ਖੂਹ ਵਿਚ ਵੀ ਡਿੱਗਣ ਨੂੰ ਤਿਆਰ ਹੋ ਜਾਂਦੇ ਹਨ, ਉਨ੍ਹਾਂ ਨੂੰ ਅਸੀਂ ਕਿਸੇ ਵੀ ਖਾਤੇ ਵਿਚ ਨਹੀਂ ਗਿਣ ਰਹੇ। ਥਾਲੀ ਦਾ ਬਤਾਊਂ ਜਿੱਧਰ ਨੀਵਾਣ ਹੋਈ, ਉਧਰ ਨੂੰ ਰਿੜ੍ਹ ਜਾਣਾ ਹੁੰਦਾ ਹੈ।

ਹੁਣ ਜਦੋਂ ਉਸ ਚੋਣ ਵਾਲੇ ਮਹਾਂਕੁੰਭ ਵਿਚ ਸਿਰਫ ਪੰਦਰਾਂ ਮਹੀਨੇ ਰਹਿੰਦੇ ਹਨ, ਦੇਸ਼ ਉਤੇ ਕਬਜ਼ੇ ਦੀ ਦੌੜ ਵਿਚ ਲੱਗੀਆਂ ਧਿਰਾਂ ਆਪੋ ਆਪਣੇ ਦਾਅ ਲੜਾਉਣ ਲਈ ਤਿੱਖਾ ਵਗਣ ਲੱਗੀਆਂ ਹਨ। ਸਭ ਤੋਂ ਤਿੱਖੀ ਭਾਰਤੀ ਜਨਤਾ ਪਾਰਟੀ ਵਗਦੀ ਜਾਪਦੀ ਹੈ, ਪਰ ਉਸ ਇੱਕ ਪਾਰਟੀ ਦੇ ਅੰਦਰ ਕਈ ਪਾਰਟੀਆਂ ਹਨ, ਜਿਨ੍ਹਾਂ ਵਿਚ ਇੱਕ ਦੂਸਰੇ ਦੀ ਲੱਤ ਖਿੱਚਣ ਦਾ ਕੰਮ ਹੋ ਰਿਹਾ ਹੈ। ਜੇ ਸਿਆਸੀ ਪਾਰਟੀਆਂ ਵਿਚੋਂ ਸਭ ਤੋਂ ਤਿੱਖੀ ਭਾਜਪਾ ਵਗਦੀ ਜਾਪਦੀ ਹੈ ਤਾਂ ਇਸ ਦੇ ਅੰਦਰਲੇ ਧੜਿਆਂ ਤੇ ਧਿਰਾਂ ਵਿਚੋਂ ਨਰਿੰਦਰ ਮੋਦੀ ਦਾ ਪੱਖ ਸਭ ਤੋਂ ਵੱਧ ਸਰਗਰਮ ਹੈ। ਪਾਰਟੀ ਦਾ ਕੌਮੀ ਪ੍ਰਧਾਨ ਰਾਜਨਾਥ ਸਿੰਘ ਦੋ ਵਾਰੀ ਇਹ ਗੱਲ ਕਹਿ ਚੁੱਕਾ ਹੈ ਕਿ 'ਮੈਂ ਆਖਰੀ ਵਾਰ ਕਹਿ ਰਿਹਾ ਹਾਂ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਕਿਸੇ ਵੀ ਉਮੀਦਵਾਰ ਦੇ ਪੱਖ ਜਾਂ ਵਿਰੋਧ ਵਿਚ ਕੋਈ ਗੱਲ ਕੋਈ ਆਗੂ ਨਹੀਂ ਕਰੇਗਾ', ਇਸ ਦੇ ਬਾਵਜੂਦ ਜਿਸ ਕੋਲ ਮੀਡੀਏ ਵਾਲੇ ਪੁੱਛਣ ਚਲੇ ਜਾਂਦੇ ਹਨ, ਉਹ ਆਪਣੇ ਮਨ ਦੀ ਗੱਲ ਕਹਿ ਦਿੰਦਾ ਹੈ। ਬਹੁਤਾ ਕਰ ਕੇ ਨਰਿੰਦਰ ਮੋਦੀ ਦੀ ਟੋਲੀ ਇਹ ਕੰਮ ਕਰ ਰਹੀ ਹੈ ਤੇ ਇਸ ਤਰ੍ਹਾਂ ਪਾਰਟੀ ਦਾ ਉਸ ਇੱਕੋ ਬੰਦੇ ਦੇ ਸਾਹਮਣੇ ਬੌਣੀ ਸਾਬਤ ਹੋਣ ਵਾਲਾ ਅਮਲ ਉਸ ਨੂੰ ਭਾਈਬੰਦ ਪਾਰਟੀਆਂ ਦੇ ਆਗੂਆਂ ਉਤੇ ਭਾਰੂ ਕਰਨ ਵੱਲ ਵਧ ਰਿਹਾ ਜਾਪਦਾ ਹੈ।

ਬੀਤੇ ਹਫਤੇ ਇਸ ਵਿਚ ਦੋ ਮੋੜ ਆਏ, ਜਿਨ੍ਹਾਂ ਵਿਚ ਨਰਿੰਦਰ ਮੋਦੀ ਨੂੰ ਉਭਾਰ ਕੇ ਪੇਸ਼ ਕਰਨ ਦਾ ਕੰਮ ਮੀਡੀਏ ਦੇ ਇੱਕ ਖਾਸ ਹਿੱਸੇ ਨੇ ਬੜੀ ਤੇਜ਼ ਸਰਗਰਮੀ ਨਾਲ ਕੀਤਾ ਹੈ। ਮੀਡੀਆ ਇਸ ਹਫਤੇ ਸਿਰਫ ਮੀਡੀਆ ਨਹੀਂ ਰਿਹਾ। ਇਸ ਦਾ ਕਾਰਨ ਜਨਤਾ ਦਲ ਯੂਨਾਈਟਿਡ ਦੇ ਪ੍ਰਧਾਨ ਸ਼ਰਦ ਯਾਦਵ ਦੇ ਸ਼ਬਦਾਂ ਤੋਂ ਪਤਾ ਲੱਗਦਾ ਹੈ। ਸ਼ਰਦ ਯਾਦਵ ਨੇ ਸਾਫ ਕਿਹਾ ਹੈ ਕਿ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਮੁਹਿੰਮ ਦੇ ਪਿੱਛੇ ਭਾਰਤ ਦੇ ਕਾਰਪੋਰੇਟ ਸੈਕਟਰ ਦੀ ਇੱਕ ਖਾਸ ਧਿਰ ਕੰਮ ਕਰ ਰਹੀ ਹੈ। ਮੀਡੀਏ ਦਾ ਜਿਹੜਾ ਹਿੱਸਾ ਇਸ ਵਕਤ ਮੋਦੀ-ਚਾਲੀਸਾ ਪੜ੍ਹ ਰਿਹਾ ਹੈ, ਉਹ ਉਸ ਕਾਰਪੋਰੇਟ ਸੈਕਟਰ ਦੀ ਕ੍ਰਿਪਾ ਨਾਲ ਆਪਣਾ ਹਲਵਾ-ਮੰਡਾ ਵੀ ਕਰ ਰਿਹਾ ਸੁਣੀਂਦਾ ਹੈ।

ਜਿਹੜੀਆਂ ਦੋ ਖਾਸ ਘਟਨਾਵਾਂ ਇਸ ਹਫਤੇ ਵਿਚ ਨਰਿੰਦਰ ਮੋਦੀ ਦੇ ਪੱਖ ਵਿਚ ਹਵਾ ਜ਼ਰਾ ਹੋਰ ਤੇਜ਼ ਕਰਨ ਵਾਲੀਆਂ ਬਣ ਗਈਆਂ, ਉਨ੍ਹਾਂ ਵਿਚੋਂ ਇੱਕ ਤਾਂ ਖੁਦ ਮੋਦੀ ਦਾ ਦਿੱਲੀ ਦੇ ਸ੍ਰੀਰਾਮ ਕਾਲਜ ਵਿਚ ਆ ਕੇ ਭਾਸ਼ਣ ਦੇਣਾ ਸੀ। ਮੋਦੀ ਦਾ ਸਾਰਾ ਭਾਸ਼ਣ ਮੀਡੀਏ ਨੇ ਨਾਲੋ-ਨਾਲ ਵਿਖਾਇਆ, ਜਿਹੜੀ ਆਮ ਗੱਲ ਮੰਨੀ ਜਾ ਸਕਦੀ ਹੈ। ਉਸ ਨੇ ਇੱਕ ਤੋਂ ਵੱਧ ਵਾਰੀ ਇਹੋ ਜਿਹੇ ਭਾਸ਼ਣ ਰਾਹੁਲ ਗਾਂਧੀ ਦੇ ਵੀ ਸੁਣਾਏ ਤੇ ਵਿਖਾਏ ਹੋਏ ਹਨ। ਜਦੋਂ ਮੋਦੀ ਭਾਸ਼ਣ ਦਿੰਦਾ ਪਿਆ ਸੀ ਤਾਂ ਉਸ ਦੇ ਬਾਹਰ ਹੋ ਰਹੇ ਰੋਸ-ਵਿਖਾਵੇ ਵੀ ਮੀਡੀਏ ਨੇ ਵਿਖਾ ਦਿੱਤੇ, ਤਾਂ ਕਿ ਨਿਰਪੱਖਤਾ ਦਾ ਪ੍ਰਭਾਵ ਕਾਇਮ ਰਹੇ, ਪਰ



ਨਰਿੰਦਰ ਮੋਦੀ

ਇਹ ਕਾਫੀ ਨਹੀਂ ਸੀ। ਭਾਰਤ ਦਾ ਮੀਡੀਆ ਹਰ ਗੱਲ ਵਿਚ ਵਾਲ਼ ਦੀ ਖੱਲ ਲਾਹੁਣ ਤੱਕ ਜਾਂਦਾ ਹੈ, ਪਰ ਨਰਿੰਦਰ ਮੋਦੀ ਦੇ ਭਾਸ਼ਣ ਦੇ ਸਵਾਲ ਉਤੇ ਉਸ ਨੇ ਇਹ ਜਾਣਨ ਦੇ ਬਾਵਜੂਦ ਕਿ ਉਹ ਸਿਰਫ ਝੂਠ ਨੂੰ ਪਰਾਤ ਵਿਚ ਪਾ ਕੇ ਗੁੰਨ੍ਹਣ ਲੱਗਾ ਰਿਹਾ ਹੈ, ਮੀਡੀਏ ਨੇ ਬਹੁਤੀ ਚੀਰ-ਪਾੜ ਨਹੀਂ ਕੀਤੀ।

ਮੋਦੀ ਦਾ ਝੂਠ ਕੀ ਸੀ? ਇਸ ਬਾਰੇ ਤੱਥ ਮੂੰਹੋਂ ਬੋਲਦੇ ਹਨ। ਉਸ ਨੇ ਇੱਕ ਗੱਲ ਇਹ ਕਹੀ ਕਿ ਦਿੱਲੀ ਮੈਟਰੋ ਦੇ ਰੇਲ ਡੱਬੇ ਹੁਣ ਗੁਜਰਾਤ ਵਿਚੋਂ ਬਣ ਕੇ ਆਉਂਦੇ ਹਨ। ਇਹ ਗੱਲ ਗਲਤ ਨਹੀਂ, ਪਰ ਖਾਸ ਵੀ ਨਹੀਂ। ਪੰਜਾਬ ਵਿਚ ਰੇਲ ਕੋਚ ਫੈਕਟਰੀ ਲੱਗੀ ਹੋਈ ਹੈ, ਉਸ ਦੇ ਬਣਾਏ ਡੱਬੇ ਇੱਕ ਦਿੱਲੀ ਸ਼ਹਿਰ ਦੀ ਮੈਟਰੋ ਨਾਲੋਂ ਵੱਧ ਸਾਰੇ ਭਾਰਤ ਦੀ ਰੇਲਵੇ ਵਰਤ ਰਹੀ ਹੈ ਤੇ ਜਦੋਂ ਇਹ ਰੇਲ ਕੋਚ ਫੈਕਟਰੀ ਨਹੀਂ ਸੀ ਲੱਗੀ, ਉਦੋਂ ਕਿਸੇ ਹੋਰ ਥਾਂ ਬਣੇ ਡੱਬੇ ਵਰਤੇ ਜਾਂਦੇ ਸਨ, ਗੱਡੀਆਂ ਡੱਬਿਆਂ ਤੋਂ ਬਗੈਰ ਨਹੀਂ ਸਨ ਚੱਲਦੀਆਂ। ਜੇ ਗੁਜਰਾਤ ਵਿਚ ਮੈਟਰੋ ਰੇਲ ਦੇ ਡੱਬਿਆਂ ਦਾ ਕਾਰਖਾਨਾ ਲੱਗਾ ਹੈ ਤਾਂ ਕਿਸੇ ਹੋਰ ਰਾਜ ਵਿਚ ਕੋਈ ਹੋਰ ਕਾਰਖਾਨਾ ਵੀ ਲੱਗਾ ਹੋਵੇਗਾ। ਇਸ ਤੋਂ ਸਿਵਾ ਸਾਰੀਆਂ ਗੱਲਾਂ ਮੋਦੀ ਨੇ ਗਲਤ ਕਹੀਆਂ। ਮਿਸਾਲ ਵਜੋਂ ਉਸ ਨੇ ਇਹ ਕਹਿ ਦਿੱਤਾ ਕਿ ਅੱਜ ਦਿੱਲੀ ਸ਼ਹਿਰ ਨੂੰ ਦੁੱਧ ਦੀ ਸਪਲਾਈ ਗੁਜਰਾਤ ਤੋਂ ਹੋ ਰਹੀ ਹੈ, ਪਰ ਇਸ ਸਪਲਾਈ ਵਿਚ ਨਰਿੰਦਰ ਮੋਦੀ ਦਾ ਕੀ ਯੋਗਦਾਨ ਹੈ? ਦੁੱਧ ਦੀ ਸਪਲਾਈ ਤਾਂ ਸਾਰੇ ਦੇਸ਼ ਵਿਚ ਦੁੱਧ ਇਨਕਲਾਬ ਦੀ ਮੋਹਰੀ ਮੰਨੀ ਜਾਂਦੀ ਸੰਸਥਾ 'ਅਮੂਲ' ਵੱਲੋਂ ਕੀਤੀ ਜਾਂਦੀ ਹੈ, ਜਿਹੜੀ ਗੁਜਰਾਤ ਦੇ ਆਨੰਦ ਸ਼ਹਿਰ ਵਿਚ ਆਨੰਦ ਮਿਲਕ ਯੂਨੀਅਨ ਨਾਲ ਸਬੰਧਤ ਹੈ, ਜਿਸ ਦੇ ਪਹਿਲੇ ਅੱਖਰਾਂ ਤੋਂ 'ਅਮੂਲ' ਬਣਿਆ ਹੈ ਤੇ ਉਹ 1946 ਵਿਚ ਬਣੀ ਸੀ, ਜਦ ਕਿ ਨਰਿੰਦਰ ਮੋਦੀ ਦਾ ਆਪਣਾ ਜਨਮ 1950 ਵਿਚ ਹੋਇਆ ਸੀ। ਇਹ ਮਿਸਾਲ ਸਿਰਫ ਨਰਿੰਦਰ ਮੋਦੀ ਦੀ ਹੈ ਕਿ ਉਹ ਆਪਣੇ ਜਨਮ ਤੋਂ ਪਹਿਲਾਂ ਬਣੀ ਸੰਸਥਾ ਦੇ ਕੰਮ ਦਾ ਸਿਹਰਾ ਵੀ ਆਪਣੇ ਉਸ ਰਾਜ ਦੇ ਨਾਂ ਲੈ ਰਿਹਾ ਹੈ, ਜਿਸ ਨੂੰ ਹਾਲੇ ਇੱਕ ਦਹਾਕਾ ਹੋਇਆ ਹੈ।

ਨਰਿੰਦਰ ਮੋਦੀ ਨੇ ਇਹ ਵੀ ਕਹਿ ਦਿੱਤਾ ਕਿ ਗੁਜਰਾਤ ਤੋਂ ਭਿੰਡੀ ਯੂਰਪ ਤੇ ਹੋਰ ਪੱਛਮੀ ਦੇਸ਼ਾਂ ਵੱਲ ਸਪਲਾਈ ਕੀਤੀ ਜਾਂਦੀ ਹੈ, ਪਰ ਇਹ ਗੱਲ ਸੱਚ ਹੁੰਦੇ ਹੋਏ ਵੀ ਉਸ ਦੇ ਬਹੁਤੀ ਪੱਖ ਵਿਚ ਨਹੀਂ ਜਾਂਦੀ। ਸਾਡੇ ਕੋਲ ਭਾਰਤ ਵਿਚ ਭਿੰਡੀ ਦੀ ਪੈਦਾਵਾਰ ਦੇ ਅੰਕੜੇ ਪਏ ਹਨ। ਪਿਛਲੇਰੇ ਸਾਲ ਦੇ ਅੰਕੜਿਆਂ ਮੁਤਾਬਕ ਪੱਛਮੀ ਬੰਗਾਲ ਵਿਚ 839 ਮੀਟਰਿਕ ਟਨ ਭਿੰਡੀ ਹੋਈ, ਬਿਹਾਰ ਵਿਚ 754 ਮੀਟਰਿਕ ਟਨ, ਉੜੀਸਾ ਵਿਚ 651 ਮੀਟਰਿਕ ਟਨ ਤੇ ਗੁਜਰਾਤ ਵਿਚ 466 ਮੀਟਰਿਕ ਟਨ ਭਿੰਡੀ ਹੋਈ ਸੀ। ਪੱਛਮੀ ਬੰਗਾਲ ਵਿਚੋਂ ਭਾਰਤ ਦੀ 18.48 ਫੀਸਦੀ ਭਿੰਡੀ ਨਿਕਲੀ, ਬਿਹਾਰ ਵਿਚੋਂ 16.60 ਫੀਸਦੀ, ਉੜੀਸਾ ਵਿਚੋਂ 14.33 ਫੀਸਦੀ, ਜਦ ਕਿ ਗੁਜਰਾਤ ਵਿਚੋਂ ਸਿਰਫ 10.26 ਫੀਸਦੀ ਪੈਦਾ ਹੋਈ ਸੀ। ਇਹ ਗੱਲ ਮੀਡੀਆ ਸਾਹਮਣੇ ਨਹੀਂ ਲਿਆਇਆ।

ਸਿਰਫ ਝੂਠ ਗੁੰਨ੍ਹਣ ਦੀ ਗੱਲ ਤਾਂ ਅਸੀਂ ਕਹਿ ਦਿੱਤੀ, ਉਂਜ ਮੁਹਾਵਰਾ 'ਨਿਰਾ ਲੂਣ' ਗੁੰਨ੍ਹਣ ਦਾ ਹੈ ਅਤੇ ਮੋਦੀ ਨੇ ਦਿੱਲੀ ਵਿਚ ਲੂਣ ਵੀ ਗੁੰਨ੍ਹ ਦਿੱਤਾ। ਉਸ ਨੇ ਕਹਿ ਦਿੱਤਾ ਕਿ ਸਾਰਾ ਭਾਰਤ ਗੁਜਰਾਤ ਦਾ ਲੂਣ ਖਾਂਦਾ ਹੈ। ਬਹੁਤ ਬਦਤਮੀਜ਼ੀ ਵਾਲੀ ਇਹ ਗੱਲ ਕਹਿਣ ਸਮੇਂ ਉਸ ਨੂੰ ਇਹ ਵੀ ਚੇਤਾ ਨਾ ਰਿਹਾ ਤੇ ਮੀਡੀਆ ਵੀ ਇਸ ਗੱਲ ਦੀ ਚਰਚਾ ਕਰਨ ਤੋਂ ਪਰਹੇਜ਼ ਕਰ ਗਿਆ ਕਿ ਮਹਾਤਮਾ ਗਾਂਧੀ ਦਾ ਇੱਕ ਸੱਤਿਆਗ੍ਰਹਿ ਸਿਰਫ ਲੂਣ ਦੀ ਪੈਦਾਵਾਰ ਬਾਰੇ ਸੀ ਤੇ ਭਾਰਤ ਦੇ ਲੋਕ ਗੁਜਰਾਤ ਦਾ ਲੂਣ ਉਦੋਂ ਤੋਂ ਖਾਂਦੇ ਹਨ, ਨਰਿੰਦਰ ਮੋਦੀ ਦੇ ਮੁੱਖ ਮੰਤਰੀ ਬਣਨ ਪਿੱਛੋਂ ਨਹੀਂ ਖਾਣ ਲੱਗੇ। ਉਸ ਦੇ ਇਸ ਹਕੀਕਤ ਨੂੰ ਮਿਹਣੇ ਵਾਂਗ ਵਰਤਣ ਪਿੱਛੋਂ ਕੁਝ ਦੂਸਰੇ ਰਾਜਾਂ ਦੇ ਲੋਕ ਵੀ ਇਹੋ ਜਿਹੇ ਕਈ ਮਿਹਣੇ ਦੇ ਸਕਦੇ ਹਨ। ਜੇ ਗੁਜਰਾਤ ਵਿਚ ਲੂਣ ਪੈਦਾ ਹੁੰਦਾ ਹੈ ਤਾਂ ਉਥੇ ਕੁਝ ਚੀਜ਼ਾਂ ਘੱਟ ਵੀ ਹੁੰਦੀਆਂ ਹਨ। ਮਿਸਾਲ ਵਜੋਂ ਪੰਜਾਬ ਵਿਚ ਚਾਵਲ 92,73,000 ਮੀਟਰਿਕ ਟਨ ਪੈਦਾ ਹੋਏ, ਆਂਧਰਾ ਪ੍ਰਦੇਸ਼ ਵਿਚ 44,71,000, ਛੱਤੀਸਗੜ੍ਹ ਵਿਚ 30,69,000, ਉਤਰ ਪ੍ਰਦੇਸ਼ ਵਿਚ 26,23,000 ਤੇ ਹਰਿਆਣੇ ਵਿਚ 18,16,000 ਮੀਟਰਿਕ ਟਨ ਹੋਏ ਸਨ ਤੇ ਗੁਜਰਾਤ ਨੇ ਸਿਰਫ ਦੂਸਰੇ ਰਾਜਾਂ ਤੋਂ ਲੈ ਕੇ ਖਾਧੇ ਸਨ।

ਪੰਜਾਬ ਵਿਚ ਕਣਕ ਵੀ ਉਸੇ ਸਾਲ 1,07,25,000 ਮੀਟਰਿਕ ਟਨ ਹੋਈ ਸੀ, ਉਤਰ ਪ੍ਰਦੇਸ਼ ਵਿਚ 69,24,000 ਅਤੇ ਹਰਿਆਣੇ ਵਿਚ 38,82,000 ਮੀਟਰਿਕ ਟਨ ਹੋਈ ਸੀ। ਕੀ ਕਦੇ ਕਿਸੇ ਨੇ ਇਹ ਕਿਹਾ ਹੈ ਕਿ ਗੁਜਰਾਤ ਅਜੇ ਤੱਕ ਦੂਸਰਿਆਂ ਦਾ ਅੰਨ ਖਾਂਦਾ ਹੈ? ਦੇਸ਼ ਆਪੋ ਵਿਚ ਸਾਂਝ ਰੱਖ ਕੇ ਚੱਲਦੇ ਹਨ, 'ਮੈਂ ਹੀ ਮੈਂ' ਦੀ ਸੋਚ ਨਾਲ ਦੇਸ਼ ਵਿਚ ਨਾ ਇੱਕਸੁਰਤਾ ਰਹਿ ਸਕਦੀ ਹੈ ਤੇ ਨਾ ਇਸ ਦੀ ਅਖੰਡਤਾ ਯਕੀਨੀ ਹੋ ਸਕਦੀ ਹੈ। ਮੋਦੀ ਦੇ ਸਿਰ ਵਾਲਾ ਕੀੜਾ ਕਿਸੇ ਹੋਰ ਦੇ ਸਿਰ ਵਿਚ ਵੀ ਭੁੜਕ ਸਕਦਾ ਹੈ।

ਦੂਸਰੀ ਘਟਨਾ ਇਸ ਹਫਤੇ ਕੁੰਭ ਦੇ ਮੇਲੇ ਵਿਚ ਲੱਗੀ ਸੰਤਾਂ ਦੀ ਉਹ ਧਰਮ-ਸੰਸਦ ਹੈ, ਜਿਸ ਵਿਚ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਉਚੇਚ ਨਾਲ ਕੁਝ ਲੋਕ ਸਰਗਰਮ ਹੋਏ ਰਹੇ ਸਨ। ਉਥੇ ਕੁੰਭ ਦੇ ਮੇਲੇ ਆਏ ਸਾਧਾਂ-ਸੰਤਾਂ ਨੂੰ ਆਪਣੀ ਆਤਮਾ ਦੀ ਮੈਲ ਲਾਹੁਣ ਜਾਂ ਆਪਣੇ ਧਰਮ-ਕਰਮ ਦੇ ਖੇਤਰ ਤੱਕ ਸੀਮਤ ਰਹਿਣਾ ਚਾਹੀਦਾ ਸੀ, ਰਾਜਨੀਤੀ ਦੇ ਅਖਾੜੇ ਵਿਚ ਕਬੱਡੀ ਪਾਉਣ ਦੀ ਕੋਸ਼ਿਸ਼ ਨਹੀਂ ਸੀ ਕਰਨੀ ਚਾਹੀਦੀ। ਪਹਿਲਾਂ ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਸਾਧ-ਸੰਤ ਬਣੇ ਕਿਉਂ ਸਨ? ਇਸ ਲਈ ਕਿ ਉਨ੍ਹਾਂ ਨੂੰ ਦੁਨੀਆਂ ਜਾਂ ਦੁਨੀਆਦਾਰੀ ਦਾ ਮੋਹ ਨਹੀਂ ਸੀ ਰਹਿ ਗਿਆ। ਉਹ ਆਪਣੇ ਆਪ ਨੂੰ ਈਸ਼ਵਰ ਲਈ ਸਮਰਪਤ ਮੰਨਦੇ ਹਨ। ਜੇ ਉਨ੍ਹਾਂ ਦੀਆਂ ਈਸ਼ਵਰ ਨਾਲ ਸਿੱਧੀਆਂ ਤਾਰਾਂ ਵੀ ਜੁੜੀਆਂ ਹੋਣ ਤਾਂ ਅਗਲੇ ਦਿਨ ਉਠ ਕੇ ਮਾਲਾ ਫੇਰਨ ਜੋਗੇ ਉਹ ਗ੍ਰਿਹਸਥੀ ਲੋਕਾਂ ਦੀ ਕਿਰਤ ਨਾਲ ਪੈਦਾ ਹੋਇਆ ਅਨਾਜ ਖਾ ਕੇ ਹੁੰਦੇ ਹਨ। ਕਹਿੰਦੇ ਇਹ ਹਨ ਕਿ ਮਾਲਾ ਫੇਰਨ ਨਾਲ ਮੋਕਸ਼ ਪ੍ਰਾਪਤ ਹੋਵੇਗਾ। ਜਦੋਂ ਮੋਕਸ਼ ਪ੍ਰਾਪਤ ਹੋ ਗਿਆ ਤਾਂ ਕਹਿੰਦੇ ਹਨ ਕਿ ਅਸੀਂ ਚਲੇ ਜਾਵਾਂਗੇ ਤੇ ਗ੍ਰਿਹਸਥੀ ਲੋਕ ਇਥੇ ਬੈਠੇ ਰਹਿ ਜਾਣਗੇ। ਜਿਨ੍ਹਾਂ ਗ੍ਰਿਹਸਥੀਆਂ ਦਾ ਦਿੱਤਾ ਖਾਂਦੇ ਹਨ, ਉਨ੍ਹਾਂ ਨੂੰ ਇਥੇ ਛੱਡ ਕੇ ਆਪ ਇਕੱਲੇ ਸਵਰਗ ਧਾਮ ਚਲੇ ਜਾਣ ਵਾਲੇ ਸਾਧ-ਸੰਤ ਇਮਾਨਦਾਰ ਨਹੀਂ ਕਹੇ ਜਾ ਸਕਦੇ। ਅਸਲੀਅਤ ਇਹ ਹੈ ਕਿ ਸਾਧ-ਸੰਤ ਉਹ ਲੋਕ ਬਣਦੇ ਹਨ, ਜਿਹੜੇ ਆਪਣੇ ਹੱਥੀਂ ਕਿਰਤ ਕਰ ਕੇ ਖਾਣ ਨੂੰ ਤਿਆਰ ਨਹੀਂ ਹੁੰਦੇ ਤੇ ਬੇਗਾਨੀ ਕਿਰਤ ਆਸਰੇ ਸਾਰਾ ਜੀਵਨ ਗੁਜ਼ਾਰਨ ਦੇ ਨਾਲ ਮੁਫਤ ਦਾ ਇੱਜ਼ਤ-ਮਾਣ ਵੀ ਹਾਸਲ ਕਰਨ ਦੀ ਝਾਕ ਰੱਖਦੇ ਹਨ। ਜੇ ਉਹ ਆਮ ਲੋਕਾਂ ਵਾਂਗ ਜੀਵਨ ਵਿਚ ਰਹਿੰਦੇ ਤੇ ਜੀਵਨ ਦੀਆਂ ਔਕੜਾਂ ਦਾ ਸਾਹਮਣਾ ਕੀਤਾ ਹੁੰਦਾ ਤਾਂ ਇਹ ਜਾਣ ਸਕਦੇ ਸਨ ਕਿ ਇਸ ਦੇਸ਼ ਨੂੰ ਤਰੱਕੀ ਵੱਲ ਲਿਜਾਣ ਲਈ ਫਲਾਣੇ ਆਗੂ ਦੀ ਲੋੜ ਹੈ?

ਅਸੀਂ ਇਥੇ ਕਈ ਇਸ ਤਰ੍ਹਾਂ ਦੇ ਸਾਧਾਂ ਨੂੰ ਜਾਣਦੇ ਹਾਂ, ਜਿਹੜੇ ਚਾਰ ਟਕਿਆਂ ਖਾਤਰ ਕਿਸੇ ਬਦਮਾਸ਼ ਨੂੰ ਵੀ 'ਗੁਰੂ ਮਹਾਰਾਜ ਦੇ ਦਰ-ਘਰ ਦਾ ਸੇਵਕ' ਆਖ ਕੇ ਅਰਦਾਸ ਕਰ ਦਿੰਦੇ ਹਨ, ਕੁੰਭ ਵਾਲੀ ਧਰਮ-ਸੰਸਦ ਵਿਚ ਐਸ਼ ਦੀ ਜ਼ਿੰਦਗੀ ਲਈ ਕਿਸੇ ਪਾਸੇ ਤੋਂ ਉਨ੍ਹਾਂ ਦੇ ਆਸ਼ਰਮ ਨੂੰ ਚਾਰ ਦਮੜੇ ਵੱਧ ਮਿਲ ਜਾਣ ਕਰ ਕੇ ਇਹੋ ਜਿਹੇ ਫੈਸਲੇ ਕੀਤੇ ਜਾ ਰਹੇ ਹੋਣ ਤਾਂ ਹੈਰਾਨੀ ਨਹੀਂ ਹੋ ਸਕਦੀ। ਅਸੀਂ ਤਾਂ 'ਸਾਧਾਂ ਨੂੰ ਕੀ ਸਵਾਦਾਂ ਨਾਲ' ਦੀ ਗੱਲ ਸੁਣੀ ਸੀ, ਇਥੇ ਸਾਧ ਆਪਣੇ ਸਵਾਦ ਨੂੰ ਜ਼ਬਾਨ ਤੋਂ ਵਧਾ ਕੇ ਰਾਜ-ਪ੍ਰੋਹਿਤ ਬਣਨ ਦੇ ਸੁਫਨੇ ਤੱਕ ਲਿਜਾਣ ਲੱਗ ਪਏ ਹਨ।

ਉਂਜ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਇਹ ਪੈਂਤੜਾ ਵੀ ਹੈਰਾਨੀ ਵਾਲਾ ਹੈ ਕਿ ਦੇਸ਼ ਦੇ ਸਾਧੂ-ਸੰਤਾਂ ਨੂੰ ਇਹ ਫੈਸਲਾ ਦੇਣ ਦਾ ਹੱਕ ਹੈ ਕਿ ਇਸ ਦੇਸ਼ ਦਾ ਆਗੂ ਕੌਣ ਹੋਵੇ? ਜੇ ਇੱਕ ਧਰਮ ਵਿਚ ਆਸਥਾ ਵਾਲੇ ਸਾਧੂ-ਸੰਤਾਂ ਨੂੰ ਇਹ ਹੱਕ ਦੇਣਾ ਹੈ ਤਾਂ ਦੂਸਰੇ ਧਰਮਾਂ ਵਾਲਿਆਂ ਨੂੰ ਕਿਉਂ ਨਹੀਂ ਹੋਵੇਗਾ? ਕੱਲ੍ਹ ਨੂੰ ਹਰ ਕੋਈ ਆਪੋ ਆਪਣੇ ਧਰਮ ਦੇ ਚਾਰ ਜਾਂ ਚੌਤੀ ਸੌ ਸਾਧ ਜੋੜ ਕੇ ਫੁਰਮਾਨ ਜਾਰੀ ਕਰ ਦੇਵੇਗਾ ਕਿ ਫਲਾਣਾ ਨਹੀਂ, ਅਸਲ ਵਿਚ ਫਲਾਣਾ ਆਗੂ ਇਸ ਦੇਸ਼ ਦੀ ਅਗਵਾਈ ਲਈ ਚੁਣਿਆ ਜਾਣਾ ਚਾਹੀਦਾ ਹੈ। ਫਿਰ ਕੀ ਅੰਤਲਾ ਫੈਸਲਾ ਇਨ੍ਹਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ? ਇਹ ਗੱਲ ਇਸ ਦੇਸ਼ ਦੇ ਲੋਕਾਂ ਨੂੰ ਹਰਗਿਜ਼ ਨਹੀਂ ਮੰਨਣੀ ਚਾਹੀਦੀ। ਜਿਹੜੇ ਸਾਧਾਂ-ਸੰਤਾਂ ਨੇ ਆਪਣੇ ਟੱਬਰ ਦੇ ਚਾਰ ਜੀਆਂ ਦੀ ਜ਼ਿੰਮੇਵਾਰੀ ਚੁੱਕਣ ਤੋਂ ਡਰ ਕੇ ਜੰਗਲਾਂ ਵਿਚ ਜਾ ਡੇਰਾ ਲਾਇਆ ਜਾਂ ਪਹਾੜਾਂ ਉਤੇ ਜਾ ਚੜ੍ਹੇ ਸੀ, ਉਨ੍ਹਾਂ ਨੂੰ ਇਹੋ ਜਿਹਾ ਕੋਈ ਹੱਕ ਕਿੱਦਾਂ ਦਿੱਤਾ ਜਾ ਸਕਦਾ ਹੈ ਕਿ ਦੇਸ਼ ਦੇ ਲੋਕਾਂ ਨੂੰ ਇਹ ਸੇਧਾਂ ਦੇਣ ਕਿ ਫਲਾਣੇ ਆਗੂ ਨੂੰ ਪ੍ਰਧਾਨ ਮੰਤਰੀ ਬਣਾਓ ਤੇ ਫਲਾਣਾ ਨਾ ਬਣਨ ਦਿਓ। ਜੇ ਭਾਰਤ ਦੇ ਲੋਕ ਇਹੋ ਜਿਹੀਆਂ ਬੇਸੁਰੀਆਂ ਸੁਰਾਂ ਵੱਲ ਧਿਆਨ ਦੇਣ ਤੁਰ ਪਏ ਤਾਂ ਇਹ ਉਨ੍ਹਾਂ ਦੀ ਘੋਰ ਬਦਕਿਸਮਤੀ ਹੋਵੇਗੀ, ਜਿਸ ਨੂੰ ਪੀੜ੍ਹੀਆਂ ਤੱਕ ਭੁਗਤਣਾ ਪਵੇਗਾ।

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

# ਸ਼ਿਸਤਾਂ ਹੋਰ ਨਿਸ਼ਾਨੇ ਹੋਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਨੀਲਾ ਗਿੱਦੜ?...ਜੀ ਹਾਂ, ਨੀਲਾ ਗਿੱਦੜ! ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਅੱਠਵੀਂ ਤੋਂ ਬੱਲੜੀ ਕਿਸੇ ਜਮਾਤ ਵਿਚ ਲੱਗੀ ਹੋਈ ਪੰਜਾਬੀ ਦੀ ਕਿਤਾਬ ਵਿਚ ਇਸ ਸਿਰਲੇਖ ਵਾਲਾ ਇਕ ਪਾਠ ਹੁੰਦਾ ਸੀ। ਇਹ ਭੇਤ ਤਾਂ ਹਾਲੇ ਤੱਕ ਵੀ ਨਹੀਂ ਖੁੱਲ੍ਹਿਆ ਕਿ ਇਸ ਪਾਠ ਦੇ ਲੇਖਕ ਨੇ ਗਿੱਦੜ ਨੂੰ ਨੀਲੇ ਰੰਗ ਦਾ ਹੀ ਕਿਉਂ ਦਿਖਾਇਆ? ਪੀਲਾ, ਹਰਾ, ਸੰਤਰੀ ਜਾਂ ਕਿਸੇ ਹੋਰ ਰੰਗ ਦਾ ਕਿਉਂ ਨਹੀਂ? ਇਹੋ ਜਿਹੀਆਂ ਸੋਚਾਂ ਤਾਂ ਵੱਡੇ ਹੋਇਆਂ ਨੂੰ ਹੀ ਘੇਰਦੀਆਂ ਹਨ। ਉਦੋਂ ਬਾਲ ਮਨ ਵਿਚ ਇਹੋ ਜਿਹੇ ਗੁੰਝੇ ਸਵਾਲ ਪੈਦਾ ਹੀ ਨਹੀਂ ਸਨ ਹੁੰਦੇ। ਬੱਸ, ਇੰਨੀ ਗੱਲ ਯਾਦ ਹੈ ਕਿ ਅਸੀਂ ਇਹ ਸਬਕ ਵੱਡੇ ਚਾਅ ਨਾਲ ਹੁੱਬ-ਹੁੱਬ ਕੇ ਪੜ੍ਹਦੇ ਹੁੰਦੇ ਸਾਂ। ਇਸ ਲੇਖ ਦੇ ਵਿਚਾਲੇ ਜਿਹੇ ਇਕ ਚਿੱਤਰ ਵੀ ਛਪਿਆ ਹੁੰਦਾ ਸੀ। ਇਸ ਵਿਚ ਧਰਤੀ 'ਤੇ ਦੱਬੇ ਹੋਏ ਲਲਾਰੀ ਦੇ ਮੱਟ ਵਿਚੋਂ ਅੱਧਾ ਕੁ ਬਾਹਰ ਨੂੰ ਨਿਕਲਿਆ ਗਿੱਦੜ ਦਿਖਾਇਆ ਹੁੰਦਾ ਸੀ। ਆਪਣੇ ਆਪ ਨੂੰ ਗੂੜ੍ਹੇ ਨੀਲੇ ਰੰਗ 'ਚ ਰੰਗਿਆ ਦੇਖ ਕੇ ਗਿੱਦੜ ਦੇ ਮਨ ਵਿਚ ਫਰੇਬ ਆ ਜਾਂਦਾ ਹੈ। ਉਹ ਕਾਹਲੇ ਪੈਰੀਂ ਤੁਰਦਾ ਜੰਗਲ ਵਿਚ ਜਾ ਕੇ ਸਾਰੇ ਜਾਨਵਰਾਂ ਦੇ ਇਕੱਠ ਨੂੰ ਬੜੀ ਟੌਹਰ ਨਾਲ ਸੰਬੋਧਨ ਕਰਦਾ ਹੈ।

ਆਪਣੇ ਨਵੇਂ ਰੂਪ ਦਾ ਰੋਅਬ-ਦਾਬ ਜਮਾਉਣ ਲਈ ਉਹ ਕਿਹੋ ਜਿਹੀਆਂ ਡੀਂਗਾਂ ਮਾਰਦਾ ਹੈ ਅਤੇ ਉਸ ਦੇ ਪਾਖੰਡ ਦਾ ਪਰਦਾਫਾਸ਼ ਕਿਵੇਂ ਹੁੰਦਾ ਹੈ, ਇਹ ਘੁੰਡੀ ਰਤਾ ਕੁ ਠਹਿਰ ਕੇ ਖੋਲ੍ਹਦੇ ਹਾਂ। ਪਹਿਲਾਂ ਉਨ੍ਹਾਂ ਦਿਨਾਂ ਵਿਚ ਹੀ ਪੜ੍ਹੀ-ਸੁਣੀ ਇੱਕ ਹੋਰ ਜੰਗਲੀ ਸਾਖੀ ਦਾ ਵਰਨਣ ਕਰ ਦਿਆਂ, ਜਿਸ ਵਿਚ ਬਘਿਆੜ ਦੀ ਨੰਗੀ ਚਿੱਟੀ ਸੀਨਾ-ਜ਼ੋਰੀ ਦਾ ਜ਼ਿਕਰ ਹੈ।

ਭੁੱਖ ਨਾਲ ਵਿਆਕੁਲ ਹੋਇਆ ਬਘਿਆੜ ਪਾਣੀ ਪੀਣ ਲਈ ਨਦੀ ਕਿਨਾਰੇ ਜਾ ਪਹੁੰਚਿਆ। ਉਸ ਤੋਂ ਥੋੜ੍ਹਾ ਹਟਵਾਂ ਭੇਡ ਦਾ ਲੇਲਾ ਵੀ ਪਾਣੀ ਪੀ ਰਿਹਾ ਸੀ। ਉਹ ਨੂੰ ਦੇਖਦਿਆਂ ਹੀ ਬਘਿਆੜ ਦੀ ਭੁੱਖ ਹੋਰ ਚਮਕ ਪਈ। ਮਾਸਖੋਰਾ ਬਘਿਆੜ ਤਾਂ ਬਿਨ ਪੁੱਛਿਆ ਹੀ ਲੇਲੇ ਨੂੰ ਪਾੜ ਕੇ ਖਾ ਜਾਂਦਾ, ਪਰ ਜਾਪਦਾ ਹੈ ਕਿ ਇਸ ਕਹਾਣੀ ਵਿਚਲਾ ਬਘਿਆੜ 'ਦੀਨ-ਈਮਾਨ' ਦੇ ਪ੍ਰਗਟਾਵੇ ਦਾ ਪਾਖੰਡ ਕਰਨ ਵਾਲਾ ਹੋਣੈ। ਇਸੇ ਲਈ ਉਸ ਨੇ ਲੇਲੇ ਨੂੰ ਨਿਗਲਣ ਦਾ ਬਹਾਨਾ ਬਣਾਇਆ, "ਓਇ, ਤੈਨੂੰ ਦੀਂਹਦਾ ਨਹੀਂ, ਮੈਂ ਇਧਰ ਪਾਣੀ ਪੀ ਰਿਹੈਂ, ਤੂੰ ਜੂਠਾ ਕਰੀ ਜਾਨੈਂ?" ਬਘਿਆੜ 'ਤਾਂਹ ਨੂੰ ਬੂਥੀ ਚੁੱਕ ਕੇ ਬੋਲਿਆ।

"ਹਜ਼ੂਰ, ਇਹ ਕਿਵੇਂ ਹੋ ਸਕਦਾ ਹੈ? ਪਾਣੀ ਤਾਂ ਤੁਹਾਡੇ ਵੱਲੋਂ ਇਧਰ ਨੂੰ ਵਗ ਰਿਹੈ, ਸਗੋਂ ਤੁਹਾਡਾ ਜੂਠਾ ਮੈਂ ਪੀ ਰਿਹਾਂ!" ਲੇਲਾ ਅਧੀਨਗੀ ਨਾਲ ਬੋਲਿਆ।

ਬਿਨਾਂ ਛਿੱਥੇ ਪਿਆਂ ਮੀਸਣੇ ਬਘਿਆੜ ਨੇ ਨਿਮਾਣੇ ਲੇਲੇ ਸਿਰ ਇਕ ਹੋਰ ਦੋਸ਼ ਮੜ੍ਹ ਦਿੱਤਾ। ਅਖੇ, ਤੂੰ ਪਿਛਲੇ ਸਾਲ ਫਲਾਣੀ ਜਗ੍ਹਾ ਮੈਨੂੰ ਗਾਲਾਂ ਕਿਉਂ ਕੱਢੀਆਂ ਸਨ?"

ਲੇਲੇ ਨੇ ਫਿਰ ਮਾਸੂਮੀਅਤ ਨਾਲ ਜਵਾਬ ਦਿੱਤਾ, "ਤੁਹਾਨੂੰ ਭੁਲੇਖਾ ਲੱਗ ਰਿਹੈ ਸ੍ਰੀ ਮਾਨ! ਤੁਹਾਡੀ ਸ਼ਾਨ ਦੇ ਖ਼ਿਲਾਫ਼ ਬੋਲਣ ਵਾਲਾ ਕੋਈ ਹੋਰ ਹੋਵੇਗਾ; ਕਿਉਂਕਿ ਪਿਛਲੇ ਸਾਲ ਤਾਂ ਮੈਂ ਜੰਮਿਆ ਵੀ ਨਹੀਂ ਸਾਂ।...ਮੇਰੀ ਉਮਰ ਹੀ ਦਸ ਕੁ ਮਹੀਨਿਆਂ ਦੀ ਏ ਹਜ਼ੂਰ ਮਹਾਰਾਜ!!"

"ਤੂੰ ਨਹੀਂ ਤਾਂ ਤੇਰੀ ਮਾਂ ਹੋਵੇਗੀ।" ਤਕੜੇ ਦਾ ਸੱਤੀਂ ਵੀਹੀਂ ਸੌ ਪੂਰਾ ਕਰਨ ਵਾਲੀ ਮੱਕਾਰੀ ਨਾਲ ਖੂਨੀ ਬਘਿਆੜ ਗਰੀਬ ਲੇਲੇ ਉਤੇ ਝਪਟ ਪਿਆ ਤੇ ਪਲਾਂ ਛਿਣਾਂ 'ਚ ਉਸ ਦੀ ਅਲਖ ਮੁਕਾ ਦਿੱਤੀ।

ਜੰਗਲੀ ਸੱਭਿਆਚਾਰ ਦੀਆਂ ਇਨ੍ਹਾਂ ਲੋਕ ਕਹਾਣੀਆਂ ਦੇ ਨਾਲ ਨਾਲ ਸੱਭਿਅਕ ਸਮਝੇ ਜਾਂਦੇ ਆਪਣੇ ਮਨੁੱਖੀ ਸਮਾਜ ਦੀਆਂ ਲੋਟੂ ਚਲਾਕੀਆਂ ਦਾ ਵੀ ਵੇਰਵਾ ਸੁਣਦੇ ਚੱਲੀਏ। ਕਹਿੰਦੇ ਨੇ, ਕੋਈ ਹੱਟਾ-ਕੱਟਾ ਪੇਂਡੂ ਬੰਦਾ ਦੂਰੋਂ ਪਾਰੋਂ ਛਲਾਰੂ (ਬੱਕਰੀ ਦਾ ਬੱਚਾ) ਖਰੀਦ ਕੇ ਆਪਣੇ ਪਿੰਡ ਨੂੰ ਤੁਰਿਆ ਆ ਰਿਹਾ ਸੀ। ਰਸਤੇ ਵਿਚ ਉਸ ਨੂੰ ਚੋਰ ਟੱਕਰ ਪਏ। ਚੋਰਾਂ ਸੋਚਿਆ ਕਿ ਤਕੜੇ ਜੁੱਸੇ ਵਾਲੇ ਪੇਂਡੂ ਨਾਲ ਧੌਲ-ਧੱਫਾ ਕਰ ਕੇ ਛਲਾਰੂ ਖੋਹਿਆ ਨਹੀਂ ਜਾਣਾ। ਕਿਉਂ ਨਾ ਇਸ ਨੂੰ ਜੁਗਤ ਨਾਲ ਭੇਂਦੂ ਬਣਾ ਕੇ ਲੁੱਟਿਆ ਜਾਵੇ?

ਉਨ੍ਹਾਂ ਨੇ ਸਕੀਮ ਅਨੁਸਾਰ ਪਹਿਲਾਂ ਇਕ ਚੋਰ ਨੂੰ ਭੇਜਿਆ ਜੋ ਕੁੱਛੜ ਛਲਾਰੂ ਚੁੱਕੀ ਜਾ ਰਹੇ ਪੇਂਡੂ ਦੇ ਨਾਲ-ਨਾਲ ਤੁਰ ਪਿਆ। ਮਾੜੀ ਮੋਟੀ ਦੁਆ-ਸਲਾਮ ਕਰ ਕੇ ਚੋਰ ਬੋਲਿਆ, "ਬਾਈ ਕਤੂਰਾ ਬੜਾ ਸੋਹਣਾ ਐ, ਕਿੱਥੋਂ ਲੈ ਕੇ ਆਇਐਂ?"

"ਕਤੂਰਾ?" ਪੇਂਡੂ ਅੱਖਾਂ ਪਾੜ ਕੇ ਨਾਲ ਦੇ ਰਾਹੀ ਵੱਲ ਦੇਖ ਕੇ ਬੋਲਿਆ, "ਦਿਸਦਾ ਨ੍ਹੀਂ? ਇਹ ਕਤੂਰਾ ਨਹੀਂ ਛਲਾਰੂ ਐ, ਜੋ ਬੜੀ ਚੰਗੀ ਨਸਲ ਦਾ ਹੈ। ਪੈਸੇ ਖਰਚ ਕੇ ਲਿਆਇਆਂ ਫਲਾਣੇ ਪਿੰਡੋਂ।"

"ਮੰਨ ਨਾ ਮੰਨ ਭਾਈ, ਮੈਨੂੰ ਤਾਂ ਇਹ ਕਤੂਰਾ ਹੀ ਲਗਦਾ ਹੈ।" ਝੂਠੀ-ਮੂਠੀ ਹੈਰਾਨੀ ਵਾਲਾ ਮੂੰਹ ਬਣਾਉਂਦਿਆਂ ਇੰਨੀ ਗੱਲ ਕਹਿ ਕੇ ਚੋਰ ਛੋਹਲੇ ਪੈਰੀਂ ਆਪਣੇ ਰਾਹ ਲੱਗਾ। ਥੋੜ੍ਹੇ ਚਿਰ ਬਾਅਦ ਦੂਜਾ ਚੋਰ, ਪੇਂਡੂ ਨਾਲ ਆ ਰਲਿਆ। ਉਹ ਬੜੇ ਹੰਮੇ ਨਾਲ ਪੇਂਡੂ ਨੂੰ ਕਹਿਣ ਲੱਗਾ, "ਲਗਦਾ ਐ, ਚੰਗੇ ਈ ਪੈਸੇ ਖਰਚ ਆਇਐਂ ਵੀਰਿਆ ਕਤੂਰੇ 'ਤੇ...ਬੜੀ ਕੀਮਤੀ ਨਸਲ 'ਚੋਂ ਜਾਪਦੈ?"

ਪਹਿਲੇ ਚੋਰ ਦੀ ਗੱਲ ਸੁਣ ਕੇ ਅੱਧਾ ਕੁ ਸ਼ੱਕੀ ਹੋਇਆ ਪੇਂਡੂ ਪੂਰੇ ਗੜ੍ਹਕੇ ਦੀ ਥਾਂ ਜੀਭ ਜਿਹੀ ਮਲਦਾ ਕਹਿੰਦਾ, "ਭਾਈ ਇਹ...ਕ...ਤੂ...ਰਾ ਤਾਂ ਨਹੀਂ, ਛਲਾਰੂ ਲੈ ਕੇ ਆਇਆਂ।" ਇੰਜ ਕਹਿ ਕੇ ਉਹ ਅੱਖਾਂ ਉਘਾੜ ਉਘਾੜ ਕੇ ਕੁੱਛੜ ਚੁੱਕੇ ਛਲਾਰੂ ਵੱਲ ਦੇਖਣ ਲੱਗ ਪਿਆ। ਉਸ ਦੇ ਵਿਸ਼ਵਾਸ ਨੂੰ ਜਰਬਾਂ ਆ ਗਈਆਂ।

"ਇਮਾਨਦਾਰੀ ਤਾਂ ਖੰਭ ਲਾ ਕੇ ਉਡ ਗਈ ਐ ਸਾਡੇ ਦੇਸ਼ 'ਚੋਂ", ਫਰੇਬੀ ਹਾਸੀ ਹੱਸਦਿਆਂ ਦੂਜਾ ਚੋਰ ਪੇਂਡੂ ਨੂੰ ਭੁਚਲਾਉਣ ਲੱਗਿਆ, "ਭੋਲੇ ਪਾਤਸ਼ਾਹਾ, ਤੈਨੂੰ ਕਿਸੇ ਨੇ ਠੱਗ ਲਿਐ...ਛਲਾਰੂ ਦੇ ਭੁਲੇਖੇ ਕਤੂਰਾ ਚੁੱਕ ਕੇ ਫੜਾ 'ਤਾ...ਘਰ ਗਏ ਨੂੰ ਤੈਨੂੰ ਗਾਲਾਂ ਪੈਣਗੀਆਂ।" ਪੇਂਡੂ ਦੇ ਮਨ ਵਿਚ ਸ਼ਹੁ ਪਾ ਕੇ ਦੂਜਾ ਚੋਰ ਤੁਰਦਾ ਬਣਿਆ।

ਹੁਣ ਦੁਚਿੱਤੀ 'ਚ ਪਿਆ ਤੁਰਿਆ ਜਾਂਦਾ ਪੇਂਡੂ ਸ਼ੱਕੀ ਤੇ ਵਹਿਮੀ ਹੋ ਗਿਆ। ਚੋਰਾਂ ਨੇ ਗੱਲਾਂ ਦਾ ਕੜਾਹ ਬਣਾ ਬਣਾ ਕੇ ਉਸ ਦਾ ਐਸਾ ਸਿਰ ਘੁਮਾਇਆ ਕਿ ਉਹ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਵਾਕਿਆ ਈ ਉਹਦੇ ਨਾਲ ਚਾਰ ਸੌ ਵੀਹ ਹੋ ਗਈ ਲਗਦੀ ਐ! ਦੋ ਬੰਦੇ ਝੂਠ ਥੋੜ੍ਹੀ ਬੋਲ ਸਕਦੇ ਐ। ਇੰਜ ਬਦ-ਹਵਾਸੀ ਦਾ ਸ਼ਿਕਾਰ ਹੋ ਕੇ ਗਿੱਟੀਆਂ ਗਿਣਦਾ ਤੁਰਿਆ ਜਾਂਦਾ ਉਹ ਕੁੱਛੜਲੇ ਛਲਾਰੂ ਵੱਲ ਟੀਰੀ ਨਜ਼ਰ ਨਾਲ ਦੇਖਦਾ। ਉਹਦੇ ਦਿਲੋ-ਦਿਮਾਗ ਵਿਚ 'ਕਤੂਰੇ' ਨੇ ਫਤੂਰ ਮਚਾ ਦਿੱਤਾ। ਉਹ ਦਾ ਸ਼ੱਕ 'ਯਕੀਨ' ਵਿਚ ਬਦਲ ਰਿਹਾ ਸੀ ਕਿ ਇੰਨੇ ਨੂੰ ਤੀਜਾ ਚੋਰ ਆ ਮਿਲਿਆ। ਇੱਧਰ ਉਧਰ ਦੀਆਂ ਔਲ-ਵੱਲੀਆਂ ਮਾਰ ਕੇ ਛਲਾਰੂ ਵੱਲ ਗਹੁ ਨਾਲ ਤੱਕਦਿਆਂ, ਉਹ ਇਕ ਦਮ ਚਹਿਕਿਆ, "ਮੰਨ ਗਏ ਬਈ ਭਰਾ ਦੀ ਪਾਰਖੂ ਨਜ਼ਰ ਨੂੰ! ਬਾਈ ਤਾਂ ਤਕੜਾ ਈ ਸ਼ਿਕਾਰੀ ਲੱਗਦੈ...ਕਿੰਨਾ ਚੁਲਬਲਾ ਕਤੂਰਾ ਭਾਲ ਕੇ ਲਿਆਂਦਾ ਐ ਕਿਤਿਉਂ...!!" ਇਹ ਗੱਲ ਸੁਣਦਿਆਂ ਸਾਰ ਦੰਦੀਆਂ ਪੀਂਹਦਿਆਂ ਪੇਂਡੂ ਨੇ ਕੁੱਛੜ ਚੁੱਕਿਆ ਛਲਾਰੂ ਔਹ ਮਾਰਿਆ ਵਗਾਹ ਕੇ! ਜਿਨ੍ਹਾਂ ਤੋਂ ਛਲਾਰੂ ਖਰੀਦ ਕੇ ਲਿਆਇਆ ਸੀ, ਉਨ੍ਹਾਂ ਨੂੰ ਗਾਲਾਂ ਕੱਢਦਾ ਪਿਛਾਂਹ ਮੁੜ ਪਿਆ।

ਲੇਖ ਦੇ ਅਰੰਭ ਵਿਚ ਛੋਹੀ ਨੀਲੇ ਗਿੱਦੜ ਵਾਲੀ ਕਹਾਣੀ ਮੁਕਾ ਕੇ ਅੱਗੇ ਵਧਦੇ ਹਾਂ। ਅਜੀਬੋ-ਗਰੀਬ ਰੰਗ ਢੰਗ ਵਾਲਾ ਅਣਪਛਾਤਾ ਜਾਨਵਰ ਦੇਖ ਕੇ ਜੰਗਲ ਦੇ ਸਾਰੇ ਜਾਨਵਰ ਉਸ ਤੋਂ ਭੈਅ ਖਾਣ ਲੱਗੇ। ਉਤੋਂ ਉਸ ਨੇ ਸਾਰਿਆਂ ਨੂੰ 'ਕੱਠੇ ਕਰ ਕੇ ਡੀਂਗਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਅਖੇ, ਅੱਜ ਤੋਂ ਜੰਗਲ ਵਿਚ ਸ਼ੇਰ ਦੀ ਬਾਦਸ਼ਾਹੀ ਖ਼ਤਮ! ਰੱਬ ਨੇ ਹੁਣ ਮੈਨੂੰ ਸ਼ਹਿਨਸ਼ਾਹ ਬਣਾ ਕੇ ਭੇਜਿਆ ਹੈ। ਉਸ ਦੇ ਇਸ ਐਲਾਨ ਤੋਂ ਜੰਗਲ ਦੇ ਮਾਰਖੋਰੇ ਜਾਨਵਰ ਵੀ ਭੈਭੀਤ ਹੋ ਗਏ। ਹਾਲੇ ਉਸ ਦੀਆਂ ਫੜ੍ਹਾਂ ਦੀ ਚਰਚਾ ਚੱਲ ਹੀ ਰਹੀ ਸੀ ਕਿ ਦੂਰ ਕਿਤੇ ਪਹਾੜੀ ਦੀ ਗੁੱਠ 'ਚੋਂ ਗਿੱਦੜਾਂ ਦੇ ਹਵਾਂਕਣ ਦੀਆਂ ਆਵਾਜ਼ਾਂ ਆਈਆਂ। ਕਈ ਦਿਨਾਂ ਬਾਅਦ ਭਾਈਚਾਰੇ ਦੀਆਂ ਸੁਰੀਲੀਆਂ ਕੂਕਾਂ ਸੁਣ ਕੇ ਨੀਲਾ ਗਿੱਦੜ ਵੀ ਹਵਾਂਕਣ ਲੱਗ ਪਿਆ। 'ਬੋਲਣ ਪਾਜ ਉਘਾੜਿਆ' ਅਨੁਸਾਰ ਉਸ ਦਾ ਸਾਰਾ ਪਖੰਡ ਨੰਗਾ ਹੋ ਗਿਆ। ਗੁੱਸੇ 'ਚ ਆਏ ਬਘਿਆੜਾਂ ਨੇ ਉਸ ਦੀਆਂ ਲੀਰਾਂ ਲਾਹ ਸੁੱਟੀਆਂ।

ਲਓ ਜੀ, ਹੁਣ ਇਨ੍ਹਾਂ ਲੋਕ-ਕਥਾਵਾਂ ਦਾ ਮਿਸ਼ਰਨ ਬਣਾ ਕੇ, ਇਨ੍ਹਾਂ 'ਚੋਂ ਵੱਖ ਵੱਖ ਪਾਤਰ ਚੁਣ ਲਈਏ ਅਤੇ ਉਨ੍ਹਾਂ ਦੇ ਚਰਿੱਤਰ, ਆਦਤਾਂ ਤੇ ਕਰਤੂਤਾਂ ਚਿਤਵਦਿਆਂ ਆਪਣੇ ਦੇਸ਼ ਜਾ ਵੜੀਏ; ਜਿੱਥੇ ਅਨੇਕ ਭਾਂਤ ਦੇ ਸਿਆਸੀ ਆਗੂ ਆਪੋ ਆਪਣਾ ਛਿੰਝ ਚਲਾ ਰਹੇ ਹਨ। ਕੋਈ ਚਿੱਟਾ, ਕੋਈ ਭਗਵਾਂ, ਕੋਈ ਨੀਲਾ ਬਣ ਕੇ ਜਨਤਾ ਰੂਪੀ ਜੰਗਲ ਵਾਸੀਆਂ ਨੂੰ ਬੁੱਧੂ ਬਣਾ ਰਿਹਾ ਹੈ। ਕੋਈ ਹੇਰਾਫੇਰੀ ਦੇ ਦਾਅ ਖੇਡਦਿਆਂ ਛਲਾਰੂ ਦਾ ਕਤੂਰਾ ਬਣਾਈ ਜਾ ਰਿਹਾ। ਕਿਤੇ ਕਤੂਰੇ ਨੂੰ ਛਲਾਰੂ ਦੱਸ ਕੇ ਭੋਲੀ ਜਨਤਾ ਦੇ ਅੱਖੀਂ ਘੱਟਾ ਪਾਇਆ ਜਾ ਰਿਹਾ ਹੈ। ਕਿਤੇ ਕੋਈ ਧਾਰਮਿਕ ਲਿਬਾਸ ਪਹਿਨ ਕੇ ਲੇਲੇ ਵਰਗੇ ਨਿਮਾਣੇ ਸ਼ਰਧਾਲੂਆਂ ਦਾ ਸ਼ੋਸ਼ਣ ਕਰ ਰਿਹਾ ਹੈ। ਸਿਧਰੇ ਪੇਂਡੂ ਕੋਲੋਂ ਛਲਾਰੂ ਲੁੱਟਣ ਵਾਲੇ ਫਰੇਬੀ ਠੱਗਾਂ ਵਾਂਗ ਕੂੜ੍ਹਰ ਤੋਲਦਿਆਂ ਜਨਤਾ ਨੂੰ ਮੂਰਖ ਬਣਾਇਆ ਜਾ ਰਿਹਾ ਹੈ। ਨੀਲੇ ਗਿੱਦੜਾਂ ਦਾ ਪਾਜ ਖੁੱਲ੍ਹ ਜਾਣ ਦੇ ਬਾਵਜੂਦ ਲੋਕ ਬਘਿਆੜਾਂ ਵਾਲਾ ਫਾਰਮੂਲਾ ਵਰਤਣੋਂ ਨਹੀਂ ਹਟਦੇ।

ਚਿੱਟੇ ਅਤੇ ਨੀਲੇ ਰੰਗਾਂ ਦਾ ਜ਼ਿਕਰ ਆਉਣ 'ਤੇ ਮੈਨੂੰ ਆਪਣੇ ਸਕੂਲ ਟਾਈਮ ਦੀਆਂ ਕੰਧਾਂ 'ਤੇ ਲਿਖੇ ਨਾਹਰੇ ਯਾਦ ਆ ਗਏ। ਨਕਸਲੀਆਂ ਨੇ ਪੰਜਾਬ 'ਚ ਤੀਜੀ ਧਿਰ ਦਾ ਪਿੜ ਬੰਨ੍ਹਣ ਲਈ ਨਾਹਰਾ ਲਾਇਆ ਸੀ,

ਚਿੱਟੇ ਬਗਲੇ ਨੀਲੇ ਮੋਰ
ਇਹ ਵੀ ਚੋਰ ਤੇ ਉਹ ਵੀ ਚੋਰ।

ਲੇਕਿਨ ਗਫਲਤ ਦੀ ਨੀਂਦ 'ਚ ਮਸਤ ਹੋਏ ਦੇਸ਼ਵਾਸੀਆਂ, ਖਾਸ ਕਰ ਕੇ ਪੰਜਾਬੀਆਂ ਨੇ, ਨਾ ਉਦੋਂ ਰੰਗ ਬਰੰਗੇ ਬਗਲਿਆਂ-ਗਿੱਦੜਾਂ ਦਾ ਖਹਿੜਾ ਛੱਡਿਆ ਸੀ ਅਤੇ ਨਾ ਹੀ ਨਿਕਟ ਭਵਿੱਖ ਵਿਚ ਅਜਿਹੀ ਕੋਈ ਸੰਭਾਵਨਾ ਨਜ਼ਰ ਆਉਂਦੀ ਹੈ। ਬਹਿਰੂਪੀਏ ਗਿੱਦੜ ਵੀ ਬਾਦਸ਼ਾਹੀਆਂ ਮਾਣ ਰਹੇ ਹਨ। ਬੇਵੱਸ ਹੋਏ ਲੇਲੇ ਵੀ ਦਹਾੜਦੇ ਹੋਏ ਬਘਿਆੜ, ਬਦਰੰਗੇ ਗਿੱਦੜ ਵਗੈਰਾ ਸਾਜ਼ਿਸ਼ੀ ਜੁੱਟ ਬਣਾ ਕੇ ਲਾਰਿਆਂ, ਵਾਅਦਿਆਂ ਤੇ ਝੂਠੇ ਦਾਅਵਿਆਂ ਨਾਲ ਪਰਜਾ ਨੂੰ ਪਰਚਾਈ ਜਾਂਦੇ ਹਨ। ਅਜਿਹਾ ਤਾਣਾ ਬਾਣਾ ਦੇਖਦਿਆਂ ਹਰਭਜਨ ਸਿੰਘ ਬੈਂਸ ਦਾ ਸ਼ਿਅਰ ਯਾਦ ਆਉਂਦਾ ਹੈ ਜੋ ਕਾਫ਼ੀਆ ਤੁਕਾਂਤ ਪੱਖੋਂ ਨਕਸਲੀਆਂ ਦੇ ਉਪਰ ਦੱਸੇ ਨਾਹਰੇ ਦਾ ਹਿੱਸਾ ਹੀ ਜਾਪਦਾ ਹੈ,

ਦੁਸ਼ਮਣ ਹੱਥ ਨਿਆਂ ਦੀ ਡੋਰ
ਸ਼ਿਸਤਾਂ ਹੋਰ ਨਿਸ਼ਾਨੇ ਹੋਰ!

# ਰਾਜ, ਸਮਾਜ ਤੇ ਰੋਜ਼ਗਾਰ ਦਾ ਮਰਦਾਵਾਂ ਖਾਸਾ

ਕੁਲਦੀਪ ਕੌਰ

ਕੰਮ ਦੇ ਸਥਾਨ 'ਤੇ ਜਿਨਸੀ-ਸ਼ੋਸ਼ਣ ਵਿਰੋਧੀ ਕਾਨੂੰਨ ਨੇ ਭਾਰਤੀ ਸਮਾਜ ਵਿਚ ਵਿਆਪਕ ਤੌਰ ਤੇ ਮੌਜੂਦ ਲਿੰਗ ਵਿਤਕਰੇ ਵੱਲ ਦੁਬਾਰਾ ਧਿਆਨ ਕੇਂਦਰਿਤ ਕੀਤਾ ਹੈ। ਭਾਰਤੀ ਸਮਾਜ ਵਿਚ ਲਿੰਗ ਵਿਤਕਰਾ ਵਰਗ-ਵੰਡ, ਜਾਤ-ਪਾਤ, ਆਰਥਿਕ ਅਸਮਾਨਤਾ ਅਤੇ ਸਮਾਜਿਕ ਅਨਿਆਂ ਦੇ ਰੁਝਾਨਾਂ ਨਾਲ ਸਿੱਧਾ ਸਬੰਧਿਤ ਹੈ। ਅੱਜ 'ਇੰਡੀਆ ਸ਼ਾਈਨਜ਼' ਦਾ ਦੌਰ ਮੱਧਮ ਪੈ ਰਿਹਾ ਹੈ ਅਤੇ ਮਹਿੰਗਾਈ, ਬੇਰੁਜ਼ਗਾਰੀ/ਗਰੀਬੀ ਦਾ ਸਬੱਬ ਬਣੀ ਨਿੱਜੀ ਇਜ਼ਾਰੇਦਾਰੀ ਆਪਣੇ ਸ਼ਿਖਰ ਤੇ ਹੈ, ਸੰਗਠਿਤ-ਗੈਰਸੰਗਠਿਤ ਕਾਮਿਆਂ ਦੇ ਕੰਮ ਕਰਨ ਦੇ ਹਾਲਾਤ ਦਿਨੋਂ-ਦਿਨ ਗੈਰਮਾਨਵੀ ਰਹੇ ਹਨ। ਇਸ ਸਬੰਧ ਵਿਚ ਇੱਕ ਮਹੱਤਵਪੂਰਨ ਨੁਕਤਾ ਇਹ ਹੈ ਕਿ ਹੁਣ ਦੇ ਭਾਰਤ ਦਾ ਰਾਜਨੀਤਿਕ ਕਾਰ-ਵਿਹਾਰ, ਆਰਥਿਕ ਤੰਤਰ, ਸਮਾਜਿਕ ਤਾਣਾ-ਬਾਣਾ, ਧਾਰਮਿਕ ਵਪਾਰਵਾਦ ਜਿੱਥੇ ਬਸਤੀਵਾਦੀ ਲੀਹਾਂ ਤੇ ਕੰਮ ਕਰ ਰਿਹਾ ਹੈ, ਉਥੇ ਇਸ ਦਾ ਖਾਸਾ ਪਿੱਤਰ-ਸੱਤਾ ਨਿਰਧਾਰਿਤ ਕਰਦੀ ਹੈ। ਉਪਰੋਕਤ ਸਾਰੇ ਢਾਂਚਿਆਂ ਦਾ ਆਰਥਿਕਤਾ ਅਤੇ ਵਿਗਿਆਨਕ ਸੋਚਣੀ ਨਾਲ ਰਾਬਤਾ ਸੱਤਾ, ਪੂੰਜੀ ਤੇ ਮਰਦਾਵੀਂ ਹੈਂਕੜ ਰਾਹੀਂ ਸਮਝਿਆ ਤੇ ਅਪਨਾਇਆ ਜਾਂਦਾ ਹੈ। ਕੰਮ ਦੇ ਸਥਾਨ ਅਸਲ ਵਿਚ ਉਹ ਸਪੇਸ ਹਨ ਜਿੱਥੇ ਕਿਸੇ ਵੀ ਸਮਾਜ ਦੇ ਸੱਭਿਆਚਾਰ, ਵਿਗਿਆਨਕ ਸੋਚਣੀ, ਮਾਨਵੀ ਸੂਝ ਅਤੇ ਲੋਕਤੰਤਰੀ ਰਿਸ਼ਤਿਆਂ ਦੀ ਪਰਖ ਹੋਣੀ ਹੁੰਦੀ ਹੈ। ਇਸ ਤਰ੍ਹਾਂ ਕੰਮ ਦੇ ਸਥਾਨਾਂ ਤੇ ਹੁੰਦਾ ਜਿਨਸੀ-ਸ਼ੋਸ਼ਣ ਅਸਲ ਵਿਚ ਲਿੰਗ-ਵਿਤਕਰੇ ਅਤੇ ਲਿੰਗ-ਆਧਾਰਿਤ ਹਿੰਸਾ ਦੀ ਅਗਲੀ ਕੜੀ ਹੈ।

ਕੰਮ ਦੇ ਸਥਾਨ ਤੇ ਜਿਨਸੀ-ਸ਼ੋਸ਼ਣ ਸਬੰਧੀ ਵਿਚਾਰਧਾਰਕ ਬਹਿਸ ਹਾਲੇ ਆਪਣੇ ਮੁੱਢਲੇ ਦੌਰ ਵਿਚ ਹੈ। ਕੰਮ-ਸਥਾਨ ਨੂੰ ਅਕਸਰ ਦਫਤਰਾਂ, ਕਾਰਖਾਨਿਆਂ, ਕਾਲਜਾਂ, ਯੂਨੀਵਰਸਿਟੀਆਂ ਜਾਂ ਬਹੁਕੌਮੀ ਕੰਪਨੀਆਂ ਦੀਆਂ ਸ਼ਾਖਾਵਾਂ ਤੱਕ ਸੀਮਿਤ ਕਰਕੇ ਸਮਝਿਆ ਜਾਂਦਾ ਹੈ। ਦੂਸਰਾ ਇਹ ਮੰਨ ਕੇ ਚੱਲਿਆ ਜਾਂਦਾ ਹੈ ਕਿ ਜਿਨਸੀ ਸ਼ੋਸ਼ਣ ਹਮੇਸ਼ਾ ਉਚ-ਅਧਿਕਾਰੀ ਮਰਦ ਵੱਲੋਂ ਨਿਮਨ-ਅਧਿਕਾਰੀ ਔਰਤ ਦਾ ਹੀ ਹੁੰਦਾ ਹੈ। ਇਸ ਸਬੰਧੀ ਪਹਿਲੀ ਮਹੱਤਵਪੂਰਨ ਦਲੀਲ ਇਹ ਬਣਦੀ ਹੈ ਕਿ ਕੰਮ ਦਾ ਸਥਾਨ ਸਿਰਫ ਉਪਰੋਕਤ ਅਦਾਰਿਆਂ ਤੱਕ ਸੀਮਿਤ ਨਹੀਂ ਸਗੋਂ ਹਜ਼ਾਰਾਂ-ਲੱਖਾਂ ਔਰਤਾਂ-ਮਰਦ ਖੇਤਾਂ, ਘਰਾਂ, ਸੜਕਾਂ, ਬਜ਼ਾਰਾਂ, ਜੰਗਲਾਂ, ਪਹਾੜਾਂ ਆਦਿ ਵਿਚ ਕੰਮ ਕਰਦੇ ਹਨ। ਕੰਮ ਕਰਨ ਦੇ ਸਥਾਨ ਨਾਲੋਂ ਵੀ ਲਿੰਗ-ਸ਼ੋਸ਼ਣ ਦਾ ਵੱਡਾ ਖਤਰਾ ਕੰਮ ਦੇ ਸਥਾਨ 'ਤੇ ਪਹੁੰਚਣ ਲਈ ਵਰਤੇ ਜਾਂਦੇ ਆਵਾਜਾਈ-ਸਾਧਨਾਂ, ਰਸਤਿਆਂ ਤੇ ਇਮਾਰਤਾਂ ਵਿਚੋਂ ਗੁਜ਼ਰਨ ਸਮੇਂ ਹੁੰਦਾ ਹੈ। ਇਸ ਤੋਂ ਇਲਾਵਾ ਵਿਆਹ-ਸੰਸਥਾ, ਪਰਿਵਾਰਕ ਮੈਂਬਰਾਂ ਵੱਲੋਂ ਕੀਤੇ ਜਿਨਸੀ ਹਮਲੇ, ਕੁੱਝ ਖਾਸ ਕਿੱਤਿਆਂ ਜਿਵੇਂ ਨਾਚ-ਗਾਣਾ ਵਿਚ ਸ਼ਾਮਿਲ ਕਾਮਿਆਂ ਦੇ ਲਿੰਗ-ਸ਼ੋਸ਼ਣ, ਵੇਸਵਾਵਾਂ ਦੇ ਲਿੰਗ-ਸ਼ੋਸ਼ਣ ਆਦਿ ਸਬੰਧੀ ਨਵੇਂ ਸਿਰੇ ਤੋਂ ਸੋਚ-ਵਿਚਾਰ ਦੀ ਗੁੰਜਾਇਸ਼ ਬਣਦੀ ਹੈ।

ਦੂਜੀ ਮਹੱਤਵਪੂਰਨ ਦਲੀਲ ਲਿੰਗ-ਸ਼ੋਸ਼ਣ, ਦਾ ਸ਼ਿਕਾਰ ਕੌਣ ਹੋ ਸਕਦਾ ਬਾਰੇ ਹੈ। ਇਸ ਸਬੰਧ ਵਿਚ ਮਹੱਤਵਪੂਰਨ ਨੁਕਤਾ ਇਹ ਹੈ ਕਿ ਭਾਰਤ ਜਿਹੇ ਅਰਧ-ਵਿਕਸਿਤ ਦੇਸ਼ਾਂ ਵਿਚ ਨਾਬਾਲਗ ਬੱਚੇ-ਬੱਚੀਆਂ, ਖਾਸ ਕਰਕੇ ਜੋ ਗਰੀਬੀ ਤੇ ਭੁੱਖਮਰੀ ਕਾਰਨ ਆਪਣੇ ਘਰਾਂ ਅਤੇ ਖੇਤਾਂ ਵਿਚ ਖਦੇੜ ਕੇ ਜਾਂ ਖਰੀਦ ਕੇ ਸ਼ਹਿਰੀ ਬਸਤੀਆਂ ਦੇ ਘਰਾਂ ਅਤੇ ਬਜ਼ਾਰਾਂ ਵਿਚ ਕੰਮ ਕਰਦੇ ਹਨ, ਉਨ੍ਹਾਂ ਦਾ ਲਿੰਗ-ਸ਼ੋਸ਼ਣ ਅਨੁਪਾਤ ਬਾਕੀ ਸ਼੍ਰੇਣੀਆਂ ਦੇ ਮੁਕਾਬਲੇ ਜ਼ਿਆਦਾ ਹੈ। ਇਥੋਂ ਸਵਾਲ ਇਹ ਬਣਦਾ ਹੈ ਕਿ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਪੇਂਡੂ ਅਤੇ ਪਿਛੜੇ ਖੇਤੀ ਆਧਾਰਿਤ ਖਿੱਤਿਆਂ ਦੇ ਵਾਸੀਆਂ ਨੂੰ ਉਜਾੜਕੇ ਸ਼ਹਿਰਾਂ ਵਿਚ ਉਧਾਰੀ ਅਤੇ ਜ਼ਲਾਲਤ ਦੀ ਜ਼ਿੰਦਗੀ ਵਿਚ ਧੱਕਣ ਲਈ ਰਾਜਨੀਤਿਕ ਪ੍ਰਬੰਧ ਨੂੰ ਸਿੱਧੇ ਤੌਰ ਤੇ ਲਿੰਗ-ਸ਼ੋਸ਼ਣ ਦਾ ਕਾਰਣ ਕਿਉਂ ਨਹੀਂ ਮੰਨਿਆ ਜਾ ਸਕਦਾ?

ਕੰਮ ਨੂੰ ਆਰਥਿਕ ਗਤੀਵਿਧੀ ਮੰਨਿਆ ਜਾਂਦਾ ਹੈ। ਆਰਥਿਕ ਗਤੀਵਿਧੀ ਆਲਮੀਕਰਣ ਅਤੇ ਉਦਾਰੀਕਰਣ ਦੁਆਰਾ ਸਿਰਜੀਆ ਮੰਡੀਆਂ ਵਿਚ ਵਾਪਰ ਰਹੀ ਹੈ ਜਿੱਥੇ ਮਨੁੱਖੀ ਸਰੀਰਾਂ ਤੋਂ ਮਨੁੱਖੀ ਵਿਚਾਰਾਂ ਤੱਕ ਦੀ ਵੇਚ-ਖਰੀਦ ਮੁਨਾਫਾ ਸਿਧਾਂਤਾਂ ਤੇ ਨਿਰਭਰ ਹੈ। ਸੰਚਾਰ ਦੇ ਸਾਧਨ ਅਤੇ ਸੂਚਨਾ ਦਾ ਤੰਤਰ ਵੇਚੇ-ਖਰੀਦੇ ਉਤਪਾਦਾਂ ਬਾਰੇ ਧਾਰਨਾਵਾਂ ਤੇ ਮਿੱਥਾਂ, ਸਿਰਜਣ ਅਤੇ ਉਨ੍ਹਾਂ ਦੀ ਇਸ਼ਤਿਹਾਰਬਾਜ਼ੀ ਦਾ ਮੁੱਖ ਮਾਧਿਅਮ ਬਣ ਰਹੇ ਹਨ। ਪਿਛਲੇ ਸਾਲਾਂ ਵਿਚ ਆਲਮੀ ਮੰਡੀਆਂ ਅਜਿਹੇ ਅਧਿਐਨਾਂ ਅਤੇ ਸੂਚਨਾਵਾਂ ਨਾਲ ਅੱਟੀਆ ਹੋਇਆ ਹਨ ਜਿਹੜੀਆਂ ਅਜੋਕੀ ਔਰਤ ਦੇ ਲਿੰਗਕ-ਵਰਤਾਰੇ ਬਾਰੇ ਤੱਥਾਂ ਤੋਂ ਕੋਹਾਂ ਦੂਰ ਭੁਲੇਖੇ ਸਿਰਜ ਕੇ ਉਸ ਦਾ ਅਕਸ ਇੱਕ ਉਤਪਾਦ ਦੀ ਤਰ੍ਹਾਂ ਘੜ੍ਹ ਰਹੀਆਂ ਹਨ। ਅਜਿਹਾ ਰੁਝਾਨ ਜਿਥੇ ਕਿਸੇ ਵੀ ਖਿੱਤੇ ਦੀਆਂ ਔਰਤਾਂ ਦੇ ਵਿਚਰਣ, ਸੋਚਣ ਅਤੇ ਸੰਘਰਸ਼ ਕਰਨ ਦੇ ਤਰਕਾਂ ਨੂੰ ਡੂੰਘੀ ਸੱਟ ਮਾਰਦਾ ਹੈ, ਉਥੇ ਦੂਜੇ ਪਾਸੇ ਸਮੁੱਚੇ ਸਮਾਜ ਦੀ ਲਿੰਗਕ ਜ਼ਿੰਮੇਵਾਰੀ ਅਤੇ ਔਰਤਪਣ ਪ੍ਰਤੀ ਲੋੜੀਂਦੀ ਸੰਵੇਦਨਸ਼ੀਲਤਾ ਨੂੰ ਖੁੰਢਾ ਕਰ ਦਿੰਦਾ ਹੈ। ਅੱਜ ਆਲਮੀ ਮੰਡੀਆਂ ਵਿਚ ਔਰਤ-ਕਿਰਤ ਦੀ ਹਿੱਸੇਦਾਰੀ ਵਧੀ ਹੈ ਪਰ ਉਸ ਦੀ ਫ਼ੈਸਲੇ ਲੈਣ ਦੀ ਸਮਰੱਥਾ, ਆਜ਼ਾਦ ਵਿਚਰਣ ਦਾ ਹੁਨਰ ਅਤੇ ਸਿਰਜਣਸ਼ੀਲਤਾ ਘਟੀ ਹੈ। ਇਸ ਰੁਝਾਨ ਲਈ ਜਿੱਥੇ ਪਰੰਪਰਾਵਾਦੀ ਮੁੱਲਾਂ ਤੇ ਖੜ੍ਹੇ ਕਾਰਜਕਾਰੀ ਢਾਂਚਿਆਂ (ਪਰਿਵਾਰ, ਸਮਾਜ, ਰਾਜ ਤੇ ਸਮਾਜ) ਦਾ ਕਸੂਰ ਤੈਅ ਕੀਤਾ ਜਾਣਾ ਬਣਦਾ ਹੈ, ਉਥੇ ਔਰਤਾਂ ਵਿਚ ਸਮੂਹਿਕਤਾ ਅਤੇ ਸਮਾਨਤਾ ਦਾ ਵਾਤਾਵਰਣ ਸਿਰਜਣ ਸਬੰਧੀ ਜ਼ਰੂਰੀ ਚੇਤੰਨਤਾ ਦਾ ਖੱਪਾ ਪੂਰਨ ਦਾ ਯਤਨ ਵੀ ਕਰਨਾ ਬਣਦਾ ਹੈ।

ਕੰਮ ਦੇ ਸਥਾਨ 'ਤੇ ਜਿਨਸੀ-ਸ਼ੋਸ਼ਣ ਦਾ ਵਰਤਾਰਾ ਸੱਭਿਆਚਾਰਕ ਵਿਰਾਸਤ ਅਤੇ ਸਮਾਜੀਕਰਣ ਦੀ ਪ੍ਰਕ੍ਰਿਆ ਦਾ ਜੋੜ-ਫਲ ਵੀ ਹੁੰਦਾ ਹੈ। ਕਿਸੇ ਵੀ ਸ਼ੋਸ਼ਣ ਵਿਚ ਵਰਤੀ ਜਾਂਦੀ ਸ਼ਬਦਾਵਲੀ ਅਤੇ ਸੱਭਿਆਚਾਰਕ ਤੱਤਾਂ ਬਾਰੇ ਵਿਚਾਰਿਆ ਜਾਵੇ ਤਾਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਬਹੁਤ ਵਾਰ ਲਿੰਗਕ ਵਰਤਾਰੇ ਦੀ ਵਿਆਕਰਣ ਸਮਾਜੀਕਰਣ ਦਾ ਹਿੱਸਾ ਹੀ ਹੁੰਦੀ ਹੈ। ਲੋਕਤੰਤਰੀ ਮੁੱਲਾਂ ਅਤੇ ਮਾਨਵੀ ਚੇਤੰਨਤਾ ਵਾਲੇ ਸਮਾਜਾਂ ਵਿਚ ਵੀ ਇਸ ਰੁਝਾਨ ਨੂੰ ਇਸਤਰੀਵਾਦੀ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ ਨਹੀਂ ਹੁੰਦੀ। ਇਥੇ ਇੱਕ ਪਾਸੇ ਸੱਭਿਅਤਾ ਦੇ ਵਿਕਾਸ 'ਤੇ ਸੁਆਲ ਖੜ੍ਹਾ ਹੁੰਦਾ ਹੈ, ਦੂਜੇ ਪਾਸੇ ਹੁਣ ਤੱਕ ਦੇ ਰਾਜਨੀਤਿਕ ਸਿਧਾਂਤਾਂ ਦਾ ਪਿੱਤਾ-ਪੁਰਖੀ ਝੁਕਾਅ ਵੀ ਉਘੜ ਕੇ ਸਾਹਮਣੇ ਆ ਜਾਂਦਾ ਹੈ।

ਇਸੇ ਸਬੰਧ ਵਿਚ ਸਮਾਜਿਕ ਗਿਆਨ, ਸਮਾਜਿਕ ਮੁੱਲਾਂ ਅਤੇ ਸਮਾਜਿਕ ਚੇਤੰਨਤਾ ਨੂੰ ਘੜ੍ਹਨ ਵਾਲੇ ਤੰਤਰ 'ਤੇ ਵੀ ਸਵਾਲ ਉਠਦਾ ਹੈ। ਉਸ ਖਿੱਤੇ ਦਾ ਸਾਹਿਤ, ਸੰਗੀਤ, ਗੀਤਕਾਰੀ, ਕਿੱਸੇ, ਪ੍ਰੀਤ-ਕਹਾਣੀਆਂ, ਸੂਰਵੀਰਤਾ ਦੇ ਚਿੰਨ੍ਹ, ਫਿਲਮਸਾਜ਼ੀ, ਸੰਚਾਰਤੰਤਰ, ਲੋਕ-ਤੱਥ ਅਤੇ ਆਵਾਜਾਈ ਸਾਧਨ, ਕੀ ਇਹ ਸਿੱਧੇ-ਅਸਿੱਧੇ ਤੌਰ ਤੇ ਲਿੰਗ ਸ਼ੋਸ਼ਣ ਦੇ ਹੱਕ ਵਿਚ ਤਾਂ ਨਹੀਂ ਭੁਗਤ ਰਿਹਾ? ਇਸ ਤੋਂ ਅਗਲਾ ਸਵਾਲ ਉਨ੍ਹਾਂ ਸੰਸਥਾਵਾਂ 'ਤੇ ਵੀ ਉਠਦਾ ਹੈ ਜਿਨ੍ਹਾਂ ਨੇ ਸਦੀਆਂ ਤੋਂ ਨੈਤਿਕਤਾ, ਮਨੁੱਖਤਾ, ਚੰਗਿਆਈ ਅਤੇ ਪੁੰਨ ਦੇ ਸਿਰ 'ਤੇ ਕਮਾਇਆ, ਖੱਟਿਆ ਤੇ ਖਾਧਾ ਹੈ। ਇਸ ਵਿਚ ਧਰਮ, ਸਮਾਜਿਕ ਜੱਥੇਬੰਦੀਆਂ ਅਤੇ ਰਾਜਨੀਤਿਕ ਦਲਾਂ ਦੇ ਰੋਲ ਦੀ ਵਿਆਖਿਆ ਜ਼ਰੂਰੀ ਹੈ। ਜੇਕਰ ਉਪਰੋਕਤ ਢਾਂਚੇ ਅਤੇ ਸੰਸਥਾਵਾਂ ਆਪਣੀ ਅੱਧੀ ਅਬਾਦੀ ਲਈ ਲਗਾਤਾਰ ਦਹਿਸ਼ਤ ਅਤੇ ਅਸੁਰੱਖਿਆ ਦਾ ਮਾਹੌਲ ਸਿਰਜਣ ਤੇ ਬਣਾਈ ਰੱਖਣ ਵਿਚ ਯਕੀਨ ਕਰਦੀਆਂ ਹਨ ਤਾਂ ਇਹ ਤੈਅ ਹੈ ਕਿ ਇਨ੍ਹਾਂ ਦੀ ਗੈਰਜ਼ਿੰਮੇਵਾਰੀ ਵਿਚੋਂ ਲਿੰਗਕ ਸ਼ੋਸ਼ਣ ਦਾ ਹੌਸਲਾ ਨਿਕਲਦਾ ਹੈ।

ਜਿਨਸੀ ਸ਼ੋਸ਼ਣ ਵਿਚ ਸਭ ਤੋਂ ਮਹੱਤਵਪੂਰਨ ਹੈ ਪੀੜਿਤ ਦੀ ਮਾਨਸਿਕ ਬਹਾਲੀ ਅਤੇ ਆਤਮ-ਸਨਮਾਨ ਦੀ ਵਾਪਸੀ। ਪੀੜਿਤ ਲਈ ਇਹ ਹੀ ਸਭ ਤੋਂ ਗੁੰਝਲਦਾਰ ਤੇ ਆਤਮ-ਗਿਲਾਨੀ ਨਾਲ ਭਰਿਆ ਅਨੁਭਵ ਹੋ ਨਿਬੜਦਾ ਹੈ। ਇਥੇ ਆ ਕੇ ਨਿਆਂ, ਸਮਾਜ, ਰਾਜ ਤੇ ਕਾਨੂੰਨ ਦੀ ਅਸਲੀ ਪਰਖ ਹੋਣੀ ਹੁੰਦੀ ਹੈ ਤੇ ਇਥੇ ਹੀ ਇਨ੍ਹਾਂ ਦਾ ਤਵਾਜ਼ਨ ਡੋਲ ਜਾਂਦਾ ਹੈ। ਨਤੀਜਨ ਜ਼ੁਰਮ ਦਾ ਪੀੜਿਤ ਹੀ ਜ਼ੁਰਮ ਦਾ ਭੁਗਤਾਨ ਕਰਦਾ ਹੈ ਤੇ ਜਵਾਬਦੇਹੀ ਕਿਸੇ ਦੀ ਨਹੀਂ ਬਣਦੀ।

## ਚਲਦੇ-ਚਲਦੇ

### ਪੰਜਾਬੀ ਦੀ ਫਿਲਪਾਈਨ ਵਿਚ ਹੱਤਿਆ

**ਜਲੰਧਰ:** ਥਾਣਾ ਲਾਂਬੜਾ ਵਿਚ ਪੈਂਦੇ ਪਿੰਡ ਲੱਲੀਆਂ ਕਲਾਂ ਦੇ ਇਕ ਵਿਅਕਤੀ ਦੀ ਫਿਲਪਾਈਨ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮਿਲੀ ਜਾਣਕਾਰੀ ਅਨੁਸਾਰ ਪਲਵਿੰਦਰ ਸਿੰਘ ਪੁੱਤਰ ਲਸ਼ਕਰ ਸਿੰਘ (ਉਮਰ 50 ਸਾਲ) ਪਿਛਲੇ 25 ਸਾਲਾਂ ਤੋਂ ਫਿਲਪਾਈਨ ਵਿਚ ਫਾਈਨਾਂਸ ਦਾ ਕੰਮ ਕਰ ਰਿਹਾ ਸੀ। ਪਲਵਿੰਦਰ ਸਿੰਘ ਆਪਣੇ ਲੜਕੇ ਦਾ ਵਿਆਹ ਕਰਕੇ ਕੁਝ ਦਿਨ ਪਹਿਲਾਂ ਹੀ ਵਾਪਸ ਫਿਲਪਾਈਨ ਗਿਆ ਸੀ।

ਪਲਵਿੰਦਰ ਸਿੰਘ ਆਪਣੇ ਇਕ ਫਿਲਪਾਈਨੀ ਸਾਥੀ ਨਾਲ ਮੋਟਰਸਾਈਕਲ 'ਤੇ ਫਿਲਪਾਈਨ ਦੇ ਸ਼ਹਿਰ ਨਗੂਨਾ ਵਿਚ ਜਾ ਰਿਹਾ ਸੀ ਕਿ ਕੁਝ ਅਣਪਛਾਤੇ ਹਥਿਆਰਬੰਦ ਲੋਕਾਂ ਵੱਲੋਂ ਚਲਾਈਆਂ ਗਈਆਂ ਅੰਧਾਧੁੰਦ ਗੋਲੀਆਂ ਕਾਰਨ ਪਲਵਿੰਦਰ ਸਿੰਘ ਤੇ ਉਸ ਦੇ ਸਾਥੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਲਵਿੰਦਰ ਸਿੰਘ 'ਤੇ ਕੁਝ ਸਾਲ ਪਹਿਲਾਂ ਵੀ ਜਾਨਲੇਵਾ ਹਮਲਾ ਹੋਇਆ ਸੀ ਜਿਸ ਕਾਰਨ ਉਸ ਦੀ ਇਕ ਲੱਤ ਨਕਾਰਾ ਹੋ ਗਈ ਸੀ।

# ਜਤਿੰਦਰ ਜਰਗੀਆ ਦੀ ਐਲਬਮ ਚੈਲੰਜ ਨੂੰ ਭਰਵਾਂ ਹੁੰਗਾਰਾ

**ਯੂਨੀਅਨ ਸਿਟੀ (ਬਿਊਰੋ):** ਗੀਤਕਾਰ ਮੱਖਣ ਲੁਹਾਰ, ਦਿਲ ਨਿੱਜਰ, ਦੀਪ ਮੰਗਲੀ, ਬੈਂਸ ਮੁਹਾਲੀ, ਜਤਿੰਦਰ ਜਰਗੀਆ, ਕਾਕਾ ਧਾਲੀਵਾਲ ਅਤੇ ਦਿਲਸ਼ਾਦ ਜਮਾਲਪੁਰੀ ਦੇ ਗੀਤਾਂ ਨਾਲ ਸ਼ਿੰਗਾਰੀ ਗਾਇਕ ਜਤਿੰਦਰ ਜਰਗੀਆ ਦੀ ਦੂਜੀ ਐਲਬਮ 'ਚੈਲੰਜ' ਇਥੇ ਸੰਗੀਤ ਅਤੇ ਸਾਹਿਤ ਪ੍ਰੇਮੀਆਂ ਦੀ ਮੌਜੂਦਗੀ ਵਿਚ ਪਿਛਲੇ ਹਫਤੇ ਲੋਕ ਅਰਪਿਤ ਕੀਤੀ ਗਈ।

ਇਸ ਸਬੰਧੀ ਕੀਤੇ ਗਏ ਸਮਾਗਮ ਦਾ ਮੰਚ ਸੰਚਾਲਨ ਕਰਦਿਆਂ ਸ਼ਾਇਰਾ ਨੀਲਮ ਸੈਣੀ ਨੇ ਦੱਸਿਆ ਕਿ ਆਪਣੇ ਪਿਤਾ ਸ. ਰਣਧੀਰ ਸਿੰਘ ਦੀ ਧਾਰਮਕ ਗਾਇਕੀ ਤੋਂ ਪ੍ਰੇਰਿਤ ਹੋ ਕੇ ਜਤਿੰਦਰ ਜਰਗੀਆ ਨੇ ਬਚਪਨ ਵਿਚ ਹੀ ਪਿੰਡ ਦੀਆਂ ਪ੍ਰਭਾਤ ਫੇਰੀਆਂ, ਵਿਆਹਾਂ, ਸਕੂਲਾਂ ਤੇ ਕਾਲਜਾਂ ਦੀਆਂ ਸਟੇਜਾਂ ਤੋਂ ਗਾਉਣਾ ਸ਼ੁਰੂ ਕਰ ਦਿੱਤਾ ਸੀ। ਗੁਰੂ ਨਰਪਤ ਰਾਏ ਤੋਂ ਕਲਾਸੀਕਲ ਸੰਗੀਤ ਦੀ ਸਿੱਖਿਆ ਲੈ ਕੇ ਲਾਭ ਜੰਜੂਆ ਅਤੇ ਪ੍ਰੋ. ਦਲਵੀਰ ਸਿੰਘ ਦੀ ਰਹਿਨੁਮਾਈ ਹੇਠ ਜਤਿੰਦਰ ਨੇ ਅੱਜ ਪੌਣਾਂ ਵਿਚ ਸੁਗੰਧੀਆਂ ਖਿਲਾਰਦੀ ਇਕ ਮਿਆਰੀ ਐਲਬਮ ਨਾਲ ਪੰਜਾਬੀ ਗਾਇਕੀ ਖੇਤਰ ਨੂੰ ਮਾਣਮੱਤਾ ਕੀਤਾ ਹੈ। ਉਸ ਦੀ ਇਸ ਸਫਲਤਾ ਲਈ ਮੁਬਾਰਕ ਦੀ ਹੱਕਦਾਰ ਉਸ ਦੀ ਜੀਵਨ ਸਾਥਣ ਜਸਵੰਤ ਕੌਰ ਹੈ, ਜਿਸ ਨੇ ਉਸ ਨੂੰ ਭਰਪੂਰ ਸਹਿਯੋਗ ਦਿੱਤਾ ਹੈ।

ਹਾਜ਼ਰ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਜਤਿੰਦਰ ਜਰਗੀਆ ਨੇ ਕਿਹਾ ਕਿ ਉਸ ਨੂੰ ਮਾਣ ਹੈ ਕਿ ਉਸ ਨੇ ਅੱਜ ਤੱਕ ਪਰਿਵਾਰ ਵਿਚ ਬੈਠ ਕੇ ਸੁਣਨ ਵਾਲੇ ਮਿਆਰੀ ਗੀਤ ਹੀ ਗਾਏ ਹਨ ਅਤੇ ਆਪਣਾ ਇਹ ਮਿਸ਼ਨ ਉਹ ਜਾਰੀ ਰੱਖੇਗਾ। ਇਸ ਤੋਂ ਬਾਅਦ ਲੱਗੀ ਗੀਤਾਂ ਦੀ ਝੜੀ ਵਿਚ ਉਸ ਵਕਤ ਹਰ ਅੱਖ ਨਮ ਹੋ ਗਈ ਜਦੋਂ ਉਸ ਨੇ ਦੀਪ ਮੰਗਲੀ ਦਾ ਭਰੂਣ ਹੱਤਿਆ ਸਬੰਧੀ ਲਿਖਿਆ ਗੀਤ ਗਾਇਆ। ਜਤਿੰਦਰ ਨੇ ਪੂਰੇ ਤਿੰਨ ਘੰਟੇ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ, ਸੋਚਣ ਲਈ ਮਜਬੂਰ ਕੀਤਾ ਅਤੇ ਨੱਚਣ ਵੀ ਲਾਇਆ।

ਇਸ ਸਮੇਂ ਇੰਡੀਆ ਤੋਂ ਆਏ ਰੋਜ਼ਾਨਾ ਜੱਗਬਾਣੀ ਦੇ ਮੈਗਜ਼ੀਨ ਐਡੀਟਰ ਅਤੇ ਉਘੇ ਸਾਹਿਤਕਾਰ ਕੁਲਦੀਪ ਬੇਦੀ ਨੇ ਲੱਚਰ ਗਾਇਕੀ ਦੀ ਨਿਖੇਧੀ ਕਰਦਿਆਂ ਜਤਿੰਦਰ ਜਰਗੀਆ ਨੂੰ ਇਸ ਮਿਆਰੀ ਐਲਬਮ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਭਰੂਣ ਹੱਤਿਆ ਆਦਿ ਬੁਰਾਈਆਂ ਨੂੰ ਖ਼ਤਮ ਕਰਨ ਲਈ ਅਤੇ ਇਸ ਖੇਤਰ ਵਿਚ ਵਧ ਰਹੇ ਲੱਚਰਪੁਣੇ ਨੂੰ ਰੋਕਣ ਲਈ ਚੰਗੇ ਗੀਤਕਾਰਾਂ ਅਤੇ ਗਾਇਕਾਂ ਦੀ ਹੀ ਲੋੜ ਹੈ। ਪੱਤਰਕਾਰ ਨੀਟਾ ਮਾਛੀਕੇ ਨੇ ਵੀ ਲੱਚਰ ਗਾਇਕੀ ਨੂੰ ਭੰਡਦਿਆਂ ਕਿਹਾ ਕਿ ਮੈਨੂੰ ਮਾਣ ਹੈ ਕਿ ਐਲਬਮ 'ਚੈਲੰਜ' ਵਿਚ ਗਾਇਆ ਹਰ ਗੀਤ ਮਿਆਰੀ ਹੈ। ਦਲਵੀਰ ਦਿਲ ਨਿੱਜਰ ਨੇ ਜਤਿੰਦਰ ਜਰਗੀਆ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਸ ਨੂੰ ਮਾਣ ਹੈ ਕਿ ਇਸ ਐਲਬਮ ਨੂੰ ਸਰੋਤਿਆਂ ਵਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਤੋਂ ਇਲਾਵਾ ਦਰਸ਼ਨ ਔਜਲਾ, ਸ਼ਾਨ ਸੇਖੋਂ, ਬਹਾਦਰ ਸਿੰਘ ਸਿੱਧੂ, ਜਸਪੂਰਨ ਸਿੰਘ ਔਲਖ ਆਦਿ ਨੇ ਵੀ ਚੰਗਾ ਰੰਗ ਬੰਨ੍ਹਿਆ। ਸੰਗੀਤ ਬੱਗਾ ਮਿਊਜ਼ੀਕਲ ਗਰੁਪ ਦਾ ਸੀ।

ਇਸ ਮੌਕੇ ਸਪਾਂਸਰਾਂ ਬਲਵਿੰਦਰ ਸਿੰਘ ਥਿੰਦ, ਬਲਦੇਵ ਸਿੰਘ ਨਿੱਜਰ, ਫੇਅਰ ਬੇਅ ਆਟੋ ਸੈਂਟਰ ਹੇਵਰਡ, ਅਲੀ ਸਰਾਏ ਟਰਕਿੰਗ, ਦਾਖਾ ਟਰਕਿੰਗ, ਨੌਰਕਾਲ ਟਰੱਕ ਰਿਪੇਅਰ, ਆਲ ਸਿਟੀ ਟਰਕਿੰਗ, ਕਾਕਾ ਧਾਲੀਵਾਲ, ਗੋਲਡਨ ਪੰਜਾਬ ਕਲੱਬ ਅਤੇ ਨੀਲਮ ਸੈਣੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੁਖਵੀਰ ਸਿੰਘ ਸਮਰਾ ਨੇ ਇਸ ਸਾਰੇ ਪ੍ਰੋਗਰਾਮ ਨੂੰ ਟੀ.ਵੀ. ਚੈਨਲਾਂ ਲਈ ਕੈਮਰਾਬੰਦ ਕੀਤਾ। ਗੋਲਡਨ ਪੰਜਾਬ ਕਲੱਬ ਵਲੋਂ ਮਹਿਮਾਨਾਂ ਲਈ ਚਾਹ-ਪਾਣੀ ਅਤੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।









# ਅਸ਼ੋਕ ਭੌਰਾ ਦੀ ਮਾਤਾ ਦੀ ਯਾਦ 'ਚ ਅੱਖਾਂ ਦਾ ਮੁਫਤ ਕੈਂਪ

**ਬੰਗਾ (ਬਿਊਰੋ):** ਵੀਹਵੀਂ ਸਦੀ ਦੇ ਆਖਰੀ ਦਹਾਕੇ ਦੌਰਾਨ ਕਸਬਾ ਮਾਹਿਲਪੁਰ ਵਿਚ ਢਾਡੀ ਅਮਰ ਸਿੰਘ ਸ਼ੌਕੀ ਦੀ ਯਾਦ ਵਿਚ ਸਭਿਆਚਾਰਕ ਮੇਲਾ ਲਵਾਉਣ ਵਾਲੀ ਹਰਮਨ ਪਿਆਰੀ ਸ਼ਖਸੀਅਤ ਤੇ ਨਾਮੀ ਲੇਖਕ ਅਸ਼ੋਕ ਭੌਰਾ ਦੇ ਪੁੱਤਰਾਂ-ਮਨਵੀਰ ਭੌਰਾ, ਅਨਮੋਲ ਭੌਰਾ ਅਤੇ ਭਤੀਜਿਆਂ-ਮਨਰਾਜ ਭੌਰਾ ਅਤੇ ਵਰਿੰਦਰ ਭੌਰਾ ਨੇ ਆਪਣੀ ਦਾਦੀ ਮਾਂ ਮਾਤਾ ਪ੍ਰਕਾਸ਼ ਕੌਰ ਦੀ ਯਾਦ ਵਿਚ ਆਪਣੇ ਜੱਦੀ ਪਿੰਡ ਭੌਰਾ ਵਿਚ ਅੱਖਾਂ ਦਾ ਪਹਿਲਾ ਮੁਫ਼ਤ ਯਾਦਗਾਰੀ ਕੈਂਪ ਲਵਾਇਆ।



ਅੱਖਾਂ ਦੇ ਮਾਹਿਰ ਡਾ. ਰਾਜਿੰਦਰ ਸਿੰਘ ਅਤੇ ਡਾ. ਗੁਰਬਖ਼ਸ਼ ਕੌਰ ਨਿਊ ਯਾਰਕ ਦੀ ਰਹਿਨੁਮਾਈ ਹੇਠ ਅਮਰੀਕਾ ਦੀ ਗੈਰਸਰਕਾਰੀ ਸਿਹਤ ਸੰਸਥਾ 'ਸਹਾਇਤਾ' ਕੈਲੀਫੋਰਨੀਆ ਦੀ ਮਦਦ ਨਾਲ ਲਏ ਗਏ ਇਸ ਕੈਂਪ ਦੌਰਾਨ 350 ਮਰੀਜ਼ਾਂ ਦੀਆਂ ਅੱਖਾਂ ਦਾ ਚੈਕਅਪ ਕੀਤਾ ਗਿਆ। ਇਨ੍ਹਾਂ ਵਿਚੋਂ 325 ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਅਤੇ 150 ਮਰੀਜ਼ਾਂ ਨੂੰ ਮੁਫ਼ਤ ਐਨਕਾਂ ਵੰਡੀਆਂ ਗਈਆਂ। 28 ਮਰੀਜ਼ਾਂ ਦੀਆਂ ਅੱਖਾਂ ਦੇ ਆਪਰੇਸ਼ਨ ਰਾਜਿੰਦਰਾ ਹਸਪਤਾਲ, ਪੱਖੋਵਾਲ ਰੋਡ, ਲੁਧਿਆਣਾ ਵਿਖੇ ਕਰਕੇ ਉਨ੍ਹਾਂ ਦੀ ਨਜ਼ਰ ਸਹੀ ਕੀਤੀ ਗਈ।

ਇਸ ਮੌਕੇ ਸ੍ਰੀ ਅਸ਼ੋਕ ਭੌਰਾ ਨੇ ਦੱਸਿਆ ਕਿ ਅਗਲੇ ਸਾਲ ਤੋਂ ਫਰਵਰੀ ਮਹੀਨੇ ਦੌਰਾਨ ਆਮ ਸਿਹਤ ਕੈਂਪ ਵੀ ਲਾਇਆ ਜਾਵੇਗਾ ਜਿਸ ਵਿਚ ਹਰ ਕਿਸਮ ਦੀਆਂ ਬੀਮਾਰੀਆਂ ਦੇ ਮਾਹਿਰ ਡਾਕਟਰ ਮਰੀਜ਼ਾਂ ਦਾ ਚੈਕਅਪ ਕਰਕੇ ਇਲਾਜ ਕਰਨਗੇ। ਇਸ ਕੈਂਪ ਦੌਰਾਨ ਸੂਬੇਦਾਰ ਨਸੀਬ ਚੰਦ, ਅਮਰੀਕ ਚੰਦ, ਪ੍ਰੇਮ ਸਿੰਘ ਸੂਰਾਪੁਰੀ, ਬਲਦੇਵ ਸਿੰਘ ਗਹੂੰਣੀਆਂ, ਸਤਨਾਮ ਸਿੰਘ, ਲਖਵਿੰਦਰ ਭੌਰਾ, ਜਗਦੀਸ਼ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।










ੴ "ਭਿੰਡਰਾਂਵਾਲੇ ਸੰਤਾਂ ਨੇ ਇਕੋ ਗੱਲ ਸਮਝਾਈ,
ਸਿਘੋ ! ਖਾਲਿਸਤਾਨ ਬਿਨਾਂ ਨਹੀਂ ਸਰਨਾ ਭਾਈ" ੴ



## ਸਿੱਖਾਂ ਦੀ ਅਜ਼ਾਦੀ ਦੇ ਮੁਜੱਸਮੇ

# ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ 66 ਵਾਂ ਜਨਮ ਦਿਹਾੜਾ

ਖਾਲਿਸਤਾਨ ਦੇ ਸ਼ਹੀਦਾਂ ਦੀ ਯਾਦ ਵਿਚ ਬਣੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ

# 17 ਫਰਵਰੀ 2013

ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।

ਗੁਰੂ ਸਵਾਰੇ ਖਾਲਸਾ ਜੀਓ,

ਸਿੱਖ ਕੌਮ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਅਜ਼ਾਦੀ ਦੀ ਸ਼ਮ੍ਹਾਂ ਤੇ ਪ੍ਰਵਾਨ ਚੜ੍ਹਨ ਵਾਲੇ 20ਵੀਂ ਸਦੀ ਦੇ ਮਹਾਨ ਗੁਰਸਿੱਖ, ਕਹਿਣੀ ਤੇ ਕਰਨੀ ਦੇ ਪੂਰੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਗੁਰੂ ਸਾਹਿਬ ਵੱਲੋਂ ਬਖਸ਼ੀ ਮਾਣ ਮਰਿਆਦਾ ਵਿਚ ਵਿਚਰਦਿਆਂ, ਸਿੱਖ ਕੌਮ ਨੂੰ ਜਾਗਰਿਤ ਕਰਨ ਲਈ ਭਾਰਤੀ ਫੌਜਾਂ ਅਤੇ ਤੋਪਾਂ, ਟੈਂਕਾਂ ਦਾ ਮੁਕਾਬਲਾ ਕਰਦੇ ਹੋਏ ਜੂਨ 1984 'ਚ ਜਾਮੇ-ਸ਼ਹਾਦਤ ਪੀਤਾ ਅਤੇ ਸਿੱਖ ਕੌਮ ਨੂੰ ਆਪਣਾ ਅੰਤਿਮ ਨਿਰਣਾ ਕਿ ਜਦ ਹਿੰਦ ਹਕੂਮਤ ਦਰਬਾਰ ਸਾਹਿਬ ਤੇ ਹਮਲਾ ਕਰੇਗੀ ਤਾਂ ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਉਤੇ ਪਹਿਰਾ ਦਿੰਦੇ ਹੋਏ ਅਸੀਂ ਸਾਰੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਪਹੁੰਚ ਕੇ ਆਪਣੇ ਕੌਮੀ ਫਰਜ਼ ਨਿਭਾਦਿਆਂ ਇਹ ਯਾਦ ਰਖੀਏ ਕਿ ਅਸਾਂ ਉਸ ਖਾਲਿਸਤਾਨੀ ਸੋਚ ਤੇ ਪਹਿਰਾ ਦੇਣਾ ਹੈ, ਜਿਸਨੂੰ ਭਾਰਤ ਸਰਕਾਰ ਖਤਮ ਕਰਨਾ ਚਾਹੁੰਦੀ ਹੈ।

ਆਓ ! ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਲਿਆਂ ਦੇ ਜਨਮ ਦਿਨ ਤੇ ਵਹੀਰਾਂ ਘੱਤ ਕੇ ਗੁਰਦੁਆਰਾ ਸਾਹਿਬ ਫਰੀਮਾਂਟ ਪਹੁੰਚੀਏ ਤਾਂ ਜੋ ਇਸਲਾਮਿਕ ਪਾਕਿਸਤਾਨ, ਕਾਮਰੇਡ ਚੀਨ ਤੇ ਹਿੰਦੂ ਰਾਸ਼ਟਰ ਦੇ ਵਿਚਕਾਰ ਸਿੱਖ ਬਫਰ ਸਟੇਟ ਖਾਲਿਸਤਾਨ ਸਥਾਪਿਤ ਕਰਕੇ ਦੱਖਣੀ ਏਸ਼ੀਆ ਵਿਚ ਸਥਾਈ ਅਮਨ ਦੀ ਸਥਿਤੀ ਕਾਇਮ ਕੀਤੀ ਜਾਵੇ।

ਭਿੰਡਰਾਂਵਾਲੇ ਸੰਤ ਸਿਪਾਹੀ, ਜਿਨ ਸੁੱਤੀ ਕੌਮ ਜਗਾਈ

### ਸਮਾਗਮ ਇਸ ਤਰ੍ਹਾਂ ਹੋਣਗੇ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ----------ਫਰਵਰੀ 15, ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੈਮੀਨਾਰ------------------------ਫਰਵਰੀ 16 ਸ਼ਨੀਵਾਰ ਸ਼ਾਮੀਂ 5 ਤੋਂ 8 ਵਜੇ ਤੱਕ

ਮੁੱਖ ਸਮਾਗਮ---------------------ਫਰਵਰੀ 17 ਐਤਵਾਰ ਸਵੇਰੇ 9 ਤੋਂ 2 ਵਜੇ ਤੱਕ

ਦਾਸਰੇ - ਗੁਰਦੁਆਰਾ ਪ੍ਰਬੰਧਕ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਆਫ ਅਮਰੀਕਾ, ਅਖੰਡ ਕੀਰਤਨੀ ਜਥਾ, ਦਮਦਮੀ ਟਕਸਾਲ, ਖਾਲਿਸਤਾਨ ਦੇ ਸ਼ਹੀਦ ਪਰਿਵਾਰ, ਕੈਲੇਫੋਰਨੀਆ ਗਤਕਾ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ ਯੂਨੀਵਰਸਿਟੀ ਆਫ ਕੈਲੇਫੋਰਨੀਆ ਬਰਕਲੇ ਤੇ ਯੂ. ਸੀ. ਡੇਵਿਸ, ਗੁਰਮਤਿ ਚੇਤਨਾ ਲਹਿਰ।

**300 ਗੁਰਦੁਆਰਾ ਰੋਡ, ਫਰੀਮਾਂਟ, ਕੈਲੀਫੋਰਨੀਆ 94536**

**(510) 790-0177** www.fremontgurdwara.org

# ਗੁਰਵੰਤ ਸਿੰਘ ਪੰਨੂ ਇੰਡੀਅਨ ਓਵਰਸੀਜ਼ ਕਾਂਗਰਸ ਦੇ ਮੀਤ ਪ੍ਰਧਾਨ ਬਣੇ

**ਸੈਨ ਹੋਜ਼ੇ (ਬਿਊਰੋ):** ਇਕ ਲੰਮੇ ਸਮੇਂ ਤੋਂ ਅਮਰੀਕਾ ਰਹਿੰਦੇ ਆ ਰਹੇ ਸ. ਗੁਰਵੰਤ ਸਿੰਘ ਪੰਨੂ ਨੂੰ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਆਈ) ਯੂ ਐਸ ਏ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਜਾਰਜ ਇਬਰਾਹਿਮ ਵਲੋਂ ਜਾਰੀ ਨਿਯੁਕਤੀ ਪੱਤਰ ਵਿਚ ਸ੍ਰੀ ਪੰਨੂ ਨੂੰ ਪਾਰਟੀ ਦੇ ਵੈਸਟ ਕੋਸਟ ਚੈਪਟਰ ਲਈ ਰਣਨੀਤੀ ਅਤੇ ਵਿਕਾਸ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਗੁਰਵੰਤ ਸਿੰਘ ਪੰਨੂ ਪਿਛਲੇ ਦੋ ਦਹਾਕਿਆਂ ਤੋਂ ਭਾਰਤੀ ਭਾਈਚਾਰੇ ਵਾਸਤੇ ਇਕ ਰੋਲ ਮਾਡਲ ਵਜੋਂ ਕੰਮ ਕਰਦੇ ਆ ਰਹੇ ਹਨ ਅਤੇ ਪਿਛਲੇ ਇਕ ਦਹਾਕੇ ਤੋਂ ਭਾਰਤੀਆਂ ਨੂੰ ਆਉਣ ਵਾਲੀਆਂ ਕਾਨੂੰਨੀ ਅੜਿਚਣਾਂ ਦੂਰ ਕਰਨ ਲਈ ਸੇਵਾਵਾਂ ਮੁਹੱਈਆ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਪਰਵਾਸੀ ਭਾਰਤੀਆਂ ਨੂੰ ਭਾਰਤ ਵਿਚ ਆਉਣ ਵਾਲੀ ਕਿਸੇ ਕਾਨੂੰਨੀ ਮੁਸ਼ਕਲ ਲਈ ਵੀ ਆਪਣੀਆਂ ਸੇਵਾਵਾਂ ਮੁਹੱਈਆ ਕਰਦੇ ਹਨ।

ਗੁਰਵੰਤ ਸਿੰਘ ਪੰਨੂ ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਨੌਸ਼ਹਿਰਾ ਪੰਨੂਆਂ ਦੇ ਜੰਮਪਲ ਹਨ ਅਤੇ ਉਨ੍ਹਾਂ ਦਾ ਜਨਮ ਸ. ਜਗਜੀਤ ਸਿੰਘ ਪੰਨੂ ਅਤੇ ਮਾਤਾ ਕੁਲਵੰਤ ਕੌਰ ਦੇ ਘਰ ਹੋਇਆ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਦਾਦਾ ਜੀ ਬਰਤਾਨਵੀ ਫੌਜ ਵਿਚ ਸੂਬੇਦਾਰ ਸਨ। ਮੁਢਲੀ ਵਿਦਿਆ ਆਪਣੇ ਪਿੰਡ ਤੋਂ ਹੀ ਹਾਸਲ ਕਰਨ ਤੋਂ ਬਾਅਦ ਉਨ੍ਹਾਂ ਉਚੇਰੀ ਸਿੱਖਿਆ ਅੰਮ੍ਰਿਤਸਰ, ਪਟਿਆਲਾ ਅਤੇ ਅਮਰੀਕਾ ਵਿਚ ਹਾਸਲ ਕੀਤੀ। ਉਨ੍ਹਾਂ ਨੂੰ ਸਿਆਸਤ ਦੀ ਗੁੜ੍ਹਤੀ ਆਪਣੇ ਤਾਇਆ ਜੀ ਸੰਤ ਸਰੂਪ ਸਿੰਘ ਪੰਨੂ ਕੋਲੋਂ ਮਿਲੀ ਜੋ ਪੰਜਾਬ ਦੇ ਇਕ ਉਘੇ ਕਾਂਗਰਸੀ ਨੇਤਾ ਵਜੋਂ ਜਾਣੇ ਜਾਂਦੇ ਸਨ। ਗੁਰਵੰਤ ਪੰਨੂ ਪੰਜਾਬ ਵਿਚ ਲਗਾਤਾਰ ਕਾਂਗਰਸ ਪਾਰਟੀ ਲਈ ਕੰਮ ਕਰਦੇ ਆ ਰਹੇ ਹਨ ਅਤੇ ਅਮਰੀਕਾ ਵਿਚ ਵਸੇ ਭਾਰਤੀਆਂ ਦੀਆਂ ਸਮੱਸਿਆਵਾਂ ਵਿਦੇਸ਼ ਰਾਜ ਮੰਤਰੀ ਸ੍ਰੀਮਤੀ ਪਰਨੀਤ ਕੌਰ ਦੇ ਧਿਆਨ ਵਿਚ ਲਿਆਉਂਦੇ ਰਹਿੰਦੇ ਹਨ। ਇਸ ਸਬੰਧੀ ਉਹ ਸ੍ਰੀਮਤੀ ਪਰਨੀਤ ਕੌਰ ਨੂੰ ਦਿੱਲੀ ਉਨ੍ਹਾਂ ਦੇ ਦਫਤਰ ਵਿਚ ਕਈ ਦਫਾ ਮਿਲ ਚੁਕੇ ਹਨ। ਉਨ੍ਹਾਂ ਦੀਆਂ ਕਾਂਗਰਸ ਪ੍ਰਤੀ ਸੇਵਾਵਾਂ ਕਰਕੇ ਹੀ ਉਨ੍ਹਾਂ ਨੂੰ ਇੰਡੀਆਨ ਨੈਸ਼ਨਲ ਓਵਰਸੀਜ਼ ਕਾਂਗਰਸ (ਆਈ) ਯੂ ਐਸ ਏ ਦਾ ਵੈਸਟ ਕੋਸਟ ਦਾ ਇੰਚਾਰਜ ਅਤੇ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸ੍ਰੀ ਪੰਨੂ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਉਹ ਪਾਰਟੀ ਨੂੰ ਅਮਰੀਕਾ ਵਿਚ ਮਜ਼ਬੂਤ ਬਣਾਉਣ ਲਈ ਆਪਣੀ ਤਰਫੋਂ ਹਰ ਯਤਨ ਕਰਨਗੇ।



***ਸ. ਗੁਰਵੰਤ ਸਿੰਘ ਪੰਨੂ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਦੇ ਦਿੱਲੀ ਦਫਤਰ ਵਿਚ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਬਾਰੇ ਗੱਲਬਾਤ ਕਰਦੇ ਹੋਏ***

## ਪੋਪ ਵੱਲੋਂ ਅਸਤੀਫ਼ਾ ਦੇਣ ਦਾ ਐਲਾਨ

**ਵੈਟੀਕਨ ਸਿਟੀ:** ਵੈਟੀਕਨ ਨੇ ਐਲਾਨ ਕੀਤਾ ਕਿ ਪੋਪ ਬੈਨੇਡਿਕਟ 16ਵਾਂ 28 ਫਰਵਰੀ ਨੂੰ ਆਪਣਾ ਅਸਤੀਫਾ ਦੇ ਦੇਣਗੇ। ਪੋਪ ਬੈਨੇਡਿਕਟ ਨੇ ਕਿਹਾ ਕਿ ਉਨ੍ਹਾਂ ਕੋਲ ਪੋਪ ਦੇ ਅਹੁਦੇ 'ਤੇ ਲਗਾਤਾਰ ਬਣੇ ਰਹਿਣ ਲਈ ਉਨ੍ਹਾਂ ਦੀ ਹਿੰਮਤ ਸਾਥ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਈਸ਼ਵਰ ਦੇ ਸਾਹਮਣੇ ਆਪਣੀ ਅੰਤਰ ਆਤਮਾ ਦੀ ਵਾਰ-ਵਾਰ ਘੋਖ ਕਰਨ ਪਿੱਛੋਂ ਉਹ ਇਸ ਸਿੱਟੇ 'ਤੇ ਪੁੱਜੇ ਕਿ ਉਨਾਂ ਦੀ ਵਡੇਰੀ ਉਮਰ ਕਾਰਨ ਉਨ੍ਹਾਂ ਵਿਚ ਹੁਣ ਹੋਰ ਜ਼ਿਆਦਾ ਸਮਾਂ ਆਪਣੇ ਅਹੁਦੇ 'ਤੇ ਕੰਮ ਕਰਨ ਦੀ ਤਾਕਤ ਨਹੀਂ ਰਹੀ।

ਨਵੇਂ ਪੋਪ ਦੀ ਚੋਣ ਲਈ ਮਾਰਚ ਮਹੀਨੇ ਕਨਕਲੇਵ ਬੁਲਾਏ ਜਾਣ ਦੀ ਸੰਭਾਵਨਾ ਹੈ। ਪੋਪ ਬੈਨੇਡਿਕਟ ਦੇ ਅਸਤੀਫੇ ਦੇ ਐਲਾਨ ਦਾ ਫੈਸਲਾ ਪੋਪ ਦੀ ਕਾਸਿਲ ਦੇ ਮੈਂਬਰਾਂ ਦੀ ਮੀਟਿੰਗ 'ਚ ਕੀਤਾ ਗਿਆ। ਪਿਛਲੇ 600 ਸਾਲਾਂ ਵਿਚ 85 ਸਾਲਾ ਪੋਪ ਬੈਨਡਿਕਟ ਇਸ ਅਹੁਦੇ ਤੋਂ ਅਸਤੀਫਾ ਦੇਣ ਵਾਲੇ ਪਹਿਲੇ ਪੋਪ ਹੋਣਗੇ। ਜੋਸੇਫ ਰਤਜ਼ਿੰਗਰ ਵਜੋਂ ਜਾਣੇ ਜਾਂਦੇ ਪੋਪ ਬੈਨੇਡਿਕਟ 16ਵੇਂ ਦੀ ਚੋਣ ਅਪਰੈਲ 2005 ਵਿਚ ਪੋਪ ਜਾਹਨ ਪਾਲ ਦੂਸਰੇ ਦੀ ਮੌਤ ਸਮੇਂ ਕੀਤੀ ਗਈ ਸੀ।



***ਪੰਡਿਤ ਰਵੀਸ਼ੰਕਰ***

## ਪੰਡਿਤ ਰਵੀਸ਼ੰਕਰ ਨੂੰ ਮਿਲੇ ਦੋ ਗਰੈਮੀ ਐਵਾਰਡ

**ਲਾਸ ਏਂਜਲਸ:** ਭਾਰਤੀ ਸਿਤਾਰ ਸਮਰਾਟ ਸਵਰਗੀ ਪੰਡਿਤ ਰਵੀਸ਼ੰਕਰ ਨੂੰ ਇਥੇ 55ਵੇਂ ਗਰੈਮੀ ਐਵਾਰਡ ਸਮਾਰੋਹ ਦੌਰਾਨ ਦੋ ਗਰੈਮੀ ਪੁਰਸਕਾਰਾਂ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਐਵਾਰਡ ਸਮਾਰੋਹ ਦੀ ਪੂਰਬਲੀ ਸੰਧਿਆ ਸੰਗੀਤ ਦੇ ਖੇਤਰ ਵਿਚ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨਿਆ ਗਿਆ ਸੀ ਜਦੋਂਕਿ ਮੁੱਖ ਐਵਾਰਡ ਸਮਾਰੋਹ ਦੌਰਾਨ ਉਨ੍ਹਾਂ ਦੀ ਐਲਬਮ 'ਦਿ ਲਿਵਿੰਗ ਰੂਮ ਸੈਸ਼ਨਜ਼ ਪਾਰਟ-1' ਨੂੰ 'ਆਲਮੀ ਸੰਗੀਤ ਦੀ ਬਿਹਤਰੀਨ ਐਲਬਮ' ਪੁਰਸਕਾਰ ਦਿੱਤਾ ਗਿਆ। ਇਹ ਟਰਾਫੀ ਉਨ੍ਹਾਂ ਦੀ ਬੇਟੀ ਅਨੂਸ਼ਕਾ ਸ਼ੰਕਰ ਨੇ ਪ੍ਰਾਪਤ ਕੀਤੀ। 92 ਸਾਲਾ ਪੰਡਿਤ ਰਵੀਸ਼ੰਕਰ ਦਾ ਦੋ ਮਹੀਨੇ ਪਹਿਲਾਂ ਦੇਹਾਂਤ ਹੋ ਗਿਆ ਸੀ।








The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਕੈਲੀਫੋਰਨੀਆ ਅਖੰਡ ਕੀਰਤਨ ਸਮਾਗਮ 2013

**ਗੁਰੂ ਪੰਥ ਦੀ ਚੜ੍ਹਦੀ ਕਲਾ ਅਤੇ ਕੀਰਤਨ ਨਿਰਮੋਲਕ ਹੀਰਾ ਨੂੰ ਸਮਰਪਿਤ ਅਖੰਡ ਕੀਰਤਨੀ ਜਥੇ ਵਲੋਂ ਸਾਲਾਨਾ ਗੁਰਮਤਿ ਸਮਾਗਮ ਦੀ ਸੇਵਾ ਨਾਨਕਸ਼ਾਹੀ ਸੰਮਤ 544 ਫੱਗਣ 09 ਤੋਂ ਫੱਗਣ 13 ਤੱਕ ਹੋ ਰਹੀ ਹੈ। ਆਪ ਜੀ ਪਰਿਵਾਰਾਂ ਅਤੇ ਸੱਜਣ ਮਿੱਤਰਾਂ ਸਮੇਤ ਇਸ ਗੁਰਮਤਿ ਸਮਾਗਮ ਵਿਚ ਹਾਜ਼ਰੀ ਭਰ ਕੇ ਲਾਹਾ ਪ੍ਰਾਪਤ ਕਰੋ ਜੀ। ਇਹ ਸਮਾਗਮ ਹੇਠ ਲਿਖੇ ਸਮਿਆਂ ਅਤੇ ਅਸਥਾਨਾਂ ‘ਤੇ ਹੋਣਗੇ।**





| | |
|---|---|
| **5 ਫੱਗਣ (ਸਨਿਚਰਵਾਰ), ਨਾਨਕਸ਼ਾਹੀ ਸੰਮਤ 544**<br>ਸਵੇਰੇ 4 ਤੋਂ 6 ਵਜੇ ਤੱਕ: ਆਸਾ ਕੀ ਵਾਰ, ਭਾਈ ਗੁਰਿੰਦਰ ਸਿੰਘ ਜੀ ਦੇ ਗ੍ਰਿਹਿ<br>6 ਵਜੇ ਸਵੇਰੇ: ਅਰੰਭ ਸ੍ਰੀ ਅਖੰਡ ਪਾਠ ਸਾਹਿਬ, ਭਾਈ ਗੁਰਿੰਦਰ ਸਿੰਘ ਜੀ ਦੇ ਗ੍ਰਿਹਿ | **February 16 (Saturday), 2013**<br>4-6 AM: Aasaa Ki Vaar, Residence Bhai Gurinder Singh<br>6 AM: Start Sri Akhand Path Sahib, Residence Bhai Gurinder Singh |
| **7 ਫੱਗਣ (ਸੋਮਵਾਰ), ਨਾਨਕਸ਼ਾਹੀ ਸੰਮਤ 544**<br>ਸਵੇਰੇ 6 ਵਜੇ: ਭੋਗ ਸ੍ਰੀ ਅਖੰਡ ਪਾਠ ਸਾਹਿਬ, ਭਾਈ ਗੁਰਿੰਦਰ ਸਿੰਘ ਜੀ ਦੇ ਗ੍ਰਿਹਿ<br>ਸਵੇਰੇ 6 ਤੋਂ 11 ਵਜੇ ਤੱਕ: ਆਸਾ ਕੀ ਵਾਰ, ਭਾਈ ਗੁਰਿੰਦਰ ਸਿੰਘ ਜੀ ਦੇ ਗ੍ਰਿਹਿ | **February 18 (Monday), 2013**<br>6 AM: Bhog Sri Akhand Path Sahib, Residence Bhai Gurinder Singh<br>6-11 AM: Aasaa Ki Vaar, Residence Bhai Gurinder Singh |
| **10 ਫੱਗਣ (ਵੀਰਵਾਰ), ਨਾਨਕਸ਼ਾਹੀ ਸੰਮਤ 544**<br>ਸਵੇਰੇ 6 ਤੋਂ 11 ਵਜੇ ਤੱਕ: ਆਸਾ ਕੀ ਵਾਰ, ਗੁਰਦੁਆਰਾ ਸਾਹਿਬ ਸੈਨ ਹੋਜ਼ੇ<br>ਸ਼ਾਮ 5:30 ਤੋਂ 9 ਵਜੇ ਤੱਕ: ਅਖੰਡ ਕੀਰਤਨ ਸਮਾਗਮ, ਗੁਰਦੁਆਰਾ ਸਾਹਿਬ ਫਰੀਮਾਂਟ | **February 21 (Thursday), 2013**<br>6-11 AM: Aasaa Ki Vaar, Gurdwara Sahib San Jose<br>5:30-9 PM: Akhand Keertan, Gurdwara Sahib Fremont |
| **11 ਫੱਗਣ (ਸ਼ੁੱਕਰਵਾਰ), ਨਾਨਕਸ਼ਾਹੀ ਸੰਮਤ 544**<br>ਸਵੇਰੇ 6 ਤੋਂ 11 ਵਜੇ ਤੱਕ: ਆਸਾ ਕੀ ਵਾਰ, ਗੁਰਦੁਆਰਾ ਸਾਹਿਬ ਸੈਨ ਹੋਜ਼ੇ<br>ਸ਼ਾਮ 5:30 ਤੋਂ 9 ਵਜੇ ਤੱਕ: ਅਖੰਡ ਕੀਰਤਨ ਸਮਾਗਮ, ਗੁਰਦੁਆਰਾ ਸਾਹਿਬ ਫਰੀਮਾਂਟ | **February 22 (Friday), 2013**<br>6-11 AM: Aasaa Ki Vaar, Gurdwara Sahib San Jose<br>5:30-9 PM: Akhand Keertan, Gurdwara Sahib Fremont |
| **12 ਫੱਗਣ (ਸਨਿਚਰਵਾਰ), ਨਾਨਕਸ਼ਾਹੀ ਸੰਮਤ 544**<br>ਸਵੇਰੇ 6 ਤੋਂ 11: ਆਸਾ ਕੀ ਵਾਰ, ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਛੋਟਾ ਹਾਲ)<br>ਸ਼ਾਮ 6 ਤੋਂ ਸਵੇਰੇ 5 ਵਜੇ ਤੱਕ: ਰੈਣ ਸਬਾਈ ਕੀਰਤਨ, ਗੁਰਦੁਆਰਾ ਸਾਹਿਬ ਸੈਨ ਹੋਜ਼ੇ | **February 23 (Saturday), 2013**<br>6-11 AM: Aasaa Ki Vaar, Gurdwara Sahib San Jose (Small Hall)<br>6 PM-5 AM: Raensbaaee Keertan, Gurdwara Sahib San Jose |

## ਅੰਮ੍ਰਿਤ ਸੰਚਾਰ: 12 ਫੱਗਣ ਸਨਿਚਰਵਾਰ, ਸਵੇਰੇ 6 ਵਜੇ

## Amrit Sanchar: 23 February 2013, Saturday 6 AM

**ਅੰਮ੍ਰਿਤ ਵੇਲਾ: ਨਾਮ ਸਿਮਰਨ ਅਤੇ ਨਿਤਨੇਮ ਸਵੇਰੇ 3 ਤੋਂ 6 ਵਜੇ ਤੱਕ ਫੱਗਣ 11, 12 ਅਤੇ 13 ਨੂੰ ਗੁਰਦੁਆਰਾ ਸੈਨ ਹੋਜ਼ੇ ਦੇ ਛੋਟੇ ਦੀਵਾਨ ਹਾਲ ਵਿਖੇ ਹੋਣਗੇ।**

**Amrit Vela: Naam Simran and Nitnem will be held between 3-6 AM on February 21, 22 & 23 at the San Jose Gurdwara Sahib, Small Hall (South Hall)**

### Contact Information:

**Accommodations: At San Jose Gurdwara Sahib, Ph: 503-929-4252**
**Amrit Sanchar: 408-694-3425**
**Nearby Airports: SJC, DAK and SFO-Drop off/pickups: 408-832-6902**
**Information: 408-250-8987, 408-823-4844, 510-825-9555, 661-321-6998**
**E-mail: sevaa@isangat.org**

### Location:

**San Jose Gurdwara Sahib:**
3636 Murillo Ave., San Jose, CA 95148
**Fremont Gurdwara Sahib:**
300 Gurdwara Road, Fremont, CA 94536
Residence Bhai Gurinder Singh:
2886 Norcrest Drive., San Jose, CA 95148

# ਲੋਕਾਂ ਦੀ ਨ੍ਰਿਤਕੀ: ਆਈਸਾਡੋਰਾ ਡੰਕਨ

*ਅਮਰੀਕਾ ਵਿਚ ਜੰਮੀ ਆਈਸਾਡੋਰਾ ਡੰਕਨ (27 ਮਈ 1877-14 ਸਤੰਬਰ 1927) 50 ਸਾਲ ਦੀ ਉਮਰ ਵਿਚ ਸੋਵੀਅਤ ਰੂਸ ਵਿਚ ਫੌਤ ਹੋ ਗਈ। ਉਹਦੀ ਨੱਚਣ ਦੀ ਕਲਾ ਮਿਸਾਲੀ ਸੀ। ਰੂਸ ਵਿਚ ਜਦ ਉਸ ਨੇ ਆਪਣੇ ਇਕ ਪ੍ਰੋਗਰਾਮ ਦੌਰਾਨ ਗੁਲਾਮੀ ਤੋਂ ਮੁਕਤੀ ਹਾਸਲ ਕਰ ਰਿਹਾ ਪਾਤਰ ਸਟੇਜ 'ਤੇ ਪੇਸ਼ ਕੀਤਾ ਤਾਂ ਉਸ ਵੇਲੇ ਪ੍ਰੋਗਰਾਮ ਦੇਖ ਰਹੇ ਇਨਕਲਾਬੀ ਆਗੂ ਲੈਨਿਨ ਨੇ ਉਸ ਨੂੰ ਖੜ੍ਹੇ ਹੋ ਕੇ ਸਲਾਮੀ ਦਿੱਤੀ। ਪੰਜਾਬੀ ਸ਼ਾਇਰ ਹਰਭਜਨ ਸਿੰਘ ਹੁੰਦਲ ਵੱਲੋਂ ਲਿਖੀ ਆਈਸਾਡੋਰਾ ਡੰਕਨ ਦੀ ਅਣਛਪੀ ਜੀਵਨੀ ਦੇ ਕਈ ਚੈਪਟਰ ਅਸੀਂ ਆਪਣੇ ਪਾਠਕਾਂ ਨਾਲ ਪਹਿਲਾਂ ਹੀ ਸਾਂਝੇ ਕਰ ਚੁੱਕੇ ਹਾਂ। ਹੁਣ ਉਨ੍ਹਾਂ ਦੀ ਕਿਤਾਬ 'ਲੋਕਾਂ ਦੀ ਨ੍ਰਿਤਕੀ: ਆਈਸਾਡੋਰਾ ਡੰਕਨ' ਛਪ ਗਈ ਹੈ ਜਿਸ ਬਾਰੇ ਅਵਤਾਰ ਸਿੰਘ ਨੇ ਸਾਨੂੰ ਰੀਵੀਊ ਲੇਖ ਲਿਖ ਭੇਜਿਆ ਹੈ। ਅਸੀਂ ਇਕ ਵਾਰ ਫਿਰ ਲੋਕਾਂ ਨਾਲ ਜੁੜੀ ਇਸ ਮਿਸਾਲੀ ਨ੍ਰਿਤਕੀ ਨੂੰ ਸਲਾਮੀ ਦੇ ਰਹੇ ਹਾਂ। -ਸੰਪਾਦਕ*

ਕਲਾ ਪਰਿਕਰਮਾ

ਔਰਤ ਦੀ ਆਜ਼ਾਦੀ ਹਮੇਸ਼ਾ ਵੱਡਾ ਸਵਾਲ ਰਹੀ ਹੈ। ਕੁਝ ਲੋਕ ਆਪਣੇ ਆਪ ਨੂੰ ਨਾਰੀਵਾਦੀ ਆਖਣ ਦੇ ਬਾਵਜੂਦ ਆਪਣੇ ਨਾਲ ਸਬੰਧਤ ਔਰਤਾਂ ਨੂੰ ਕਦੇ ਆਜ਼ਾਦੀ ਦੇਣ ਦਾ ਹੌਸਲਾ ਨਹੀਂ ਕਰ ਸਕੇ। ਕੁਝ ਔਰਤਾਂ ਪੜ੍ਹ ਲਿਖ ਜਾਣ ਦੇ ਬਾਵਜੂਦ ਨਾ ਤਾਂ ਆਜ਼ਾਦੀ ਮਾਣ ਸਕੀਆਂ ਅਤੇ ਨਾ ਹੀ ਆਜ਼ਾਦ ਫ਼ਿਜ਼ਾ 'ਚ



**ਅਵਤਾਰ ਸਿੰਘ**
**ਫੋਨ: 91-97175-40022**

ਜੀਣ ਦਾ ਸਵਾਦ ਲੈ ਸਕੀਆਂ, ਪਰ ਅਮਰੀਕਾ ਦੀ ਧੀ ਆਈਸਾਡੋਰਾ ਡੰਕਨ ਨੇ ਜ਼ਿੰਦਗੀ ਨਾ ਸਿਰਫ ਆਪਣੀਆਂ ਸ਼ਰਤਾਂ 'ਤੇ ਜੀਵੀ, ਸਗੋਂ ਸੰਪੂਰਨ ਆਜ਼ਾਦ ਔਰਤ ਦੀ ਮਿਸਾਲ ਵੀ ਪੇਸ਼ ਕੀਤੀ।

ਸੈਨ ਫਰਾਂਸਿਸਕੋ ਵਿਚ 27 ਮਈ 1877 ਨੂੰ ਜਨਮੀ ਲੋਕਾਂ ਦੀ ਇਹ ਨ੍ਰਿਤਕੀ ਸ਼ੁਰੂ ਤੋਂ ਹੀ ਬਗਾਵਤੀ ਸੀ। ਉਸ ਦਾ ਨਾਚ ਕੁਦਰਤ ਨਾਲ ਇੱਕ ਮਿੱਕ ਹੋਣ ਵਾਲਾ ਸੀ। ਡੰਕਨ ਰਵਾਇਤੀ ਰੂਸੀ ਨਾਚ ਬਾਰੇ ਕਹਿੰਦੀ ਸੀ ਕਿ 'ਜਿਹੜਾ ਨਾਚ ਤੁਸੀਂ ਨੱਚ ਰਹੇ ਹੋ, ਇਹ ਤਾਂ ਗੁਲਾਮ ਲੋਕਾਂ ਦਾ ਨਾਚ ਹੈ। ਸਾਰੀਆਂ ਹੀ ਹਰਕਤਾਂ ਹੇਠਾਂ ਧਰਤੀ ਵੱਲ। ਤੁਹਾਨੂੰ ਸੁਤੰਤਰ ਲੋਕਾਂ ਦਾ ਨਾਚ ਨੱਚਣਾ ਸਿੱਖਣਾ ਚਾਹੀਦਾ ਹੈ। ਤੁਹਾਨੂੰ ਆਪਣੇ ਸਿਰ ਉਚੇ ਚੁੱਕਣੇ ਚਾਹੀਦੇ ਹਨ ਤੇ ਬਾਹਾਂ ਫੈਲਾਉਣੀਆਂ ਚਾਹੀਦੀਆਂ ਹਨ; ਖੁੱਲ੍ਹੀਆਂ ਇੰਜ ਜਿਵੇਂ ਤੁਸੀਂ ਮਹਾਨ ਭਰਾਤਰੀ ਅੰਦਾਜ਼ ਵਿਚ ਸਾਰੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿਚ ਲੈ ਰਹੇ ਹੋਵੋ।' (ਹਵਾਲਾ ਪੀਟਰ ਕੁਰਥ, ਪੰਨਾ-418)

ਆਈਸਾਡੋਰਾ ਡੰਕਨ ਨੂੰ ਸ਼ਾਇਦ ਐਨੀ ਡੂੰਘਾਈ ਨਾਲ ਜਾਣਨ ਦਾ ਮੌਕਾ ਨਾ ਮਿਲਦਾ ਜੇ ਪੰਜਾਬੀ ਸ਼ਾਇਰ ਹਰਭਜਨ ਸਿੰਘ ਹੁੰਦਲ ਲੋਕਾਂ ਦੀ ਇਸ ਨ੍ਰਿਤਕੀ ਦੀ ਜੀਵਨੀ ਪੰਜਾਬੀ ਵਿਚ ਨਾ ਲਿਖਦੇ। ਹਾਲਾਂਕਿ ਉਨ੍ਹਾਂ ਇਹ ਜੀਵਨੀ ਕਾਫੀ ਸਮਾਂ ਪਾ ਕੇ ਗੁਰਦਿਆਲ ਬੱਲ ਦੇ ਵਾਰ-ਵਾਰ ਕਹਿਣ 'ਤੇ ਲਿਖੀ ਹੈ, ਪਰ ਇਨ੍ਹਾਂ ਦੋਹਾਂ ਨੇ ਪੰਜਾਬੀ ਭਾਸ਼ਾ ਨੂੰ ਇਹ ਵੱਡਾ ਤੋਹਫਾ ਦਿੱਤਾ ਹੈ। ਆਈਸਾਡੋਰਾ ਡੰਕਨ ਦੀ ਜੀਵਨੀ ਹਰਭਜਨ ਸਿੰਘ ਹੁੰਦਲ ਨੇ ਸਿਰਫ 179 ਸਫਿਆਂ ਵਿਚ ਬਿਆਨ ਕਰ ਦਿੱਤੀ ਹੈ। ਕਿਤਾਬ ਵਿਚ ਇਸ ਨ੍ਰਿਤਕੀ ਦੀਆਂ ਪ੍ਰਾਪਤੀਆਂ, ਉਤੇਜਨਾ, ਦਲੇਰੀ ਅਤੇ ਜੀਵਨ ਦਾ ਦੁਖਾਂਤ ਪੇਸ਼ ਕੀਤਾ ਗਿਆ ਹੈ।

ਡੰਕਨ ਲੋਕਾਂ ਦੀ ਕਲਾਕਾਰ ਸੀ ਜਿਸ ਨੇ ਗੋਲਮੋਲ ਗੱਲਾਂ ਕਰਨ ਦੀ ਥਾਂ ਆਪਣੇ ਆਪ ਨੂੰ 'ਬੈਲੇ-ਨਾਚ ਦੀ ਦੁਸ਼ਮਣ' ਐਲਾਨਿਆ। ਉਸ ਨੇ ਬੰਦਸ਼ਾਂ ਵਾਲੀ ਪੁਸ਼ਾਕ ਅਤੇ ਸਟੇਜ ਨ੍ਰਿਤਕੀ ਦੀਆਂ ਹੋਰ ਜੁਗਤਾਂ ਨੂੰ ਘਿਰਣਾ ਕੀਤੀ ਅਤੇ ਸੁਤੰਤਰ ਤੇ ਕੁਦਰਤੀ ਹਰਕਤਾਂ ਵਿਕਸਿਤ ਕੀਤੀਆਂ। ਉਸ ਦੀ ਸਾਦਗੀ ਆਪਣੀ ਡੂੰਘਾਈ ਵਿਚ ਸਮੁੰਦਰ ਵਰਗੀ ਸੀ। ਬੋਧ ਦੀਆਂ ਪ੍ਰਾਚੀਨ ਵਿਧੀਆਂ ਜਾਦੂ ਅਤੇ ਬ੍ਰਹਿਮੰਡ ਵਿਗਿਆਨ ਨਾਲ ਜੋੜ ਕੇ, ਆਈਸਾਡੋਰਾ ਨੇ ਐਸੀ ਕਾਢ ਕੱਢੀ ਜਿਸ ਨੂੰ ਪਿਛੋਂ ਜਾ ਕੇ 'ਆਧੁਨਿਕ ਨ੍ਰਿਤ' ਦਾ ਨਾਂ ਦਿੱਤਾ ਗਿਆ। ਉਸ ਨੇ ਨ੍ਰਿਤ ਕਲਾ ਵਿਚ ਕ੍ਰਾਂਤੀ ਲਿਆਂਦੀ, ਹਾਲਾਂਕਿ ਉਸ ਨੇ ਨ੍ਰਿਤ ਕਲਾ ਕਿਸੇ ਵੀ ਰਸਮੀ ਗੁਰੂ ਕੋਲੋਂ ਪ੍ਰਾਪਤ ਨਹੀਂ ਕੀਤੀ। ਡੰਕਨ ਦੇ ਨਾਚ ਦਾ ਕੋਈ ਰਿਕਾਰਡ ਨਹੀਂ, ਪਰ ਜਿਨ੍ਹਾਂ ਲੋਕਾਂ ਨੇ ਉਸ ਨੂੰ ਨੱਚਦੀ ਦੇਖਿਆ ਹੈ, ਬੱਸ ਉਹ ਉਸ ਦੇ ਕਾਇਲ ਹੋ ਕੇ ਰਹਿ ਗਏ।

ਲੇਖਕ ਹਰਭਜਨ ਸਿੰਘ ਹੁੰਦਲ ਨੇ ਉਸ ਦੇ ਜੀਵਨ ਦੇ ਇੱਕ-ਇੱਕ ਪਲ ਨੂੰ ਮੋਤੀਆਂ ਵਾਂਗ ਪਰੋਇਆ ਹੈ। ਉਨ੍ਹਾਂ ਡੰਕਨ ਦੇ ਗੁਰਬਤ ਭਰੇ ਜੀਵਨ ਅਤੇ ਉਸ ਦੀ ਚੜ੍ਹਤ ਦੇ ਦਿਨਾਂ ਨੂੰ ਪੇਸ਼ ਕਰਦਿਆਂ ਕਿਤੇ ਵੀ ਹਵਾਈ ਗੱਲਾਂ ਨਹੀਂ ਕੀਤੀਆਂ। 'ਡੰਕਨ ਦਾ ਪਰਿਵਾਰ ਨਾਸਤਿਕ ਤਾਂ ਭਾਵੇਂ ਨਹੀਂ ਸੀ, ਪਰ ਸੰਦੇਹਵਾਦੀ ਤੇ ਤਰਕਸ਼ੀਲ ਜ਼ਰੂਰ ਸੀ। 1880 ਵਿਚ ਓਕਲੈਂਡ ਦੇ ਐਲੀਮੈਂਟਰੀ ਸਕੂਲ ਵਿਚ ਪੜ੍ਹਦੀ ਡੰਕਨ ਨੇ ਉਦੋਂ ਹੰਗਾਮਾ ਪੈਦਾ ਕਰ ਦਿੱਤਾ, ਜਦੋਂ ਕ੍ਰਿਸਮਸ ਦੇ ਤਿਉਹਾਰ ਮੌਕੇ ਉਸ ਦੀ ਅਧਿਆਪਕਾ ਨੇ ਕੈਂਡੀਆਂ ਵੰਡਦਿਆਂ ਕਿਹਾ, "ਵੇਖੋ ਬੱਚਿਓ! ਸੈਂਟਾ ਕਲਾਜ ਨੇ ਤੁਹਾਡੇ ਲਈ ਕੀ ਭੇਜਿਆ ਹੈ।" ਆਈਸਾਡੋਰਾ ਨੇ ਤੁਰੰਤ ਕਿਹਾ, "ਮੈਂ ਨਹੀਂ ਮੰਨਦੀ। ਸੈਂਟਾ ਕਲਾਜ ਨਾਂ ਦਾ ਕੋਈ ਬੰਦਾ ਨਹੀਂ ਹੈ।" ਡੰਕਨ ਲਗਭਗ ਸਾਰੀ ਉਮਰ ਨਾਸਤਿਕਾਂ ਵਾਂਗ ਰਹੀ, ਪਰ ਜੀਵਨ ਦੇ ਆਖਰੀ ਦਿਨਾਂ ਵਿਚ ਉਸ ਨੇ ਜੋਤਿਸ਼ੀਆਂ ਕੋਲ ਵੀ ਜਾਣਾ ਸ਼ੁਰੂ ਕਰ ਦਿੱਤਾ ਸੀ।

ਪੂਰਾ ਡੰਕਨ ਪਰਿਵਾਰ ਹੀ ਘੁੰਮਣ ਫਿਰਨ ਅਤੇ ਕਲਾ ਦਾ ਪ੍ਰੇਮੀ ਸੀ। ਜਦੋਂ ਡੰਕਨ ਨੇ ਲੰਡਨ ਜਾ ਕੇ ਆਪਣਾ ਨ੍ਰਿਤ ਪੇਸ਼ ਕਰਨ ਦੀ ਠਾਣ ਲਈ ਤਾਂ ਉਸ ਦੇ ਪਰਿਵਾਰ ਨੇ ਭਾਵੇਂ ਉਸ ਦਾ ਪੂਰਾ ਸਾਥ ਦਿੱਤਾ ਪਰ ਸਾਰੇ ਇੰਤਜ਼ਾਮ ਅਤੇ ਫੈਸਲੇ ਡੰਕਨ ਦੇ ਹੀ ਹੁੰਦੇ ਸਨ ਕਿਉਂਕਿ ਉਹ ਹੀ ਕਮਾਉਣ ਵਾਲੀ ਅਤੇ ਪਰਿਵਾਰ ਨੂੰ ਕਮਾਂਡ ਦੇਣ



***ਆਈਸਾਡੋਰਾ ਡੰਕਨ ਦੇ ਦਸਤਖਤਾਂ ਵਾਲੀ ਤਸਵੀਰ।***

ਵਾਲੀ ਸੀ। ਸੋ, ਲੰਡਨ ਜਾਣ ਲਈ ਜਦੋਂ ਸਮੁੰਦਰੀ ਜਹਾਜ਼ ਦਾ ਕਿਰਾਇਆ ਇਕੱਠਾ ਨਾ ਹੋ ਸਕਿਆ ਤਾਂ ਉਹ ਡੰਗਰਾਂ ਨੂੰ ਲਿਜਾਣ ਵਾਲੇ ਛੋਟੇ ਜਹਾਜ਼ ਵਿਚ ਹੀ ਯੂ.ਕੇ. ਲਈ ਰਵਾਨਾ ਹੋ ਗਏ। 'ਡੰਗਰਾਂ ਦਾ ਚੱਤੇ-ਪਹਿਰ ਦਾ ਅੜਾਟ, ਇੱਕ ਦੂਜੇ ਨੂੰ ਸਿੰਗਾਂ ਨਾਲ ਮਾਰਨਾ ਤੇ ਅੜਿੰਗਣਾ ਵੇਖ ਸਾਰਾ ਪਰਿਵਾਰ ਹਫ਼ਤੇ ਦਸਾਂ ਦਿਨਾਂ ਲਈ ਨਰਕੀ ਜੀਵਨ ਭੋਗਣ ਲਈ ਮਜਬੂਰ ਸੀ।' (ਸਫਾ 43)

ਡੰਕਨ ਨੇ ਲੰਡਨ ਤੋਂ ਬਾਅਦ ਫਰਾਂਸ ਦਾ ਰੁਖ ਕੀਤਾ ਅਤੇ ਪੈਰਿਸ ਵਿਚ ਕੁਝ ਸਮਾਂ ਬਿਤਾਉਣ ਤੋਂ ਬਾਅਦ ਯੂਨਾਨ ਗਈ ਅਤੇ ਫੇਰ ਰੂਸ ਦੀ ਫੇਰੀ ਕੱਢੀ। ਰੂਸ ਵਿਚ ਹੋਟਲ ਨੂੰ ਜਾਂਦਿਆਂ ਰਾਹ ਵਿਚ ਡੰਕਨ ਨੇ ਬੜਾ ਭਿਆਨਕ ਦ੍ਰਿਸ਼ ਵੇਖਿਆ। ਰਾਤ ਦਾ ਪਿਛਲਾ ਪਹਿਰ ਸੀ। ਸੈਂਕੜਿਆਂ ਦੀ ਗਿਣਤੀ ਵਿਚ 1905 ਦੇ ਖੂਨੀ ਐਤਵਾਰ ਨੂੰ ਜ਼ਾਰ ਦੇ ਸਰਦ ਮਹੱਲ ਦੇ ਸਾਹਮਣੇ ਹੋਏ ਮਜ਼ਦੂਰਾਂ ਦੇ ਕਤਲੇਆਮ ਵਿਚ ਮਾਰੇ ਗਏ ਬੇਗੁਨਾਹ ਮਜ਼ਦੂਰਾਂ ਦੇ ਤਾਬੂਤ ਕਬਰਸਤਾਨ ਵਿਚ ਦਫਨ ਕਰਨ ਲਈ ਲਿਜਾਏ ਜਾ ਰਹੇ ਸਨ। (ਸਫਾ 70) ਡੰਕਨ ਇਸ ਦਰਦਨਾਕ ਦ੍ਰਿਸ਼ ਨੂੰ ਵੇਖ ਕੇ ਭੈ-ਭੀਤ ਹੋ ਗਈ। ਉਹ ਆਪਣੀ ਸਵੈ-ਜੀਵਨੀ ਵਿਚ ਲਿਖਦੀ ਹੈ, "ਮੈਂ ਕੋਚਵਾਨ ਨੂੰ ਰੁਕਣ ਲਈ ਆਖਿਆ। ਮੇਰੇ ਹੰਝੂ ਵਹਿ ਤੁਰੇ ਤੇ ਗੱਲਾਂ ਤੋਂ ਹੇਠਾਂ ਵਗਣ ਲੱਗੇ...ਮੈਂ ਲਤਾੜੇ ਲੋਕਾਂ ਦੀ ਸੇਵਾ ਲਈ ਆਪਾ ਵਾਰਨ ਦੀ ਸਹੁੰ ਖਾਧੀ। ਆਹ! ਮੈਨੂੰ ਆਪਣੀਆਂ ਪਿਆਰ-ਤਾਂਘਾ ਤੇ ਦੁੱਖ ਕਿੰਨੇ ਨਿਗੂਣੇ ਲੱਗਣ ਲੱਗੇ। ਮੇਰੀ ਕਲਾ ਕਿਸ ਕੰਮ ਦੀ ਸੀ, ਜੇ ਇਹ ਕਿਸੇ ਦੀ ਸਹਾਇਤਾ ਨਾ ਕਰ ਸਕੇ।" (ਪੰਨਾ-162, ਅੰਗਰੇਜ਼ੀ ਐਡੀਸਨ, ਇਸ ਕਿਤਾਬ 'ਚ ਸਫਾ 71)

ਆਈਸਾਡੋਰਾ ਡੰਕਨ ਦੇ ਪਿਤਾ ਨੇ ਉਸ ਦੀ ਮਾਂ ਨੂੰ ਧੋਖਾ ਦਿੱਤਾ ਸੀ, ਇਸ ਲਈ ਉਸ ਦੀ ਮਾਂ ਸਾਰੀ ਉਮਰ ਉਸ ਨੂੰ ਕਹਿੰਦੀ ਰਹੀ ਕਿ ਕਦੇ ਵੀ ਮਰਦਾਂ 'ਤੇ ਭਰੋਸਾ ਨਾ ਕਰੀਂ ਅਤੇ ਵਿਆਹ ਨਾ ਕਰਵਾਈਂ। ਡੰਕਨ ਨੇ ਬਿਨਾਂ ਵਿਆਹ ਤੋਂ ਹੀ ਆਪਣੇ ਪਿਆਰ ਸਬੰਧਾਂ ਦੇ ਚੱਲਦਿਆਂ ਦੋ ਬੱਚਿਆਂ ਨੂੰ ਜਨਮ ਦਿੱਤਾ ਪਰ ਉਸ ਦੇ ਦੋਵੇਂ ਬੱਚੇ ਹੀ ਇੱਕ ਦੁਰਘਟਨਾ ਵਿਚ ਮਾਰੇ ਗਏ।

ਡੰਕਨ ਨੇ ਬੱਚਿਆਂ ਨੂੰ ਨ੍ਰਿਤ ਦੀ ਸਿੱਖਿਆ ਦੇਣ ਲਈ ਆਪਣਾ ਸਕੂਲ ਖੋਲ੍ਹਿਆ ਸੀ ਜਿਸ ਦਾ ਖਰਚਾ ਚਲਾਉਣ ਲਈ ਉਸ ਨੂੰ ਬਹੁਤ ਸਾਰੀਆਂ ਤੰਗੀਆਂ ਅਤੇ ਸਮਝੌਤਿਆਂ ਦਾ ਸਾਹਮਣਾ ਕਰਨ ਪਿਆ। ਆਖਿਰ ਸੋਵੀਅਤ ਰੂਸ ਵਿਚ ਇਨਕਲਾਬ ਤੋਂ ਬਾਅਦ ਡੰਕਨ ਨੂੰ ਮਾਸਕੋ ਵਿਚ ਸਰਕਾਰ ਨੇ ਸਕੂਲ ਖੋਲ੍ਹ ਕੇ ਦਿੱਤਾ ਜਿੱਥੇ ਮਜ਼ਦੂਰਾਂ ਦੇ ਬੱਚਿਆਂ ਨੂੰ ਉਹ ਨ੍ਰਿਤ ਸਿਖਾਉਣ ਲੱਗੀ। ਅਕਤੂਬਰ ਇਨਕਲਾਬ ਦੀ ਚੌਥੀ ਵਰ੍ਹੇਗੰਢ ਮੌਕੇ ਥੋੜ੍ਹੇ ਹੀ ਦਿਨਾਂ ਦੀ ਤਿਆਰੀ ਤੋਂ ਬਾਅਦ ਡੰਕਨ ਦੇ ਵਿਦਿਆਰਥੀਆਂ ਨੇ 'ਗੁਲਾਮਾਂ ਦੀ ਮੁਕਤੀ' ਬਾਰੇ ਪ੍ਰੋਗਰਾਮ ਪੇਸ਼ ਕੀਤਾ। ਡੰਕਨ ਨੇ ਗੁਲਾਮ ਪਾਤਰ ਦਿਖਾਉਣਾ ਸੀ, ਝੁਕਿਆ ਹੋਇਆ, ਲਤਾੜਿਆਂ ਤੇ ਭਾਰ ਨਾਲ ਲੱਦਿਆ ਪਾਤਰ ਜੋ ਹੁਣੇ ਹੀ ਗ਼ੁਲਾਮੀ ਤੋਂ ਮੁਕਤ ਹੋ ਕੇ ਸਿੱਧਾ ਉਠ ਖੜ੍ਹਾ ਹੋਇਆ ਸੀ। ਇਹ ਦ੍ਰਿਸ਼ ਦੇਖਦਿਆਂ ਹੀ ਲੈਨਿਨ ਭੋਰਾ ਕੁ ਅੱਗੇ ਵੱਲ ਝੁਕਿਆ, ਜੰਗਲੇ ਨੂੰ ਹੱਥ ਪਾਇਆ ਤੇ ਉਠ ਖੜ੍ਹਾ ਹੋਇਆ। ਸਭ ਲੋਕ ਮੰਤਰ-ਮੁਗਧ ਹੋਏ ਹੋਏ ਸਨ। ਲੈਨਿਨ ਪੂਰੀ ਉਚੀ ਅਵਾਜ਼ ਵਿਚ ਬੋਲਿਆ, "ਸ਼ਾਬਾਸ਼! ਕੁੜੇ ਡੰਕਨ, ਸ਼ਾਬਾਸ਼!!" ਜੇ ਲੈਨਿਨ ਖੁਸ਼ ਸੀ ਤਾਂ ਸਾਰਾ ਰੂਸ ਖੁਸ਼ ਸੀ-ਲੰਮੀਆਂ ਤਾੜੀਆਂ ਵੱਜੀਆਂ। ਸਾਰੇ ਹਾਲ ਨੂੰ ਪੇਸ਼ ਕੀਤੇ ਪ੍ਰਤੀਕ ਦੀ ਸਮਝ ਪੈ ਗਈ ਸੀ। (ਸਫਾ-120)

ਡੰਕਨ ਨੇ ਬਾਅਦ ਵਿਚ ਵਿਆਹ ਵੀ ਕਰਵਾਇਆ ਜੋ ਸਫਲ ਨਾ ਹੋ ਸਕਿਆ। ਰੂਸ ਨਾਲ ਚੰਗੇ ਸਬੰਧਾਂ ਦੇ ਚੱਲਦਿਆਂ ਡੰਕਨ ਨੂੰ ਅਮਰੀਕਾ ਦੇ ਗੁੱਸੇ ਤੇ ਸੰਕੀਰਨਤਾ ਦਾ ਸ਼ਿਕਾਰ ਵੀ ਹੋਣਾ ਪਿਆ। 1927 ਵਿਚ ਲੋਕਾਂ ਦੀ ਇਹ ਨ੍ਰਿਤਕੀ ਇੱਕ ਹਾਦਸੇ ਵਿਚ ਆਪਣੇ ਚਾਹੁਣ ਵਾਲਿਆਂ ਨੂੰ ਹਮੇਸ਼ਾ-ਹਮੇਸ਼ਾ ਲਈ ਛੱਡ ਕੇ ਚਲੀ ਗਈ। ਉਹ ਅਕਸਰ ਕਹਿੰਦੀ ਸੀ, "ਮੈਂ ਇਸ ਗੱਲ ਦਾ ਕਿਉਂ ਫਿਕਰ ਕਰਾਂ ਕਿ ਮੇਰੇ ਜਿਸਮ ਦਾ ਕਿਹੜਾ ਹਿੱਸਾ ਦਿਖਾਉਣਾ ਹੈ...ਆਪਣੇ ਜਿਸਮ ਦਾ ਕੋਈ ਵੀ ਭਾਗ ਦਿਖਾਉਣਾ ਕਲਾ ਹੈ, ਲੁਕਾਉਣਾ ਬਕਵਾਸ ਤੇ ਗੰਵਾਰੂ ਹੈ। ਮੈਂ ਮਨੁੱਖ ਜਾਤੀ ਦੇ ਘਟੀਆ ਜਜ਼ਬਿਆਂ ਨੂੰ ਅਪੀਲ ਨਹੀਂ ਕਰਦੀ, ਜਿਵੇਂ ਤੁਹਾਡੀਆਂ ਅਰਧ-ਨੰਗੀਆਂ ਗਾਉਣ ਵਾਲੀਆਂ ਛੋਕਰੀਆਂ ਕਰਦੀਆਂ ਹਨ। ਮੇਰਾ ਜਿਸਮ ਮੇਰੀ ਕਲਾ ਦਾ ਮੰਦਰ ਹੈ।" (ਸਫਾ 134)

ਆਈਸਾਡੋਰਾ ਡੰਕਨ ਦੀ ਇਹ ਜੀਵਨੀ ਟੁੱਟੇ ਤਾਂ ਕੀ, ਵੱਢੇ ਪਏ ਬੰਦੇ ਨੂੰ ਵੀ ਖੜ੍ਹਾ ਕਰਨ ਦੀ ਸਮਰੱਥਾ ਰੱਖਦੀ ਹੈ। ਇੱਕ ਤਾਂ ਆਈਸਾਡੋਰਾ ਡੰਕਨ ਦਾ ਪੂਰਾ ਜੀਵਨ ਹੀ ਐਨਾ ਸੰਘਰਸ਼ ਭਰਿਆ ਸੀ ਕਿ ਕੋਈ ਵੀ ਉਸ ਦੀ ਜੁਅਰਤ, ਹੌਸਲੇ ਅਤੇ ਦਲੇਰੀ ਦਾ ਕਾਇਲ ਹੋ ਜਾਵੇ; ਦੂਜਾ ਹਰਭਜਨ ਸਿੰਘ ਹੁੰਦਲ ਵੱਲੋਂ ਵਰਤੇ ਗਏ ਹਵਾਲੇ ਅਤੇ ਪੰਜਾਬੀ ਭਾਸ਼ਾ ਦੀ ਸਮਰਥਾ ਨੇ ਇਸ ਨੂੰ ਹੋਰ ਵੀ ਦਿਲ ਖਿੱਚਵਾਂ ਬਣਾ ਦਿੱਤਾ ਹੈ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 23 ਫਰਵਰੀ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-52



*ਇਕ 'ਫੁੱਲ' ਮਾਪਿਆਂ ਦਾ ਚੱਲਿਆ ਸਕੂਲ ਨੂੰ,*
*ਹੱਥ ਲਾ ਕੇ ਦੱਸਦਾ ਏ ਡੇਲੀਏ ਦੇ ਫੁੱਲ ਨੂੰ!*

## ਕੈਪਸ਼ਨ ਮੁਕਾਬਲਾ-50



ਨਿੱਕੇ ਵੱਡੇ ਆ ਜੋ ਸਾਰੇ,
ਗਰਮੀ ਦੇ ਵਿਚ ਮੌਜ ਮਨਾਈਏ।
ਦੋ ਬੰਬੀਆਂ ਦਾ ਪਾਣੀ ਡੱਕਵਾਂ,
ਔਲੂ ਦੇ ਵਿਚ ਤਾਰੀਆਂ ਲਾਈਏ।
ਨੇੜੇ ਅਇਆ ਦੇਖ ਕੈਮਰਾ,
ਤਰ੍ਹਾਂ ਤਰ੍ਹਾਂ ਦੇ ਪੋਜ਼ ਬਣਾਈਏ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਦੋਹ ਬੰਬੀਆਂ ਦੇ ਪਾਣੀ ਮਿਲ ਕੇ
ਵਿਚ ਚੁਬੱਚੇ ਖੌਰੂ ਪਾਇਆ।
ਇੰਜ ਜਾਪੇ ਜਿਉਂ ਚਾਟੀ ਦੇ ਵਿਚ
ਲੱਸੀ ਉਤੇ ਮੱਖਣ ਆਇਆ।
ਮਨ ਦਾ ਸੱਚਾ ਸੁੱਚਾ ਬਚਪਨ
ਪਾਣੀ ਵਿਚ ਪਿਆ ਹੱਸਦਾ।
ਦਸ 'ਸੁਰਜੀਤ' ਤੂੰ ਦੁਨੀਆਂ ਨੂੰ
ਰੱਬ ਸਾਡੇ ਪਿੰਡ ਵਿਚ ਵੱਸਦਾ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

---

ਚੁਬੱਚਿਆਂ ਦਾ ਪਾਣੀ
ਹਾਣ ਦੇ ਹਾਣੀ।
ਯਾਦ ਬੜੀ ਆਉਂਦੀ ਏ
ਬੀਤੀ ਉਹ ਕਹਾਣੀ।
***-ਇੰਦਰਜੀਤ ਮੰਗਾ,***
***ਪਿਟਸਬਰਗ, ਕੈਲੀਫੋਰਨੀਆ।***

---

ਫੋਟੋ ਵੇਖ ਕੇ ਚੇਤੇ ਆ ਗਿਆ,
ਲੰਘਿਆ ਬਚਪਨ ਪਿਆਰਾ।
ਮੋਟਰ ਦੇ ਪਾਣੀ ਨਾਲ
ਮਾਰ ਮਾਰ ਛਾਲਾਂ ਲੈਂਦੇ ਸੀ ਨਜ਼ਾਰਾ।
ਡੂੰਘੇ ਕਰ ਲਏ ਬੋਰ ਲੋਕਾਂ ਨੇ
ਡੂੰਘਾ ਹੋ ਗਿਆ ਪਾਣੀ।
ਮੇਰੇ ਪਿਆਰੇ ਪੰਜਾਬ ਦੀ
ਲੋਕੋ ਅਜਬ ਕਹਾਣੀ।
ਕਰੇ ਅਰਦਾਸ ਰੱਬ ਅੱਗੇ ਗੋਰਾ,
ਕਦੇ ਮੇਰੇ ਵਤਨ ਵਿਚ ਮੁੱਕੇ ਨਾ ਪਾਣੀ।
***-ਗੋਰਾ ਪ੍ਰਜਾਪਤ***
***ਫੋਨ: 646-721-1964***

# ਗੁਰੂ ਨਾਨਕ ਇੰਜੀਨੀਅਰਿੰਗ ਕਾਲਜ (ਲੁਧਿਆਣਾ) ਸਾਬਕਾ ਵਿਦਿਆਰਥੀ ਜਥੇਬੰਦੀ (ਜੈਨਕੋ)

## *GENCO Presents*

## Engineers Day

## ਇੰਜੀਨੀਅਰ ਦਿਵਸ

**ਐਤਵਾਰ, 17 ਫਰਵਰੀ 2013**
**ਗੁਰਦੁਆਰਾ ਸਾਹਿਬ ਫਰੀਮਾਂਟ**
**ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ**

**ਐਤਵਾਰ, 24 ਫਰਵਰੀ 2013**
**ਗੁਰਦੁਆਰਾ ਸਾਹਿਬ ਸੈਨ ਹੋਜ਼ੇ**
**ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ**

ਜੈਨਕੋ (ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਅਲੁਮਨੀ) ਵਲੋਂ ਹੇਠ ਲਿਖੇ ਮਹਿਮਾਨਾਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਲਈ ਇੰਜੀਨੀਅਰਿੰਗ ਦਿਵਸ ਮਨਾਇਆ ਜਾ ਰਿਹਾ ਹੈ:

*ਗੈਰ-ਇੰਜੀਨੀਅਰ ਮਾਪੇ
-ਕੀ ਤੁਸੀਂ ਅਪਣੇ ਬੱਚਿਆਂ ਨੂੰ ਇੰਜੀਨੀਅਰ ਬਣਾਉਣਾ ਚਾਹੁੰਦੇ ਹੋ? ਆਓ ਉਨ੍ਹਾਂ ਨੂੰ ਇੰਜੀਨੀਅਰਿੰਗ ਬਾਰੇ ਜਾਣੂ ਕਰਵਾਈਏ।
*ਲੜਕੀਆਂ
-ਸਮਾਂ ਬਦਲ ਰਿਹਾ ਹੈ। ਆਓ ਅਤੇ ਜਾਣੋ ਲੜਕੀਆਂ ਇੰਜੀਨੀਅਰਿੰਗ ਵਿਚ ਕਿਵੇਂ ਅੱਗੇ ਵਧ ਰਹੀਆਂ ਹਨ?
*ਬੱਚੇ
-ਆਪਣੇ ਬੱਚਿਆਂ ਨੂੰ ਇਸ ਪ੍ਰੋਗਰਾਮ ਵਿਚ ਭੇਜੋ। ਆਓ ਵੇਖੀਏ ਕੀ ਉਹ ਇੰਜੀਨੀਅਰ ਬਣਨਾ ਚਾਹੁੰਦੇ ਹਨ!
ਆਓ ਰਲ ਕੇ ਆਪਣੀ ਕੌਮ ਦਾ ਸੁਨਹਿਰਾ ਭਵਿੱਖ ਸਿਰਜੀਏ।
ਅਸੀਂ ਆਪਣੇ ਬੂਥ ਉਤੇ ਤੁਹਾਡੇ ਨਾਲ ਇੰਜੀਨੀਅਰਿੰਗ ਪੇਸ਼ੇ ਬਾਰੇ ਗੱਲਬਾਤ ਕਰਨ ਵਿਚ ਮਾਣ ਮਹਿਸੂਸ ਕਰਾਂਗੇ।

*ਜੈਨਕੋ ਅਲੂਮਨੀ ਜਥੇਬੰਦੀ ਵਿਚ ਉਹ ਇੰਜੀਨੀਅਰ ਸ਼ਾਮਲ ਹਨ, ਜਿਨ੍ਹਾਂ ਨੇ ਪੰਜਾਬ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਤੋਂ ਪੜ੍ਹਾਈ ਕੀਤੀ ਹੈ। ਅਸੀਂ ਆਪਣੇ ਮੈਂਬਰਾਂ ਲਈ ਕਈ ਪ੍ਰੋਗਰਾਮ ਕਰਦੇ ਹਾਂ, ਜਿਨ੍ਹਾਂ ਵਿਚ ਸੱਭਿਆਚਾਰਕ, ਖੇਡਾਂ, ਧਾਰਮਿਕ ਅਤੇ ਕਾਰੋਬਾਰੀ ਪ੍ਰੋਗਰਾਮ ਸ਼ਾਮਲ ਹਨ।*

GENCO ALUMNI ASSOCIATION CALIFORNIA U.S.A.

**Contact: GENCO Charitable Corporation**: gencospirit@yahoo.com or www.GencoBayArea.Com

**Disclaimer:** These events are being organized by GENCO as a service to its membership. There is no warranty of any kind. In no event shall GENCO be liable for any direct or indirect, consequential or incidental injuries or damages of any kind, whatsoever, during the GENCO events.

# ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੀਆਂ ਵਿਸ਼ੇਸ਼ ਚੋਣਾਂ ਵਿਚ

## ਸ਼ਿਕਾਗੋ ਸਿੱਖਸ ਅਤੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਦੀ ਸਾਂਝੀ ਸਲੇਟ ਨੂੰ ਲਾਮਿਸਾਲ ਜਿੱਤ ਬਖਸ਼ਣ ਲਈ ਗੁਰਦੁਆਰਾ ਪੈਲਾਟਾਈਨ ਦੀਆਂ ਸੰਗਤਾਂ ਅਤੇ ਸਭ ਭੁੱਲਾਂ ਦੇ ਬਖਸ਼ਣਹਾਰ ਵਾਹਿਗੁਰੂ ਸੱਚੇ ਪਾਤਸ਼ਾਹ ਦਾ

# ਕੋਟਾਨਿ ਕੋਟਿ ਧੰਨਵਾਦ



*ਨਵੇਂ ਚੁਣੇ ਗਏ ਬੋਰਡ ਮੈਂਬਰ ਅੰਮ੍ਰਿਤਪਾਲ ਸਿੰਘ ਗਿੱਲ, ਮਹਾਂਵੀਰ ਸਿੰਘ ਬਰਾੜ, ਸੀ ਆਈ ਸੀ ਮੈਂਬਰ ਆਰਥਰ ਸਿੰਘ ਗੁਲਾਟੀ, ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ, ਸਰਵਣ ਸਿੰਘ, ਸੋਖੀ ਸਿੰਘ ਅਤੇ ਗੁਰਮੀਤ ਸਿੰਘ ਭੋਲਾ*

ਵਾਹਿਗੁਰੂ ਅੱਗੇ ਬੇਨਤੀ ਤੇ ਅਰਜੋਈ ਹੈ ਕਿ ਗੁਰਦੁਆਰਾ ਪੈਲਾਟਾਈਨ ਦੀ ਸੇਵਾ ਸੱਚੇ ਦਿਲੋਂ ਕਰਨ ਦਾ ਬਲ ਬਖਸ਼ੇ

ਸਾਡਾ ਸੰਗਤਾਂ ਨਾਲ ਵਾਅਦਾ ਰਿਹਾ ਕਿ ਪ੍ਰਭੂ ਕਿਰਪਾ ਸਦਕਾ ਅਸੀਂ ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਬੰਧ ਨੂੰ ਸੁਚੱਜੇ ਰੂਪ ਨਾਲ ਚਲਾਉਣ ਅਤੇ ਇਸ ਨੂੰ ਵਧ ਤੋਂ ਵਧ ਪਾਰਦਰਸ਼ੀ ਬਣਾਉਣ ਲਈ ਆਪਣੀ ਤਰਫੋਂ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਅਜਿਹਾ ਕੁਝ ਵੀ ਕਰਨ ਤੋਂ ਝਿਜਕਾਂਗੇ ਜਿਸ ਨਾਲ ਗੁਰੂ ਘਰ ਦਾ ਕੋਈ ਨੁਕਸਾਨ ਹੋਣ ਦੀ ਸੰਭਾਵਨਾ ਹੋਵੇ।

ਸਾਡੇ ਜਿਹੇ ਤੁੱਛ ਸੇਵਕਾਂ ਵਿਚ ਆਪਣਾ ਭਰੋਸਾ ਪ੍ਰਗਟ ਕਰਨ ਲਈ ਸ਼ਿਕਾਗੋ ਦੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ

**ਆਓ ਸਾਰੇ ਰਲ ਕੇ ਗੁਰੂ ਦਾ ਓਟ ਆਸਰਾ ਤੱਕੀਏ ਤੇ ਪਿਛਲੇ ਸਭ ਮਤਭੇਦ ਭੁਲਾ ਕੇ ਗੁਰੂ ਘਰ ਦੀ ਚੜ੍ਹਦੀ ਕਲਾ ਲਈ ਰਲ ਕੇ ਕੰਮ ਕਰੀਏ।**

**ਵਲੋਂ: ਸਮੂਹ ਸਮਰਥਕ, ਸ਼ਿਕਾਗੋ ਸਿੱਖਸ ਅਤੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ**

# ਲਕਸ਼ਮੀ ਮਿੱਤਲ ਤੇ ਅਜ਼ਹਰੂਦੀਨ ਦਾ ਸਨਮਾਨ

## ਏਸ਼ੀਅਨ ਵਾਈਸ ਪੁਲੀਟਿਕਲ ਐਂਡ ਪਬਲਿਕ ਲਾਈਫ ਐਵਾਰਡਜ਼





**ਲੰਡਨ:** ਇਥੇ ਭਾਰਤ ਤੇ ਹੋਰ ਏਸ਼ਿਆਈ ਮੂਲ ਦੇ ਲੋਕਾਂ ਨੂੰ ਵੱਖ-ਵੱਖ ਖੇਤਰਾਂ ਵਿਚ ਅਹਿਮ ਪ੍ਰਾਪਤੀਆਂ ਬਦਲੇ ਸਨਮਾਨਤ ਕੀਤਾ ਗਿਆ। ਇਨ੍ਹਾਂ ਸਨਮਾਨਤ ਸ਼ਖਸੀਅਤਾਂ ਵਿਚ ਲਕਸ਼ਮੀ ਮਿੱਤਲ ਤੇ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਮੁਹੰਮਦ ਅਜ਼ਹਰੂਦੀਨ ਸ਼ਾਮਲ ਹਨ। ਇਹ ਲਗਾਤਾਰ ਸੱਤਵਾਂ ਸਾਲ ਹੈ ਜਦੋਂ 'ਏਸ਼ੀਅਨ ਵਾਈਸ ਪੁਲੀਟਿਕਲ ਐਂਡ ਪਬਲਿਕ ਲਾਈਫ ਐਵਾਰਡਜ਼' ਏਸ਼ਿਆਈ ਭਾਈਚਾਰੇ ਖਾਸ ਤੌਰ 'ਤੇ ਭਾਰਤੀਆਂ ਨੂੰ ਦਿੱਤੇ ਗਏ। ਇਹ ਸਨਮਾਨ ਸਮਾਗਮ ਬਰਤਾਨਵੀ ਸੰਸਦ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਦੇ ਡਾਈਨਿੰਗ ਰੂਮ ਵਿਚ ਕਰਵਾਇਆ ਗਿਆ।

ਸਮਾਗਮ ਵਿਚ ਬਰਤਾਨੀਆ ਅੰਦਰ ਵਸਦੇ ਏਸ਼ਿਆਈ ਭਾਈਚਾਰੇ ਦੀਆਂ ਉੱਘੀਆਂ ਹਸਤੀਆਂ ਸ਼ਾਮਲ ਹੋਈਆਂ। ਸਟੀਲ ਬਾਦਸ਼ਾਹ ਤੇ ਆਰਸਲਰ ਮਿੱਤਲ ਦੇ ਸੀਈਓ ਲਕਸ਼ਮੀ ਮਿੱਤਲ ਨੂੰ 'ਚੇਂਜਿੰਗ ਦਿ ਫੇਸ ਆਫ਼ ਬ੍ਰਿਟਿਨ ਐਵਾਰਡ' ਦਿੱਤਾ ਗਿਆ। ਇਹ ਐਵਾਰਡ ਸ੍ਰੀ ਮਿੱਤਲ ਦੀ ਤਰਫੋਂ ਉਨ੍ਹਾਂ ਦੇ ਇਕ ਰਿਸ਼ਤੇਦਾਰ ਸੁਧੀਰ ਮਹੇਸ਼ਵਰੀ ਨੇ ਪ੍ਰਾਪਤ ਕੀਤਾ। ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਮੁਹੰਮਦ ਅਜ਼ਹਰੂਦੀਨ ਨੂੰ 'ਇਨਫਲੂਐਂਸ ਇਨ ਇੰਡੀਅਨ ਪਾਲਿਟਿਕਸ' ਐਵਾਰਡ ਮਿਲਿਆ। ਦੀਪਕ ਕੁੰਡਾਵਾਲਾ ਜੋ ਡੀਵੀਕੇ ਗਰੁੱਪ ਦੇ ਚੇਅਰਮੈਨ ਹਨ, ਨੂੰ ਸਨਮਾਨਤ ਕੀਤਾ ਗਿਆ। '51 ਬਕਿੰਘਮ ਗੇਟ' ਦੇ ਜਨਰਲ ਮੈਨੇਜਰ ਪ੍ਰਭਾਤ ਵਰਮਾ ਨੂੰ 'ਇੰਟਰਨੈਸ਼ਨਲ ਕੋਆਪਰੇਸ਼ਨ ਬਿਟਵੀਨ ਦਿ ਯੂ ਕੇ ਐਂਡ ਇੰਡੀਆ ਐਵਾਰਡ' ਦਿੱਤਾ ਗਿਆ। '51 ਬਕਿੰਘਮ ਗੇਟ' ਲੰਡਨ ਵਿਚ ਤਾਜ ਗਰੁੱਪ ਹੋਟਲ ਦੀ ਇਕ ਚੇਨ ਹੈ। ਇਸ ਦੇ ਦੇਸ਼ ਵਿਚ 10 ਹੋਟਲ ਹਨ।

# ਐਟਲਾਂਟਾ ਵਿਚ ਪਰਿਵਾਰ ਨੂੰ ਮਾਰਨ ਮਗਰੋਂ ਖ਼ੁਦਕੁਸ਼ੀ

**ਵਾਸ਼ਿੰਗਟਨ:** ਅਮਰੀਕਾ ਦੇ ਜਾਰਜੀਆ ਸੂਬੇ ਦੇ ਸ਼ਹਿਰ ਐਟਲਾਂਟਾ ਵਿਚ ਵਾਪਰੀ ਦਿਲ ਕੰਬਾਊ ਘਟਨਾ ਵਿਚ ਪੰਜਾਬੀ ਸਿੱਖ ਪਰਿਵਾਰ ਦੇ ਚਾਰ ਜੀਆਂ ਦੀਆਂ ਲਾਸ਼ਾਂ ਸ਼ੱਕੀ ਹਾਲਤ ਵਿਚ ਮਿਲੀਆਂ। ਇਸ ਖ਼ੌਫਨਾਕ ਘਟਨਾ ਨੇ ਇਥੋਂ ਦੇ ਸਿੱਖ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮ੍ਰਿਤਕਾਂ ਵਿਚ ਪਰਿਵਾਰ ਦਾ ਮੁਖੀ, ਉਸ ਦੀ ਪਤਨੀ ਤੇ ਦੋ ਨਿੱਕੇ ਬੱਚੇ ਸ਼ਾਮਲ ਹਨ। ਪੁਲਿਸ ਇਸ ਨੂੰ ਪਰਿਵਾਰ ਦੇ ਮੁਖੀ ਸ਼ਿਵਿੰਦਰ ਸਿੰਘ ਗਰੋਵਰ ਵੱਲੋਂ ਕਤਲ ਪਿੱਛੋਂ ਖ਼ੁਦਕੁਸ਼ੀ ਦਾ ਮਾਮਲਾ ਮੰਨ ਰਹੀ ਹੈ। ਜੋਹਨਜ਼ ਕਰੀਕ ਪੁਲਿਸ ਮੁਤਾਬਕ ਜਿਥੇ ਸਰਤਾਜ (12) ਤੇ ਗੁਰਤੇਜ (5) ਦੀਆਂ ਗਰਦਨਾਂ ਉੱਤੇ ਤੇਜ਼ਧਾਰ ਹਥਿਆਰ ਦੇ ਜ਼ਖ਼ਮ ਹਨ, ਉਥੇ ਦਮਨਜੀਤ ਕੌਰ ਗਰੋਵਰ (47) ਦੇ ਸਿਰ ਵਿਚ ਕਿਸੇ ਭਾਰੀ ਚੀਜ਼ ਨਾਲ ਵਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਲਿਸ ਨੂੰ ਘਰ ਦੇ ਮੁਖੀ ਸ਼ਿਵਿੰਦਰ ਸਿੰਘ ਗਰੋਵਰ (52) ਦੀ ਲਾਸ਼ ਉਨ੍ਹਾਂ ਦੀ ਜੋਹਨਜ਼ ਕਰੀਕ ਸਥਿਤ ਰਿਹਾਇਸ਼ ਵਿਚ ਛੱਤ ਨਾਲ ਲਟਕਦੀ ਮਿਲੀ ਹੈ। ਇਸ ਘਟਨਾ ਦੀ ਪੁਲਿਸ ਨੂੰ ਸੂਚਨਾ ਮ੍ਰਿਤਕਾ ਦਮਨਜੀਤ ਕੌਰ ਦੇ ਸਹੇਲੀ ਦਿੱਤੀ ਸੀ। ਗਰੋਵਰ ਨੇ ਮਿਸ਼ੀਗਨ ਯੂਨੀਵਰਸਿਟੀ ਵਿਚ ਪੜ੍ਹਾਈ ਕੀਤੀ ਸੀ। ਇਹ



ਪਰਿਵਾਰ ਹਾਲ ਹੀ ਵਿਚ ਮਿਸ਼ੀਗਨ ਨੂੰ ਛੱਡ ਕੇ ਅਟਲਾਂਟਾ ਗਿਆ ਸੀ। ਗਰੋਵਰ ਉਥੇ ਇਕ ਤਕਨਾਲੋਜੀ ਕੰਪਨੀ ਵਿਚ ਅਧਿਕਾਰੀ ਸੀ। ਮੁਕਾਮੀ ਟੀਵੀ ਚੈਨਲਾਂ ਮੁਤਾਬਕ ਪੁਲਿਸ ਨੇ ਮ੍ਰਿਤਕ ਪਰਿਵਾਰ ਦੇ ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਨਾਲ ਸੰਪਰਕ ਕੀਤਾ ਹੈ।

# ਅਮਰੀਕੀ ਸੰਸਦ ਮੈਂਬਰਾਂ ਨੇ ਕੌਕਸ ਤੋਂ ਪਾਸਾ ਵੱਟਿਆ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਪ੍ਰਸ਼ਾਸਨ ਦੀ ਰਹਿਨੁਮਾਈ ਹੇਠ ਭਾਵੇਂ ਭਾਰਤ ਤੇ ਅਮਰੀਕਾ ਦੇ ਰਿਸ਼ਤੇ ਮਜ਼ਬੂਤ ਹੋ ਰਹੇ ਹਨ ਪਰ ਦੂਜੇ ਪਾਸੇ ਛੋਟੇ ਤਾਕਤਵਰ ਭਾਰਤੀ-ਅਮਰੀਕੀ ਭਾਈਚਾਰੇ ਵਿਚ ਦੁਵੱਲੇ ਮਜ਼ਬੂਤ ਸਬੰਧਾਂ ਦੀ ਲਾਬਿੰਗ ਕਰਨ ਲਈ ਦਿਲਚਸਪੀ ਘਟਦੀ ਜਾਪਦੀ ਹੈ। ਇਸ ਗੱਲ ਦਾ ਪਤਾ ਅਮਰੀਕੀ ਕਾਂਗਰਸ ਦੇ ਭਾਰਤ ਬਾਰੇ ਕੌਕਸ (ਗਰੁੱਪ) ਦੀ ਮੈਂਬਰੀ ਵਿਚ ਆਈ ਤੇਜ਼ ਗਿਰਾਵਟ ਤੋਂ ਲੱਗਦਾ ਹੈ। ਕੌਕਸ ਦੀ ਸਥਾਪਨਾ 1994 ਵਿਚ ਹੋਈ ਸੀ ਜਦੋਂ ਦੋਵੇਂ ਮੁਲਕਾਂ ਦੇ ਰਿਸ਼ਤੇ ਹਾਲੇ ਢਿੱਲੇ-ਮੱਠੇ ਹੀ ਸਨ। ਉਸ ਵੇਲੇ ਕੌਕਸ ਵਿਚ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੇ ਰਿਕਾਰਡ 186 ਮੈਂਬਰ (ਕਾਂਗਰਸਮੈਨ) ਸ਼ਾਮਲ ਸਨ। ਇਕ ਦਹਾਕੇ ਤੋਂ ਵੱਧ ਸਮੇਂ ਤੱਕ ਕੌਕਸ ਨੂੰ ਭਾਰਤ ਤੇ ਅਮਰੀਕਾ ਦੇ ਦੁਵੱਲੇ ਸਬੰਧਾਂ ਦਾ ਮੁੱਖ ਚਾਲਕ ਮੰਨਿਆ ਜਾਂਦਾ ਰਿਹਾ ਹੈ ਜਿਸ ਨੇ ਇਤਿਹਾਸਕ ਗੈਰ-ਫੌਜੀ ਪਰਮਾਣੂ ਸਮਝੌਤਾ ਸਿਰੇ ਚੜ੍ਹਨ ਵਿਚ ਅਹਿਮ ਭੂਮਿਕਾ ਨਿਭਾਈ।

ਇਸ ਦੇ ਬਾਵਜੂਦ ਤਾਜ਼ਾ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਇਹ ਗਿਣਤੀ ਘੱਟ ਕੇ ਮਹਿਜ਼ 110 ਕਾਂਗਰਸਮੈਨਾਂ ਤੱਕ ਆ ਗਈ ਹੈ। ਇਸ ਦਾ ਮੁੱਖ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਬੜੇ ਲੰਬੇ ਸਮੇਂ ਤੋਂ ਭਾਰਤੀ-ਅਮਰੀਕੀ ਭਾਈਚਾਰੇ ਨੇ ਇਸ ਪਾਸੇ ਬਹੁਤੀ ਤਵੱਜੋ ਨਹੀਂ ਦਿੱਤੀ ਕਿ ਉਹ ਆਪਣੇ ਨੁਮਾਇੰਦਿਆਂ ਨੂੰ ਕੌਕਸ ਵਿਚ ਸ਼ਾਮਲ ਹੋਣ ਲਈ ਜ਼ੋਰ ਦੇਣ। ਇਸ ਤੋਂ ਪਿਛਲੀ 112ਵੀਂ ਕਾਂਗਰਸ ਦੌਰਾਨ ਕੌਕਸ ਵਿਚ 135 ਮੈਂਬਰ ਸਨ। ਭਾਰਤੀ-ਅਮਰੀਕੀ ਭਾਈਚਾਰੇ ਦੇ ਅਹਿਮ ਆਗੂਆਂ ਦਾ ਕਹਿਣਾ ਹੈ ਕਿ ਉਹ ਹੁਣ ਇਸ ਪਾਸੇ ਧਿਆਨ ਦੇਣਗੇ।



# ਜਥੇਦਾਰ ਗੁਰਬਚਨ ਸਿੰਘ ਵੱਲੋਂ ਯੂਰਪੀਅਨ ਸੰਘ ਦਾ ਧੰਨਵਾਦ

**ਅੰਮ੍ਰਿਤਸਰ:** ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਯੂਰਪ ਤੇ ਇੰਗਲੈਂਡ ਦੇ ਹਵਾਈ ਅੱਡਿਆਂ 'ਤੇ ਬਗੈਰ ਦਸਤਾਰ ਉਤਾਰੇ ਤਲਾਸ਼ੀ ਲੈਣ ਦੇ ਫ਼ੈਸਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਯੂਰਪੀਅਨ ਸੰਘ ਦਾ ਧੰਨਵਾਦ ਕੀਤਾ ਹੈ। ਸਿੰਘ ਸਾਹਿਬ ਨੇ ਹੋਰਾਂ ਮੁਲਕਾਂ ਨੂੰ ਵੀ ਯੂਰਪੀਅਨ ਸੰਘ ਵਾਂਗ ਫ਼ੈਸਲਾ ਲੈਣ ਲਈ ਅਪੀਲ ਕੀਤੀ ਹੈ।

ਉਨ੍ਹਾਂ ਕਿ ਯੂਰਪੀ ਸੰਘ ਵੱਲੋਂ ਸੋਧ ਕਰਕੇ ਬਣਾਏ ਇਸ ਕਾਨੂੰਨ ਨਾਲ ਜਿਥੇ ਵਿਅਕਤੀਗਤ ਭੇਦ ਭਾਵ ਦੂਰ ਹੋਵੇਗਾ, ਉਥੇ ਧਾਰਮਿਕ ਆਜ਼ਾਦੀ ਤੇ ਮੌਲਿਕ ਅਧਿਕਾਰਾਂ ਦਾ ਸਨਮਾਨ ਵਧੇਗਾ। ਯੂਰਪੀਅਨ ਯੂਨੀਅਨ ਵੱਲੋਂ ਦਸਤਾਰਧਾਰੀ ਸਿੱਖਾਂ ਲਈ ਸੋਧ ਕਰਕੇ ਬਣਾਇਆ ਗਿਆ ਕਾਨੂੰਨੀ 25 ਫਰਵਰੀ ਨੂੰ ਲਾਗੂ ਹੋਵੇਗਾ। ਇਸ ਕਾਨੂੰਨ ਮੁਤਾਬਕ ਹੁਣ ਯੂਰਪੀ ਹਵਾਈ ਅੱਡਿਆਂ 'ਤੇ ਸੁਰੱਖਿਆ ਵਜੋਂ ਦਸਤਾਰ ਨੂੰ ਹੱਥ ਨਾਲ ਛੂਹਣ ਦੀ ਥਾਂ ਸਕਰੀਨਿੰਗ ਜਾਂ ਹੈਂਡ ਮੈਟਲ ਡਿਟੈਕਟਰ ਨਾਲ ਚੈੱਕ ਕੀਤਾ ਜਾਇਆ ਕਰੇਗਾ।

# ਫੋਨ 'ਤੇ ਠੱਗੀਆਂ ਮਾਰਨ ਵਾਲੇ ਭਾਰਤੀ ਨੇ ਕਬੂਲਿਆ ਗੁਨਾਹ

**ਨਿਊਯਾਰਕ:** ਆਪਣੇ ਕਾਲ ਸੈਂਟਰ ਰਾਹੀਂ ਫੋਨ ਕਾਲਾਂ ਕਰਕੇ ਅਮਰੀਕਾ ਭਰ ਵਿਚ ਵੱਡੀ ਗਿਣਤੀ ਲੋਕਾਂ ਨਾਲ ਠੱਗੀ ਮਾਰਨ ਵਾਲੇ ਭਾਰਤੀ ਮੂਲ ਦੇ ਵਿਅਕਤੀ ਨੇ ਆਪਣਾ ਦੋਸ਼ ਕਬੂਲ ਲਿਆ ਹੈ। ਕੈਲੇਫੋਰਨੀਆ ਵਿਚ ਰਹਿੰਦੇ 47 ਸਾਲਾ ਬਲਜੀਤ ਸਿੰਘ ਨੂੰ ਇਸ ਦੋਸ਼ ਲਈ ਅਦਾਲਤ ਵੱਲੋਂ ਅੱਠ ਅਪਰੈਲ ਨੂੰ ਸਜ਼ਾ ਸੁਣਾਈ ਜਾਵੇਗੀ। ਅਦਾਲਤ ਨੇ ਉਸ ਨੂੰ ਪੰਜ ਲੱਖ ਡਾਲਰ ਜੁਰਮਾਨਾ ਵੀ ਕੀਤਾ ਹੈ। ਇਸ ਜੁਰਮ ਵਿਚ ਦੋਸ਼ੀ ਨੂੰ 20 ਸਾਲ ਤੱਕ ਕੈਦ ਦੀ ਸਜ਼ਾ ਹੋ ਸਕਦੀ ਹੈ। ਕਬੂਲਨਾਮੇ ਮੁਤਾਬਕ ਬਲਜੀਤ ਸਿੰਘ ਨੇ ਮੰਨਿਆ ਕਿ ਉਸ ਨੇ ਸਹਿ ਮੁਲਾਜ਼ਮ ਸ਼ਰਨਜੀਤ ਕੌਰ (36) ਨਾਲ ਮਿਲ ਕੇ 2010 ਤੇ 2011 ਵਿਚ ਕੈਲੇਫੋਰਨੀਆ ਆਧਾਰਤ ਵੱਡੀ ਗਿਣਤੀ ਕੰਪਨੀਆਂ ਕਾਇਮ ਕੀਤੀਆਂ ਤਾਂ ਕਿ ਅਮਰੀਕਾ ਭਰ ਦੇ ਲੋਕਾਂ ਨਾਲ ਠੱਗੀ ਮਾਰੀ ਜਾ ਸਕੇ। ਇਨ੍ਹਾਂ ਕੰਪਨੀਆਂ ਦੇ ਨਾਂ 'ਤੇ ਲੋਕਾਂ ਨੂੰ ਭਾਰਤ ਵਿਚਲੇ ਕਾਲ ਸੈਂਟਰ ਤੋਂ ਕਾਲਾਂ ਕਰਕੇ ਘੱਟ ਵਿਆਜ਼ 'ਤੇ ਕਰਜ਼ੇ ਦੇਣ, ਮੁਕੱਦਮਿਆਂ ਤੋਂ ਬਚਣ ਤੇ ਉਚੀਆਂ ਵਿਆਜ ਦਰਾਂ ਵਾਲੇ ਕਰੈਡਿਟ ਕਾਰਡਾਂ ਤੋਂ ਬਚਣ ਦੇ ਲਾਲਚ ਦਿੱਤੇ ਜਾਂਦੇ ਸਨ। ਇਸ ਤਰ੍ਹਾਂ ਲੋਕਾਂ ਨੂੰ ਫਸਾਉਣ ਪਿੱਛੋਂ ਉਨ੍ਹਾਂ ਤੋਂ 500 ਡਾਲਰ ਜਾਂ ਇਸ ਤੋਂ ਵੱਧ ਦੀਆਂ ਮਾਸਿਕ ਕਿਸ਼ਤਾਂ ਦੇਣ ਲਈ ਕਿਹਾ ਜਾਂਦਾ ਸੀ।



ਕਿਸ਼ਤਾਂ ਭਰਨ 'ਤੇ ਸਬੰਧਤ ਲੋਕਾਂ ਨੂੰ ਕਰਜ਼ਦਾਤਾਵਾਂ ਦੇ ਨਾਂ ਹੇਠ ਜਾਅਲੀ ਪੱਤਰ ਤਿਆਰ ਕਰ ਕੇ ਭੇਜੇ ਜਾਂਦੇ ਸਨ ਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਜਾਂਦਾ ਸੀ ਕਿ ਉਨ੍ਹਾਂ ਦੇ ਕਰਜ਼ੇ ਵਿਚ ਤਬਦੀਲੀਆਂ ਮਨਜ਼ੂਰ ਕਰ ਲਈਆਂ ਗਈਆਂ ਹਨ। ਲੋਕਾਂ ਨੂੰ ਠੱਗੀ ਦਾ ਪਤਾ ਉਦੋਂ ਲੱਗਦਾ ਸੀ ਜਦੋਂ ਕਿਸ਼ਤਾਂ ਨਾ ਭਰਨ 'ਤੇ ਉਨ੍ਹਾਂ ਨੂੰ ਅਸਲੀ ਕਰਜ਼ਦਾਤਾਵਾਂ ਦੇ ਫੋਨ ਆਉਣੇ ਸ਼ੁਰੂ ਹੋ ਜਾਂਦੇ। ਉਨ੍ਹਾਂ ਵੱਲੋਂ ਲੋਕਾਂ ਤੋਂ ਠੱਗੀਆਂ ਰਕਮਾਂ ਨੂੰ ਕੋਲਕਾਤਾ ਵਿਖੇ ਵਿਅਕਤੀ ਨੂੰ ਭੇਜਿਆ ਜਾਂਦਾ ਸੀ ਜਾਂ ਹੋਰ ਨਿੱਜੀ ਕੰਮਾਂ ਲਈ ਵਰਤ ਲਿਆ ਜਾਂਦਾ ਸੀ।

# ਅਮਰੀਕਾ ਵਿਚ ਤਬਾਹੀ ਮਚਾਉਣ ਪਹੁੰਚਿਆ ਸੀ ਬੰਗਲਾਦੇਸ਼ੀ

**ਨਿਊਯਾਰਕ (ਬਿਊਰੋ):** ਫੈਡਰਲ ਰਿਜ਼ਰਵ ਬੈਂਕ ਦੀ ਇਮਾਰਤ ਨੂੰ ਉਡਾਉਣ ਲਈ ਅਮਰੀਕਾ ਆਏ ਬੰਗਲਾਦੇਸ਼ੀ ਨੌਜਵਾਨ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਇਸ 21 ਸਾਲਾ ਨੌਜਵਾਨ ਨੇ ਅਲ-ਕਾਇਦਾ ਦੀ ਸ਼ਹਿ 'ਤੇ ਇਮਾਰਤ ਨੂੰ ਉਡਾਉਣ ਲਈ ਇਕ ਹਜ਼ਾਰ ਪੌਂਡ ਦਾ ਬੰਬ ਵਰਤਣਾ ਸੀ। ਕਾਜ਼ੀ ਮੁਹੰਮਦ ਰਿਜ਼ਵਾਨੁਲ ਅਹਿਸਾਨ ਨਫੀਸ ਨੇ ਪੂਰਬੀ ਜ਼ਿਲ੍ਹਾ ਅਦਾਲਤ ਨਿਊਯਾਰਕ ਵਿਚ ਕਬੂਲਨਾਮਾ ਪੇਸ਼ ਕੀਤਾ ਹੈ ਜਿਸ ਵਿਚ ਉਸ ਨੇ ਵਿਆਪਕ ਤਬਾਹੀ ਲਈ ਬੰਬ ਧਮਾਕਾ ਕਰਨ ਦੀ ਕੋਸ਼ਿਸ਼ ਦਾ ਗੁਨਾਹ ਮੰਨ ਲਿਆ।

ਸਰਕਾਰੀ ਵਕੀਲ ਲੌਰੇਟਾ ਲਿੱਚ ਨੇ ਦੱਸਿਆ ਕਿ ਨਫੀਸ ਉਪਰ ਵਿਆਪਕ ਤਬਾਹੀ ਮਚਾਉਣ ਦੀ ਕੋਸ਼ਿਸ਼ ਦਾ ਦੋਸ਼ ਸੀ ਜੋ ਉਸ ਨੇ ਕਬੂਲ ਕਰ ਲਿਆ ਹੈ। ਇਸ ਨਾਲ ਉਸ ਨੂੰ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਬਰੂਕਲਿਨ ਦੀ ਅਦਾਲਤ ਵੱਲੋਂ ਉਸ ਨੂੰ ਸਜ਼ਾ 30 ਮਈ ਨੂੰ ਸੁਣਾਈ ਜਾਵੇਗੀ। ਕਬੂਲਨਾਮੇ 'ਚ ਨਫੀਸ ਨੇ ਕਿਹਾ ਹੈ ਕਿ ਉਹ ਜਨਵਰੀ 2012 ਵਿਚ ਅਮਰੀਕਾ ਖ਼ਿਲਾਫ਼ ਜੇਹਾਦ ਛੇੜਨ ਦਾ ਵਿਚਾਰ ਲੈ ਕੇ ਇਥੇ ਆਇਆ ਸੀ।

ਇਸ ਮਕਸਦ ਲਈ ਇਥੇ ਅਤਿਵਾਦੀ ਜਥੇਬੰਦੀ ਖੜ੍ਹੀ ਕੀਤੀ ਜਾਣੀ ਸੀ। ਉਸ ਨੂੰ ਅਲ-ਕਾਇਦਾ ਦਾ ਵੀ ਸਮਰਥਨ ਮਿਲ ਰਿਹਾ ਸੀ ਤਾਂ ਜੋ ਅਮਰੀਕਾ ਦੇ ਸੀਨੀਅਰ ਅਧਿਕਾਰੀਆਂ ਤੇ ਨਿਊਯਾਰਕ ਸਟਾਕ ਐਕਸਚੇਂਜ ਨੂੰ ਉਡਾਇਆ ਜਾ ਸਕੇ। ਇਕ ਬਿਆਨ ਵਿਚ ਇਸ ਬੰਗਲਾਦੇਸ਼ੀ ਨੇ ਕਿਹਾ ਕਿ ਉਹ ਅਮਰੀਕਾ ਨੂੰ ਤਬਾਹ ਕਰਨਾ ਚਾਹੁੰਦਾ ਸੀ ਤੇ ਉਸ ਨੇ ਫੈਡਰਲ ਰਿਜ਼ਰਵ ਬੈਂਕ ਨੂੰ ਉਡਾਉਣ ਦੀ ਸਾਜ਼ਿਸ਼ ਰਚੀ ਸੀ। ਨਫੀਸ ਐਫਬੀਆਈ ਦੇ ਇਕ ਏਜੰਟ ਕਾਰਨ ਪਕੜ ਵਿਚ ਆਇਆ। ਇਸ ਏਜੰਟ ਨੇ ਆਪਣੇ-ਆਪ ਨੂੰ ਅਲ-ਕਾਇਦਾ ਦਾ ਸਮਰਥਕ ਦੱਸ ਕੇ ਉਸ ਨਾਲ ਨੇੜਤਾ ਵਧਾਈ। ਨਫੀਸ ਦੀ ਬੇਨਤੀ 'ਤੇ ਏਜੰਟ ਨੇ ਉਸ ਨੂੰ 25 ਪੌਂਡ ਨਕਲੀ ਧਮਾਕਾਖੇਜ਼ ਸਮੱਗਰੀ ਮੁਹੱਈਆ ਕਰਵਾਈ।

# ਵਿਦੇਸ਼ੋਂ ਕੱਢੇ ਲੋਕਾਂ ਨੂੰ ਮੁੜ ਪਾਸਪੋਰਟ ਦੇਣ ਦਾ ਕੰਮ ਰਿੜ੍ਹਿਆ

**ਚੰਡੀਗੜ੍ਹ:** ਵਿਦੇਸ਼ਾਂ ਤੋਂ ਕੱਢੇ ਗਏ ਲੋਕਾਂ ਨੂੰ ਦੁਬਾਰਾ ਪਾਸਪੋਰਟ ਜਾਰੀ ਕਰਨ ਦੇ ਮਾਮਲੇ ਵਿਚ ਭਾਰਤੀ ਦੂਤਘਰਾਂ ਨੇ ਜਲਦੀ ਰਿਪੋਰਟ ਭੇਜਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਖੇਤਰੀ ਪਾਸਪੋਰਟ ਅਫ਼ਸਰ ਹਰਮਨਬੀਰ ਸਿੰਘ ਗਿੱਲ ਮੁਤਾਬਕ ਹਜ਼ਾਰਾਂ ਇਹੋ ਜਿਹੇ ਕੇਸ ਹਨ ਜਿਨ੍ਹਾਂ ਵਿਚ ਵਿਦੇਸ਼ਾਂ ਤੋਂ ਗੈਰ ਕਾਨੂੰਨੀ ਢੰਗ ਨਾਲ ਰਹਿੰਦੇ ਲੋਕਾਂ ਨੂੰ ਵਾਪਸ ਭੇਜ ਦਿੱਤਾ ਜਾਂਦਾ ਹੈ ਤੇ ਉਹ ਲੋਕ ਦੁਬਾਰਾ ਪਾਸਪੋਰਟ ਲੈਣ ਲਈ ਅਪਲਾਈ ਕਰਦੇ ਸਨ।

ਉਨ੍ਹਾਂ ਵਿਚੋਂ ਜਾਇਜ਼ ਲੋਕਾਂ ਨੂੰ ਪਾਸਪੋਰਟ ਇਸ ਕਰਕੇ ਜਾਰੀ ਨਹੀਂ ਹੁੰਦੇ ਸਨ ਕਿਉਂਕਿ ਭਾਰਤੀ ਦੂਤਘਰਾਂ ਵੱਲੋਂ ਲੰਬੇ ਸਮੇਂ ਤੱਕ ਰਿਪੋਰਟਾਂ ਨਹੀਂ ਭੇਜੀਆਂ ਜਾਂਦੀਆਂ ਸਨ। ਉਨ੍ਹਾਂ ਹੁਣ ਦੂਤਘਰਾਂ ਨੂੰ ਭੇਜੇ ਜਾਣ ਵਾਲੇ ਯਾਦ-ਪੱਤਰਾਂ ਦੀ ਸ਼ਬਦਾਵਲੀ ਬਦਲ ਦਿੱਤੀ ਹੈ ਤੇ ਇਸ ਵਿਚ ਦੂਤਘਰਾਂ ਨੂੰ ਕਿਹਾ ਜਾਂਦਾ ਹੈ ਕਿ ਜੇਕਰ ਉਹ ਇਸ ਮਾਮਲੇ ਵਿਚ ਸੂਚਨਾ ਨਹੀਂ ਦਿੰਦੇ ਤੇ ਬਾਅਦ ਵਿਚ ਕੋਈ ਵੀ ਰਿਪੋਰਟ ਆਉਂਦੀ ਹੈ ਤਾਂ ਇਸ ਲਈ ਭਾਰਤੀ ਦੂਤਘਰ ਜ਼ਿੰਮੇਵਾਰ ਹੋਣਗੇ। ਯਾਦ ਪੱਤਰ ਭੇਜਣ ਤੋਂ ਬਾਅਦ ਹੁਣ ਦੂਤਘਰਾਂ ਨੇ ਛੇਤੀ ਰਿਪੋਰਟਾਂ ਭੇਜਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਇਸ ਸਬੰਧੀ ਉਚੇਚੇ ਤੌਰ 'ਤੇ ਹਦਾਇਤਾਂ ਕੀਤੀਆਂ ਗਈਆਂ ਸਨ ਤਾਂ ਕਿ ਚਾਹਵਾਨ ਲੋਕ ਮੁੜ ਤੋਂ ਆਪੋ-ਅਦਪਣਾ ਪਾਸਪੋਰਟ ਹਾਸਲ ਕਰ ਸਕਣ। ਇਸ ਬਾਰੇ ਜੇ ਕਿਸੇ ਨੂੰ ਕੋਈ ਸਮੱਸਿਆ ਹੋਵੇ ਤਾਂ ਉਹ ਦਫਤਰ ਨਾਲ ਸੰਪਰਕ ਕਰ ਸਕਦਾ ਹੈ, ਇਸ ਸਬੰਧੀ ਜੋ ਵੀ ਯੋਗ ਕਾਰਵਾਈ ਬਣਦੀ ਹੋਈ, ਉਹ ਹਰ ਹਾਲ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਇਹ ਕੰਮ ਕਰਵਾ ਕੇ ਦੇਣ ਦਾ ਦਾਅਵਾ ਕਰਨ ਵਾਲੇ ਏਜੰਟਾਂ ਤੋਂ ਖ਼ਬਰਦਾਰ ਰਹਿਣ ਲਈ ਕਿਹਾ ਹੈ।



# ਬਜ਼ੁਰਗ ਖਾੜਕੂ ਸੰਤੋਖ ਸਿੰਘ ਬਾਜਵਾ ਗ੍ਰਿਫ਼ਤਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੁਲਿਸ ਨੇ 27 ਸਾਲ ਪਹਿਲਾਂ ਸ਼ਾਹਬਾਦ ਮਾਰਕੰਡਾ (ਹਰਿਆਣਾ) ਵਿਖੇ ਹਰਿਆਣਾ ਰੋਡਵੇਜ਼ ਦੀ ਬੱਸ ਵਿਚ ਟ੍ਰਾਂਜਿਸਟਰ ਬੰਬ ਧਮਾਕਾ ਕਰਨ ਦੇ ਦੋਸ਼ ਵਿਚ ਕਈ ਰਾਜਾਂ ਦੀ ਪੁਲਿਸ ਨੂੰ ਲੋੜੀਂਦੇ 70 ਸਾਲਾ ਸੰਤੋਖ ਸਿੰਘ ਬਾਜਵਾ ਨੂੰ ਗ੍ਰਿਫਤਾਰ ਕੀਤਾ ਹੈ।

ਪਤਾ ਲੱਗਾ ਹੈ ਕਿ ਉਸ ਕੋਲੋਂ ਬਲਵੰਤ ਸਿੰਘ ਦੇ ਨਾਂ 'ਤੇ ਬਣਾਏ ਫਰਜ਼ੀ ਪਛਾਣ ਪੱਤਰ ਤੇ ਡਰਾਈਵਿੰਗ ਲਾਇਸੈਂਸ ਵੀ ਬਰਾਮਦ ਹੋਇਆ ਹੈ। ਇਸ ਤੋਂ ਇਲਾਵਾ ਉਸ ਕੋਲੋਂ ਪ੍ਰੈੱਸ ਦਾ ਕਾਰਡ ਵੀ ਮਿਲਿਆ ਹੈ ਜਿਸ ਉਪਰ ਫਰੀਲਾਂਸ ਪੱਤਰਕਾਰ ਲਿਖਿਆ ਹੈ। ਇਹ ਫਰਜ਼ੀ ਕਾਰਡ ਫਰੀਦਕੋਟ ਤੋਂ ਬਣੇ ਹਨ। ਉਸ ਕੋਲੋਂ ਲੈਪਟਾਪ, ਕੈਮਰਾ, ਡੀਵੀਡੀ ਤੇ ਤਿੰਨ ਕੈਸਿਟਾਂ ਵੀ ਬਰਾਮਦ ਹੋਈਆਂ। ਸ਼ਾਹਬਾਦ ਮਾਰਕੰਡਾ ਵਿਖੇ ਹਰਿਆਣਾ ਰੋਡਵੇਜ਼ ਦੀ ਬੱਸ ਵਿਚ 10 ਮਈ, 1985 ਨੂੰ ਹੋਏ ਬੰਬ ਧਮਾਕੇ ਦੌਰਾਨ ਉਦੋਂ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 15 ਵਿਅਕਤੀ ਜ਼ਖ਼ਮੀ ਹੋਏ ਸਨ। ਥਾਣਾ ਸ਼ਾਹਬਾਦ ਮਾਰਕੰਡਾ (ਕੁਰੂਕਸ਼ੇਤਰ) ਦੀ ਪੁਲਿਸ ਨੇ ਉਦੋਂ ਤਿੰਨ ਮੁਲਜ਼ਮਾਂ ਗੁਰਬਖਸ਼ ਸਿੰਘ, ਕੁਲਦੀਪ ਸਿੰਘ ਤੇ ਪ੍ਰੀਤਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਪਰ ਮੁੱਖ ਮੁਲਜ਼ਮ ਮੰਨਿਆ ਜਾਂਦਾ ਬਾਜਵਾ 27 ਸਾਲਾਂ ਤੋਂ ਫਰਾਰ ਸੀ। ਉਸ ਨੂੰ ਅਦਾਲਤ ਵੱਲੋਂ 24 ਸਤੰਬਰ 1985 ਤੋਂ ਭਗੌੜਾ ਐਲਾਨਿਆ ਗਿਆ ਸੀ। ਮੁੱਢਲੀ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਸੰਤੋਖ ਸਿੰਘ ਬਾਜਵਾ ਇਨ੍ਹਾਂ 27 ਸਾਲਾਂ ਦੌਰਾਨ ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਪੰਜਾਬ ਵਿਚ ਵੱਖ-ਵੱਖ ਲੁਕਵੇਂ ਟਿਕਾਣਿਆਂ 'ਤੇ ਫਰਜ਼ੀ ਬਲਵੰਤ ਸਿੰਘ ਨਾਂ ਹੇਠ ਰਹਿੰਦਾ ਰਿਹਾ। ਉਹ ਜ਼ਿਆਦਾ ਸਮਾਂ ਪਾਊਂਟਾ ਸਾਹਿਬ ਨੇੜੇ ਹੀ ਰਿਹਾ। ਉਂਜ ਉਹ ਗੰਗਾਨਗਰ (ਰਾਜਸਥਾਨ) ਤੇ ਫਿਰੋਜ਼ਪੁਰ ਨੇੜੇ ਵੀ ਰਿਹਾ।

ਚੰਡੀਗੜ੍ਹ ਪੁਲਿਸ ਦੀ ਅਪਰਾਧ ਸ਼ਾਖਾ ਦੇ ਇੰਚਾਰਜ ਇੰਸਪੈਕਟਰ ਰਣਜੋਧ ਸਿੰਘ ਨੇ ਸ. ਬਾਜਵਾ ਨੂੰ ਸੈਕਟਰ-37 ਤੇ 38 ਦੇ ਚੌਕ ਤੋਂ ਗੁਪਤ ਸੂਚਨਾ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ। ਪੁਲਿਸ ਅਨੁਸਾਰ ਬਾਜਵਾ ਇੰਡੀਕਾ ਕਾਰ (ਡੀ.ਐਲ. 4ਸੀਐਮ 1615) ਰਾਹੀਂ ਚੰਡੀਗੜ੍ਹ ਵਿਚੋਂ ਲੰਘ ਕੇ ਖਰੜ ਵਿਖੇ ਕਿਸੇ ਨੂੰ ਮਿਲਣ ਜਾ ਰਿਹਾ ਸੀ। ਪੁੱਛ-ਪੜਤਾਲ ਦੌਰਾਨ ਮੁਲਜ਼ਮ ਨੇ ਮੰਨਿਆ ਹੈ ਕਿ ਉਸ ਦਾ ਅਸਲ ਨਾਂ ਸੰਤੋਖ ਸਿੰਘ ਬਾਜਵਾ ਹੈ ਤੇ ਉਹ ਹਰਿਆਣਾ ਦੇ ਜ਼ਿਲ੍ਹਾ ਕੁਰੂਕਸ਼ੇਤਰ ਦੇ ਪਿੰਡ ਅਧੋਈ ਦਾ ਵਸਨੀਕ ਹੈ। ਉਸ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਐਮਏ ਕੀਤੀ ਤੇ ਪੰਜਾਬ ਪੁਲਿਸ ਦੀ ਨੌਕਰੀ ਛੱਡਣ ਤੋਂ ਬਾਅਦ ਉਸ ਨੇ ਸਾਲ 1965 ਵਿਚ ਆਈਟੀਆਈ ਸਮਰਾਲਾ ਵਿਖੇ ਹੋਸਟਲ ਸੁਪਰਡੈਂਟ ਦੀ ਨੌਕਰੀ ਵੀ ਕੀਤੀ ਸੀ।



ਕੌਮੀ ਐਮਰਜੈਂਸੀ ਵੇਲੇ ਵੀ ਉਹ ਅੰਬਾਲਾ ਕੇਂਦਰੀ ਜੇਲ੍ਹ ਵਿਚ ਬੰਦ ਰਿਹਾ ਹੈ। ਐਸਐਸਪੀ ਚੰਡੀਗੜ੍ਹ ਨੌਨਿਹਾਲ ਸਿੰਘ ਨੇ ਦੱਸਿਆ ਕਿ ਹੁਣ ਤੱਕ ਦੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਸੰਤੋਖ ਸਿੰਘ ਬਾਜਵਾ ਸਾਲ 1968 ਵਿਚ ਕੈਨੇਡਾ ਗਿਆ ਸੀ ਤੇ ਉਥੇ ਉਸ ਦਾ ਸੰਪਰਕ ਜਸਟਿਸ (ਸੇਵਾਮੁਕਤ) ਅਜੀਤ ਸਿੰਘ ਬੈਂਸ ਦੇ ਭਰਾ ਹਰਦਿਆਲ ਸਿੰਘ ਬੈਂਸ ਨਾਲ ਹੋਇਆ ਸੀ। ਉਸ ਵੇਲੇ ਹਰਦਿਆਲ ਬੈਂਸ ਕਮਿਊਨਿਸਟ ਪਾਰਟੀ ਆਫ ਕੈਨੇਡਾ (ਸੀਪੀਸੀ) ਦਾ ਸਕੱਤਰ ਸੀ ਤੇ ਉਸ ਦੇ ਪ੍ਰਭਾਵ ਹੇਠ ਉਹ ਵੀ ਇਸ ਪਾਰਟੀ ਵਿਚ ਸ਼ਾਮਲ ਹੋਇਆ ਸੀ। ਬਾਜਵਾ ਨੇ ਆਪਣੇ ਤਿੰਨ ਕਾਲਜ ਦੇ ਦੋਸਤਾਂ ਪਿੰਡ ਟਾਂਡਾ ਦੇ ਗੁਰਦੀਪ ਸਿੰਘ ਤੇ ਕਾਬਲ ਸਿੰਘ ਤੇ ਚੰਡੀਗੜ੍ਹ ਦੇ ਅਮਰਜੀਤ ਸਿੰਘ ਨੂੰ ਵੀ ਉਥੇ ਸੱਦ ਲਿਆ ਸੀ। ਉਹ ਪਹਿਲਾਂ ਖੱਬੇ ਪੱਖੀ ਸੋਚ ਦਾ ਧਾਰਨੀ ਸੀ ਤੇ 1984 ਤੋਂ ਬਾਅਦ ਖਾੜਕੂ ਲਹਿਰ ਦੇ ਅਸਰ ਹੇਠ ਉਸ ਨੇ ਬੱਸ ਵਿਚ ਬੰਬ ਧਮਾਕਾ ਕੀਤਾ ਸੀ। ਚੰਡੀਗੜ੍ਹ ਪੁਲਿਸ ਨੇ ਬਾਜਵਾ ਵਿਰੁੱਧ ਧਾਰਾ 419, 420, 467, 468 ਤੇ 471 ਤੇ ਆਰਮਜ਼ ਐਕਟ ਦੀ ਧਾਰਾ 25, 54 ਤੇ 59 ਤਹਿਤ ਕੇਸ ਦਰਜ ਕਰ ਲਿਆ ਹੈ।

### ਕਈ ਵਰ੍ਹੇ ਕੈਨੇਡਾ ਵਿਚ ਗੁਜ਼ਾਰੇ

1968 ਵਿਚ ਉਹ ਨੌਕਰੀ ਛੱਡ ਕੇ ਕੈਨੇਡਾ ਚਲਾ ਗਿਆ ਸੀ ਜਿਥੇ ਉਸ ਨੇ ਡੇਵਿਸ ਮੈਡੀਸਨ ਫੈਕਟਰੀ ਵਿਚ ਦੋ ਸਾਲ ਕੰਮ ਕੀਤਾ ਸੀ। ਕੈਨੇਡਾ ਤੋਂ ਵਾਪਸ ਆ ਕੇ ਉਸ ਨੇ ਮਹੀਨਾ ਵਾਰ ਮੈਗਜ਼ੀਨ 'ਕਿਰਤੀ ਯੁੱਗ' ਸ਼ੁਰੂ ਕੀਤਾ ਸੀ। ਇਸ ਮੈਗਜ਼ੀਨ ਦੇ ਬਤੌਰ ਸੰਪਾਦਕ ਉਸ ਨੇ 14-15 ਅਡੀਸ਼ਨ ਕੱਢੇ ਸਨ। ਫਿਰ ਸਾਲ 1970-1975 ਵਿਚ ਉਸ ਨੇ ਆਪਣੇ ਪਿੰਡ ਵਿਚ ਹੀ ਖੇਤੀਬਾੜੀ ਕੀਤੀ ਤੇ ਇਸੇ ਦੌਰਾਨ ਉਸ ਦਾ ਸੰਪਰਕ ਸ਼ਾਹਬਾਦ ਦੇ ਗੁਰਬਖਸ਼ ਸਿੰਘ ਤੇ ਕੁਲਦੀਪ ਸਿੰਘ ਤੇ ਲੁਧਿਆਣਾ ਦੇ ਪਰਮਜੀਤ ਸਿੰਘ ਨਾਲ ਹੋਇਆ ਜੋ ਬੱਸ ਬੰਬ ਬਲਾਸਟ ਕਾਂਡ ਦੇ ਮੁਲਜ਼ਮ ਹਨ।

### ਕੌਮੀ ਖੇਡਾਂ 'ਚ ਲਿਆ ਸੀ ਹਿੱਸਾ

ਬਾਜਵਾ ਕਿਸੇ ਵੇਲੇ ਪੰਜਾਬ ਪੁਲਿਸ ਵਿਚ ਸਹਾਇਕ ਸਬ ਇੰਸਪੈਕਟਰ (ਏਐਸਆਈ) ਵੀ ਰਹਿ ਚੁੱਕਾ ਹੈ। ਉਸ ਨੇ ਸਾਲ 1963 ਦੌਰਾਨ ਆਲ ਇੰਡੀਆ ਪੁਲਿਸ ਸਪੋਰਟਸ ਵਿਚੋਂ 200 ਮੀਟਰ, 400 ਮੀਟਰ ਤੇ 100 ਮੀਟਰ ਰਿਲੇਅ ਦੌੜ ਵਿਚੋਂ ਚਾਰ ਸੋਨ ਤਮਗੇ ਹਾਸਲ ਕੀਤੇ ਸਨ। ਉਸ ਨੇ ਇਸੇ ਵਰ੍ਹੇ ਅਲਾਹਾਬਾਦ ਵਿਚ ਹੋਈਆਂ ਕੌਮੀ ਖੇਡਾਂ ਵਿਚੋਂ ਵੀ ਸੋਨ ਤਗਮਾ ਜਿੱਤਿਆ ਸੀ ਤੇ ਇਨ੍ਹਾਂ ਖੇਡਾਂ ਵਿਚ ਉਡਣਾ ਸਿੱਖ ਮਿਲਖਾ ਸਿੰਘ ਨੇ ਵੀ ਹਿੱਸਾ ਲਿਆ ਸੀ। ਉਸ ਨੇ ਪੰਜਾਬ ਯੂਨੀਵਰਸਿਟੀ ਵੱਲੋਂ ਡੀਏਵੀ ਕਾਲਜ ਜਲੰਧਰ ਵਿਚ ਪੜ੍ਹਨ ਵੇਲੇ ਇੰਟਰ ਯੂਨੀਵਰਸਿਟੀ ਖੇਡਾਂ ਵਿਚੋਂ ਵੀ ਦੂਸਰੀ ਪੁਜੀਸ਼ਨ ਹਾਸਲ ਕੀਤੀ ਸੀ।

## ਜਨਰਲ ਬਰਾੜ 'ਤੇ ਹਮਲੇ ਸਬੰਧੀ ਹਰਜੀਤ ਕੌਰ 'ਤੇ ਦੋਸ਼ ਤੈਅ



**ਲੰਡਨ:** 1984 ਵਿਚ ਹੋਏ ਅਪਰੇਸ਼ਨ ਬਲਿਊ ਸਟਾਰ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਲੈਫਟੀਨੈਂਟ ਜਨਰਲ ਕੇ.ਐਸ.ਬਰਾੜ 'ਤੇ ਇਥੇ ਪਿਛਲੇ ਸਾਲ ਹੋਏ ਹਮਲੇ ਦੇ ਕੇਸ ਵਿਚ 38 ਸਾਲਾ ਔਰਤ 'ਤੇ ਦੋਸ਼ ਤੈਅ ਹੋਏ ਹਨ। ਮੈਟਰੋਪੋਲਿਟਨ ਪੁਲਿਸ ਅਨੁਸਾਰ ਹਰਜੀਤ ਕੌਰ ਨੂੰ ਵੈਸਟਮਨਿਸਟਰ ਮੈਜਿਸਟਰੇਟ ਅੱਗੇ ਪੇਸ਼ ਕੀਤਾ ਗਿਆ ਜਿੱਥੇ ਉਸ ਉਪਰ ਸਾਬਕਾ ਫੌਜੀ ਅਧਿਕਾਰੀ ਨੂੰ ਜਾਣਬੁੱਝ ਕੇ ਜ਼ਖ਼ਮੀ ਕਰਨ ਦਾ ਦੋਸ਼ ਲਾਇਆ ਗਿਆ। ਪੱਛਮੀ ਲੰਡਨ ਦੇ ਹੇਇਸ ਦੀ ਨਿਵਾਸੀ ਹਰਜੀਤ ਕੌਰ ਇਸ ਮਾਮਲੇ ਵਿਚ ਚੌਥੀ ਮੁਲਜ਼ਮ ਹੈ। ਇਸ ਤੋਂ ਇਲਾਵਾ ਬਰਜਿੰਦਰ ਸਿੰਘ ਸੰਘਾ (33), ਮਨਦੀਪ ਸਿੰਘ ਸੰਧੂ (34) ਤੇ ਦਿਲਬਾਗ ਸਿੰਘ (36) ਇਸ ਮਾਮਲੇ ਵਿਚ ਮੁਲਜ਼ਮ ਹਨ। ਇਨ੍ਹਾਂ ਤਿੰਨਾਂ ਨੂੰ 18 ਜਨਵਰੀ ਨੂੰ ਸਾਊਥਵਾਕ ਕਰਾਊਨ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਜਿਥੇ ਸੰਘਾ ਨੇ ਲੈਫ. ਜਨਰਲ ਬਰਾੜ ਉਪਰ ਹਮਲੇ ਦਾ ਦੋਸ਼ ਕਬੂਲਿਆ ਸੀ ਪਰ ਸੰਘਾ ਨੇ ਸਾਬਕਾ ਫੌਜੀ ਅਧਿਕਾਰੀ ਦੀ ਪਤਨੀ ਮੀਨਾ ਬਰਾੜ ਉਪਰ ਹਮਲੇ ਦੇ ਮਾਮਲੇ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ। ਇਨ੍ਹਾਂ ਚਾਰਾਂ ਮੁਲਜ਼ਮਾਂ ਖ਼ਿਲਾਫ਼ ਸੁਣਵਾਈ ਦੋ ਅਪਰੈਲ ਤੋਂ ਸ਼ੁਰੂ ਹੋਵੇਗੀ। ਪਿਛਲੇ ਸਾਲ ਸਤੰਬਰ ਵਿਚ ਨਿੱਜੀ ਦੌਰੇ ਮੌਕੇ ਲੈਫ. ਜਨਰਲ ਬਰਾੜ ਉਪਰ ਹਮਲਾ ਹੋਇਆ ਸੀ।







# ਰੀਅਲ ਅਸਟੇਟ ਕਾਰੋਬਾਰ 'ਤੇ ਬਾਦਲ ਮਿਹਰਬਾਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਸਿਆਸੀ ਸਰਪ੍ਰਸਤੀ ਹੇਠ ਚੱਲ ਰਹੇ ਰੀਅਲ ਅਸਟੇਟ ਦੇ ਧੰਦੇ ਨੇ ਸ਼ਹਿਰੀ ਪ੍ਰਬੰਧ ਨੂੰ ਵੱਡਾ ਖੋਰਾ ਲਾਇਆ ਹੈ ਜਿਸ ਦਾ ਖਮਿਆਜ਼ਾ ਆਮ ਲੋਕਾਂ ਭੁਗਤਣਾ ਪੈ ਰਿਹਾ ਹੈ। ਦੂਜੀ ਵਾਰ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਅਕਾਲੀ ਭਾਜਪਾ ਸਰਕਾਰ ਰੀਅਲ ਅਸਟੇਟ ਦੇ ਕਾਰੋਬਾਰ 'ਤੇ ਮਿਹਬਰਬਾਨ ਹੋਈ ਹੈ। ਸਰਕਾਰ ਨੇ ਰੀਅਲ ਅਸਟੇਟ ਦੇ ਧੰਦੇ ਵਿਚਲੀਆਂ ਚੋਰ ਮੋਰੀਆਂ ਬੰਦ ਕਰਨ ਤੇ ਗੈਰਕਾਨੂੰਨੀ ਕਾਲੋਨੀਆਂ ਨੂੰ ਕਾਨੂੰਨੀ ਰੂਪ ਦੇਣ ਦੇ ਨਾਂ 'ਤੇ ਇਕ ਨਵਾਂ ਕਾਨੂੰਨ 'ਸਪੈਸ਼ਲ ਪ੍ਰੋਵਿਜਨਜ਼ ਐਕਟ' ਬਣਾਉਣ ਦਾ ਫੈਸਲਾ ਕੀਤਾ ਹੈ ਜਿਸ ਨਾਲ ਆਪਣੇ ਚਹੇਤਿਆਂ ਨੂੰ ਵੱਡਾ ਲਾਹਾ ਦਿੱਤਾ ਜਾ ਰਿਹਾ ਹੈ। ਪੰਜਾਬ ਦੀ ਮਰਦਮਸ਼ੁਮਾਰੀ ਦੇ ਤਾਜ਼ਾ ਅੰਕੜਿਆਂ ਅਨੁਸਾਰ ਸੂਬੇ ਦੀ ਕੁੱਲ ਵਸੋਂ ਦਾ ਇਕ ਫੀਸਦੀ ਹਰ ਸਾਲ ਪਿੰਡਾਂ ਵਿਚੋਂ ਉੱਠ ਕੇ ਸ਼ਹਿਰਾਂ ਵਿਚ ਆ ਰਿਹਾ ਹੈ। ਸ਼ਹਿਰਾਂ ਦਾ ਦਾਇਰਾ ਤਾਂ ਵਿਸ਼ਾਲ ਹੁੰਦਾ ਜਾ ਰਿਹਾ ਹੈ ਪਰ ਸਰਕਾਰ ਦਾ ਕੋਈ ਵੀ ਵਿਭਾਗ ਨਵੇਂ ਸ਼ਹਿਰੀਆਂ ਨੂੰ ਪਲਾਟ ਤੇ ਮਕਾਨ ਦੀ ਗਾਰੰਟੀ ਨਹੀਂ ਦਿੰਦਾ। ਇਸ ਕਾਰਨ ਸ਼ਹਿਰਾਂ ਵਿਚ ਆਉਣ ਵਾਲੇ ਨਵੇਂ ਲੋਕ ਅਜਿਹੇ ਪ੍ਰਾਪਰਟੀ ਡੀਲਰਾਂ ਕੋਲ ਜਾਂਦੇ ਹਨ ਜਿਨ੍ਹਾਂ ਨੇ ਕਲੋਨੀਆਂ ਤਾਂ ਕੱਟੀਆਂ ਹੁੰਦੀਆਂ ਹਨ ਪਰ ਸਰਕਾਰ ਤੋਂ ਪ੍ਰਵਾਨਗੀ ਨਹੀਂ ਲਈ ਹੁੰਦੀ।

ਸੂਬੇ ਦੇ ਹਰ ਸ਼ਹਿਰ ਵਿਚ ਕਲੋਨੀਆਂ ਕੱਟਣ ਵਾਲਿਆਂ ਨੂੰ ਉਸ ਇਲਾਕੇ ਦੇ ਵਿਧਾਇਕ

## ਨਾਜਾਇਜ਼ ਕਾਲੋਨੀਆਂ ਨੂੰ ਜਾਇਜ਼ ਬਣਾਉਣ ਦਾ ਬੰਦੋਬਸਤ



ਦਾ ਸਿੱਧਾ ਜਾਂ ਅਸਿੱਧਾ ਆਸ਼ੀਰਵਾਰ ਹੁੰਦਾ ਹੈ। ਇਹੀ ਕਾਰਨ ਹੈ ਕਿ ਵੋਟਾਂ ਦੇ ਲਾਲਚਵੱਸ ਸਿਆਸੀ ਲੋਕਾਂ ਵੱਲੋਂ ਅਣਅਧਿਕਾਰਤ ਕਲੋਨੀਆਂ ਵਿਚ ਸੀਵਰੇਜ, ਪਾਣੀ ਸਪਲਾਈ ਤੇ ਬਿਜਲੀ ਦੇ ਕੁਨੈਕਸ਼ਨ ਦਿੱਤੇ ਜਾਂਦੇ ਹਨ। ਮਿਉਂਸਿਪਲ ਕਮੇਟੀਆਂ ਵੱਲੋਂ ਵੀ ਸਾਰੇ ਕਾਨੂੰਨਾਂ ਨੂੰ ਦਰਕਿਨਾਰ ਕਰ ਕੇ ਸਹੂਲਤਾਂ ਲਈ ਰਾਹ ਪੱਧਰਾ ਕੀਤਾ ਜਾਂਦਾ ਹੈ ਪਰ ਯੋਜਨਾਬੰਦੀ ਦੀ ਘਾਟ ਕਾਰਨ ਸ਼ਹਿਰ ਬਸਤੀਆਂ ਦਾ ਰੂਪ ਧਾਰਦੇ ਜਾ ਰਹੇ ਹਨ ਜਿਥੇ ਪਾਣੀ ਦੀ ਨਿਕਾਸੀ ਤੇ ਹੋਰ ਸਾਫ਼ ਸਫਾਈ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਸਥਾਨਕ ਸਰਕਾਰ ਵਿਭਾਗ ਵੱਲੋਂ ਸਾਲ 2005-2006 ਵਿਚ ਕਰਵਾਏ ਸਰਵੇਖਣ ਮੁਤਾਬਕ ਉਸ ਸਮੇਂ ਪੰਜਾਬ ਵਿਚ ਅਣਅਧਿਕਾਰਤ ਕਲੋਨੀਆਂ ਦੀ ਗਿਣਤੀ 1568 ਸੀ। ਵੋਟਾਂ ਦੇ ਲਾਲਚਵੱਸ ਹੁਕਮਰਾਨ ਪਾਰਟੀ ਨੇ ਕੁਝ ਸਾਲ ਪਹਿਲਾਂ ਇਹ ਕਲੋਨੀਆਂ ਨਿਯਮਤ ਵੀ ਕਰ ਦਿੱਤੀਆਂ ਸਨ। ਸਾਲ 2011 ਦੇ ਅੰਤ ਵਿਚ ਵੀ ਸਰਕਾਰ ਨੇ ਇਨ੍ਹਾਂ ਕਲੋਨੀਆਂ ਨੂੰ ਨਿਯਮਤ ਕਰਨ ਲਈ ਮਾਮਲਾ ਮੰਤਰੀ ਮੰਡਲ ਵਿਚ ਲਿਆਂਦਾ ਸੀ ਪਰ ਚੋਣਾਂ ਦਾ ਐਲਾਨ ਹੋ ਜਾਣ ਕਾਰਨ ਇਹ ਮਾਮਲਾ ਸਿਰੇ ਨਹੀਂ ਚੜ੍ਹ ਸਕਿਆ ਸੀ। ਸਰਕਾਰ ਵੱਲੋਂ 'ਵਿਸ਼ੇਸ਼ ਪ੍ਰੋਵਿਜ਼ਨਜ਼ ਐਕਟ' ਦਿੱਲੀ ਸਰਕਾਰ ਦੇ ਇਸੇ ਤਰ੍ਹਾਂ ਦੇ ਕਾਨੂੰਨ ਦੀ ਤਰਜ਼ 'ਤੇ ਲਿਆਂਦਾ ਜਾ ਰਿਹਾ ਹੈ। ਹਾਸਲ ਜਾਣਕਾਰੀ ਮੁਤਾਬਕ ਨਵੀਂ ਦਿੱਲੀ ਸਰਕਾਰ ਵੱਲੋਂ ਵਿਸ਼ੇਸ਼ ਪ੍ਰੋਵਿਜ਼ਨਜ਼ ਐਕਟ ਸੀਮਤ ਸਮੇਂ ਲਈ ਲਿਆਂਦਾ ਗਿਆ ਹੈ। ਅਣਅਧਿਕਾਰਤ ਕਲੋਨੀਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਸੀਮਤ ਸਮੇਂ ਦੌਰਾਨ ਜਾਂ ਤਾਂ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਨ ਜਾਂ ਅਧਿਕਾਰਤ ਕਲੋਨੀਆਂ ਵਿਚ ਆਪਣੀ ਰਿਹਾਇਸ਼ ਤਬਦੀਲ ਕਰ ਲੈਣ।

### ਸੂਬੇ ਵਿਚ ਪੰਜ ਹਜ਼ਾਰ ਕਾਲੋਨੀਆਂ ਨਾਜਾਇਜ਼

*ਸ਼ਹਿਰੀ ਵਿਕਾਸ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਪੰਜਾਬ ਵਿਚ ਅਜਿਹੀਆਂ ਕਲੋਨੀਆਂ ਦੀ ਗਿਣਤੀ ਪੰਜ ਹਜ਼ਾਰ ਦੇ ਕਰੀਬ ਹਨ ਜਿਨ੍ਹਾਂ ਨੂੰ ਸਰਕਾਰ ਦੇ ਕਿਸੇ ਵੀ ਵਿਭਾਗ ਨੇ ਮਾਨਤਾ ਨਹੀਂ ਦਿੱਤੀ। ਉਧਰ, ਪੂਡਾ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਮੁਤਾਬਕ ਸੂਬੇ ਵਿਚ 1360 ਕਲੋਨੀਆਂ ਅਣਅਧਿਕਾਰਤ ਹਨ। ਸਰਵੇਖਣ ਮੁਤਾਬਕ ਇਹ ਕਲੋਨੀਆਂ 20 ਹਜ਼ਾਰ ਏਕੜ ਜ਼ਮੀਨ ਵਿਚ ਬਣੀਆਂ ਹਨ। ਪੰਜਾਬ ਦੇ ਦਰਜਨ ਦੇ ਕਰੀਬ ਵਿਧਾਇਕ ਤੇ ਮੁੱਖ ਪਾਰਲੀਮਾਨੀ ਐਨ.ਕੇ. ਸ਼ਰਮਾ ਰੀਅਲ ਅਸਟੇਟ ਦੇ ਧੰਦੇ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ। ਕਈ ਕਾਂਗਰਸੀ ਆਗੂ ਵੀ ਕਲੋਨੀਆਂ ਕੱਟਣ ਵਿਚ ਮੋਹਰੀ ਹਨ।*

### ਸਰਕਾਰ ਨੂੰ ਅਰਬਾਂ ਖਰਬਾਂ ਦਾ ਚੂਨਾ

*ਮੁਹਾਲੀ ਸ਼ਹਿਰ ਵਿਚ ਜੇ 100 ਏਕੜ ਜ਼ਮੀਨ ਵਿਚ ਕੋਈ ਕਲੋਨੀ ਕੱਟਣੀ ਹੋਵੇ ਤਾਂ ਫੀਸ ਦੇ ਰੂਪ ਵਿਚ ਔਸਤਨ 40 ਕਰੋੜ ਰੁਪਏ ਦੀ ਅਦਾਇਗੀ ਸਰਕਾਰ ਨੂੰ ਕਰਨੀ ਹੁੰਦੀ ਹੈ।ਇਸੇ ਤਰ੍ਹਾਂ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਆਦਿ ਵੱਡੇ ਸ਼ਹਿਰਾਂ ਵਿਚ ਇਹ ਔਸਤਨ 20 ਕਰੋੜ ਰੁਪਏ ਰਹਿ ਜਾਂਦੀ ਹੈ। ਹੋਰ ਸ਼ਹਿਰਾਂ ਵਿਚ ਇਸ ਤੋਂ ਵੀ ਘੱਟ। ਮਿਉਂਸਿਪਲ ਕਮੇਟੀਆਂ ਦੀ ਹਦੂਦ ਦੇ ਅੰਦਰ ਇਕ ਏਕੜ ਜ਼ਮੀਨ ਦੀ 15 ਲੱਖ ਰੁਪਏ ਫੀਸ ਅਦਾ ਕਰਨੀ ਹੁੰਦੀ ਹੈ। ਇਸ ਤਰ੍ਹਾਂ ਸਰਕਾਰ ਨੂੰ ਅਰਬਾਂ ਰੁਪਏ ਦਾ ਚੂਨਾ ਲਾਇਆ ਜਾਂਦਾ ਹੈ। ਨਾਲ ਹੀ ਦੋ ਨੰਬਰ ਦਾ ਪੈਸਾ ਇਕ ਨੰਬਰ ਵਾਲਾ ਬਣ ਜਾਂਦਾ ਹੈ।*

# ਆਰਥਿਕ ਥੁੜਾਂ ਕਾਰਨ ਭਾਸ਼ਾ ਵਿਭਾਗ ਵੱਲੋਂ ਹੱਥ ਖੜ੍ਹੇ

**ਚੰਡੀਗੜ੍ਹ:** ਫੰਡਾਂ ਦੀ ਘਾਟ ਕਾਰਨ ਭਾਸ਼ਾ ਵਿਭਾਗ ਪੰਜਾਬ ਦਾ ਤਾਣਾਬਾਣਾ ਉਲਝ ਗਿਆ ਹੈ। ਵਿਭਾਗ ਵੱਲੋਂ ਪਿਛਲੇ ਪੰਜ ਸਾਲਾਂ ਦੌਰਾਨ ਵੱਖ-ਵੱਖ ਲੇਖਕਾਂ ਦੀਆਂ ਪੁਸਤਕਾਂ ਦੇ ਮਿਲੇ ਕੁੱਲ 34 ਖਰੜਿਆਂ ਵਿਚੋਂ ਸਿਰਫ 13 ਨੂੰ ਹੀ ਛਾਪਣ ਲਈ ਮਾਲੀ ਸਹਾਇਤਾ ਦਿੱਤੀ ਹੈ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਵਿਚ ਪੁਸਤਕਾਂ ਦੇ ਪੈਂਡਿੰਗ ਪਏ ਖਰੜਿਆਂ ਦੀ ਗਿਣਤੀ 200 ਦੇ ਕਰੀਬ ਹੈ। ਪੰਜਾਬ ਵਿਚ ਜਿਥੇ ਪੁਸਤਕਾਂ ਪੜ੍ਹਨ ਦਾ ਰੁਝਾਨ ਘਟਦਾ ਜਾ ਰਿਹਾ ਹੈ, ਉਥੇ ਸਰਕਾਰ ਵੱਲੋਂ ਵੀ ਪੁਸਤਕਾਂ ਛਾਪਣ ਦੇ ਮਾਮਲੇ ਵਿਚ ਵੀ ਕੋਈ ਖਾਸ ਦਿਲਚਸਪੀ ਨਹੀਂ ਦਿਖਾਈ ਜਾ ਰਹੀ।

ਭਾਸ਼ਾ ਵਿਭਾਗ ਪੰਜਾਬ ਤੋਂ ਸੂਚਨਾ ਦੇ ਅਧਿਕਾਰ (ਆਰਟੀਆਈ) ਤਹਿਤ ਹਾਸਲ ਕੀਤੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਇਸ ਵਿਭਾਗ ਨੂੰ ਪਿਛਲੇ ਚਾਰ ਸਾਲਾਂ ਵਿਚ ਪੁਸਤਕਾਂ ਦੀ ਛਪਾਈ ਲਈ ਸਿਰਫ 1.10 ਕਰੋੜ ਰੁਪਏ ਦਾ ਬਜਟ ਹੀ ਜਾਰੀ ਕੀਤਾ ਗਿਆ ਹੈ। ਸਰਕਾਰ ਨੇ ਸਾਲ 2008-09 ਦੌਰਾਨ ਭਾਸ਼ਾ ਵਿਭਾਗ ਨੂੰ ਪੁਸਤਕਾਂ ਛਾਪਣ ਲਈ ਸਿਰਫ 10 ਲੱਖ ਰੁਪਏ ਬਜਟ ਮੁਹੱਈਆ ਕੀਤਾ ਸੀ। ਪੰਜਾਬ ਸਰਕਾਰ ਨੇ ਸਾਲ 2009-10 ਦੌਰਾਨ ਭਾਸ਼ਾ ਵਿਭਾਗ ਨੂੰ ਪੁਸਤਕਾਂ ਛਾਪਣ ਲਈ ਇਕ ਧੇਲਾ ਵੀ ਨਹੀਂ ਦਿੱਤਾ ਸੀ। 2010-11 ਤੇ ਸਾਲ 2011-12 ਦੌਰਾਨ ਭਾਸ਼ਾ ਵਿਭਾਗ ਨੂੰ ਇਸ ਕਾਰਜ ਲਈ 50-50 ਲੱਖ ਰੁਪਏ ਦਾ ਬਜਟ ਜਾਰੀ ਕੀਤਾ ਹੈ। ਭਾਸ਼ਾ ਵਿਭਾਗ ਵੱਲੋਂ ਇਕ ਜਨਵਰੀ 2008 ਤੋਂ ਲੈ ਕੇ ਹੁਣ ਤੱਕ 68 ਪੁਸਤਕਾਂ ਛਾਪੀਆਂ ਗਈਆਂ ਹਨ ਜਿਸ ਵਿਚ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ 14 ਜਿਲਦਾਂ ਸ਼ਾਮਲ ਹਨ। ਇਸ ਵਿਚ ਭਾਈ ਵੀਰ ਸਿੰਘ ਰਚਨਾਵਲੀ ਦੀਆਂ ਪੰਜ ਤੇ ਪੰਜਾਬੀ ਸਾਹਿਤ ਦਾ ਇਤਿਹਾਸ ਦੀਆਂ ਦੋ ਜਿਲਦਾਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਪ੍ਰਮਾਣਿਕ ਸੰਕੇਤ ਲਿਪੀ ਵਿਭਾਗ ਸ਼ਬਦਾਵਲੀ ਦੇ ਦੋ ਭਾਗ ਵੀ ਇਸ ਸੂਚੀ ਵਿਚ ਸ਼ਾਮਲ ਹਨ। ਭਾਸ਼ਾ ਵਿਭਾਗ ਨੂੰ ਸਾਲ 2008 ਦੌਰਾਨ ਸੱਤ ਲੇਖਕਾਂ ਹੀਰਾ ਸਿੰਘ, ਸੁਖਦੇਵ ਸਿੰਘ ਔਲਖ, ਗੁਲਜ਼ਾਰ ਸਿੰਘ ਸ਼ੌਕੀ, ਗੁਰਮੀਤ ਸਿੰਘ ਸਿੰਗਲ ਤੇ ਹਰਗੋਬਿੰਦ ਸਿੰਘ ਸ਼ੇਖਪੁਰੀਆ ਦੀਆਂ ਪੁਸਤਕਾਂ ਦਾ ਇਕ-ਇਕ ਤੇ ਬਰਿੰਦਰ ਕੌਰ ਜੇਜੀ ਦੀਆਂ ਪੁਸਤਕਾਂ ਦੇ ਦੋ ਖਰੜੇ ਹਾਸਲ ਹੋਏ ਸਨ। ਵਿਭਾਗ ਨੇ ਸ. ਸ਼ੇਖਪੁਰੀਆ ਨੂੰ ਛੱਡ ਕੇ ਬਾਕੀ ਲੇਖਕਾਂ ਨੂੰ ਪੁਸਤਕਾਂ ਛਾਪਣ ਲਈ ਮਾਲੀ ਸਹਾਇਤਾ ਦਿੱਤੀ ਸੀ। ਬਰਿੰਦਰ ਕੌਰ ਜੇਜੀ ਦੀਆਂ ਦੋ ਪੁਸਤਕਾਂ ਵਿਚੋਂ ਇਕ ਪੁਸਤਕ ਨੂੰ ਹੀ ਮਾਲੀ ਸਹਾਇਤਾ ਦਿੱਤੀ ਸੀ। ਇਸੇ ਤਰ੍ਹਾਂ ਸਾਲ 2009 ਦੌਰਾਨ ਸੱਤ ਲੇਖਕਾਂ ਬੰਤਾ ਸਿੰਘ ਘੁਡਾਣੀ, ਦਰਸ਼ਨ ਦਰਦੀ, ਕੇਵਲ ਮਾਣਕਪੁਰੀ, ਅਮਰਜੀਤ ਸਿੰਘ ਤੇ ਪੰਮੀ ਫੱਗੂਵਾਲੀਆ ਦੀਆਂ ਪੁਸਤਕਾਂ ਦਾ ਇਕ-ਇਕ ਤੇ ਬਾਬੂ ਰਾਮ ਕਮਲ ਦੀਆਂ ਪੁਸਤਕਾਂ ਦੇ ਦੋ ਖਰੜੇ ਹਾਸਲ ਹੋਏ ਸਨ। ਵਿਭਾਗ ਨੇ ਇਨ੍ਹਾਂ ਵਿਚੋਂ ਸਿਰਫ ਤਿੰਨ ਲੇਖਕਾਂ ਬਾਬੂ ਰਾਮ ਕਮਲ, ਅਮਰਜੀਤ ਸਿੰਘ ਤੇ ਪੰਮੀ ਫੱਗੂਵਾਲੀਆ ਦੀਆਂ ਪੁਸਤਕਾਂ ਦੇ ਖਰੜਿਆਂ ਨੂੰ ਹੀ ਛਪਾਈ ਲਈ ਮਾਲੀ ਸਹਾਇਤਾ ਦਿੱਤੀ ਸੀ। ਸਾਲ 2010 ਦੌਰਾਨ ਛੇ ਲੇਖਕਾਂ ਭੁਪਿੰਦਰ ਬੇਕਸ, ਰਘਬੀਰ ਮਹਿਮੀ, ਸੁਰਜੀਤ ਸਿੰਘ ਅਮਰ, ਬਾਬੂ ਸਿੰਘ ਚੌਹਾਨ, ਅਮਰੀਕ ਸਿੰਘ ਢੰਗਰਾਲੀ ਤੇ ਸੁਰਿੰਦਰ ਸਿੰਘ ਰਾਜਪੂਤ ਦੀਆਂ ਪੁਸਤਕਾਂ ਦੇ ਖਰੜੇ ਮਿਲੇ ਸਨ ਤੇ ਵਿਭਾਗ ਨੇ ਇਨ੍ਹਾਂ ਵਿਚੋਂ ਸ੍ਰੀ ਢੰਗਰਾਲੀ ਨੂੰ ਛੱਡ ਕੇ ਬਾਕੀ ਲੇਖਕਾਂ ਨੂੰ ਮਾਲੀ ਸਹਾਇਤਾ ਜਾਰੀ ਕੀਤੀ ਸੀ। ਇਸੇ ਤਰ੍ਹਾਂ ਵਿਭਾਗ ਨੂੰ ਸਾਲ 2011 ਦੌਰਾਨ ਸੱਤ ਲੇਖਕਾਂ ਇੰਦਰ ਸਿੰਘ ਨਿਮਾਣਾ, ਗੁਰਚਰਨ ਸਿੰਘ ਸੋਢੀ, ਬਲਵਿੰਦਰ ਕੰਵਲ ਸ਼ਾਹੀ, ਰਾਜ ਜ਼ਖਮੀ, ਮੁਹੰਮਦ ਅਫਜ਼ਲ, ਮਨਜੀਤ ਸਿੰਘ ਬਰਾੜ, ਪਰਨਦੀਪ ਕੈਂਥ ਤੇ ਗੁਰਨਾਮ ਸੀਤਲ ਰਾਠੌਰ ਤੇ ਸਾਲ 2012 ਦੌਰਾਨ ਛੇ ਲੇਖਕਾਂ ਨਰੇਸ਼ ਕੁਮਾਰ, ਲਾਭ ਸਿੰਘ ਚਤਾਮਲੀ, ਗੁਰਜੀਤ ਸਿੰਘ, ਚਰਨ ਸੀਚੇਵਾਲਵੀ, ਸੁਰਿੰਦਰ ਕੌਰ ਤੇ ਸਾਗਰ ਸੂਦ ਦੀਆਂ ਪੁਸਤਕਾਂ ਦੇ ਮਾਲੀ ਸਹਾਇਤਾ ਲਈ ਖਰੜੇ ਪ੍ਰਾਪਤ ਹੋਏ ਸਨ। ਵਿਭਾਗ ਫਿਲਹਾਲ ਇਨ੍ਹਾਂ ਖਰੜਿਆਂ ਦਾ ਮੁਲਾਂਕਣ ਹੀ ਕਰ ਰਿਹਾ ਹੈ ਤੇ ਇਸ ਤੋਂ ਬਾਅਦ ਰਾਜ ਸਲਾਹਕਾਰ ਬੋਰਡ ਵਲੋਂ ਅੰਤਿਮ ਪ੍ਰਵਾਨਗੀ ਦੇਣ ਉਪਰੰਤ ਹੀ ਚੁਣੇ ਗਏ ਖਰੜਿਆਂ ਦੇ ਲੇਖਕਾਂ ਨੂੰ ਮਾਲੀ ਸਹਾਇਤਾ ਨਸੀਬ ਹੋਵੇਗੀ। ਭਾਸ਼ਾ ਵਿਭਾਗ 125 ਪੰਨਿਆਂ ਤੱਕ ਦੇ ਖਰੜਿਆਂ ਵਾਲੀਆਂ ਪੁਸਤਕਾ ਦੇ ਲੇਖਕਾਂ ਨੂੰ 10 ਹਜ਼ਾਰ ਰੁਪਏ ਤੇ 125 ਪੰਨਿਆਂ ਤੋਂ ਵੱਧ ਖਰੜਿਆਂ ਵਾਲੀਆਂ ਪੁਸਤਕਾਂ ਦੇ ਲੇਖਕਾਂ ਨੂੰ 15 ਹਜ਼ਾਰ ਰੁਪਏ ਛਪਾਈ ਲਈ ਰਾਹਤ ਰਾਸ਼ੀ ਦਿੰਦਾ ਹੈ। ਭਾਸ਼ਾ ਵਿਭਾਗ ਵੱਲੋਂ ਸਰਕਾਰ ਤੋਂ ਪ੍ਰਾਪਤ ਬਜਟ ਅਨੁਸਾਰ ਹੀ ਪੁਸਤਕਾਂ ਦੀ ਛਪਾਈ ਕਰਨ ਦਾ ਟੀਚਾ ਮਿਥਿਆ ਜਾਂਦਾ ਹੈ।

**ਅੱਧੇ ਦਹਾਕੇ ਵਿਚ ਸਿਰਫ 13 ਪੁਸਤਕਾਂ ਲਈ ਸਹਾਇਤਾ**

# ਟੈਕਸਾਂ ਦੇ ਬੋਝ ਕਾਰਨ ਮੈਰਿਜ ਪੈਲੇਸ ਕਾਰੋਬਾਰ ਨੇ ਦਮ ਤੋੜਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਡੇਢ ਦਹਾਕਾ ਪਹਿਲਾਂ 'ਮੈਰਿਜ ਪੈਲੇਸ' ਸੱਭਿਆਚਾਰ ਦਾ ਆਗਾਜ਼ ਹੋਇਆ ਜਿਸ ਨਾਲ ਵਿਆਹ ਸ਼ਾਦੀਆਂ ਦਾ ਰਵਾਇਤੀ ਰੰਗ ਤਾਂ ਜਾਂਦਾ ਰਿਹਾ ਪਰ ਲੋਕਾਂ ਨੂੰ ਵਿਆਹਾਂ ਦੇ ਪ੍ਰਬੰਧਾਂ ਸਬੰਧੀ ਕਾਫੀ ਸੌਖ ਹੋ ਗਈ। ਸਸਤੇ ਭਾਅ ਤੇ ਬਿਨਾਂ ਮੌਸਮ ਦੇ ਡਰ ਤੇ ਖੇਚਲ ਰਹਿਤ ਇਕੋ ਛੱਤ ਥੱਲੇ ਹੁੰਦੇ ਵਿਆਹ ਪ੍ਰਬੰਧਾਂ ਨੇ ਬਹੁਤ ਜਲਦ ਅਮੀਰਾਂ ਦੇ ਨਾਲ ਮੱਧ ਵਰਗੀ ਲੋਕਾਂ ਨੂੰ ਵੀ ਆਪਣੇ ਵੱਲ ਖਿੱਚ ਲਿਆ। ਵੇਖਦਿਆਂ-ਵੇਖਦਿਆਂ ਸ਼ਹਿਰਾਂ ਤੇ ਪਿੰਡਾਂ ਵਿਚ ਖੁੱਲ੍ਹੇ ਨਿੱਕੇ-ਨਿੱਕੇ ਵਿਆਹ ਹਾਲਾਂ ਤੋਂ ਇਲਾਵਾ ਬਾਹਰਲੇ ਖੇਤਰਾਂ ਵਿਚ ਵੱਡੇ ਰਿਜ਼ੋਰਟ ਬਣ ਗਏ।

ਸ਼ਹਿਰੀ ਤੇ ਪੇਂਡੂ ਖੇਤਰ ਦੇ ਲੋਕਾਂ ਲਈ ਵਿਆਹ ਮਿਥਦਿਆਂ ਹੀ ਸਭ ਤੋਂ ਪਹਿਲੀ ਪਹੁੰਚ ਮੈਰਿਜ ਪੈਲੇਸ ਰਾਖਵਾਂ ਕਰਨ ਦੀ ਬਣ ਗਈ ਤੇ ਵਿਆਹਾਂ ਦਾ ਦਾਰੋਮਦਾਰ ਪੂਰੀ ਤਰ੍ਹਾਂ ਪੈਲੇਸਾਂ 'ਤੇ ਟਿਕ ਗਿਆ ਜਿਸ ਨਾਲ ਨਾ ਸਿਰਫ ਆਮ ਲੋਕਾਂ ਨੂੰ ਲਾਭ ਹੋਇਆ ਸਗੋਂ ਹਜ਼ਾਰਾਂ ਕਿਰਤੀਆਂ ਨੂੰ ਵੀ ਕੰਮ ਮਿਲਿਆ। ਹੁਣ ਜਦੋਂ ਇਹ ਪੈਲੇਸ ਲੋਕਾਂ ਦੀ ਵੱਡੀ ਲੋੜ ਤੇ ਮਜ਼ਬੂਰੀ ਬਣ ਗਏ ਹਨ ਤਾਂ ਅਜਿਹੇ ਵਿਚ ਜਿਥੇ ਵਧਦੀ ਮਹਿੰਗਾਈ ਵਿਚ ਲੋਕਾਂ ਦਾ ਪਹਿਲਾਂ ਹੀ ਕਚੂਮਰ ਨਿਕਲਿਆ ਪਿਆ ਹੈ, ਉਥੇ ਸਰਕਾਰ ਵੱਲੋਂ ਚਲਾਏ ਜਾ ਰਹੇ ਟੈਕਸਾਂ ਦੇ ਕੁਹਾੜੇ ਨੇ ਵਿਆਹ ਪੈਲੇਸ ਆਮ ਬੰਦੇ ਦੀ ਪਹੁੰਚ ਤੋਂ ਦੂਰ ਕਰ ਦਿੱਤੇ ਹਨ।

**ਲੋਕ ਮੁੜ ਘਰਾਂ ਵਿਚ ਵਿਆਹ ਕਰਨ ਲੱਗੇ**



ਹਾਸਲ ਜਾਣਕਾਰੀ ਅਨੁਸਾਰ ਸਰਕਾਰ ਵੱਲੋਂ ਲਾਗੂ ਟੈਕਸਾਂ ਤਹਿਤ ਹਰੇਕ ਔਸਤ ਪੱਧਰ ਦੇ ਪੈਲਸ ਵਿਚ ਵਿਆਹ ਕਰਨ ਲਈ ਖਪਤਕਾਰ ਨੂੰ ਉੱਕਾ ਪੁੱਕਾ 7500 ਤੋਂ 15000 ਰੁਪਿਆ ਆਬਕਾਰੀ ਤੇ ਵੈਟ ਦੇ ਰੂਪ ਵਿਚ ਦੇਣ ਤੋਂ ਇਲਾਵਾ ਪੈਲੇਸ ਦੀ ਬੁਕਿੰਗ ਰਕਮ ਦਾ 20.36 ਫੀਸਦੀ ਲਗਜ਼ਰੀ ਟੈਕਸ ਤੇ ਸਰਵਿਸ ਟੈਕਸ ਵਜੋਂ ਦੇਣਾ ਪੈ ਰਿਹਾ ਹੈ। ਇਸ ਤਰ੍ਹਾਂ ਸਧਾਰਨ ਪੱਧਰ ਦੇ 25000 ਕਿਰਾਏ ਵਾਲੇ ਪੈਲੇਸ ਲਈ ਗਾਹਕ ਨੂੰ 13-14 ਹਜ਼ਾਰ ਸਰਕਾਰ ਨੂੰ ਤਾਰਨੇ ਪੈ ਰਹੇ ਹਨ ਜਦਕਿ 50000 ਕਿਰਾਏ ਵਾਲੇ ਪੈਲੇਸਾਂ ਲਈ ਇਹ ਟੈਕਸ ਰਕਮ 25-26 ਹਜ਼ਾਰ ਦੇ ਕਰੀਬ ਪਹੁੰਚਦੀ ਹੈ।

ਹੁਣ ਨਵੀਂ ਨੀਤੀ ਤਹਿਤ ਸਰਕਾਰ ਵੱਲੋਂ ਨਿਯਮਤ ਸ਼ਰਤਾਂ ਜਿਸ ਵਿਚ 50 ਫੀਸਦੀ ਪਾਰਕਿੰਗ ਜਗ੍ਹਾ ਤੋਂ ਇਲਾਵਾ ਹਾਈਵੇਜ਼ ਅਥਾਰਟੀ, ਜੰਗਲਾਤ ਵਿਭਾਗ, ਅੱਗ ਰੋਕੂ ਵਿਭਾਗ, ਪ੍ਰਦੂਸ਼ਣ ਵਿਭਾਗ, ਬਿਜਲੀ ਵਿਭਾਗ ਤੋਂ ਇਤਰਾਜ਼ ਰਹਿਤ ਸਰਟੀਫਿਕੇਟ ਲੈਣ ਲਈ ਕਿਹਾ ਗਿਆ ਹੈ ਜਿਸ ਨਾਲ ਅੰਦਰੂਨੀ ਸ਼ਹਿਰੀ ਪੈਲੇਸ ਤਕਰੀਬਨ ਬੰਦ ਹੋ ਜਾਣਗੇ। ਬੇਸ਼ੱਕ ਉਕਤ ਸਾਰੀਆਂ ਸਹੂਲਤਾਂ ਨਿਯਮਤ ਕਰਵਾਉਣਾ ਵਾਜਬ ਹੈ ਪਰ ਇਸ ਨਾਲ ਸੂਬੇ ਦੇ ਪੈਲੇਸਾਂ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋੜਾਂ ਰੁਪਏ ਸੀ.ਐਲ.ਯੂ. ਜਮ੍ਹਾਂ ਕਰਵਾਉਣ ਦੇ ਆਦੇਸ਼ ਦੇਣਾ ਧੱਕਾ ਲੱਗ ਰਿਹਾ ਹੈ।

ਇਸ ਅਧੀਨ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿਚ 10 ਤੋਂ 55 ਲੱਖ ਰੁਪਏ ਪ੍ਰਤੀ ਏਕੜ ਪੈਲੇਸ ਮਾਲਕਾਂ ਨੂੰ ਪੁੱਡਾ ਕੋਲ ਜਮ੍ਹਾਂ ਕਰਵਾਉਣੇ ਪੈਣਗੇ। ਅੰਮ੍ਰਿਤਸਰ-ਜਲੰਧਰ ਜ਼ਿਲ੍ਹਿਆਂ ਦੀ ਗੱਲ ਕਰੀਏ ਤਾਂ ਔਸਤਨ ਦੋ ਕਿੱਲਿਆਂ ਵਿਚ ਬਣੇ ਪੈਲੇਸਾਂ ਨੂੰ ਇਸ ਹੁਕਮ ਤਹਿਤ 85-90 ਲੱਖ ਜਮ੍ਹਾਂ ਕਰਵਾਉਣਾਂ ਪਵੇਗਾ ਜਿਸ ਵਿਚ ਪ੍ਰਤੀ ਏਕੜ, 28 ਲੱਖ ਕਨਵਰਸ਼ਨ ਚਾਰਜਿਜ਼, ਨੌਂ ਲੱਖ ਕਲੋਨੀਆਂ ਦੀ ਤਰਜ਼ 'ਤੇ ਵਿਕਾਸ ਫੰਡ, ਇਕ ਲੱਖ 20 ਹਜ਼ਾਰ ਲਾਈਸੈਂਸ ਫੀਸ, ਇਕ ਲੱਖ 80 ਹਜ਼ਾਰ ਪੁੱਡਾ ਐਸਆਈ ਫੰਡ, ਤਿੰਨ ਲੱਖ 30 ਹਜ਼ਾਰ ਅਸੈਸ ਫੀਸ ਸ਼ਾਮਲ ਕੀਤੀਆਂ ਗਈਆਂ ਹਨ। ਇਸ ਤੋਂ ਬਿਨਾ 40 ਹਜ਼ਾਰ ਸਾਲਾਨਾ ਆਬਕਾਰੀ ਟੈਕਸ ਪਹਿਲਾਂ ਹੀ ਵਸੂਲਿਆ ਜਾ ਰਿਹਾ ਹੈ।

ਸਰਕਾਰ ਵੱਲੋਂ ਖਾਲੀ ਖਜ਼ਾਨਾ ਭਰਨ ਦੀ ਚਾਹ ਨਾਲ ਇਹ ਉਗਰਾਈ ਨਵੇਂ ਪੈਲੇਸਾਂ ਤੋਂ ਹੀ ਨਹੀਂ ਬਲਕਿ 15-15 ਸਾਲ ਪੁਰਾਣੇ ਪੈਲੇਸਾਂ ਤੋਂ ਵੀ ਕਰਨ ਦੇ ਫੁਰਮਾਨ ਹਨ। ਮੈਰਿਜ ਪੈਲੇਸ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਦਹਾਕਾ ਪਹਿਲਾਂ ਖੋਲ੍ਹੇ ਪੈਲੇਸ ਮੌਕੇ ਉਨ੍ਹਾਂ ਵੱਲੋਂ ਸਭ ਸਰਕਾਰੀ ਸ਼ਰਤਾਂ ਪੂਰੀਆਂ ਕਰਦਿਆਂ ਹੁਣ ਤੱਕ ਸਾਰੇ ਟੈਕਸ ਦਿੱਤੇ ਜਾ ਰਹੇ ਸਨ ਪਰ ਲਾਗੂ ਕੀਤੇ ਜਾ ਰਹੇ ਨਵੇਂ ਭਾਰ ਨਾਲ ਪੈਲੇਸ ਮਾਲਕ ਕਰਜ਼ਾਈ ਹੋ ਜਾਣਗੇ ਤੇ ਖੇਤੀ ਵਾਂਗ ਪੈਲੇਸ ਵੀ ਘਾਟੇਵੰਦ ਧੰਦਾ ਹੋਣ ਕਾਰਨ ਕੰਮ ਬੰਦ ਹੋ ਜਾਵੇਗਾ ਜਿਸ ਨਾਲ ਸੂਬੇ ਦੇ ਤਿੰਨ ਹਜ਼ਾਰ ਪੈਲੇਸਾਂ ਨਾਲ ਜੁੜੇ ਤਕਰੀਬਨ ਢਾਈ ਤਿੰਨ ਲੱਖ ਕਾਮਿਆਂ ਦਾ ਰੁਜ਼ਗਾਰ ਵੀ ਉੱਖੜ ਜਾਵੇਗਾ।

ਉਨ੍ਹਾਂ ਅਨੁਸਾਰ ਇਸ ਸਰਕਾਰੀ ਕਿਆਮਤ ਨਾਲ 80 ਫੀਸਦੀ ਪੈਲੇਸ ਬੰਦ ਹੋ ਜਾਣਗੇ ਤੇ ਜਿਹੜੇ ਪੈਲੇਸ ਇੰਨੀ ਵੱਡੀ ਰਕਮ ਸਰਕਾਰ ਨੂੰ ਜਮ੍ਹਾਂ ਕਰਵਾਉਣ ਦੇ ਯੋਗ ਹੋਏ ਉਨ੍ਹਾਂ ਨੂੰ ਆਪਣਾ ਕਿਰਾਇਆ ਦੁੱਗਣਾ ਕਰਨਾ ਪਵੇਗਾ ਜੋ ਮੱਧ ਵਰਗ ਦੇ ਝੱਲਣਯੋਗ ਨਹੀਂ ਹੋਵੇਗਾ ਤੇ ਮੈਰਿਜ ਪੈਲੇਸ ਸਿਰਫ ਧਨਾਡਾਂ ਦਾ ਸ਼ੋਸ਼ਾ ਬਣ ਕੇ ਰਹਿ ਜਾਣਗੇ।

# ਕਬੱਡੀ ਅਨੁਸਾਸ਼ਨ ਨਾਲ ਹੀ ਅੱਗੇ ਵਧੇਗੀ

## ਖਰੀਆਂ-ਖਰੀਆਂ



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661



ਕਬੱਡੀ ਕੱਖਾਂ ਤੋਂ ਲੱਖਾਂ ਦੀ ਹੁੰਦੀ ਹੋਈ ਕਰੋੜਾਂ ਦੀ ਖੇਡ ਬਣ ਗਈ ਹੈ ਪਰ ਅਜੇ ਇਹ ਅਨੁਸਾਸ਼ਨਬੱਧ ਨਹੀਂ ਹੋਈ। ਦੂਜੀਆਂ ਖੇਡਾਂ ਦੇ ਮੁਕਾਬਲੇ ਇਸ ਵਿਚ ਜ਼ਾਬਤੇ ਦੀ ਬੜੀ ਘਾਟ ਹੈ। ਰੌਲੇ-ਗੌਲੇ ਬਹੁਤ ਪੈਂਦੇ ਹਨ। ਇਹ ਕਹਿ ਲਓ ਕਿ ਕਬੱਡੀ ਵਿਚ ਹਰ ਕੋਈ ਲੰਬੜ ਹੈ ਤੇ ਦੂਜੇ ਨੂੰ ਟਿੱਚ ਸਮਝ ਰਿਹੈ। ਕਹਿਣ ਨੂੰ ਕਬੱਡੀ ਦੇ ਵਰਲਡ ਕੱਪ ਹੋਈ ਜਾਂਦੇ ਨੇ ਪਰ ਇਹ ਖੇਡ ਹਾਲੇ ਹੋਰਨਾਂ ਮੁਲਕਾਂ ਦੀ ਗੱਲ ਛੱਡੋ, ਭਾਰਤੀ ਓਲੰਪਿਕ ਐਸੋਸੀਏਸ਼ਨ ਲਈ ਵੀ ਮਾਨਤਾ ਪ੍ਰਾਪਤ ਖੇਡ ਨਹੀਂ ਬਣ ਸਕੀ। ਕਹਿਣ ਨੂੰ ਇਹ ਤੀਹ ਮੁਲਕਾਂ ਵਿਚ ਖੇਡੀ ਜਾਣ ਲੱਗੀ ਹੈ ਪਰ ਮੁਲਕੀ ਪੱਧਰ ਉਤੇ ਕਿਤੇ ਵੀ ਨੈਸ਼ਨਲ ਕਬੱਡੀ ਫੈਡਰੇਸ਼ਨਾਂ ਨਹੀਂ ਬਣੀਆਂ। ਜੇ ਕਿਤੇ ਹਨ ਤਾਂ ਕੇਵਲ ਕਾਗਜ਼ੀ ਹਨ। ਕਬੱਡੀ ਬਾਰੇ ਪੰਜਾਬੀਆਂ ਵਿਚ ਹੋਸ਼ ਨਾਲੋਂ ਜੋਸ਼ ਵੱਧ ਹੈ। ਕਬੱਡੀ ਦੇ ਨਾਂ 'ਤੇ ਬੱਲੇ-ਬੱਲੇ ਕਰਾਈ ਤੇ ਡੰਡੀ ਪਏ!

5 ਫਰਵਰੀ ਨੂੰ ਚੰਡੀਗੜ੍ਹ ਦੇ ਪੰਜਾਬ ਭਵਨ ਵਿਚ ਕਬੱਡੀ ਬਾਰੇ ਕੁਝ ਖਰੀਆਂ-ਖਰੀਆਂ ਸੁਣਨ ਦਾ ਸਬੱਬ ਬਣਿਆ। ਮੌਕਾ ਸੀ, ਤੀਜੇ ਕਬੱਡੀ ਵਿਸ਼ਵ ਕੱਪ ਦੇ ਜੇਤੂਆਂ ਨੂੰ ਢਾਈ ਕਰੋੜ ਦੇ ਇਨਾਮ ਦੇਣ ਦਾ। ਮਰਦਾਂ ਦੀ ਟੀਮ ਦੇ ਹਰ ਖਿਡਾਰੀ ਨੂੰ 13 ਲੱਖ 57 ਹਜ਼ਾਰ 142 ਰੁਪਏ ਅਤੇ ਔਰਤਾਂ ਦੀ ਟੀਮ ਦੀ ਹਰ ਖਿਡਾਰਨ ਨੂੰ 3 ਲੱਖ 46 ਹਜ਼ਾਰ 71 ਰੁਪਏ ਦੇ ਚੈਕ, ਨਾਲ ਨੌਕਰੀਆਂ ਦੀ ਪੇਸ਼ਕਸ਼। ਟੀਮਾਂ ਦੇ ਕੋਚਾਂ ਤੇ ਮੈਨੇਜਰਾਂ ਨੂੰ ਵੀ ਲੱਖਾਂ ਦੇ ਇਨਾਮ। ਪੰਜਾਬ ਦੇ ਖੇਡ ਵਿਭਾਗ ਨੇ ਪੁਰਸ਼ਾਂ ਤੇ ਔਰਤਾਂ ਦੀਆਂ ਕਬੱਡੀ ਟੀਮਾਂ ਨੂੰ ਇਨਾਮ ਦੇਣ ਲਈ ਵਿਸ਼ੇਸ਼ ਸਮਾਗਮ ਰੱਖਿਆ ਸੀ। ਪਰਗਟ ਸਿੰਘ, ਸ਼ਿਵਦੇਵ ਸਿੰਘ, ਬਲਵਿੰਦਰ ਸਿੰਘ ਫਿੱਡਾ, ਜਗਦੀਸ਼ਵਰ ਯਾਦਵ, ਗੁਰਦੀਪ ਸਿੰਘ ਮੱਲ੍ਹੀ ਤੇ ਮੈਨੂੰ ਵਿਸ਼ਵ ਕਬੱਡੀ ਕੱਪ ਦੀ ਤਕਨੀਕੀ ਕਮੇਟੀ ਦੇ ਮੈਂਬਰ ਵਜੋਂ ਸੱਦੇ ਮਿਲੇ ਸਨ। ਅਸੀਂ ਤਾਂ ਸਮੇਂ ਸਿਰ ਪਹੁੰਚ ਗਏ ਪਰ ਕਈ ਖਿਡਾਰੀ ਮਿਥੇ ਸਮੇਂ ਉਤੇ ਨਹੀਂ ਪੁੱਜੇ। ਉਹ ਉਵੇਂ ਹੀ ਪੁੱਜੇ ਜਿਵੇਂ ਪਿੰਡਾਂ ਦੇ ਕਬੱਡੀ ਟੂਰਨਾਮੈਂਟਾਂ ਵਿਚ ਪਛੜ ਕੇ ਪੁੱਜਦੇ ਹਨ ਤੇ ਲਾਊਡ ਸਪੀਕਰਾਂ ਤੋਂ ਵਾਰ-ਵਾਰ ਆਵਾਜ਼ਾਂ ਮਰਵਾ ਕੇ ਮੈਚ ਖੇਡਦੇ ਹਨ। ਹਾਲਾਂਕਿ ਉਦਣ ਉਨ੍ਹਾਂ ਨੂੰ ਖਿਡਾਉਣਾ ਨਹੀਂ ਸੀ ਬਲਕਿ ਏਡੇ ਵੱਡੇ ਇਨਾਮਾਂ ਨਾਲ ਸਨਮਾਨਣਾ ਸੀ ਜਿਨ੍ਹਾਂ ਦਾ ਭਾਰਤ ਦੇ ਪੁਰਾਣੇ ਉਲੰਪਿਕ ਚੈਂਪੀਅਨਾਂ ਨੇ ਵੀ ਸੁਫ਼ਨਾ ਨਹੀਂ ਸੀ ਲਿਆ! ਬਲਬੀਰ ਸਿੰਘ ਤੇ ਊਧਮ ਸਿੰਘ ਹੋਰਾਂ ਤੋਂ ਲੈ ਕੇ ਸੁਰਜੀਤ ਸਿੰਘ ਤੇ ਪਰਗਟ ਸਿੰਘ ਹੋਰਾਂ ਤਕ ਹਾਕੀ ਦੇ ਬਥੇਰੇ ਖਿਡਾਰੀ ਹਨ ਜਿਨ੍ਹਾਂ ਨੂੰ ਲੱਖਾਂ ਰੁਪਏ ਤਾਂ ਕੀ ਹਜ਼ਾਰਾਂ ਰੁਪਏ ਦੇ ਇਨਾਮ ਵੀ ਨਹੀਂ ਸਨ ਮਿਲੇ। ਭਾਰਤੀ ਟੀਮ ਦਾ ਕਪਤਾਨ ਸੁਖਬੀਰ ਸਰਾਵਾਂ, ਬੈਸਟ ਧਾਵੀ ਗੱਗੀ ਖੀਰਾਂਵਾਲੀ, ਬੈਸਟ ਜਾਫੀ ਏਕਮ ਹਠੂਰ, ਬਿੱਟੂ ਦੁਗਾਲ ਤੇ ਕੁਝ ਹੋਰ ਖਿਡਾਰੀ ਤਾਂ ਇਨਾਮ ਵੰਡ ਸਮਾਗਮ ਵਿਚ ਹੀ ਗ਼ੈਰਹਾਜ਼ਰ ਰਹੇ।

ਪਛੜ ਕੇ ਸ਼ੁਰੂ ਹੋਏ ਸਮਾਗਮ ਵਿਚ ਖੇਡ ਡਾਇਰੈਕਟਰ ਸ਼ਿਵ ਦੁਲਾਰ ਸਿੰਘ ਢਿੱਲੋਂ ਨੇ ਰਸਮੀ ਜੀ ਆਇਆਂ ਪਿਛੋਂ ਜੇਤੂ ਟੀਮਾਂ ਨੂੰ ਵਧਾਈ ਦਿੱਤੀ। ਫਿਰ ਵਿਧਾਇਕ ਪਰਗਟ ਸਿੰਘ ਨੂੰ ਮਾਈਕ ਦਿੱਤਾ ਗਿਆ। ਪਰਗਟ ਸਿੰਘ ਦੇ ਖੇਡ ਡਾਇਰੈਕਟਰ ਹੋਣ ਸਮੇਂ ਹੀ 2010 'ਚ ਪਹਿਲਾ ਤੇ 2011 'ਚ ਦੂਜਾ ਕਬੱਡੀ ਵਰਲਡ ਕੱਪ ਹੋਇਆ ਸੀ। ਕਬੱਡੀ ਦੀ ਰਗ-ਰਗ ਤੋਂ ਜਾਣੂੰ ਪਰਗਟ ਸਿੰਘ ਨੇ ਖਰੀਆਂ-ਖਰੀਆਂ ਗੱਲਾਂ ਕਰਦਿਆਂ ਕਿਹਾ ਕਿ ਕਬੱਡੀ ਦੇ ਬੇਸ਼ੱਕ ਵਰਲਡ ਕੱਪ ਹੋਣ ਲੱਗ ਪਏ ਨੇ ਤੇ ਇਨਾਮ ਵੀ ਬਹੁਤ ਆ ਗਏ ਨੇ ਪਰ ਇਸ ਦੇ ਖਿਡਾਰੀਆਂ ਵਿਚ ਅਨੁਸਾਸ਼ਨ ਨਹੀਂ ਆਇਆ। ਜਿਸ ਖੇਡ ਵਿਚ ਅਨੁਸਾਸ਼ਨ ਨਾ ਹੋਵੇ ਉਹ ਖੇਡ ਬਹੁਤੀ ਅੱਗੇ ਨਹੀਂ ਵਧ ਸਕਦੀ। ਇਹ ਹੁਣ ਕਬੱਡੀ ਦੇ ਖਿਡਾਰੀਆਂ ਤੇ ਪ੍ਰਮੋਟਰਾਂ 'ਤੇ ਨਿਰਭਰ ਕਰਦੈ ਕਿ ਉਹ ਕਬੱਡੀ ਨੂੰ ਕਿੰਨਾ ਅੱਗੇ ਲਿਜਾ ਸਕਦੇ ਨੇ?

ਕਬੱਡੀ ਵਿਚ ਡੋਪਿੰਗ ਬਹੁਤ ਜ਼ਿਆਦਾ ਹੈ। ਦੂਜੇ ਕਬੱਡੀ ਵਿਸ਼ਵ ਕੱਪ ਸਮੇਂ 20 ਖਿਡਾਰੀ ਟਰਾਇਲਾਂ ਵੇਲੇ ਤੇ 52 ਕੱਪ ਦੌਰਾਨ ਡੋਪੀ ਨਿਕਲੇ ਸਨ। ਉਨ੍ਹਾਂ ਦੇ ਖੇਡਣ ਉਤੇ ਬੰਦਸ਼ ਲੱਗਣੀ ਚਾਹੀਦੀ ਸੀ ਪਰ ਵਿਦੇਸ਼ਾਂ ਦੇ ਕਈ ਕਬੱਡੀ ਪ੍ਰਮੋਟਰ ਫਿਰ ਵੀ ਉਨ੍ਹਾਂ ਨੂੰ ਖਿਡਾਈ ਗਏ। ਇਹ ਕਬੱਡੀ ਨਾਲ ਵਿਸਾਹਘਾਤ ਹੈ। ਇਸ ਤਰ੍ਹਾਂ ਡਰੱਗੀ ਖਿਡਾਰੀਆਂ ਦਾ ਹੌਸਲਾ ਵਧਦੈ ਤੇ ਖਰੇ ਖਿਡਾਰੀ ਵੀ ਡੋਪੀ ਬਣਨ ਲੱਗਦੇ ਨੇ। ਹੁਣ ਤਾਂ ਇਹ ਬਿਮਾਰੀ ਕਬੱਡੀ ਖੇਡਣ ਵਾਲੇ ਬੱਚਿਆਂ ਵੱਲ ਵੀ ਵਧ ਰਹੀ ਹੈ। ਪਿੰਡਾਂ ਦੇ ਸਾਧਾਰਨ ਕਬੱਡੀ ਮੇਲਿਆਂ ਵਿਚ ਟੀਕੇ ਤੇ ਕੈਪਸੂਲ ਚੱਲਣ ਲੱਗ ਪਏ ਨੇ। ਇਹ ਬੇਹੱਦ ਚਿੰਤਾ ਦਾ ਮਾਮਲਾ ਹੈ। ਖੇਡਾਂ ਨਸ਼ੇ ਹਟਾਉਣ ਲਈ ਹਨ, ਨਾ ਕਿ ਨਸ਼ੇ ਲਾਉਣ ਲਈ।

ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਸਿੱਖਿਆ ਮੰਤਰੀ ਤੇ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਸ. ਸਿਕੰਦਰ ਸਿੰਘ ਮਲੂਕਾ ਨੇ ਵੀ ਮੰਨਿਆ ਕਿ ਕਬੱਡੀ ਖਿਡਾਰੀਆਂ ਵਿਚ ਜ਼ਾਬਤੇ ਦੀ ਘਾਟ ਹੈ। ਕਬੱਡੀ ਖੇਡਣ ਵਾਲੀਆਂ ਲੜਕੀਆਂ ਆਮ ਕਰ ਕੇ ਅਨੁਸਾਸ਼ਨ ਵਿਚ ਹਨ ਤੇ ਡੋਪਿੰਗ ਤੋਂ ਵੀ ਬਚੀਆਂ ਹੋਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕਈ ਖਿਡਾਰੀ ਕੇਵਲ ਪੈਸੇ ਲਈ ਖੇਡਦੇ ਹਨ, ਨਾ ਕਿ ਦੇਸ਼ ਲਈ। ਇਹੋ ਕਾਰਨ ਹੈ ਕਿ ਕਈ ਚੋਟੀ ਦੇ ਖਿਡਾਰੀ ਨਾ ਇਰਾਨ ਵਿਚ ਖੇਡਣ ਗਏ ਤੇ ਨਾ ਲਾਹੌਰ ਦਾ ਏਸ਼ੀਆ ਕਬੱਡੀ ਕੱਪ ਖੇਡੇ। ਕਾਰਨ ਇਹੋ ਸੀ ਕਿ ਉਥੇ ਪੈਸੇ ਨਹੀਂ ਸਨ ਮਿਲਣੇ ਜਾਂ ਘੱਟ ਮਿਲਣੇ ਸਨ। ਨਤੀਜੇ ਵਜੋਂ ਲਾਹੌਰ ਵਿਚ ਭਾਰਤੀ ਕਬੱਡੀ ਟੀਮ ਨੂੰ ਹਾਰ ਦੀ ਨਮੋਸ਼ੀ ਝੱਲਣੀ ਪਈ। ਪਾਕਿਸਤਾਨੀ ਦਰਸ਼ਕਾਂ ਨੇ ਲੋੜ ਤੋਂ ਵੱਧ ਬੱਕਰੇ ਬੁਲਾਏ। ਤੀਜੇ ਵਰਲਡ ਕਬੱਡੀ ਕੱਪ ਲਈ ਭਾਰਤੀ ਟੀਮ ਦੀ ਚੋਣ ਦੇ ਟਰਾਇਲਾਂ ਵੇਲੇ ਵੀ ਕਈ ਖਿਡਾਰੀਆਂ ਨੇ ਜ਼ਾਬਤੇ ਦੀ ਘਾਟ ਵਿਖਾਈ ਜਿਸ ਕਰਕੇ ਟੀਮ ਦੀ ਚੋਣ ਅਖ਼ੀਰ ਤਕ ਲਟਕਦੀ ਰਹੀ। ਗੱਗੀ ਖੀਰਾਂਵਾਲੀ ਤੇ ਬਿੱਟੂ ਦੁਗਾਲ ਨੂੰ ਫਾਈਨਲ ਮੈਚ ਸਮੇਂ ਟੀਮ ਵਿਚ ਪਾਇਆ ਗਿਆ ਤੇ ਟੀਮ ਮੈਂਬਰਾਂ ਦੀ ਗਿਣਤੀ 14 ਤੋਂ 16 ਕੀਤੀ ਗਈ। ਇਥੇ ਸਵਾਲ ਹੈ ਕਿ ਜਿਹੜੇ ਖਿਡਾਰੀ ਖੇਡਾਂ ਦੇ ਅਨੁਸਾਸ਼ਨ ਦੀ ਉਲੰਘਣਾ ਕਰਦੇ ਹਨ ਉਨ੍ਹਾਂ ਨੂੰ ਸੁਧਾਰੇਗਾ ਕੌਣ?

ਆਮ ਵੇਖਿਆ ਜਾਂਦੈ ਕਿ ਵਿਸ਼ਵ ਕੱਪ ਵਿਚ ਖੇਡਣ ਵਾਲੀ ਭਾਰਤੀ ਟੀਮ ਦੇ ਖਿਡਾਰੀ ਵਿਦੇਸ਼ਾਂ ਵਿਚ ਹੋਰਨਾਂ ਟੀਮਾਂ ਵੱਲੋਂ ਖੇਡ ਕੇ ਭਾਰਤੀ ਟੀਮ ਨੂੰ ਹਰਾਉਂਦੇ ਹਨ। ਇਕ ਪਾਸੇ ਉਹ ਪੰਜਾਬ ਦੇ ਵਿਸ਼ਵ ਕੱਪਾਂ ਵਿਚ ਭਾਰਤ ਵੱਲੋਂ ਖੇਡ ਕੇ ਲੱਖਾਂ ਦੇ ਇਨਾਮ ਤੇ ਨੌਕਰੀਆਂ ਹਾਸਲ ਕਰਦੇ ਹਨ ਤੇ ਦੂਜੇ ਪਾਸੇ ਇੰਗਲੈਂਡ, ਅਮਰੀਕਾ ਤੇ ਕੈਨੇਡਾ ਵੱਲੋਂ ਖੇਡ ਕੇ ਪੌਂਡਾਂ ਤੇ ਡਾਲਰਾਂ ਦੇ ਲਾਲਚ ਵਿਚ ਆ ਕੇ ਭਾਰਤ ਦੇ ਨਾਂ 'ਤੇ ਖੇਡ ਰਹੀ ਟੀਮ ਨੂੰ ਹਰਾਉਂਦੇ ਹਨ। ਨਾਲ ਵਿਦੇਸ਼ਾਂ ਦੇ ਜੰਮਪਲ ਖਿਡਾਰੀਆਂ ਦਾ ਅੱਗਾ ਮਾਰਦੇ ਹਨ। ਉਹ ਵਿਚਾਰੇ ਵੇਖਦੇ ਹੀ ਰਹਿ ਜਾਂਦੇ ਹਨ। ਵਿਦੇਸ਼ਾਂ ਵਿਚ ਕਬੱਡੀ ਦੀਆਂ ਜੜ੍ਹਾਂ ਇਸੇ ਕਰਕੇ ਨਹੀਂ ਲੱਗਦੀਆਂ।

ਟੋਰਾਂਟੋ ਦੇ ਕੈਨੇਡਾ ਕਬੱਡੀ ਕੱਪ ਵਿਚ ਭਾਰਤੀ ਕਬੱਡੀ ਟੀਮ ਅਕਸਰ ਹਾਰ ਜਾਂਦੀ ਹੈ ਜਿਸ ਉਤੇ ਦੇਸੀ ਬੰਦੇ ਤਿਲਮਿਲਾਉਂਦੇ ਹਨ। ਭਾਰਤ ਦੇ ਤਕੜੇ ਖਿਡਾਰੀ ਹੋਰਨਾਂ ਟੀਮਾਂ ਵਿਚ ਪਾ ਲਏ ਜਾਂਦੇ ਹਨ ਤੇ ਭਾਰਤ ਵਲੋਂ ਖੇਡਣ ਲਈ ਮਾਤਾ ਦਾ ਮਾਲ ਰਹਿ ਜਾਂਦੈ। 2012 ਦੇ ਕੈਨੇਡਾ ਕਬੱਡੀ ਕੱਪ ਵਿਚ ਪਹਿਲਾ ਤੇ ਦੂਜਾ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਬੁਰੀ ਤਰ੍ਹਾਂ ਹਾਰੀ ਪਰ ਉਹਦਾ ਕਿਸੇ ਨੇ ਨੋਟਿਸ ਹੀ ਨਹੀਂ ਲਿਆ। ਇਹਦੇ ਨਾਲੋਂ ਤਾਂ ਚੰਗਾ ਸੀ ਕਿ ਇੰਡੀਆ ਦੇ ਨਾਂ 'ਤੇ ਟੀਮ ਖਿਡਾਈ ਹੀ ਨਾ ਜਾਂਦੀ। ਕਬੱਡੀ ਦੀ ਨਿਰੀ ਬੱਲੇ-ਬੱਲੇ ਕਰੀ ਜਾਣ ਨਾਲ ਨਹੀਂ ਸਰਨਾ, ਪਰਗਟ ਸਿੰਘ ਵਰਗਿਆਂ ਦੀਆਂ ਖਰੀਆਂ-ਖਰੀਆਂ ਦਾ ਵੀ ਨੋਟਿਸ ਲੈਣਾ ਬਣਦੈ। ਕਬੱਡੀ ਫੈਡਰੇਸ਼ਨਾਂ ਨੂੰ ਚਾਹੀਦੈ ਕਿ ਇਕਜੁੱਟ ਹੋ ਕੇ ਕਬੱਡੀ ਨੂੰ ਡੋਪਮੁਕਤ ਕਰਨ ਤੇ ਖੇਡ ਵਿਚ ਅਨੁਸਾਸ਼ਨ ਲਿਆਉਣ।

ਖੇਤੀ ਯੋਗ ਜ਼ਮੀਨ
ਵਿਕਾਊ ਹੈ

ਪੰਜਾਬ ਦੇ ਫਰੀਦਕੋਟ ਸ਼ਹਿਰ ਦੀ ਹੱਦ ਦੇ ਅੱਧੇ
ਕਿਲੋਮੀਟਰ ਦੇ ਅੰਦਰ 16.25 ਏਕੜ ਜ਼ਮੀਨ
ਵਿਕਾਊ ਹੈ, 3 ਸਬਮਰਸੀਬਲ ਪੰਪ,
ਅੰਡਰਗਰਾਊਂਡ ਪਾਈਪਾਂ ਰਾਹੀਂ ਵਾਧੂ ਨਹਿਰੀ ਪਾਣੀ
ਸਿਟੀ ਸੈਂਟਰ ਤੋਂ ਸਿਰਫ ਢਾਈ ਕਿਲੋਮੀਟਰ ਦੂਰ
ਕੀਮਤ: 49 ਲੱਖ ਰੁਪਏ ਪ੍ਰਤੀ ਏਕੜ

ਰਕਮ ਅਮਰੀਕਾ ਜਾਂ ਕੈਨੇਡਾ 'ਚ ਵੀ ਚੁਕਾਈ ਜਾ ਸਕਦੀ ਹੈ

ਸੰਪਰਕ ਕਰੋ, ਫੋਨ: 414-426-4811



Global Multi Services
ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ
ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

Allignment, Axle,
Speceial Offer $179
(Exp: March 31, 2013)
ਅਸੀਂ ਹੁਣ ਟਰੱਕ ਤੇ ਟਰੇਲਰ
ਦੀ ਅਲਾਈਨਮੈਂਟ ਵੀ ਕਰਦੇ ਹਾਂ

Repair Shop
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
ਫੋਨ: 209-547-9210
ਫੈਕਸ: 209-547-9211

Dispatch
ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
ਫੋਨ: 209-547-9210
ਫੈਕਸ: 209-547-9211

Registration Services
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।
ਫੋਨ: 209-982-9996
ਫੈਕਸ: 209-982-9997



Rajinder Singh

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ
Stockton ਵਿਚ Highway 4 ਦੇ ਬਿਲਕੁਲ ਨਜ਼ਦੀਕ
1950 E. Miner Ave., Stockton, CA 95205

ਪਿਛਲੇ ਅੱਠ
ਸਾਲਾਂ ਤੋਂ ਤੁਹਾਡੀ
ਸੇਵਾ ਵਿਚ

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com



Manitpal Singh

# ਹੁਣ ਸਮੁਚਾ ਸ਼ੇਕਸਪੀਅਰ ਪੰਜਾਬੀ ਵਿਚ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੇਰੇ ਸਾਹਮਣੇ ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਵਲੋਂ ਪ੍ਰਕਾਸ਼ਤ ਸ਼ੇਕਸਪੀਅਰ ਦੀਆਂ ਕਵਿਤਾਵਾਂ ਦਾ ਪੰਜਾਬੀ ਅਨੁਵਾਦ ਪਿਆ ਹੈ, ਸੁਰਜੀਤ ਹਾਂਸ ਦਾ ਕੀਤਾ ਹੋਇਆ। ਸ਼ਾਇਦ ਹੀ ਕੋਈ ਅਜਿਹੀ ਸੰਸਥਾ ਹੋਵੇ ਜਿਸ ਨੂੰ ਸ਼ੇਕਸਪੀਅਰ ਦੇ 37 ਨਾਟਕਾਂ, ਸਾਰੇ ਦੇ ਸਾਰੇ ਸਾਨੇਟਾਂ ਅਤੇ ਪੂਰੀਆਂ ਕਵਿਤਾਵਾਂ ਦਾ ਕਿਸੇ ਇੱਕ ਭਾਸ਼ਾ ਵਿਚ ਅਨੁਵਾਦ ਕਰਨ ਲਈ ਇਕ ਹੀ ਅਨੁਵਾਦਕ ਮਿਲਿਆ ਹੋਵੇ ਤੇ ਉਹ ਵੀ ਕਾਵਿ ਰੂਪ ਵਿਚ ਅਨੁਵਾਦ ਕਰਨ ਵਾਲਾ। ਇਹੋ ਕਾਰਨ ਹੈ ਕਿ ਇਨ੍ਹਾਂ ਇੱਕ ਘਟ ਚਾਲ੍ਹੀ ਜਿਲਦਾਂ ਦੀ ਸ਼ਬਦ ਬਣਤਰ, ਸ਼ੈਲੀ ਤੇ ਭਾਸ਼ਾ ਇਕੱਸਾਰ, ਵਿਲੱਖਣ ਤੇ ਅਰਥ ਪ੍ਰਦਾਨ ਕਰਨ ਵਾਲੀ ਹੈ।

ਇਹ ਵੀ ਪੰਜਾਬੀ ਭਾਸ਼ਾ ਦਾ ਸੁਭਾਗ ਹੀ ਸਮਝੋ ਕਿ ਇਸ ਨੂੰ ਹਾਂਸ ਵਿਚ ਉਹ ਵਿਅਕਤੀ ਮਿਲਿਆ ਜਿਸ ਦੇ ਕੰਮ ਦੀ ਕਦਰ ਵੀਹ ਸਾਲਾਂ ਦੇ ਇਸ ਲੰਮੇ ਸਮੇਂ ਵਿਚ ਯੂਨੀਵਰਸਿਟੀ ਦੀ ਵਾਗਡੋਰ ਸੰਭਾਲਣ ਵਾਲੇ ਪੰਜ ਵਾਈਸ ਚਾਂਸਲਰਾਂ ਨੇ ਬਰਾਬਰ ਪਾਈ-ਕਾਰਜ ਅਰੰਭ ਕਰਾਉਣ ਵਾਲੇ ਪ੍ਰੋ. ਜੋਗਿੰਦਰ ਸਿੰਘ ਪੁਆਰ ਤੋਂ ਲੈ ਕੇ ਨੇਪਰੇ ਚਾੜ੍ਹਨ ਵਾਲੇ ਡਾ. ਜਸਪਾਲ ਸਿੰਘ ਤੱਕ। ਵਿਚ ਵਿਚਾਲੇ ਦੋ ਵੀ ਸੀ, ਜਸਵੀਰ ਸਿੰਘ ਆਹਲੂਵਾਲੀਆ ਅਤੇ ਐਨ ਐਸ ਰਤਨ, ਮੌਲਿਕ ਲੇਖਕ ਹੋਣ ਦੇ ਨਾਤੇ ਭਾਸ਼ਾ ਤੇ ਸਾਹਿਤ ਦੀਆਂ ਗੁੰਝਲਾਂ ਦੇ ਪਾਰਖੂ ਵੀ ਆਏ। ਕੰਮ ਨੂੰ ਸ਼ੁਰੂ ਕਰਾਉਣ ਵਾਲਾ ਪ੍ਰੋ. ਪੁਆਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਹਾਂਸ ਦੇ ਪ੍ਰੋਫੈਸਰੀ ਕਾਲ ਸਮੇਂ ਉਸ ਦਾ ਸਾਥੀ ਰਿਹਾ ਹੋਣ ਕਾਰਨ ਹਾਂਸ ਦੀ ਭਾਸ਼ਾ ਅਤੇ ਵਿਦਿਆ ਉਤੇ ਪਕੜ ਤੋਂ ਭਲੀਭਾਂਤ ਜਾਣੂ ਸੀ। ਸ਼ੇਕਸਪੀਅਰ ਦਾ ਪ੍ਰਮਾਣਤ ਸੰਸਕਰਣ ਕੇਵਲ ਇੱਕ ਹੀ ਹੈ। ਆਰਡਨ ਵਾਲਾ। ਇਸ ਨੂੰ ਪ੍ਰਾਪਤ ਕਰਨ ਲਈ ਹਾਂਸ ਦੇ ਇੰਗਲੈਂਡ ਵਿਚਲੇ ਸਾਥੀ ਰਣਜੀਤ ਧੀਰ ਤੇ ਰਣਧੀਰ ਢਿੱਲੋਂ (ਧੀਰੋ) ਬਹੁੜੇ। ਸ਼ੇਕਸਪੀਅਰ ਦੀ ਭਾਸ਼ਾ ਤੇ ਸ਼ੈਲੀ ਦਾ ਮਾਹਰ ਵੀ ਜੇ ਕੋਈ ਗੈਰ-ਅੰਗਰੇਜ਼ ਹੈ ਤਾਂ ਉਹ ਅਮਰੀਕਾ ਵਾਲਾ ਪ੍ਰੋ. ਯਸ਼ਦੀਪ ਬੈਂਸ ਹੈ ਜੋ ਹਾਂਸ ਦਾ ਮਾਹਿਲਪੁਰ ਪੜ੍ਹਾਉਣ ਸਮੇਂ ਦਾ ਹਮਸਫਰ ਸੀ। ਇਹ ਸਬੱਬ ਵੀ ਅਨੁਵਾਦ ਲਈ ਸਹਾਈ ਹੋਇਆ।

ਸੁਰਜੀਤ ਹਾਂਸ ਨੇ ਇਹ ਕੰਮ ਸੇਵਾ ਭਾਵਨਾ ਤੇ ਸਿਰੜ ਨਾਲ ਕੀਤਾ ਹੈ। ਯੂਨੀਵਰਸਿਟੀ ਵਲੋਂ ਵੀਹ ਵਰ੍ਹੇ ਪਹਿਲਾਂ ਮਿਥੀਆਂ ਮਿਹਨਤਾਨੇ ਦੀਆਂ ਦਰਾਂ ਉਤੇ। ਆਪਣੀ ਪ੍ਰੋਫੈਸਰੀ ਤੋਂ ਸੇਵਾ ਮੁਕਤ ਹੋ ਕੇ। ਉਹਦੇ ਲਈ ਉਮਰ ਚਾਹੀਦੀ ਸੀ ਉਸ ਨੇ ਉਹ ਵੀ ਨਹੀਂ ਮੰਗੀ।



*ਸੁਰਜੀਤ ਹਾਂਸ*

ਜੇ ਕੋਈ ਹਾਂਸ ਦੀ ਵਿਦਵਤਾ ਦਾ ਪ੍ਰਮਾਣ ਮੰਗੇ ਤਾਂ ਮੇਰੇ ਕੋਲ ਹੈ। ਸਾਡਾ ਅੱਜ ਦਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵਿੱਤ ਮੰਤਰੀ ਹੁੰਦਿਆਂ ਚੰਡੀਗੜ੍ਹ ਵਿਖੇ ਲਾਲਾ ਅਚਿੰਤ ਰਾਮ ਯਾਦਗਾਰੀ ਭਾਸ਼ਣ ਦੇਣ ਆਇਆ ਤਾਂ ਇੱਕ ਪੜਾਅ ਉਤੇ ਉਹਦੇ ਨਾਲ ਸੋਫੇ ਉਤੇ ਬੈਠਾ ਮੈਂ ਇਕੱਲਾ ਰਹਿ ਗਿਆ। ਕੋਈ ਗੱਲ ਕਰਨ ਲਈ ਮੈਂ ਉਸ ਦੇ ਹੁਸ਼ਿਆਰਪੁਰ ਵਾਲੇ ਵਿਦਿਆਰਥੀ ਜੀਵਨ ਦਾ ਹਵਾਲਾ ਦੇ ਕੇ ਦੱਸਿਆ ਕਿ ਮੈਂ ਉਸ ਵੇਲੇ ਦੇ ਵਿਦਿਆਰਥੀ ਸੁਰਜੀਤ ਹਾਂਸ ਨੂੰ ਜਾਣਦਾ ਹਾਂ। ਹਾਂਸ ਦਾ ਨਾਂ ਸੁਣਦੇ ਸਾਰ ਉਨ੍ਹਾਂ ਨੇ ਮੈਨੂੰ ਇਹ ਵੀ ਦੱਸ ਦਿੱਤਾ ਕਿ ਉਹ ਹੁਣ ਅੰਮ੍ਰਿਤਸਰ ਤੋਂ ਪਟਿਆਲਾ ਵਾਲੀ ਯੂਨੀਵਰਸਿਟੀ ਆ ਚੁੱਕਾ ਹੈ ਤੇ ਕੋਈ ਵੱਡਾ ਕੰਮ ਛੋਹਣ ਵਾਲਾ ਹੈ।

ਉਚੀ ਪਦਵੀ 'ਤੇ ਪਹੁੰਚੀ ਕਿਸੇ ਹਸਤੀ ਨੂੰ ਵਿਦਿਆਰਥੀ ਜੀਵਨ ਦੇ ਕਿਸੇ ਸਿਰਕਢ ਜਮਾਤੀ ਬਾਰੇ ਹੀ ਪਤਾ ਹੁੰਦਾ ਹੈ। ਸ਼ੇਕਸਪੀਅਰ ਦੀਆਂ ਕਵਿਤਾਵਾਂ ਵਾਲੀ ਪੁਸਤਕ ਅਨੁਵਾਦ ਦੀ ਲੜੀ ਦੀ 39ਵੀਂ ਤੇ ਆਖਰੀ ਜਿਲਦ ਹੈ। ਇਸ ਵਿਚ ਹਾਂਸ ਨੇ ਵਾਈਸ ਚਾਂਸਲਰਾਂ ਤੋਂ ਲੈ ਕੇ ਪਰੂਫ ਰੀਡਰਾਂ ਤੱਕ ਦੀਆਂ ਸ਼ੁਕਰਗੁਜ਼ਾਰੀਆਂ ਕੀਤੀਆਂ ਹਨ। ਉਪਰ ਵਾਲੇ ਦੀ ਨਹੀਂ ਜਿਸ ਨੇ ਉਮਰਾ ਦਿੱਤੀ। ਸ਼ਾਇਦ ਉਸ ਦੇ ਪਤੇ-ਟਿਕਾਣੇ ਤੇ ਧਰਮ ਦਾ ਰੌਲਾ ਹੋਵੇ। ਇਹ ਸ਼ੁਕਰਾਨਾ ਮੇਰੇ ਵੱਲੋਂ ਹੈ। ਜਿਹੜਾ ਮਰਜ਼ੀ ਬੋਚ ਲਵੇ। ਆਪਣਾ ਵਾਸਤਾ ਤਾਂ ਮਾਂ ਬੋਲੀ ਨਾਲ ਹੈ। ਤੇ ਜਾਂ ਫੇਰ ਉਸ ਦੇ ਰਾਖਿਆਂ ਨਾਲ।

**ਪੁਰਾਣੇ ਮੋਗਾ ਮਾਫੀਆ ਦੀ ਇੱਕ ਕੜੀ**

ਸਾਹਿਤਕ ਜਗਤ ਵਿਚ ਮੋਗਾ ਨੂੰ ਹਰਮਨ ਪਿਆਰਤਾ ਪ੍ਰਦਾਨ ਕਰਨ ਦਾ ਸਿਹਰਾ ਕਨ੍ਹਈਆ ਲਾਲ ਕਪੂਰ ਤੋਂ ਬਲਰਾਜ ਕੋਮਲ ਤੱਕ ਕਈਆਂ ਦੇ ਸਿਰ ਬੱਝਦਾ ਹੈ। ਇਸ ਪੜਾਅ ਉਤੇ ਗੁਰਨਾਮ ਸਿੰਘ ਤੀਰ ਤੋਂ ਬਿਨਾ ਅਰਥ ਸ਼ਾਸਤਰੀ ਜੀ ਐਸ ਭੱਲਾ, ਜੋ ਭਾਰਤ ਸਰਕਾਰ ਵਿਚ ਖੇਤੀ ਕੀਮਤ ਕਮਿਸ਼ਨ ਦੇ ਚੇਅਰਮੈਨ ਦੀ ਪਦਵੀ ਤੱਕ ਪਹੁੰਚੇ ਤੇ ਡੀ ਆਰ ਗੋਇਲ ਬਹੁਤ ਚਰਚਾ ਵਿਚ ਰਹੇ। ਗੋਇਲ ਕਰੋੜੀ ਮਲ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਣ ਉਪਰੰਤ ਖੱਬੇ ਪੱਖੀ ਰਸਾਲੇ ਮੇਨਸਟ੍ਰੀਮ ਵੀਕਲੀ ਦਾ ਸੰਪਾਦਕ ਰਿਹਾ। ਉਸ ਤੋਂ ਪਿਛੋਂ ਸੁਭਦਰਾ ਜੋਸ਼ੀ ਵਲੋਂ ਕੌਮੀ ਏਕਤਾ ਟਰਸੱਟ ਦੀ ਸਥਾਪਨਾ ਪਿਛੋਂ ਇਸ ਦਾ ਕਈ ਵਰ੍ਹੇ ਸਕੱਤਰ ਵੀ ਰਿਹਾ ਤੇ, ਇਸ ਵਲੋਂ ਉਰਦੂ, ਹਿੰਦੀ ਤੇ ਅੰਗਰੇਜ਼ੀ ਵਿਚ ਕੱਢੇ ਗਏ 'ਸੈਕੂਲਰ ਡੈਮੋਕਰੇਸੀ' ਨਾਂ ਦੇ ਰਸਾਲੇ ਦਾ ਸੰਪਾਦਕ ਵੀ। ਆਲ ਇੰਡੀਆ ਰੇਡੀਓ, ਨਵੀਂ ਦਿੱਲੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ,



*ਡੀ ਆਰ ਗੋਇਲ*

ਜਾਮੀਆਂ ਮਿਲੀਆ ਇਸਲਾਮੀਆ ਤੇ ਪਰਾਨੋਦਿਆ ਟਰੇਨਿੰਗ ਸੈਂਟਰ ਭੋਪਾਲ ਵਾਲੇ ਹੀ ਨਹੀਂ ਨੇਪਾਲ, ਅਫਗਾਨਿਸਤਾਨ, ਅੰਗੋਲਾ, ਕਿਊਬਾ, ਪੋਲੈਂਡ, ਯੂਗੋਸਲਾਵੀਆ ਤੇ ਪੱਛਮੀ ਜਰਮਨੀ ਵਾਲੇ ਵੀ ਉਸ ਨੂੰ ਵਿਸ਼ੇਸ਼ ਭਾਸ਼ਣਾਂ ਲਈ ਬੁਲਾਉਂਦੇ ਰਹੇ ਹਨ। ਤਿੰਨ ਫਰਵਰੀ ਨੂੰ ਉਸ ਦੇ ਅਕਾਲ ਚਲਾਣੇ ਨਾਲ ਮੋਗੇ ਵਾਲਿਆਂ ਨੂੰ ਹੀ ਨਹੀਂ, ਪੂਰੀ ਦੀ ਪੂਰੀ ਸੈਕੂਲਰ ਸੋਚ ਵਾਲੀ ਲਹਿਰ ਨੂੰ ਵੱਡਾ ਧੱਕਾ ਲੱਗਿਆ ਹੈ। ਉਹ ਮੇਰਾ ਮਿੱਤਰ ਵੀ ਸੀ ਤੇ ਮਿਹਰਬਾਨ ਵੀ। ਮੈਂ ਦਿੱਲੀ ਛੱਡਣ ਤੋਂ ਪਿੱਛੋਂ ਸ਼ਾਇਦ ਹੀ ਕਿਸੇ ਦਿੱਲੀ ਫੇਰੀ ਸਮੇਂ ਉਸ ਨੂੰ ਮਿਲੇ ਬਿਨਾ ਆਇਆ ਹੋਵਾਂ। ਮੇਰੀ ਸੱਜਰੀ ਫੇਰੀ ਸਮੇਂ ਉਹ ਮੈਨੂੰ ਮਿਲਿਆ ਤਾਂ ਵੀਲ੍ਹ ਚੇਅਰ ਉਤੇ ਸੀ। ਮੈਂ ਉਸ ਨੂੰ ਏਸ ਤਰ੍ਹਾਂ ਨਹੀਂ ਸੀ ਦੇਖਣਾ ਚਾਹੁੰਦਾ। ਹੁਣ ਤਾਂ ਦੇਖਣ ਦਾ ਸਵਾਲ ਹੀ ਨਹੀਂ। ਮੈਨੂੰ ਉਸ ਦਾ ਭਰਪੂਰ ਜੀਵਨ ਜਿਓਂ ਕੇ ਵੱਡਾ ਕਸ਼ਟ ਭੋਗੇ ਬਿਨਾ ਤੁਰ ਜਾਣਾ ਠੀਕ ਲੱਗਿਆ ਹੈ। ਆਮੀਨ।

**ਅੰਤਿਕਾ:** (ਅਵਤਾਰ ਪਾਸ਼)

ਚਿੜੀਆਂ ਦਾ ਝੁੰਡ ਅਥਰਾ ਹੋਇਆ
ਝਪਟ ਝਪਟ ਕੇ ਮੁੜ ਆਵੇ,
ਦੱਸੇ ਜਾਚ ਗੁਰੀਲਾ ਯੁੱਧ ਦੀ
ਯੋਧਿਆਂ ਨੂੰ ਪ੍ਰਣਾਮ ਕਹੇ।
ਮੌਸਮ ਨੂੰ ਜੇਲ੍ਹਾਂ ਵਿਚ ਪਾਵੋ
ਨਹੀਂ ਤਾਂ ਸਭ ਕੁੱਝ ਚੱਲਿਆ ਜੇ,
ਤਕੜਾ ਆਖੇ ਤਕੜੇ ਹੋਵੋ
ਮੁੜ ਜੂਝਣ ਨੂੰ ਸ਼ਾਮ ਕਹੇ।

---

# ਪੰਜਾਬੀ ਵਿਹੜੇ 'ਚ ਇਸਤਰੀ ਗਾਇਕਾਂ ਦਾ ਆਗਮਨ

## ਸੁਰਤ ਤੇ ਸੰਗੀਤ



**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868

ਤਵੇ ਅਤੇ ਲਾਊਡ ਸਪੀਕਰ ਦੀ ਜੁਗਲਬੰਦੀ ਨੇ ਆਵਾਜ਼ ਦੀ ਦੁਨੀਆਂ ਵਿਚ ਇਨਕਲਾਬ ਲਿਆ ਦਿੱਤਾ। ਦੀਵਾਨਾਂ ਤੇ ਖਾੜਿਆਂ ਦੇ ਹਾਜ਼ਰ ਸਰੋਤਿਆਂ ਤੱਕ ਸੀਮਤ ਰਹਿਣ ਵਾਲੇ ਕਵੀਸ਼ਰ, ਗਮੰਤਰੀ ਤੇ ਗਾਇਕ ਵਿਸ਼ਾਲ ਗ਼ੈਰ-ਹਾਜ਼ਰ ਸਰੋਤਾ-ਸਮੂਹ ਤੱਕ ਪਹੁੰਚਣ ਲੱਗੇ। ਜਿਹੜੇ ਸਰੋਤੇ ਕਿਸੇ ਕਾਰਨ ਉਨ੍ਹਾਂ ਦੀ ਹਾਜ਼ਰੀ ਭਰਨੋਂ ਅਸਮਰੱਥ ਹੁੰਦੇ ਸਨ, ਉਨ੍ਹਾਂ ਦੀ ਆਵਾਜ਼ ਉਨ੍ਹਾਂ ਦੇ ਵਿਹੜੇ ਪੁੱਜ ਕੇ ਆਪ ਹਾਜ਼ਰੀ ਭਰਨ ਲੱਗੀ। ਸਗੋਂ ਜੋ ਲੋਕ ਕੋਈ ਬਹੁਤੇ ਉਤਸਾਹੀ ਸਰੋਤੇ ਨਹੀਂ ਵੀ ਸਨ ਹੁੰਦੇ, ਗਾਇਕਾਂ ਦੀ ਉਨ੍ਹਾਂ ਦੇ ਦੁਆਰ ਬਿਨਾਂ-ਸੱਦਿਆਂ ਆਈ ਆਵਾਜ਼ ਦਾ ਜਾਦੂ ਉਨ੍ਹਾਂ ਨੂੰ ਵੀ ਕੀਲਣ ਲੱਗਿਆ। ਬਚਪਨ ਵਿਚ ਮੈਂ ਘਰਾਂ ਦੇ ਕੰਮ-ਧੰਦਿਆਂ ਵਿਚ ਰੁੱਝੇ ਹੋਏ ਮਰਦ-ਔਰਤਾਂ ਨੂੰ ਕੰਨ ਦੂਰੋਂ ਆਉਂਦੀ ਆਵਾਜ਼ ਵੱਲ ਰਖਦਿਆਂ ਅਤੇ ਸਮਝੇ-ਅਧਸਮਝੇ ਬੋਲਾਂ ਬਾਰੇ ਅਕਸਰ ਹੀ ਕੋਈ ਦਿਲਚਸਪ ਟਿੱਪਣੀ ਕਰਦਿਆਂ ਦੇਖਿਆ-ਸੁਣਿਆ ਹੈ।

ਮੰਗਣੇ-ਵਿਆਹ ਜਿਹੀ ਕਿਸੇ ਖੁਸ਼ੀ ਦੇ ਮੌਕੇ ਘਰ ਦੀ ਛੱਤ ਉਤੇ ਇਕ ਦੂਜੇ ਦੇ ਸਹਾਰੇ ਖੜ੍ਹੇ ਕੀਤੇ ਦੋ ਮੰਜਿਆਂ ਨਾਲ ਬੰਨ੍ਹੇ ਲਾਊਡ ਸਪੀਕਰ ਦੇ ਧੂਤੂ ਸਾਰੇ ਪਿੰਡ ਨੂੰ ਖਾੜਾ ਬਣਾ ਦਿੰਦੇ। ਅਸਲ ਵਿਚ ਉਨ੍ਹਾਂ ਸਮਿਆਂ ਵਿਚ ਅਜਿਹੇ ਰੱਬ-ਸਬੱਬੀਂ ਬਣੇ ਮੌਕੇ ਹੀ ਮਨਪਰਚਾਵੇ ਦਾ ਸਾਧਨ ਹੁੰਦੇ ਸਨ, ਜਿਸ ਕਰਕੇ ਲੋਕ ਉਨ੍ਹਾਂ ਨੂੰ ਵੱਧ ਤੋਂ ਵੱਧ ਮਾਣਨਾ ਚਾਹੁੰਦੇ। ਜੇ ਕਿਸੇ ਸਮੇਂ ਮਨ ਦੀ ਮੌਜ ਉਛਾਲਾ ਮਾਰਦੀ, ਮਰਦ ਆਪਣੇ ਦੋਸਤਾਂ-ਬੇਲੀਆਂ ਨਾਲ ਮਿਲ ਕੇ ਕਿਸੇ ਦਾਰੂ-ਦੱਪੇ ਤੇ ਕੁੱਕੜ-ਕੱਪੇ ਦਾ ਹੰਭਲਾ ਮਾਰ ਸਕਦੇ ਸਨ ਅਤੇ ਔਰਤਾਂ ਕੱਤਣ-ਤੁੰਬਣ ਤੇ ਕੱਢਣ-ਬੁਣਨ ਦੇ ਬਹਾਨੇ ਜੁੜ ਬੈਠ ਕੇ ਪੁਰਸ਼-ਪ੍ਰਧਾਨ ਸਮਾਜ ਵਿਚ ਆਪਣੇ ਅੰਦਰੀਂ ਇਕੱਠਾ ਹੋਇਆ ਗੁੱਭਗੁਭਾਟ ਕੱਢ ਕੇ ਹੌਲੀਆਂ ਹੋ ਸਕਦੀਆਂ ਸਨ। ਮਨਪਰਚਾਵੇ ਦਾ ਹੋਰ ਕੋਈ ਅਜਿਹਾ ਵਸੀਲਾ ਨਹੀਂ ਸੀ ਜੋ ਮਰਜ਼ੀ ਨਾਲ ਵਰਤ ਹੋ ਸਕੇ। ਇਸੇ ਕਰਕੇ ਜਿਉਂ ਹੀ ਪਹਿਲਾ ਬੋਲ ਕੰਨੀਂ ਪੈਂਦਾ, ਲੋਕ ਇਕ ਦੂਜੇ ਨੂੰ ਪੁਛਦੇ, ਕਿਉਂ ਬਈ, ਆਹ ਰੇਡੀਆ ਕੀਹਦੇ ਲੱਗਾ ਐ? ਵਿਆਹ ਵਾਲੇ ਘਰ ਤਾਂ ਖੁੱਲ੍ਹਣੇ ਹੀ ਹੋਏ, ਪੂਰੇ ਪਿੰਡ ਦੇ ਗੱਭਰੂ ਬੋਤਲਾਂ ਦੇ ਡਾਟ ਖੋਲ੍ਹਣ ਲਗਦੇ। ਚੜ੍ਹਦੀ ਉਮਰੇ ਲਿਖੀ ਮੇਰੀ ਕਹਾਣੀ 'ਤੋਰੀ ਦੀ ਵੇਲ' ਵਿਚ ਧਰਮਾ ਜਦੋਂ ਸਵਾਲ ਕਰਦਾ ਹੈ, "ਫੌਜੀਆ, ਰੰਮ-ਰੁੰਮ ਲਿਆਇਆ ਐਂ ਕਿ ਸੁੱਕਾ ਹੀ ਛੁੱਟੀ ਆ ਗਿਆ," ਤਾਂ ਕੋਲ ਖਲੋਤਾ ਪ੍ਰੀਤੂ ਗੱਲ ਨਾਲ ਗੱਲ ਜੋੜਦਾ ਹੈ, "ਬਈ ਹੈ ਤਾਂ ਦਿਨ ਪੀਣ ਵਾਲਾ, ਪਿੰਡ ਵਿਚ ਰੇਡੀਆ ਲੱਗਿਆ ਹੋਇਆ ਐ!"

ਅਜਿਹਾ ਸੀ ਮਨੋਰੰਜਨ ਵਾਸਤੇ ਤਰਸਦਾ ਮਾਹੌਲ ਜਦੋਂ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ-ਦੋਵਾਂ ਭੈਣਾਂ ਦੀ ਅਲੋਕਾਰ ਆਵਾਜ਼ ਘਰ ਘਰ ਜਾਦੂ ਧੂੜਨ ਲੱਗੀ। ਇਹ ਅਜਿਹੀ ਆਵਾਜ਼ ਨਹੀਂ ਸੀ ਜੋ ਕੰਮ-ਧੰਦੇ ਵਿਚ ਰੁੱਝਿਆਂ ਨਾਲੋ-ਨਾਲ ਸੁਣੀ ਜਾ ਸਕੇ। ਇਹ ਅਜਿਹੀ ਆਵਾਜ਼ ਸੀ ਜਿਸ ਦੇ ਕੰਨੀਂ ਪੈਂਦਿਆਂ ਕੰਮ-ਧੰਦਾ ਸੁਤੇ-ਸਿਧ ਹੀ ਹੱਥੋਂ ਛੁੱਟ ਜਾਂਦਾ ਸੀ ਅਤੇ ਆਦਮੀ ਹੋਰ ਸਭ ਕੁਛ ਭੁੱਲ ਕੇ ਉਹਨੂੰ ਹੀ ਸੁਣਨ ਲਗਦਾ ਸੀ। ਨਿੰਦਰ ਘੁਗਿਆਣਵੀ ਨੇ ਆਪਣੇ ਉਸਤਾਦ ਯਮਲਾ ਜੱਟ ਦੀ ਇਕ ਗੱਲ ਸੁਣਾਉਂਦਿਆਂ ਉਹਦੇ ਜੋ ਬੋਲ ਪ੍ਰਕਾਸ਼ ਕੌਰ ਬਾਰੇ ਦੱਸੇ ਹਨ, ਉਹ ਅਸਲ ਵਿਚ ਦੋਵਾਂ ਭੈਣਾਂ ਉਤੇ ਬਰਾਬਰ ਢੁਕਦੇ ਹਨ। ਉਹ ਦਸਦਾ ਹੈ ਕਿ ਇਕ ਵਾਰ ਗਾ ਰਹੇ ਯਮਲਾ ਜੱਟ ਨੇ ਪ੍ਰਕਾਸ਼ ਕੌਰ ਨੂੰ ਸਟੇਜ ਵੱਲ ਆਉਂਦੀ ਦੇਖਿਆ ਤਾਂ ਉਹ ਮੌਕੇ ਉਤੇ ਹੀ ਗਾ ਉਠਿਆ, 'ਪ੍ਰਕਾਸ਼ ਕੌਰੇ ਨਾਮ ਤੇਰਾ ਜੱਗ ਵਿਚ ਹੋ ਗਿਆ/ਜਿਥੇ ਸੁਣੀ ਵਾਜ, ਰਾਹੀ ਉਥੇ ਹੀ ਖਲੋ ਗਿਆ!' ਠੀਕ ਹੀ ਉਨ੍ਹਾਂ ਦੀ ਆਵਾਜ਼ ਰਾਹ ਜਾਂਦੇ ਰਾਹੀਆਂ ਨੂੰ ਕੀਲ ਕੇ ਥਾਂਏਂ ਖਲ੍ਹਿਆਰ ਲੈਣ ਵਾਲੀ ਸੀ। ਜਿਥੇ ਕਵੀਸ਼ਰਾਂ ਕੋਲ ਸ਼ਬਦਾਂ ਦੇ ਨਾਲ ਸਿਰਫ਼ ਸਵੈਸਾਧੀ ਕੁਦਰਤੀ ਮਰਦਾਵੀਂ ਆਵਾਜ਼ ਹੁੰਦੀ ਸੀ ਅਤੇ ਗਮੰਤਰੀਆਂ ਕੋਲ ਇਹਤੋਂ ਵਧੀਕ ਸਾਜ਼ ਹੁੰਦੇ ਸਨ, ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਕੋਇਲ ਦੀ ਕੂਹੂ-ਕੂਹੂ ਵਰਗੀ ਸੰਗੀਤਕ ਜ਼ਨਾਨਾ ਆਵਾਜ਼ ਤਾਂ ਲਿਆਈਆਂ ਹੀ, ਉਹਨੂੰ ਪੁਰਾਤਨ ਭਾਰਤੀ ਗੁਰੂ-ਸ਼ਿਸ਼ ਪਰੰਪਰਾ ਅਨੁਸਾਰ ਕਰੜੀ ਸਿਖਲਾਈ ਨਾਲ ਰੇਸ਼ਮੀ ਮੁਲਾਇਮ ਬਣਾ ਕੇ ਵੀ ਲਿਆਈਆਂ। ਖਾੜਿਆਂ ਦੇ ਮੱਲੇ ਹੋਏ ਹਿੱਸੇ ਤੋਂ ਇਲਾਵਾ ਗਾਇਕੀ ਦਾ ਬਾਕੀ ਸਾਰਾ ਪਿੜ ਜਿਵੇਂ ਉਨ੍ਹਾਂ ਦੀ ਉਡੀਕ ਵਿਚ ਹੀ ਵਿਹਲਾ ਪਿਆ ਸੀ।

ਅੱਜ ਜਦੋਂ ਪਿਛਲ-ਝਾਤ ਨਾਲ ਦੇਖਦਾ ਹਾਂ, ਬਿਨਾਂ ਸ਼ੱਕ ਇਹ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਹੀ ਸਨ, ਜਿਨ੍ਹਾਂ ਮੇਰੀ ਸਿਖਾਂਦਰੂ ਬੁੱਧ ਨੂੰ ਲੋਕ-ਸਾਹਿਤ ਦਾ ਮਹੱਤਵ ਸ਼ਾਇਦ ਹੋਰ ਸਭ ਗਾਇਕਾਂ ਤੋਂ ਵਧੀਕ ਸਮਝਾਇਆ-ਸਿਖਾਇਆ। ਉਨ੍ਹਾਂ ਦੀ ਜ਼ਬਾਨ ਉਤੇ ਚੜ੍ਹ ਕੇ ਸ਼ਬਦ ਜਿਵੇਂ ਆਪਣੇ ਪੂਰੇ ਭਾਵ-ਅਰਥ ਦੀ ਪਟਾਰੀ ਖੋਲ੍ਹ ਦਿੰਦੇ, ਉਨ੍ਹਾਂ ਦੀ ਗਹਿਰਾਈ ਤੇ ਉਚਾਈ ਦੋਵੇਂ ਪ੍ਰਗਟ ਹੋ ਜਾਂਦੀਆਂ ਅਤੇ ਉਨ੍ਹਾਂ ਦਾ ਰਹੱਸ ਪੂਰੇ ਜਲ-ਜਲੌਅ ਨਾਲ ਉਜਾਗਰ ਹੋ ਜਾਂਦਾ। ਮੇਰੇ ਮਨ ਵਿਚ ਸ਼ਬਦ ਦੀ ਕਰਾਮਾਤ ਦੇ ਬੀ ਬੀਜਣ ਵਿਚ ਅਤੇ ਉਸ ਪ੍ਰਤੀ ਸ਼ਰਧਾ ਦੀ ਭਾਵਨਾ ਭਰਨ ਵਿਚ ਉਨ੍ਹਾਂ ਦਾ ਵੱਡਾ ਹੱਥ ਰਿਹਾ!



*ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ*

ਗਾਇਕੀ ਦੇ ਪਿੜ ਵਿਚ ਤਾਜ਼ਗੀ ਲਿਆਉਣ ਤੋਂ ਇਲਾਵਾ ਪੰਜਾਬੀ ਸਭਿਆਚਾਰ ਨੂੰ ਇਨ੍ਹਾਂ ਦੋਵਾਂ ਭੈਣਾਂ ਦੀ ਇਕ ਵੱਡੀ ਇਤਿਹਾਸਕ ਦੇਣ ਕੁੜੀਆਂ ਦੇ ਗਾਉਣ ਨੂੰ ਆਦਰਜੋਗ ਸਥਾਨ ਦੁਆਉਣਾ ਸੀ। ਕੁੜੀਆਂ ਤਾਂ ਕੁੜੀਆਂ, ਉਸ ਦੌਰ ਵਿਚ ਅਰੰਭ ਕਰਨ ਵਾਲੇ ਅਤੇ ਅੱਗੇ ਚੱਲ ਕੇ ਵੱਡੇ ਗਾਇਕਾਂ ਵਜੋਂ ਨਾਂ ਕਮਾਉਣ ਵਾਲੇ ਅਨੇਕ ਪੁਰਸ਼ ਗਾਇਕਾਂ ਨੂੰ ਮਾਪਿਆਂ ਦੇ ਸਖ਼ਤ ਇਤਰਾਜ਼ ਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਮਾਪੇ ਆਖਦੇ, ਇਹ ਕੀ ਮਰਾਸੀਆਂ ਵਾਲਾ ਕੰਮ ਫੜਿਆ ਹੈ, ਬੰਦ ਕਰ ਆਵਦਾ ਇਹ ਘਰਾਟ ਰਾਗ! ਇਥੋਂ ਤੱਕ ਕਿ ਹੁਣ ਅਰਬਾਂ-ਖਰਬਾਂ ਵਿਚ ਖੇਡਦੀ ਫ਼ਿਲਮੀ ਦੁਨੀਆਂ ਕਿਸੇ ਸਮੇਂ ਅਲੂਏਂ ਮੁੰਡਿਆਂ ਤੋਂ ਜ਼ਨਾਨਾ ਰੋਲ ਕਰਵਾਉਂਦੀ ਸੀ ਅਤੇ ਜ਼ਨਾਨੇ ਗੀਤਾਂ ਵਾਸਤੇ ਕੋਠਿਆਂ ਵਿਚੋਂ ਗਾਇਕਾਵਾਂ ਲਭਦੀ ਫਿਰਦੀ ਸੀ। ਕਹਿੰਦੇ ਹਨ ਕਿ ਉਹ ਵੀ ਆਪਣੇ ਟਿਕਾਣੇ ਉਤੇ ਗਾਉਣਾ ਤਾਂ ਠੀਕ ਸਮਝਦੀਆਂ ਸਨ ਪਰ ਫ਼ਿਲਮਾਂ ਵਿਚ ਗਾਉਣ ਤੋਂ ਨੱਕ-ਮੂੰਹ ਵਟਦੀਆਂ ਸਨ। ਇਹ ਦੋਵਾਂ ਭੈਣਾਂ ਦਾ ਸੁਭਾਗ ਰਿਹਾ ਕਿ ਗਾਇਕੀ ਦੇ ਪਿੜ ਵਿਚ ਉਨ੍ਹਾਂ ਦੇ ਪ੍ਰਵੇਸ਼ ਸਮੇਂ ਹਾਲਾਤ ਬਦਲਣੇ ਸ਼ੁਰੂ ਹੋ ਗਏ ਸਨ। ਸਾਊ ਘਰਾਂ ਦੀਆਂ ਕੁੜੀਆਂ ਪਹਿਲਾਂ-ਪਹਿਲ ਸਮਾਜ ਦੇ ਤੇ ਮਾਪਿਆਂ ਦੇ ਵਿਰੋਧ ਨੂੰ ਕਿਸੇ ਹੀਲੇ-ਵਸੀਲੇ ਪਾਰ ਕਰਨ ਲੱਗ ਪਈਆਂ ਸਨ। ਇਉਂ ਇਨ੍ਹਾਂ ਦੋਵਾਂ ਭੈਣਾਂ ਦੇ ਆਵਾਜ਼ ਦੀ ਦੁਨੀਆਂ ਵਿਚ ਪ੍ਰਵੇਸ਼ ਨੂੰ ਭਾਵੇਂ ਸ਼ੁਰੂ ਵਿਚ ਮਾਪਿਆਂ ਦੀ ਸਹਿਮਤੀ ਸੌਖਿਆਂ ਹੀ ਪ੍ਰਾਪਤ ਨਾ ਹੋਈ, ਤਾਂ ਵੀ ਉਹ ਅਲੰਘ ਕੰਧ ਸਿੱਧ ਨਾ ਹੋਏ। ਸ਼ੁਰੂ ਵਿਚ ਸ਼ਬਦ-ਗਾਇਨ ਦੇ ਬਹਾਨੇ ਹੀ ਸਹੀ, ਲੋਕਾਂ ਸਾਹਮਣੇ ਆਉਣ ਦੀ ਖੁੱਲ੍ਹ ਤਾਂ ਮਿਲ ਹੀ ਗਈ। ਅੱਗੇ ਫੇਰ ਇਸ ਪਗਡੰਡੀ ਨੂੰ ਸ਼ਾਹਰਾਹ ਵਿਚ ਪਲਟਣਾ ਇਨ੍ਹਾਂ ਦੀ ਆਪਣੀ ਹਿੰਮਤ ਸੀ।

ਇਹ ਵੀ ਸੁਭਾਗ ਦੀ ਗੱਲ ਹੀ ਸਮਝੋ ਕਿ ਉਸੇ ਦੌਰ ਵਿਚ ਰੇਡੀਓ ਆਪਣੇ ਪੈਰ ਪਸਾਰਨ ਲੱਗਿਆ ਸੀ ਤੇ ਸਮਕਾਲੀ ਹਾਲਾਤ ਵਿਚ ਉਹਨੂੰ ਪਰੰਪਰਾਗਤ ਬਾਜ਼ਾਰੀ ਗਾਇਕਾਵਾਂ ਵਾਰਾ ਨਹੀਂ ਸਨ ਖਾਂਦੀਆਂ। ਉਹਨੂੰ ਸਾਊ ਪਿਛੋਕੜ ਵਾਲੀਆਂ ਕੁੜੀਆਂ ਦੀ ਭਾਲ ਸੀ। ਇਹੋ ਨਜ਼ਰੀਆ ਤਵੇ ਭਰਨ ਵਾਲੀਆਂ ਕੰਪਨੀਆਂ ਦਾ ਸੀ। ਉਹ ਵੀ ਗਾਇਕਾਵਾਂ ਬਾਰੇ ਬਣੀ ਹੋਈ ਮਿੱਥ ਨੂੰ ਤੋੜਦਿਆਂ ਗਾਇਕੀ ਨੂੰ ਬਾਜ਼ਾਰ ਵਿਚੋਂ ਕੱਢ ਕੇ ਉਹਦਾ ਘਰ-ਪ੍ਰਵੇਸ਼ ਕਰਵਾਉਣ ਦੀਆਂ ਚਾਹਵਾਨ ਸਨ। ਦੋਵਾਂ ਭੈਣਾਂ ਦੀ ਆਵਾਜ਼ ਵਿਚ ਅਜਿਹਾ ਰਸ ਸੀ ਕਿ ਇਨ੍ਹਾਂ ਨੂੰ ਰੇਡੀਓ ਜਾਂ ਤਵਿਆਂ ਤੱਕ ਪਹੁੰਚਣ ਲਈ ਕਿਸੇ ਉਚੇਚੇ ਸੰਘਰਸ਼ ਦੀ ਲੋੜ ਨਾ ਪਈ, ਸਗੋਂ ਉਨ੍ਹਾਂ ਨੇ ਤਾਂ ਜਿਵੇਂ ਆਪਣੇ ਬੂਹੇ ਅਜਿਹੀਆਂ ਆਵਾਜ਼ਾਂ ਵਾਸਤੇ ਪਹਿਲਾਂ ਹੀ ਚੁਪੱਟ ਖੋਲ੍ਹ ਰੱਖੇ ਸਨ।

ਇਕ ਸਬੱਬ ਤੇ ਸੁਭਾਗ ਹੋਰ ਵੀ ਸੀ ਜੋ ਦੋਵਾਂ ਭੈਣਾਂ ਦਾ ਸਾਂਝਾ ਸੀ। ਉਹ ਸੀ ਦੋਵਾਂ ਦੇ ਪਤੀਆਂ ਤੋਂ ਮਿਲਿਆ ਭਰਪੂਰ ਉਤਸਾਹ। ਉਹ ਤਾਂ ਜ਼ਮਾਨਾ ਹੀ ਅਜਿਹਾ ਸੀ, ਅੱਜ ਦੇ ਬਹੁਤ ਅੱਗੇ ਲੰਘ ਆਏ ਜੁੱਗ ਵਿਚ ਵੀ ਅਨੇਕ ਕੁੜੀਆਂ ਦੀਆਂ ਵਿੱਦਿਆ, ਸਿੱਖਿਆ ਤੇ ਕਲਾ, ਆਦਿ ਦੀਆਂ ਪੇਕਿਆਂ ਵਿਚ ਪਰਵਾਨ ਚੜ੍ਹਦੀਆਂ ਰਹੀਆਂ ਰੀਝਾਂ ਸਹੁਰੀਂ ਜਾ ਕੇ ਕੁਮਲਾ-ਮੁਰਝਾ ਜਾਂਦੀਆਂ ਹਨ। ਪ੍ਰਕਾਸ਼ ਕੌਰ ਦਾ ਪਤੀ ਹਰਬੰਸ ਸਿੰਘ ਸੂਰੀ ਸ਼ਬਦ-ਸਭਿਆਚਾਰ ਤੋਂ ਬਿਲਕੁਲ ਵੱਖਰੇ ਕਿੱਤੇ ਨਾਲ ਜੁੜਿਆ ਹੋਇਆ ਸੀ। ਉਹ ਰੇਲਵੇ ਵਰਕਸ਼ਾਪ ਵਿਚ ਕੰਮ ਕਰਦਾ ਸੀ। ਪ੍ਰਕਾਸ਼ ਦੀ ਉਮਰ ਵੀ ਅਜੇ ਏਨੀਂ ਨਿਆਣੀ ਸੀ, ਮਸਾਂ ਪੰਦਰਾਂ ਸਾਲ, ਕਿ ਜੇ ਪਤੀ ਵਰਜਣਾ ਚਾਹੁੰਦਾ, ਸ਼ਾਇਦ ਇਹਦੇ ਲਈ ਉਹਨੂੰ ਉਲੰਘਣਾ ਔਖਾ ਹੋ ਜਾਂਦਾ। ਪਰ ਜਦੋਂ ਉਹਨੇ ਇਹਦੇ ਗਾਉਣ ਦੇ ਸ਼ੌਕ ਬਾਰੇ ਜਾਣਿਆ, ਉਹਨੇ ਕੇਵਲ ਸਹਿਮਤੀ ਹੀ ਨਾ ਪ੍ਰਗਟਾਈ ਸਗੋਂ ਉਤਸਾਹ ਵੀ ਦਿੱਤਾ। ਸੁਰਿੰਦਰ ਕੌਰ ਦਾ ਪਤੀ, ਜੋਗਿੰਦਰ ਸਿੰਘ ਸੋਢੀ ਤਾਂ ਪੰਜਾਬੀ ਦਾ ਪ੍ਰੋਫ਼ੈਸਰ ਹੋਣ ਦੇ ਨਾਲ ਨਾਲ ਗੀਤ-ਸੰਗੀਤ ਦਾ ਚੰਗਾ ਗਿਆਤਾ ਅਤੇ ਕਦਰਦਾਨ ਸੀ। ਉਹ ਤਾਂ ਸੁਰਿੰਦਰ ਕੌਰ ਵਾਸਤੇ ਗੀਤ ਵੀ ਲਭਦਾ-ਛਾਂਟਦਾ ਸੀ ਅਤੇ ਉਸ ਨਾਲ ਮਿਲ ਕੇ ਉਨ੍ਹਾਂ ਦੀਆਂ ਧੁਨਾਂ ਵੀ ਤਿਆਰ ਕਰਦਾ ਸੀ।

ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਅਜਿਹੇ ਨਾਂ ਹਨ, ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿਚ ਜਿਨ੍ਹਾਂ ਦਾ ਪੂਰਨੇ-ਪਾਊ ਸਥਾਨ ਸਦੀਵੀ ਤੇ ਅਮਿੱਟ ਹੈ ਅਤੇ ਜਿਨ੍ਹਾਂ ਦੀ ਕਲਾ ਅਭੁੱਲ ਤੇ ਅਮਰ ਹੈ!

# ਪਰੇਮ ਸਿੰਘ ਨੂੰ ਯਾਦ ਕਰਦਿਆਂ

**ਪਿਛਲੇ ਮਹੀਨੇ 22 ਜਨਵਰੀ ਨੂੰ ਮਾਰਕਸੀ ਵਿਦਵਾਨ ਪਰੇਮ ਸਿੰਘ ਇਸ ਦੁਨੀਆਂ ਨੂੰ ਸਬੂਤੀ ਅਲਵਿਦਾ ਆਖ ਗਏ। ਆਪਣੀ ਸਾਰੀ ਜ਼ਿੰਦਗੀ ਉਨ੍ਹਾਂ ਕਮਿਊਨਿਸਟ ਲਹਿਰ ਦੇ ਲੇਖੇ ਲਾ ਦਿੱਤੀ। ਪਹਿਲਾਂ ਕਮਿਊਨਿਸਟ ਪਾਰਟੀ ਵਿਚ ਕੁਲ-ਵਕਤੀ ਰਹੇ ਅਤੇ ਫਿਰ ਦਿੱਲੀ ਵਿਚ ਰੂਸੀ ਸਫਾਰਤਖਾਨੇ ਦੇ ਸੂਚਨਾ ਵਿਭਾਗ 'ਚ ਨੌਕਰੀ ਕੀਤੀ। ਉਥੋਂ ਵਿਹਲੇ ਹੋਏ ਤਾਂ ਚੰਡੀਗੜ੍ਹ ਤੋਂ ਸ਼ੁਰੂ ਹੋਏ ਰੋਜ਼ਾਨਾ ਅਖਬਾਰ 'ਦੇਸ਼ ਸੇਵਕ' ਦੇ ਅਸਿਸਟੈਂਟ ਐਡੀਟਰ ਅਤੇ ਫਿਰ ਐਡੀਟਰ ਬਣੇ। ਆਪਣੇ ਅੰਤਲੇ ਦਿਨਾਂ 'ਚ ਉਹ ਦੇਸ਼ ਦੀ ਵੰਡ ਬਾਰੇ ਖੋਜ ਵਿਚ ਰੁੱਝੇ ਹੋਏ ਸਨ। ਇਥੇ ਅਸੀਂ ਸਵਰਗੀ ਪਰੇਮ ਸਿੰਘ ਦੇ ਇਕ ਪੁਰਾਣੇ ਸਾਥੀ ਅਤੇ ਉਘੇ ਨਾਵਲਕਾਰ ਦਰਸ਼ਨ ਸਿੰਘ ਦਾ ਲਿਖਿਆ ਸ਼ਰਧਾਂਜਲੀ ਲੇਖ ਛਾਪ ਰਹੇ ਹਾਂ। -ਸੰਪਾਦਕ**

ਪਰੇਮ ਸਿੰਘ ਨੂੰ ਮੈਂ ਪਹਿਲੀ ਵਾਰ ਸੰਨ 1969 ਦੇ ਅਖੀਰਲੇ ਦਿਨੀਂ ਮਿਲਿਆ। ਮੈਂ ਮਾਸਕੋ ਤੋਂ ਪ੍ਰਗਤੀ ਪ੍ਰਕਾਸ਼ਨ 'ਚ ਆਪਣਾ ਅਨੁਵਾਦ ਦਾ ਕੰਮ ਮੁਕਾ ਕੇ ਦੇਸ਼ ਪਰਤਿਆ ਸਾਂ, ਤੇ ਆ ਕੇ ਫਿਰ ਰੂਸੀ ਦੂਤਾਵਾਸ ਦੇ ਸੂਚਨਾ ਵਿਭਾਗ 'ਚ ਆਪਣੀ ਕੁਰਸੀ 'ਤੇ ਬਹਿ ਗਿਆ ਸਾਂ। ਮੇਰੇ ਪਿੱਛੋਂ ਪਰੇਮ ਸਿੰਘ ਵੀ ਇਸੇ ਦਫ਼ਤਰ 'ਚ ਆ ਲੱਗਾ ਸੀ ਤੇ ਰਿਸਰਚ ਸੈਕਸ਼ਨ 'ਚ ਕੰਮ ਕਰ ਰਿਹਾ ਸੀ। ਇਸ ਹਿਸਾਬ ਉਹਦੇ ਨਾਲ ਮੇਰੀ ਛੋਹ ਤੇ ਸਾਥ ਕੋਈ ਚਾਰ ਦਹਾਕੇ ਰਿਹਾ।

ਦਰਸ਼ਨ ਸਿੰਘ
ਫੋਨ:91-99102-20294

ਮੇਰੇ ਸੰਙ ਅਤੇ ਉਹਦੇ ਇਹਤਿਆਤ ਵਾਲੇ ਸੁਭਾਅ ਕਾਰਨ ਸਾਨੂੰ ਇਕ-ਦੂਜੇ ਦੇ ਨੇੜੇ ਹੁੰਦਿਆਂ ਕੁਝ ਸਮਾਂ ਲੱਗਾ ਪਰ ਫਿਰ ਸਾਡੀ ਚੰਗੀ ਗੂੜ੍ਹ ਹੋ ਗਈ। ਸੂਚਨਾ ਵਿਭਾਗ 'ਚ ਜਿਹੜੇ ਦੋ-ਚਾਰ ਬੰਦਿਆਂ ਨਾਲ ਮੇਰਾ ਮੇਲ-ਜੋਲ ਸੀ, ਉਨ੍ਹਾਂ 'ਚੋਂ ਇਕ ਪਰੇਮ ਸਿੰਘ ਵੀ ਸੀ।

ਦੁਪਹਿਰੇ ਖਾਣੇ ਦਾ ਵੇਲਾ ਸਾਡਾ ਇਕੱਠਿਆਂ ਬੀਤਦਾ। ਅਸੀਂ ਉਦੋਂ ਕੋਈ ਪੌਣਾ ਘੰਟਾ ਕਨਾਟ ਪਲੇਸ ਦੀ ਗਸ਼ਤ ਕਰਦੇ। ਸਾਡਾ ਦਫ਼ਤਰ ਉਥੇ ਹੀ ਬਾਰਾ ਖੰਬਾ ਰੋਡ ਦੇ ਸ਼ੁਰੂ 'ਚ ਹੁੰਦਾ ਸੀ। ਮੀਂਹ ਵਰ੍ਹ ਰਿਹਾ ਹੁੰਦਾ ਜਾਂ ਲੂ ਚੱਲ ਰਹੀ ਹੁੰਦੀ, ਅਸੀਂ ਆਪਣੇ ਇਸ ਨੇਮ ਤੋਂ ਨਾ ਉਕਦੇ। ਉਸ ਸਮੇਂ ਅਸੀਂ ਦੁਨੀਆਂ ਭਰ ਦੇ ਮਸਲੇ ਹੰਗਾਲ ਛੱਡਦੇ। ਦਫਤਰ, ਪਾਰਟੀ ਸਿਆਸਤ ਵਿਚਾਰਧਾਰਾ, ਸਾਹਿਤ ਤੇ ਸਾਹਿਤਕਾਰ, ਜਾਤੀ, ਜ਼ਿੰਦਗੀ ਸਭ ਕੁਝ ਹੀ ਸਾਡੇ ਗੱਪ ਗਿਆਨ ਦੇ ਢਹੇ ਚੜ੍ਹਿਆ ਰਹਿੰਦਾ। ਇਸੇ ਸਦਕਾ ਸਾਨੂੰ ਇਕ-ਦੂਜੇ ਦੀ ਸੋਚਣੀ ਤੇ ਜ਼ਿੰਦਗੀ ਦੀ ਚੰਗੀ ਜਾਣਕਾਰੀ ਹੁੰਦੀ ਗਈ।

ਉਦੋਂ ਹੀ ਮੈਨੂੰ ਪਤਾ ਲੱਗਾ ਕਿ ਜੇ ਮੈਂ ਆਪਣੇ ਸਾਂਦਲ ਬਾਰ ਦੇ ਕਸਬੇ ਸਾਂਗਲਾ ਹਿੱਲ ਤੋਂ ਮੈਟ੍ਰਿਕ ਕਰ ਕੇ ਅੱਗੋਂ ਪੜ੍ਹਨ ਲਾਹੌਰ ਨਹੀਂ, ਲਾਇਲਪੁਰ ਜਾਂਦਾ ਤਾਂ ਉਥੋਂ ਦੇ ਖਾਲਸਾ ਕਾਲਜ 'ਚ ਪਰੇਮ ਨਾਲ ਮੇਰਾ ਮੇਲ ਹੋ ਜਾਂਦਾ। ਉਹ ਵੀ ਸਾਡੇ ਇਲਾਕੇ ਦਾ ਹੀ ਸੀ, ਪਰ ਮੇਰੇ ਵਾਂਗ ਸ਼ਹਿਰੀ ਨਹੀਂ ਸੀ। ਕਿਸੇ ਲਾਗਲੇ ਪਿੰਡ ਦਾ ਚੀਮਾ ਜੱਟ ਸੀ। ਅੱਗਿਓਂ ਪੜ੍ਹਨ ਲਈ ਸਾਡੇ ਕੋਲ ਇਹ ਦੋ ਸ਼ਹਿਰ ਹੀ ਹੁੰਦੇ ਸਨ। ਲਾਹੌਰ ਦੂਰ ਪੈਂਦਾ ਸੀ, ਪਰ ਸੂਬੇ ਦੀ ਰਾਜਧਾਨੀ ਸੀ। ਐਫ.ਏ. ਤੋਂ ਬਾਅਦ ਅਸੀਂ ਫਿਰ ਮਿਲਣੋਂ ਉਕ ਗਏ। ਪਰੇਮ ਲਾਹੌਰ ਆ ਗਿਆ ਤੇ ਮੇਰੇ ਵਾਲੇ ਸਿੱਖ ਨੈਸ਼ਨਲ ਕਾਲਜ 'ਚ ਹੀ ਦਾਖ਼ਲ ਹੋਇਆ ਪਰ ਮੈਂ ਉਦੋਂ ਇਹ ਕਾਲਜ ਛੱਡ ਬੀ-ਕਾਮ ਕਰਨ ਹੇਲੀ ਕਾਲਜ ਚਲਾ ਗਿਆ ਸਾਂ। ਜੇ ਮੈਂ ਸਿੱਖ ਨੈਸ਼ਨਲ ਕਾਲਜ ਰਹਿ ਵੀ ਜਾਂਦਾ, ਤਾਂ ਵੀ ਸਾਡਾ ਆਪੋ ਵਿਚ ਭਿੱਜਣਾ ਮੁਸ਼ਕਿਲ ਹੁੰਦਾ। ਮੈਂ ਖੱਬੇ ਪੱਖ ਦਾ ਹੁੰਦਾ ਸਾਂ ਤੇ ਪਰੇਮ ਉਤੇ ਅਜੇ ਧਾਰਮਿਕਤਾ ਦਾ ਗੂੜ੍ਹਾ ਰੰਗ ਸੀ।

ਇਹ ਰੰਗ ਪਰੇਮ ਤੋਂ ਵੰਡਾਰਿਓਂ ਬਾਅਦ ਖਾਲਸਾ ਕਾਲਜ ਅੰਮ੍ਰਿਤਸਰ 'ਚ ਲੱਥਾ। ਉਹ ਹੱਕ ਦਾ ਮੁੱਦਈ ਸੀ ਤੇ ਜੁਝਾਰੂ ਸੁਭਾਅ ਵਾਲਾ ਸੀ। ਉਥੇ ਉਹ ਸਟੂਡੈਂਟਸ ਫੈਡਰੇਸ਼ਨ ਦੀ ਛੋਹ 'ਚ ਆਇਆ ਤੇ ਕਾਲਜ ਦੇ ਪ੍ਰਬੰਧਕਾਂ ਦੀਆਂ ਬੇਨਿਯਮੀਆਂ ਵਿਰੁਧ ਘੋਲ ਘੁਲਦਾ ਰਸਟੀਕੇਟ ਹੋਇਆ ਤੇ ਕਮਿਊਨਿਸਟ ਬਣਿਆ। ਉਸ ਪਿੱਛੋਂ ਉਹਨੇ ਆਪਣੀ ਜ਼ਿੰਦਗੀ ਪਾਰਟੀ ਅਤੇ ਕਮਿਊਨਿਸਟ ਲਹਿਰ ਦੇ ਲੇਖੇ ਲਾ ਦਿੱਤੀ।

ਪਰੇਮ ਨੂੰ ਸਾਡਾ ਦਫ਼ਤਰ ਬੜਾ ਸੁਖਾਇਆ। ਚੰਗੀ ਫਿਜ਼ਾ ਸੀ। ਆਪਣੇ ਵਰਗੇ ਹੀ ਲੋਕ ਸਨ। ਪਿਆਰਾ ਸਿੰਘ ਸਹਿਰਾਈ, ਗੁਰਬਚਨ ਸਿੰਘ ਭੁੱਲਰ, ਤੇਰਾ ਸਿੰਘ ਚੰਨ ਤੇ ਹੋਰ ਕਈ ਸਾਹਿਤਕਾਰ ਤੇ ਪੱਤਰਕਾਰ ਵੀ ਉਥੇ ਕੰਮ ਕਰਦੇ ਸਨ। ਉਨ੍ਹਾਂ ਨਾਲ ਵੀ ਪਰੇਮ ਦੀ ਚੰਗੀ ਬਣਦੀ ਸੀ। ਪਾਰਟੀ ਛੱਡ ਕੇ ਆਉਣ ਦਾ ਉਦਰੇਵਾਂ ਵੀ ਬਹੁਤਾ ਨਹੀਂ ਸੀ ਹੁੰਦਾ। ਪਾਰਟੀ ਦੇ ਲੀਡਰ, ਕਾਰਕੁਨ ਤੇ ਪੁਰਾਣੇ ਸਾਥੀ ਦਿੱਲੀ ਆਉਂਦੇ ਰਹਿੰਦੇ ਸਨ ਤੇ ਦਫ਼ਤਰ ਦਾ ਚੱਕਰ ਵੀ ਲਾ ਜਾਂਦੇ ਸਨ। ਕਈ ਤਾਂ ਠਹਿਰਦੇ ਵੀ ਉਹਦੇ ਕੋਲ ਹੀ ਸਨ।

ਪਰੇਮ ਪਾਰਟੀ ਦਾ ਕੁੱਲ-ਵਕਤੀ ਰਹਿ ਚੁੱਕਾ ਸੀ। ਪਾਰਟੀ ਦੇ ਹਰ ਫਰੰਟ 'ਤੇ ਕੰਮ ਕਰ ਚੁੱਕਾ ਸੀ। ਉਹਨੇ ਅੰਤਰ-ਪਾਰਟੀ ਘੋਲ ਅਤੇ ਗੁੱਟਬੰਦੀ ਦੇ ਸੱਲ ਵੀ ਸਹੇ ਹੋਏ ਸਨ। ਗੁੱਠੇ ਵੀ ਲੱਗਾ ਸੀ। ਸਾਡਾ ਦਫ਼ਤਰ ਇਹੋ ਜਿਹੇ ਹਾਰੇ ਹੁੱਟੇ ਲੋਕਾਂ ਦੀ ਠਾਹਰ ਵੀ ਹੁੰਦਾ ਸੀ ਪਰ ਪਰੇਮ ਦਿੱਲੀ ਬਹੁਤਾ ਇਸ ਕਰ ਕੇ ਆਇਆ ਸੀ ਕਿ ਉਹਦੀ ਜੀਵਨ ਸਾਥਣ ਅਤੇ ਉਹਦੇ ਵਾਂਗ ਹੀ ਪਾਰਟੀ ਤੇ ਲੋਕ ਲਹਿਰ ਨੂੰ ਸਮਰਪਤ, ਬਾਬਾ ਗੁਰਮੁਖ ਸਿੰਘ ਦੀ ਧੀਆਂ ਵਰਗੀ ਭਤੀਜੀ, ਦਿਲਬੀਰ ਦਿੱਲੀ ਦੇ ਇੰਦਰਪ੍ਰਸਥ ਕਾਲਜ 'ਚ ਪੜ੍ਹਾਉਣ ਲੱਗ ਪਈ ਸੀ। ਸਾਡੇ ਦਫ਼ਤਰ ਲੱਗਣ ਤੋਂ ਪਹਿਲਾਂ ਕੁਝ ਸਮਾਂ ਪਰੇਮ ਨੇ ਨਿਖਲ ਚੱਕਰਵਰਤੀ ਦੀ ਸਮਾਚਾਰ ਤੇ ਫੀਚਰ ਸੰਸਥਾ ਇੰਡੀਆ ਪ੍ਰੈਸ ਏਜੰਸੀ 'ਚ ਗੁਜ਼ਾਰਿਆ। ਫਿਰ ਕੋਈ ਥਾਂ ਖਾਲੀ ਨਾ ਹੋਣ 'ਤੇ ਉਹ ਸਾਡੇ ਦਫ਼ਤਰ ਆ ਗਿਆ।

ਕੁਝ ਸਾਲਾਂ ਬਾਅਦ ਉਹਨੂੰ ਕੰਮ ਕਰਦਿਆਂ ਹੀ ਡਾਕਟਰੀ ਕਰਨ ਦਾ ਮੌਕਾ ਵੀ ਮਿਲ ਗਿਆ। ਦਫ਼ਤਰ ਨੇ ਹੀ ਉਹਦਾ ਮਾਸਕੋ ਦੇ ਇੰਸਟੀਚਿਊਟ ਆਫ਼ ਓਰੀਐਂਟਲ ਸਟੱਡੀਜ਼ 'ਚ ਦਾਖਲਾ ਕਰਾ ਦਿੱਤਾ। ਉਹਨੂੰ ਅਜਿਹਾ ਸੁਯੋਗ ਗਾਈਡ ਵੀ ਲੱਭ ਦਿੱਤਾ ਜਿਹੜਾ ਦਿੱਲੀ ਆਉਂਦਾ ਰਹਿੰਦਾ ਸੀ ਤੇ ਪਰੇਮ ਨੂੰ ਚਾਹੀਦੇ, ਨਾ ਚਾਹੀਦੇ ਪੂਰਨੇ ਪਾ ਕੇ ਦੇ ਜਾਂਦਾ ਸੀ। ਉਹਦਾ ਵਿਸ਼ਾ ਆਜ਼ਾਦੀ ਤੋਂ ਪਹਿਲਾਂ ਦੀ ਇਨਕਲਾਬੀ ਲਹਿਰ ਸੀ। ਵਕਤ ਪੈਣ 'ਤੇ ਉਹਨੇ ਮਾਸਕੋ ਜਾ ਕੇ ਆਪਣਾ ਥੀਸਸ ਵੀ ਡੀਫੈਂਡ ਕਰ ਲਿਆ ਤੇ ਡਾਕਟਰ ਬਣ ਗਿਆ, ਪਰ ਆਪਣੀ ਡਾਕਟਰੀ ਦੀ ਚਮਕ ਉਹਨੇ ਕੁਝ ਨਿੰਮੀ ਹੀ ਰੱਖੀ



ਡਾ. ਪਰੇਮ ਸਿੰਘ

ਤੇ ਉਹਨੂੰ ਨਾਂ ਦੇ ਸ਼ੁਰੂ 'ਚ ਨਹੀਂ, ਅਖੀਰ 'ਚ ਰੱਖਿਆ। ਉਹ ਡਾ. ਪਰੇਮ ਸਿੰਘ ਨਹੀਂ, ਪਰੇਮ ਸਿੰਘ ਡਾ. ਰਿਹਾ।

ਸਾਡਾ ਇਹ ਦਫ਼ਤਰੀ ਸਾਥ ਸੰਨ 1993 'ਚ ਖ਼ਤਮ ਹੋਇਆ। ਸੋਵੀਅਤ ਯੂਨੀਅਨ ਖੇਰੂੰ-ਖੇਰੂੰ ਹੋ ਰਿਹਾ ਸੀ। ਨਵੇਂ ਹਾਕਮ ਭਾਰਤ ਵੱਲੋਂ ਅੱਖਾਂ ਮੀਟ ਰਹੇ ਸਨ ਤੇ ਅਮਰੀਕਾ ਤੇ ਯੂਰਪ ਵੱਲ ਝਾਕ ਰਹੇ ਸਨ। ਇਥੋਂ ਦੇ ਸਾਰੇ ਪ੍ਰੋਗਰਾਮ ਤੇ ਪ੍ਰੋਜੈਕਟ ਠੱਪ ਹੋਣ ਲੱਗੇ। ਸਟਾਫ਼ ਨੂੰ ਛੁੱਟੀ ਮਿਲਣ ਲੱਗੀ। ਜਿਹੜੇ ਦੋ-ਚਾਰ ਬੰਦੇ ਐਨ ਅਖੀਰ ਵੇਲੇ ਰੁਖਸਤ ਹੋਏ, ਉਨ੍ਹਾਂ 'ਚ ਮੈਂ ਤੇ ਪਰੇਮ ਸਿੰਘ ਵੀ ਸਾਂ, ਪਰ ਅਸੀਂ ਦਫ਼ਤਰ ਛੱਡ ਕੇ ਆਪਣਾ ਸਾਥ ਕਾਇਮ ਰੱਖਿਆ।

ਜਦੋਂ ਸੰਨ 1964 'ਚ ਕਮਿਊਨਿਸਟ ਪਾਰਟੀ ਦੋਫ਼ਾੜ ਹੋਈ, ਪਰੇਮ ਸੀ.ਪੀ.ਆਈ. ਨਾਲ ਰਿਹਾ ਪਰ ਮਾਰਕਸੀ ਪਾਰਟੀ ਦੇ ਸਿਰਕੱਢ ਆਗੂ ਕਾਮਰੇਡ ਸੁਰਜੀਤ ਨਾਲ ਉਹਨੇ ਮਾੜੀ-ਮੋਟੀ ਛੋਹ ਬਣਾਈ ਰੱਖੀ। ਉਹ ਉਹਦੀ ਸਿਆਸੀ ਸੂਝ-ਸਿਆਣਪ, ਅਸਰ-ਰਸੂਖ, ਖਚਰ-ਵਿੱਦਿਆ ਤੇ ਸਾਧਨ ਜੁਟਾ ਸਕਣ ਦੀ ਸਮਰੱਥਾ ਦਾ ਕਾਇਲ ਸੀ। ਸਾਡੇ ਦਫ਼ਤਰ ਕੰਮ ਕਰਦਿਆਂ ਉਹ ਕਦੀ-ਕਦੀ ਉਹਨੂੰ ਜਾ ਕੇ ਮਿਲ ਆਉਂਦਾ। ਪਰੇਮ ਨੂੰ ਇਹ ਓਪਰਾ ਨਾ ਲੱਗਦਾ, ਕਿਉਂ ਜੋ ਉਹ ਹਮੇਸ਼ਾ ਇਹ ਚਾਹੁੰਦਾ ਰਿਹਾ ਕਿ ਕਮਿਊਨਿਸਟ ਲਹਿਰ ਇਕਜੁੱਟ ਹੋਵੇ। ਜਦੋਂ ਸੁਰਜੀਤ ਨੂੰ ਚੰਡੀਗੜ੍ਹੋਂ ਮਾਰਕਸੀ ਪਾਰਟੀ ਦਾ ਰੋਜ਼ਾਨਾ 'ਦੇਸ਼ ਸੇਵਕ' ਕੱਢਣ ਦੀ ਸੁੱਝੀ, ਉਹਨੂੰ ਦਫ਼ਤਰੋਂ ਵਿਹਲੇ ਹੋਏ ਪਰੇਮ ਦਾ ਚੇਤਾ ਆਇਆ। ਉਹਨੇ ਸੰਪਾਦਕ ਤਾਂ ਮੇਰੇ ਇਕ ਹੋਰ ਮਿੱਤਰ ਗੁਲਜ਼ਾਰ ਸਿੰਘ ਸੰਧੂ ਨੂੰ ਥਾਪਿਆ ਪਰ ਉਹਦਾ ਸੰਪਾਦਕੀ ਪਹਿਰੇਦਾਰ ਪਰੇਮ ਸਿੰਘ ਨੂੰ ਬਣਾਇਆ, ਇਕ ਤਰ੍ਹਾਂ ਦੇ ਸਹਿ-ਸੰਪਾਦਕ ਦੀ ਸ਼ਕਲ 'ਚ। ਦਿਲਬੀਰ ਆਪਣੇ ਕਾਲਜ ਤੋਂ ਰਿਟਾਇਰ ਹੋ ਚੁੱਕੀ ਸੀ। ਇਸ ਲਈ ਪਰੇਮ ਨੂੰ ਚੰਡੀਗੜ੍ਹ ਜਾਣ 'ਚ ਕੋਈ ਮੁਸ਼ਕਿਲ ਨਾ ਹੋਈ। ਜਦੋਂ ਗੁਲਜ਼ਾਰ ਅਖ਼ਬਾਰ ਛੱਡ ਗਿਆ, ਪਰੇਮ ਨੂੰ ਪਰਚੇ ਦਾ ਸੰਪਾਦਕ ਲਾ ਦਿੱਤਾ ਗਿਆ।

ਕੁਝ ਵਰ੍ਹੇ ਉਹ ਉਸ ਕੁਰਸੀ 'ਤੇ ਬੈਠਾ ਰਿਹਾ ਤੇ ਜੂਝਦਾ ਰਿਹਾ ਪਰ ਕੁਰਸੀ ਡਾਵਾਂਡੋਲ ਰਹੀ। ਅਜੀਬ ਗੱਲ ਸੀ ਕਿ ਦਹਾਕਿਆਂ ਬੱਧੀ ਇਕੋ ਅਹੁਦੇ 'ਤੇ ਲੱਗੇ ਰਹਿਣ ਦੀ ਯੋਗਤਾ ਵਾਲੇ ਮਾਰਕਸੀ ਲੀਡਰ ਕਿਸੇ ਵੀ ਸੰਪਾਦਕ ਨੂੰ ਦੋ-ਚਾਰ ਸਾਲ ਵੀ ਟਿਕਾ ਕੇ ਨਾ ਰੱਖ ਸਕੇ। ਅਖ਼ੀਰ ਪਰੇਮ ਨੂੰ ਵੀ ਉਥੋਂ ਉਠਣਾ ਪਿਆ। ਉਸ ਪਿੱਛੋਂ ਉਹਨੇ ਕੋਈ ਹੋਰ ਬਕਾਇਦਾ ਕੰਮ ਨਾ ਸਹੇੜਿਆ, ਆਪਣੀ ਖੋਜ 'ਚ ਲੱਗਾ ਰਿਹਾ। ਇਨਕਲਾਬੀ ਲਹਿਰਾਂ ਅਤੇ ਦੇਸ਼ ਦੇ ਵੰਡਾਰੇ ਦੇ ਵਿਸ਼ੇ 'ਚ ਉਹ ਨੂੰ ਉਚੇਚੀ ਦਿਲਚਸਪੀ ਸੀ। ਉਹਨੇ ਬੜਾ ਕੁਝ ਅਰੰਭਿਆ ਹੋਇਆ ਸੀ ਜਿਹੜਾ ਨੇਪਰੇ ਨਹੀਂ ਚੜ੍ਹ ਸਕਿਆ। ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ

## ਪੁਰਾਣੇ ਦਿਨ

'ਤੇ ਉਹ ਨੇ ਪੰਜਾਬੀ ਅਤੇ ਅੰਗਰੇਜ਼ੀ 'ਚ ਕਿਤਾਬ ਲਿਖੀ ਜਿਹੜੀ ਬਹੁਤ ਪੜ੍ਹੀ ਤੇ ਪਰਖੀ ਗਈ।

ਇਹ ਸਾਰਾ ਸਮਾਂ ਸਾਡੀ ਛੋਹ ਕਾਇਮ ਰਹੀ। ਮੈਂ 'ਬੁੱਢੇਵਾਰ' ਨਾਵਲ ਲਿਖਣ ਲੱਗ ਪਿਆ ਸਾਂ ਤੇ ਉਹਦੀ ਮਾਰਕਸੀ ਵਿਚਾਰਵਾਨ ਹੋਣ ਦੀ ਮਸ਼ਹੂਰੀ ਹੋਣ ਲੱਗ ਪਈ ਸੀ। ਸਾਡੇ ਕੋਲ ਕਹਿਣ-ਸੁਣਨ ਨੂੰ ਹੋਰ ਬਹੁਤ ਕੁਝ ਹੋ ਗਿਆ। ਮੋਬਾਇਲ ਦੀ ਮਦਦ ਨਾਲ ਅਸੀਂ ਦਿੱਲੀ ਕਨਾਟ ਪਲੇਸ ਦੇ ਦੁਪਹਿਰੀ ਗਸ਼ਤ ਵਾਲੀ ਅਵਸਥਾ ਉਪਜਾ ਲਈ। ਦੂਜੇ-ਤੀਜੇ ਦਿਨ ਅਸੀਂ ਲੰਮੀਆਂ ਗੱਲਾਂ ਕਰਨ ਲੱਗ ਪਏ। ਅਸੀਂ ਫਿਰ ਆਪਣੇ ਤੇ ਦੁਨੀਆਂ ਜਹਾਨ ਦੇ ਮਸਲਿਆਂ ਨੂੰ ਰਿੜਕਣ ਤੇ ਪੁਣਨ ਲੱਗ ਪਏ। ਮੈਂ ਜੋ ਲਿਖ ਰਿਹਾ ਹੁੰਦਾ, ਉਹ ਪਰੇਮ ਨੂੰ ਦੱਸਦਾ ਤੇ ਉਹ ਮੈਨੂੰ ਦੱਸਦਾ, ਕਿਵੇਂ ਉਹਦੇ ਖੋਜ ਦੇ ਕਿਸੇ ਵਿਸ਼ੇ ਦਾ ਕੋਈ ਨਵਾਂ ਪੱਖ ਉਘੜ ਪਿਆ ਸੀ। ਜਦੋਂ ਵੀ ਮੇਰੇ ਕਿਸੇ ਨਾਵਲ ਦਾ ਖਰੜਾ ਤਿਆਰ ਹੁੰਦਾ, ਮੈਂ ਉਹਨੂੰ ਪੜ੍ਹਨ ਤੇ ਪਰਖਣ ਲਈ ਘੱਲਦਾ। ਉਹਦੀ ਰਾਇ ਵੱਲ ਧਿਆਨ ਦਿੰਦਾ। ਆਪਣਾ ਨਾਵਲ 'ਭਾਊ' ਮੈਂ ਉਹਨੂੰ ਤੇ ਦਿਲਬੀਰ ਨੂੰ ਸਮਰਪਿਆ।

ਸਾਨੂੰ ਇਸ ਫਾਸਲਿਆਂ ਤੋਂ ਪਾਰ, ਬੇ-ਤਾਰ ਗੱਲਬਾਤ ਦੀ ਆਦਤ ਪਈ ਹੋਈ ਸੀ। ਜੇ ਦੋ-ਚਾਰ ਦਿਨ ਇਕ-ਦੂਜੇ ਦੀ ਆਵਾਜ਼ ਨਾ ਸੁਣਦੇ ਤਾਂ ਓਦਰ ਜਾਂਦੇ। ਪਰੇਮ ਦਾ ਮੋਬਾਇਲ ਬਹੁਤਾ ਠੀਕ ਕੰਮ ਨਹੀਂ ਸੀ ਕਰਦਾ। ਮੈਂ ਉਹਨੂੰ ਕਹਿੰਦਾ, ਇਹਨੂੰ ਬਦਲ। ਉਹ ਉਹਦੇ ਨਾਲ ਹੀ ਕੰਮ ਚਲਾਉਂਦਾ ਰਿਹਾ। ਉਹਦੇ ਪੂਰੇ ਹੋਣ ਤੋਂ ਤਿੰਨ ਦਿਨ ਪਹਿਲਾਂ ਹੀ ਮੇਰੀ ਉਹਦੇ ਨਾਲ ਚੰਗੀ ਲੰਮੀ ਗੱਲ ਹੋਈ। ਮੈਂ ਹੁਣੇ-ਹੁਣੇ ਸਿਆਸਤ 'ਚ ਮੌਕਾਪ੍ਰਸਤੀ ਦੇ ਵਿਸ਼ੇ 'ਤੇ ਆਪਣਾ ਨਾਵਲ ਪੂਰਾ ਕੀਤਾ ਏ। ਮੈਂ ਉਹਨੂੰ ਦੱਸਿਆ ਤੇ ਕਿਹਾ ਕਿ ਮਹੀਨੇ ਕੁ ਬਾਅਦ ਉਹਦਾ ਖਰੜਾ ਤੈਨੂੰ ਨਜ਼ਰ ਮਾਰਨ ਲਈ ਘੱਲਾਂਗਾ। ਉਹਨੇ ਦੱਸਿਆ, ਜੀਵਨ-ਜਾਂਚ 'ਤੇ ਲਿਖੀ ਇਕ ਕਿਤਾਬ ਦਾ ਉਹਨੇ ਰੀਵਿਊ ਲਿਖਿਆ ਏ। ਮੈਂ ਉਹ ਰੀਵਿਊ 'ਨਵਾਂ ਜ਼ਮਾਨਾ' ਵਿਚ ਪੜ੍ਹ ਚੁੱਕਾ ਸਾਂ। ਮੈਂ ਉਹਨੂੰ ਪਾਕਿਸਤਾਨੀ ਫ਼ਿਲਮ 'ਖੁਦਾ ਕੇ ਲੀਏ' ਦੀ ਡੀ.ਵੀ.ਡੀ. ਘੱਲੀ ਸੀ। ਕਹਿਣ ਲੱਗਾ, ਅਜੇ ਅਸੀਂ ਨਹੀਂ ਵੇਖ ਸਕੇ। ਪਰੇਮ ਪੂਰੇ ਮਜ਼ੇ 'ਚ ਸੀ। ਹੱਸ-ਹੱਸ ਕੇ ਬੋਲ ਰਿਹਾ ਸੀ। ਇਹ ਉਕਾ ਮਹਿਸੂਸ ਨਹੀਂ ਸੀ ਹੁੰਦਾ ਕਿ ਉਹਨੇ ਕੁਝ ਹੀ ਦਿਨਾਂ 'ਚ ਚਲੇ ਜਾਣ ਦੀ ਧਾਰ ਰੱਖੀ ਸੀ। ਜੇ ਮੈਨੂੰ ਉਦੋਂ ਇਹ ਮਹਿਸੂਸ ਹੋ ਪੈਂਦਾ ਤਾਂ ਮੈਂ ਉਹ ਨੂੰ ਜ਼ਰੂਰ ਕਹਿੰਦਾ, "ਯਾਰ, ਏਨੀ ਛੇਤੀ ਨਾ ਕਰ, ਪਹਿਲੋਂ ਆਪਣਾ ਵੰਡਾਰੇ ਵਾਲਾ ਥੀਸਸ ਮੁਕਾ ਲੈ। ਮੇਰਾ ਖਰੜਾ ਵੀ ਪੜ੍ਹ ਲੈ। ਉਹ ਪਾਕਿਸਤਾਨੀ ਫਿਲਮ ਵੀ ਵੇਖ ਲੈ, ਬੜੀ ਚੰਗੀ ਆ।" ਪਰ ਪਤਾ ਨਹੀਂ ਕਿਉਂ, ਮੈਂ ਇਹ ਮਹਿਸੂਸ ਕਰਨੋਂ ਤੇ ਉਹਨੂੰ ਵਰਜਣੋਂ ਉਕ ਗਿਆ। ਜੇ ਵਰਜ ਦਿੰਦਾ ਤਾਂ ਸ਼ਾਇਦ ਉਹ ਮੰਨ ਜਾਂਦਾ। ਕਦੀ-ਕਦੀ ਉਹ ਮੇਰਾ ਕਿਹਾ ਮੰਨ ਵੀ ਲੈਂਦਾ ਸੀ।

## ਸੰਪਾਦਕ ਦੀ ਡਾਕ

# ਪਾਠਕਾਂ ਨੂੰ ਝਈਆਂ ਲੈ ਲੈ ਪੈਣਾ ਠੀਕ ਨਹੀਂ

'ਪੰਜਾਬ ਟਾਈਮਜ਼' ਦੇ ਇਕ ਪ੍ਰੇਮੀ ਪਾਠਕ ਫਕੀਰ ਚੰਦ ਸੈਂਪਲਾ ਦੀ ਸਿੱਖ ਪ੍ਰਚਾਰਕ ਸਰਬਜੀਤ ਸਿੰਘ ਧੂੰਦਾ ਦੇ ਮਾਮਲੇ 'ਤੇ ਪੰਜਾਬ ਟਾਈਮਜ਼ ਵਿਚ 'ਸੰਪਾਦਕ ਦੀ ਡਾਕ' ਕਾਲਮ ਹੇਠ ਛਪੀ ਚਿੱਠੀ ਦੇ ਪ੍ਰਤੀਕਰਮ ਵਿਚ ਨਿਪੁੰਨ ਲੇਖਕ ਡਾ. ਗੋਬਿੰਦਰ ਸਿੰਘ ਸਮਰਾਓ ਨੇ 9 ਫਰਵਰੀ ਦੇ ਅੰਕ ਵਿਚ ਇਸੇ ਕਾਲਮ ਹੇਠ ਛਪੇ ਆਪਣੇ ਪੱਤਰ ਵਿਚ ਬੜੀ ਕਠੋਰ ਸ਼ਬਦਾਵਲੀ ਵਰਤੀ ਹੈ। ਉਨ੍ਹਾਂ ਦੀ ਭਾਸ਼ਾ ਤੋਂ ਇੰਜ ਮਹਿਸੂਸ ਹੁੰਦਾ ਹੈ ਕਿ ਉਹ ਆਪਣੀ ਕਿਸੇ ਲਿਖਤ ਦੀ ਆਲੋਚਨਾ ਨਹੀਂ ਸੁਣ ਸਕਦੇ। ਮੇਰੇ ਖਿਆਲ ਵਿਚ ਅਖਬਾਰ ਵਿਚ ਛਪੀਆਂ ਲਿਖਾਰੀਆਂ ਦੀਆਂ ਰਚਨਾਵਾਂ ਬਾਬਤ ਆਪੋ-ਆਪਣੀ ਰਾਏ ਦਾ ਪ੍ਰਗਟਾਵਾ ਕਰਨਾ ਪਾਠਕਾਂ ਦਾ ਹੱਕ ਹੁੰਦਾ ਹੈ। ਜਿੱਥੋਂ ਤੱਕ ਮੇਰੀ ਜਾਣਕਾਰੀ ਹੈ ਕਿ ਪੰਜਾਬੀ ਅਖ਼ਬਾਰਾਂ ਵਾਲੇ ਤਾਂ 'ਸੰਪਾਦਕ ਦੀ ਡਾਕ' ਲਈ ਤਰਸਦੇ ਰਹਿੰਦੇ ਨੇ। ਪੰਜਾਬੀਆਂ ਨੂੰ ਲਿਖਣ ਦੀ ਘੋਲ ਨੇ ਤਾਂ ਪਹਿਲੋਂ ਹੀ 'ਗਊ-ਗਧਾ ਇੱਕੋ' ਸਮਝਣ ਦੀ ਵਾਦੀ ਪਾਈ ਹੋਈ ਹੈ। ਉਤੋਂ ਡਾ. ਸਮਰਾਓ ਵਰਗੇ ਲਿਖਾਰੀ ਪਾਠਕਾਂ ਨੂੰ ਝਈਆਂ ਲੈ-ਲੈ ਕੇ ਪੈ ਰਹੇ ਹਨ। ਜੇ ਸੈਂਕੜੇ-ਹਜ਼ਾਰਾਂ ਪਾਠਕਾਂ ਵਿਚੋਂ ਸੈਂਪਲਾ ਨਾਂ ਦੇ ਇਕ ਪਾਠਕ ਨੇ ਉਨ੍ਹਾਂ ਦੀ ਲਿਖਤ 'ਤੇ ਕਿੰਤੂ-ਪ੍ਰੰਤੂ ਕਰ ਵੀ ਦਿੱਤਾ ਸੀ, ਤਾਂ ਐਡਾ ਕਿਹੜਾ ਲੋਹੜਾ ਆ ਗਿਆ ਸੀ? ਡਾ. ਸਮਰਾਓ ਨੂੰ ਤਾਂ ਆਪਣੇ ਇਸ ਪਾਠਕ ਦਾ ਸ਼ੁਕਰੀਆ ਅਦਾ ਕਰਨਾ ਚਾਹੀਦਾ ਸੀ ਜਿਸ ਨੇ ਉਨ੍ਹਾਂ ਦੀ ਰਚਨਾ ਨੂੰ ਪੂਰੇ ਗਹੁ ਨਾਲ ਪੜ੍ਹਿਆ, ਪਰ ਡਾ. ਸਮਰਾਓ ਉਸ ਨੂੰ ਬਾਹੋਂ ਫੜ ਕੇ ਪੰਜਾਬ ਲਿਜਾਣ ਤੱਕ ਚਲੇ ਗਏ।

ਆਪਣੇ ਲੰਮੇ-ਚੌੜੇ ਖ਼ਤ ਵਿਚ ਡਾ. ਸਮਰਾਓ ਨੇ ਫਕੀਰ ਚੰਦ ਸੈਂਪਲਾ 'ਤੇ ਜਿਹੜਾ ਦੋਸ਼ ਲਾਇਆ ਹੈ ਕਿ ਉਸ ਨੇ ਪ੍ਰੋ. ਧੂੰਦੇ ਦੀ 'ਵਕਾਲਤ' ਕੀਤੀ ਹੈ, ਕੀ ਉਹੀ 'ਗੁਨਾਹ' ਡਾ. ਸਮਰਾਓ ਨੇ ਨਹੀਂ ਕਰਿਆ? ਉਹ ਖੁਦ ਪ੍ਰੋ. ਹਰਪਾਲ ਸਿੰਘ ਪੰਨੂੰ ਦੀ ਬੇਲੋੜੀ ਵਕਾਲਤ ਕਰ ਗਏ। ਹੋਰ ਤਾਂ ਹੋਰ, ਉਹ ਸ੍ਰੀ ਸੈਂਪਲਾ ਵੱਲੋਂ ਉਠਾਏ ਗਏ ਅਹਿਮ ਨੁਕਤੇ ਦੀ ਚੀਰ-ਫਾੜ ਕਰਨ ਦੀ ਬਜਾਏ ਉਸ ਨੂੰ 'ਗਿਆਨ ਤੋਂ ਪੂਰਾ ਸੱਖਣਾ' ਲਿਖ ਗਏ। ਸੈਂਪਲਾ ਨੇ ਸਿੱਖ ਬੁੱਧੀਜੀਵੀਆਂ ਉਤੇ ਗਿਲਾ ਕੀਤਾ ਸੀ ਕਿ ਉਹ ਆਪੋ ਵਿਚ ਡਾਂਗੋ-ਸੋਟੀ ਹੁੰਦਿਆਂ ਦਲਿਤ ਭਾਈਚਾਰੇ ਨੂੰ ਕਿਹੜੇ ਮੂੰਹ ਨਾਲ ਪੰਥ 'ਚ ਸ਼ਾਮਲ ਹੋਣ ਦੀਆਂ ਟਾਹਰਾਂ ਮਾਰਦੇ ਰਹਿੰਦੇ ਹਨ?

ਇਸ ਕੌੜੀ ਹਕੀਕਤ ਨੂੰ ਦਰਕਿਨਾਰੇ ਕਰ ਕੇ ਡਾ. ਸਮਰਾਓ ਨੇ ਸ੍ਰੀ ਸੈਂਪਲਾ ਨੂੰ ਤੱਤੀਆਂ-ਠੰਢੀਆਂ ਸੁਣਾ ਦਿੱਤੀਆਂ ਹਨ। ਕੀਮਤੀ ਸਮੇਂ 'ਚੋਂ ਕੁਝ ਪਲ ਕੱਢ ਕੇ ਅਖ਼ਬਾਰਾਂ ਨੂੰ ਆਪਣੀ ਰਾਏ ਲਿਖ ਕੇ ਭੇਜਣ ਵਾਲੇ ਚੇਤੰਨ ਪਾਠਕਾਂ ਪ੍ਰਤੀ ਅਜਿਹਾ ਰਵੱਈਆ ਲੇਖਕਾਂ ਨੂੰ ਸੋਭਾ ਨਹੀਂ ਦਿੰਦਾ।

**-ਗੁਰਜੀਤ ਸਿੰਘ ਕਲਸੀ**
**ਫਰਿਜ਼ਨੋ, ਕੈਲੀਫੋਰਨੀਆ।**

### ਧਰਮ ਦਾ ਪ੍ਰਚਾਰ

'ਪੰਜਾਬ ਟਾਈਮਜ਼' ਦੇ 9 ਫਰਵਰੀ ਵਾਲੇ ਅੰਕ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦੀ ਸਿੱਖ ਧਰਮ ਦੇ ਪ੍ਰਚਾਰਕਾਂ ਬਾਰੇ ਚਿੱਠੀ ਪੜ੍ਹੀ। ਡਾ. ਸਮਰਾਓ ਨੇ ਬੜਾ ਅਹਿਮ ਅਤੇ ਗੌਲਣ ਵਾਲਾ ਨੁਕਤਾ ਉਠਾਇਆ ਹੈ ਕਿ ਅੱਜ ਕੁਰਲਾ ਤਾਂ ਪੰਜਾਬ ਰਿਹਾ ਹੈ, ਪਰ ਪ੍ਰਚਾਰਕ ਧਰਮ ਦਾ ਪ੍ਰਚਾਰ ਅਮਰੀਕਾ ਵਰਗੇ ਦੇਸ਼ਾਂ ਵਿਚ ਆ ਕੇ ਕਰ ਰਹੇ ਹਨ। ਸਿੱਖ ਧਰਮ ਵਿਚ ਮਾਇਆ ਦੇ ਲੋਭ ਵਿਚ ਨਾ ਫਸਣ ਦੀ ਸਿੱਖਿਆ ਦਿੱਤੀ ਜਾਂਦੀ ਹੈ ਪਰ ਜਾਪਦਾ ਹੈ ਕਿ ਪ੍ਰਚਾਰਕਾਂ ਦੇ ਅਮਰੀਕਾ ਦੇ ਘੜੀ-ਮੁੜੀ ਦੇ ਗੇੜਿਆਂ ਦਾ ਇਕ ਕਾਰਨ ਮਾਇਆ ਵੀ ਜ਼ਰੂਰ ਹੀ ਹੋਵੇਗਾ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਅਮਰੀਕਾ ਵਰਗੇ ਦੇਸ਼ਾਂ ਵਿਚ ਪ੍ਰਚਾਰ ਦੀ ਲੋੜ ਨਹੀਂ ਹੈ, ਸਗੋਂ ਅਜਿਹੇ ਪ੍ਰਚਾਰ ਦੀ ਤਾਂ ਹਰ ਥਾਂ ਲੋੜ ਹੈ, ਪਰ ਇਸ ਵਿਚ ਦੋ ਰਾਵਾਂ ਨਹੀਂ ਹੋਣੀਆਂ ਚਾਹੀਦੀਆਂ ਕਿ ਵੱਧ ਲੋੜ ਪੰਜਾਬ ਵਿਚ ਹੀ ਹੈ। ਪੰਜਾਬ ਧਾਰਮਿਕ, ਸਮਾਜਕ, ਸਿਆਸੀ, ਆਰਥਿਕ-ਕਹਿਣ ਦਾ ਮਤਲਬ ਹਰ ਪਾਸਿਓਂ ਔਕੜਾਂ ਵਿਚ ਘਿਰ ਰਿਹਾ ਹੈ। ਇਸ ਲਈ ਵੱਧ ਤੋਂ ਵੱਧ ਬੰਦਿਆਂ ਦੀ ਕਰਮਭੂਮੀ ਪੰਜਾਬ ਹੀ ਬਣਨਾ ਚਾਹੀਦਾ ਹੈ। ਕੀ ਧਰਮ ਦੇ ਪ੍ਰਚਾਰਕ ਇਸ ਪਾਸੇ ਸੋਚਦੇ ਹਨ ਜਾਂ ਅਜਿਹਾ ਲੋਚਦੇ ਹਨ? ਘੱਟੋ-ਘੱਟ ਮੇਰੇ ਲਈ ਇਹ ਬਹੁਤ ਵੱਡਾ ਸਵਾਲ ਹੈ। ਜੇ ਤੜਫ ਰਹੇ ਮਰੀਜ਼ ਦੀ ਥਾਂ ਤੰਦਰੁਸਤ ਬੰਦੇ ਦੀਆਂ ਰੀਝਾਂ ਹੀ ਪੂਰੀਆਂ ਕਰੀ ਜਾਣੀਆਂ ਹਨ, ਤਾਂ ਅਜਿਹੇ ਪ੍ਰਚਾਰ ਦਾ ਕੀ ਲੇਖਾ? ਨਾਲੇ ਸਿੱਖ ਧਰਮ ਵਿਚ ਨਿਤਾਣਿਆਂ ਦੇ ਤਾਣ ਵਾਲੀ ਗੱਲ ਵੀ ਆਖੀ ਗਈ ਹੈ; ਕੀ ਇਹ ਪ੍ਰਚਾਰਕ ਨਿਤਾਣਿਆਂ ਵੱਲ ਬਣਦਾ ਧਿਆਨ ਦੇ ਰਹੇ ਹਨ ਜਾਂ ਕਿ ਪਹੁੰਚ ਵਾਲਿਆਂ ਨਾਲ ਘਿਉ-ਖਿਚੜੀ ਹੋ ਕੇ ਆਪੇ ਕਲਗੀਆਂ ਲੁਆਈ ਜਾਂਦੇ ਹਨ? ਬਾਕੀ ਪ੍ਰੋਫੈਸਰੀ ਬਾਰੇ ਚੱਲ ਰਹੇ ਵਿਵਾਦ ਬਾਰੇ ਮੈਂ ਕੁਝ ਨਹੀਂ ਕਹਿਣਾ। ਮੈਨੂੰ ਜਾਪਦਾ ਹੈ ਕਿ ਇਹ ਮਸਲਾ ਇਹ 'ਕਲਗੀ' ਵਰਤਣ ਜਾਂ ਨਾ ਵਰਤਣ ਵਾਲਿਆਂ ਉਤੇ ਹੀ ਛੱਡ ਦੇਣਾ ਚਾਹੀਦਾ ਹੈ। ਉਂਜ, ਮਨ ਵਿਚ ਇਹ ਸਵਾਲ ਜ਼ਰੂਰ ਆਉਂਦਾ ਹੈ ਕਿ ਸਿੱਖੀ, ਸਾਦਗੀ ਅਤੇ ਸਿਦਕ ਨਾਲ ਭਰੇ-ਭੁਕੰਨੇ ਕਿਸੇ ਜੀਉੜੇ ਨੂੰ ਅਜਿਹੀ ਕਲਗੀਆਂ ਲਾਉਣਾ ਕੀ ਥੋਥੀ ਜਿਹੀ ਕਾਰਵਾਈ ਨਹੀਂ ਹੈ? ਲੋਕਾਂ ਦੇ ਮਨਾਂ ਵਿਚ ਤੁਹਾਡੀ ਕਹੀ ਅਤੇ ਸਮਝਾਈ ਗੱਲ ਨੇ ਘਰ ਬਣਾਉਣਾ ਹੈ, ਅਜਿਹੀਆਂ ਡਿਗਰੀਆਂ ਤਾਂ ਧਰਮ ਦੇ ਪ੍ਰਚਾਰ ਲਈ ਤੁਛ ਜਿਹੀ ਚੀਜ਼ ਹਨ। ਸਿੱਖੀ ਦੇ ਪ੍ਰਚਾਰ ਨਾਲ ਸਾਦਗੀ ਜੁੜਨੀ ਚਾਹੀਦੀ ਹੈ, ਦੁਨਿਆਵੀ ਡਿਗਰੀਆਂ ਜਾਂ ਵਿਦਵਾਨ ਹੋਣ ਦੇ ਸਰਟੀਫਿਕੇਟ ਨਹੀਂ।

**-ਜਸਵੰਤ ਸਿੰਘ ਸੇਖੋਂ**
**ਲਾਸ ਏਂਜਲਸ।**

## ਕਾਵਿ-ਕਿਆਰੀ

### ਧੋਖਾ ਦੇ ਗਏ ਮਿੱਤਰਾਂ ਨੂੰ...

ਵੇਖ ਜਿਨ੍ਹਾਂ ਨੂੰ ਜਲ੍ਹਨ, ਅਜਿਹੇ ਝੰਡੇ ਗੱਡ ਦਈਏ।
ਧੋਖਾ ਦੇ ਗਏ ਮਿੱਤਰਾਂ ਨੂੰ ਦਿਲ ਵਿਚੋਂ ਕੱਢ ਦਈਏ।

ਮੁੱਕਰੇ ਤੇ ਮਰੇ ਦੀ ਕੋਈ ਭਰੇ ਗਵਾਹੀ ਨਾ।
ਸੰਤ ਨਹੀਂ ਜੋ ਜ਼ੁਲਮ ਵੇਖ ਕੇ ਬਣੇ ਸਿਪਾਹੀ ਨਾ।
ਸਾਧ ਪਖੰਡੀ ਰੱਬ ਸਮਝਣਾ, ਚਰਨੀਂ ਲੱਗ ਬਹੀਏ,
ਧੋਖਾ ਦੇ ਗਏ ਮਿੱਤਰਾਂ ਨੂੰ ਦਿਲ ਵਿਚੋਂ ਕੱਢ ਦਈਏ।

ਹੱਕ ਮਰੇ ਹੋਏ ਜਿਉਂਦੇ ਕਰਨੇ ਪੈਂਦੇ ਡੰਡੇ ਨਾਲ।
ਖੇਡ ਚਲਾਕੀ ਹਰ ਕੋਈ ਜਾਵੇ ਸਾਊ ਬੰਦੇ ਨਾਲ।
ਜ਼ਿਦ ਪੁਆੜੇ ਪਾਉਂਦੀ, ਛੱਡ ਸਕਦੇ ਛੱਡ ਦਈਏ,
ਧੋਖਾ ਦੇ ਗਏ ਮਿੱਤਰਾਂ ਨੂੰ ਦਿਲ ਵਿਚੋਂ ਕੱਢ ਦਈਏ।

ਢਹਿੰਦੇ ਨਾ ਜੋ ਮੱਲ ਕਦੇ ਉਹ ਵੀ ਢਹਿ ਜਾਂਦੇ।
ਦਾਰੂ ਪੀ ਕੇ ਲਏ ਫੈਸਲੇ ਮਹਿੰਗੇ ਪੈ ਜਾਂਦੇ।
ਮਾੜਾ ਸਾਥ ਡਬੋਂਦਾ, ਚੰਗਿਆਂ ਦੇ ਹੀ ਸੱਗ ਰਹੀਏ,
ਧੋਖਾ ਦੇ ਗਏ ਮਿੱਤਰਾਂ ਨੂੰ ਦਿਲ ਵਿਚੋਂ ਕੱਢ ਦਈਏ।

ਚੀਮਨੇ ਵਾਲਿਆ ਪੰਜੇ ਉਂਗਲਾਂ ਬਰਾਬਰ ਨਾ।
ਪੈਸੇ ਦੀ ਵੀ ਸਭੇ ਦੁਨੀਆਂ 'ਰਾਜ' ਸੌਦਾਗਰ ਨਾ।
ਨਾ ਬੂਹੇ ਕਰੀਏ ਬੰਦ, ਜੇ ਉਠਾਂ ਵਾਲੇ ਸੱਦ ਲਈਏ,
ਧੋਖਾ ਦੇ ਗਏ ਮਿੱਤਰਾਂ ਨੂੰ ਦਿਲ ਵਿਚੋਂ ਕੱਢ ਦਈਏ।

**-ਰਾਜ ਧਾਲੀਵਾਲ**

# ਸਾ ਰੁਤ ਸੁਹਾਵੀ-3



ਡਾ. ਗੁਰਨਾਮ ਕੌਰ, ਕੈਨੇਡਾ

ਕੁਦਰਤਿ ਦੀ ਰੰਗਾ-ਰੰਗ ਬਹੁਲਤਾ ਨੂੰ ਧਿਆਨ 'ਚ ਰੱਖਦਿਆਂ ਹਰ ਮਹੀਨੇ ਦਾ ਆਪਣਾ ਮਹੱਤਵ ਹੈ ਕਿਉਂਕਿ ਇਹ ਮੌਸਮ ਦੇ ਕਿਸੇ ਨਾ ਕਿਸੇ ਕੁਦਰਤੀ ਬਦਲਾਅ ਨਾਲ ਜੁੜਿਆ ਹੋਇਆ ਹੈ। ਸਾਵਣ ਅਤੇ ਭਾਦੋਂ-ਦੋ ਅਜਿਹੇ ਮਹੀਨੇ ਹਨ ਜਿਨ੍ਹਾਂ ਦਾ ਸਬੰਧ ਵਰਖਾ ਦੀ ਰੁੱਤ ਨਾਲ ਹੈ। ਜੇਠ-ਹਾੜ ਦੀ ਤੱਪਦੀ ਧੁੱਪ ਤੋਂ ਬਾਅਦ ਜਦੋਂ ਸਾਵਣ ਦੇ ਮਹੀਨੇ ਵਿਚ ਮੀਂਹ ਦੀ ਠੰਡੀ ਫੁਹਾਰ ਪੈਂਦੀ ਹੈ ਤਾਂ ਧਰਤੀ ਦੇ ਤਪਦੇ ਸੀਨੇ ਨੂੰ ਠੰਢਾ ਕਰ ਦਿੰਦੀ ਹੈ। ਇਸ ਫੁਹਾਰ ਨਾਲ ਜਿੱਥੇ ਤਪਦਾ ਮੌਸਮ ਠਰਦਾ ਹੈ, ਉਥੇ ਕੁਦਰਤਿ 'ਚ ਹਰਿਆਲੀ ਛਾ ਜਾਂਦੀ ਹੈ, ਪਸ਼ੂ, ਪੰਛੀ, ਜੀਵ-ਜੰਤੂ, ਮਨੁੱਖ ਹਰ ਇੱਕ ਦਾ ਚਿਹਰਾ ਖਿੜ ਉਠਦਾ ਹੈ। ਭਾਦੋਂ ਸਾਵਣ ਜਿੰਨਾ ਸੁਹਾਵਣਾ ਨਹੀਂ ਹੁੰਦਾ ਕਿਉਂਕਿ ਇਸ ਮਹੀਨੇ ਮੌਸਮ ਵਿਚ ਖਾਸ ਤਰ੍ਹਾਂ ਦਾ ਹੁੰਮਸ ਵੀ ਪੈਦਾ ਹੋ ਜਾਂਦਾ ਹੈ ਜਿਸ ਦਾ ਅਨੁਭਵ ਬਹੁਤਾ ਸੁਖਾਵਾਂ ਨਹੀਂ ਹੁੰਦਾ। ਇਸ ਦੇ ਨਾਲ ਹੀ ਕਈ ਤਰ੍ਹਾਂ ਦੇ ਜੀਵ-ਜੰਤੂ ਵੀ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਦੀ ਹੋਂਦ ਮਨੁੱਖੀ ਮਨ ਲਈ ਸੁਖਦਾਈ ਨਹੀਂ ਹੁੰਦੀ।

ਗੁਰਬਾਣੀ ਵਿਚ ਸਮੇਂ ਅਰਥਾਤ ਮਹੀਨਿਆਂ, ਦਿਨਾਂ, ਥਿਤਾਂ, ਵਾਰਾਂ ਦੀ ਸਾਰਥਕਤਾ ਨੂੰ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੋੜਿਆ ਗਿਆ ਹੈ। ਕੋਈ ਮਹੀਨਾ, ਦਿਨ ਜਾਂ ਥਿੱਤ, ਵਾਰ ਇਸ ਲਈ ਸ਼ੁਭ ਹੈ ਕਿ ਉਸ ਵਿਚ ਪਰਮਾਤਮਾ ਨੂੰ ਯਾਦ ਕੀਤਾ ਜਾਂਦਾ ਹੈ। ਔਖਾ ਸਮਾਂ ਵੀ ਪ੍ਰਭੂ-ਮਿਲਾਪ ਵਿਚ ਸੁਖਾਵਾਂ ਲਗਦਾ ਹੈ ਪਰ ਜੇ ਮਨ ਵਿਚ ਅਕਾਲ ਪੁਰਖ ਦਾ ਨਿਵਾਸ ਨਹੀਂ ਤਾਂ ਸੁਹਾਵਣਾ ਸਮਾਂ ਵੀ ਦੁਖਦਾਈ ਹੁੰਦਾ ਹੈ। ਗੁਰੂ ਨਾਨਕ ਦੇਵ ਰਾਗ ਤੁਖਾਰੀ ਵਿਚ ਰਚੇ 'ਬਾਰਹਮਾਹਾ' ਵਿਚ ਭਾਦੋਂ ਮਹੀਨੇ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਭਾਦੋਂ ਦਾ ਮਹੀਨਾ ਆ ਗਿਆ ਹੈ ਜਿਸ ਵਿਚ ਵਰਖਾ ਕਾਰਨ ਸਾਰੇ ਟੋਏ-ਟਿੱਬੇ ਪਾਣੀ ਨਾਲ ਭਰ ਗਏ ਹਨ, ਸਭ ਜਲ-ਥਲ ਹੋ ਗਿਆ ਹੈ। ਇਹ ਕੁਦਰਤੀ ਨਜ਼ਾਰਾ ਮਨ ਨੂੰ ਚੰਗਾ ਲੱਗ ਸਕਦਾ ਹੈ ਪਰ ਜਿਸ ਜੀਵ-ਇਸਤਰੀ ਦਾ ਮਨ ਭਰਮ ਵਿਚ ਪਿਆ ਹੋਇਆ ਹੈ, ਭਰ ਜੋਬਨ ਦੀ ਰੁੱਤੇ ਵੀ ਉਸ ਦਾ ਮਨ ਪਛਤਾਵੇ ਵਿਚ ਹੈ ਕਿ ਉਹ ਆਪਣੇ ਪ੍ਰੀਤਮ-ਪ੍ਰਭੂ ਤੋਂ ਵਿਛੜੀ ਹੋਈ ਹੈ, ਇਹ ਕੁਦਰਤੀ ਨਜ਼ਾਰੇ ਵੀ ਉਸ ਦੇ ਮਨ ਨੂੰ ਚੰਗੇ ਨਹੀਂ ਲਗਦੇ। ਭਾਦੋਂ ਮਹੀਨੇ ਹਰ ਥਾਂ ਪਾਣੀ ਭਰ ਜਾਂਦਾ ਹੈ, ਧਰਤੀ ਦੀ ਤਹਿ ਅੰਦਰ ਵੀ ਹੁੰਮਸ ਹੋ ਜਾਂਦਾ ਹੈ, ਇਸ ਲਈ ਧਰਤੀ ਅੰਦਰਲੇ ਜੀਵ-ਜੰਤੂ ਜਿਵੇਂ ਸੱਪ, ਡੱਡੂ ਆਦਿ ਆਪਣੀਆਂ ਖੁੱਡਾਂ ਵਿਚੋਂ ਬਾਹਰ ਨਿਕਲ ਆਉਂਦੇ ਹਨ ਅਤੇ ਚਾਰ-ਚੁਫੇਰੇ ਇਨ੍ਹਾਂ ਦੀਆਂ ਆਵਾਜ਼ਾਂ ਕੰਨੀਂ ਪੈਂਦੀਆਂ ਹਨ। ਗੁਰੂ ਨਾਨਕ ਇਨ੍ਹਾਂ ਹੀ ਕੁਦਰਤੀ ਨਜ਼ਾਰਿਆਂ ਦਾ ਜ਼ਿਕਰ ਕਰਦਿਆਂ ਫਰਮਾਉਂਦੇ ਹਨ ਕਿ ਭਾਦੋਂ ਦੀ ਕਾਲੀ ਰਾਤ ਨੂੰ ਮੀਂਹ ਵਰ੍ਹਦਾ ਹੈ, ਡੱਡੂ ਗੜੈਂ-ਗੜੈਂ ਕਰਦੇ ਹਨ, ਮੋਰ ਬੋਲ ਰਹੇ ਹਨ ਅਤੇ ਪਪੀਹਾ ਵੀ 'ਪ੍ਰਿਉ ਪ੍ਰਿਉ' ਕਰਦਾ ਹੈ, ਛੱਪੜ-ਤਲਾਬ ਪਾਣੀ ਨਾਲ ਭਰੇ ਹੋਏ ਹਨ ਪਰ ਆਪਣੇ ਪ੍ਰੀਤਮ ਤੋਂ ਵਿਛੜੀ ਹੋਈ ਜੀਵ-ਇਸਤਰੀ ਨੂੰ ਇਨ੍ਹਾਂ ਕੁਦਰਤੀ ਨਜ਼ਾਰਿਆਂ ਤੋਂ ਵੀ ਕੋਈ ਖੁਸ਼ੀ ਨਹੀਂ ਮਿਲਦੀ। ਉਸ ਨੂੰ ਤਾਂ ਇਸ ਮਹੀਨੇ ਦਾ ਨਾਂਹ-ਪੱਖੀ ਪਾਸਾ ਹੀ ਦਿਸਦਾ ਹੈ ਕਿ ਇਸ ਮੌਸਮ ਵਿਚ ਸੱਪ ਡੰਗ ਮਾਰਦੇ ਫਿਰਦੇ ਹਨ ਅਤੇ ਮੱਛਰ ਵੱਧ ਵੱਧ ਖਾ ਰਿਹਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਗੁਰੂ ਦੇ ਦੱਸੇ ਰਸਤੇ ਤੇ ਚੱਲ ਕੇ ਉਸ ਸਥਾਨ ਤੇ ਪਹੁੰਚ ਸਕੀਦਾ ਹੈ ਜਿਥੇ ਪ੍ਰਭੂ-ਪ੍ਰੀਤਮ ਨਾਲ ਮੇਲ ਹੋ ਸਕੇ,

ਮਛਰ ਡੰਗ ਸਾਇਰ ਭਰ ਸੁਭਰ
ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪੁਨੇ
ਜਹ ਪ੍ਰਭੁ ਤਹ ਹੀ ਜਾਈਐ॥10॥

ਗੁਰੂ ਅਰਜਨ ਦੇਵ ਮਾਝ ਰਾਗ ਵਿਚ ਰਚੇ 'ਬਾਰਹ ਮਾਹਾ' ਵਿਚ ਭਾਦੋਂ ਦੇ ਮਹੀਨੇ ਦਾ ਜ਼ਿਕਰ ਕਰਦਿਆਂ ਫਰਮਾਉਂਦੇ ਹਨ ਕਿ ਜਿਨ੍ਹਾਂ ਜੀਵ-ਇਸਤਰੀਆਂ ਦਾ ਮਨ ਪਰਮਾਤਮਾ ਨੂੰ ਛੱਡ ਕੇ ਦੂਸਰੇ ਪਾਸੇ ਲੱਗ ਜਾਂਦਾ ਹੈ, ਉਹ ਭਰਮ-ਭੁਲੇਖਿਆਂ ਵਿਚ ਪੈ ਜਾਂਦੀਆਂ ਹਨ ਅਤੇ ਅਸਲੀ ਮਕਸਦ ਤੋਂ ਖੁੰਝ ਜਾਂਦੀਆਂ ਹਨ। ਅਜਿਹੀਆਂ ਜੀਵ-ਇਸਤਰੀਆਂ ਭਾਵੇਂ ਜਿੰਨੇ ਮਰਜ਼ੀ ਹਾਰ-ਸ਼ਿੰਗਾਰ ਲਾ ਲੈਣ, ਕਿਸੇ ਕੰਮ ਨਹੀਂ ਆਉਂਦੇ। ਜਦੋਂ ਮਨੁੱਖ ਦਾ ਸਰੀਰ ਖਤਮ ਹੋ ਜਾਂਦਾ ਹੈ, ਉਦੋਂ ਕੋਈ ਵੀ ਲਾਗੂ ਨਹੀਂ ਹੁੰਦਾ, ਸਭ ਪ੍ਰੇਤ ਪ੍ਰੇਤ ਕਹਿ ਕੇ ਦੌੜਦੇ ਹਨ ਅਤੇ ਜਲਦੀ ਹੀ ਉਸ ਮਰੇ ਹੋਏ ਸਰੀਰ ਨੂੰ ਘਰੋਂ ਕੱਢਣਾ ਚਾਹੁੰਦੇ ਹਨ। ਜਮ ਜਦੋਂ ਜਿੰਦ ਨੂੰ ਸਰੀਰ ਵਿਚੋਂ ਕੱਢ ਕੇ ਲੈ ਜਾਂਦੇ ਹਨ ਤਾਂ ਕਿਸੇ ਨੂੰ ਇਹ ਭੇਦ ਨਹੀਂ ਦਿੰਦੇ ਕਿ ਕਿਥੇ ਲੈ ਕੇ ਜਾ ਰਹੇ ਹਨ। ਜਿਨ੍ਹਾਂ ਸਕੇ-ਸਬੰਧੀਆਂ ਨਾਲ ਸਾਰੀ ਉਮਰ ਪ੍ਰੇਮ ਵਿਚ ਲੰਘਾਈ ਹੁੰਦੀ ਹੈ, ਉਹ ਪਲਾਂ ਵਿਚ ਸਾਥ ਛੱਡ ਕੇ ਪਾਸੇ ਹੋ ਜਾਂਦੇ ਹਨ। ਮੌਤ ਆਈ ਦੇਖ ਕੇ ਮਨੁੱਖ ਨੂੰ ਪਛਤਾਵਾ ਹੁੰਦਾ ਹੈ ਅਤੇ ਘਬਰਾਹਟ ਵਿਚ ਉਹ ਰੰਗ ਬਦਲਦਾ ਹੈ।

ਗੁਰੂ ਅਰਜਨ ਦੇਵ ਅੱਗੇ ਫਰਮਾਉਂਦੇ ਹਨ ਕਿ ਮਨੁੱਖ ਦਾ ਸਰੀਰ ਇੱਕ ਖੇਤ ਦੀ ਤਰ੍ਹਾਂ ਹੈ, ਜਿਵੇਂ ਖੇਤ ਵਿਚ ਜੋ ਬੀਅ ਬੀਜਿਆ ਜਾਂਦਾ ਹੈ, ਉਹੀ ਫਸਲ ਵੱਢੀ ਜਾਂਦੀ ਹੈ। ਇਸੇ ਤਰ੍ਹਾਂ ਸਰੀਰ ਵਿਚ ਜਿਸ ਕਿਸਮ ਦੇ ਕਰਮਾਂ ਦਾ ਅਸੀਂ ਬੀਅ ਪਾਉਂਦੇ ਹਾਂ ਅਰਥਾਤ ਜਿਹੋ ਜਿਹੇ ਕਰਮ ਬੀਜਦੇ ਹਾਂ, ਉਹੋ ਜਿਹਾ ਹੀ ਫਲ ਪ੍ਰਾਪਤ ਕਰਦੇ ਹਾਂ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਿਹੜੇ ਗੁਰੂ ਦਾ ਆਸਰਾ ਤੱਕ ਲੈਂਦੇ ਹਨ, ਜਿਨ੍ਹਾਂ ਦਾ ਰਾਖਾ ਤੇ ਹਿਤੂ ਗੁਰੂ ਆਪ ਬਣ ਜਾਂਦਾ ਹੈ, ਉਹ ਗੁਰੂ ਦੀ ਮਿਹਰ ਸਦਕਾ ਅਕਾਲ ਪੁਰਖ ਦੀ ਸ਼ਰਨ ਵਿਚ ਆ ਕੇ ਉਸ ਦੇ ਚਰਨਾਂ-ਰੂਪੀ ਜਹਾਜ਼ ਵਿਚ ਸਵਾਰ ਹੋ ਕੇ ਪਾਰ ਲੰਘ ਜਾਂਦੇ ਹਨ। ਭਾਦੋਂ ਦਾ ਸੁਨੇਹਾ ਇਹ ਹੈ ਕਿ ਅਜਿਹੇ ਜੀਵਾਂ ਨੂੰ ਨਰਕ ਨਹੀਂ ਪੋਂਹਦਾ,

ਭਾਦੁਇ ਭਰਮਿ ਭੁਲਾਣੀਆ
ਦੂਜੈ ਲਗਾ ਹੇਤੁ॥
ਲਖ ਸੀਗਾਰ ਬਣਾਇਆ
ਕਾਰਜਿ ਨਾਹੀ ਕੇਤੁ॥
---
ਸੇ ਭਾਦੁਇ ਨਰਕਿ ਨ ਪਾਈਅਹਿ
ਗੁਰੁ ਰਖਣ ਵਾਲਾ ਹੇਤੁ॥7॥

ਭਾਦੋਂ ਦੀ ਹੁੰਮਸ ਭਰੀ ਰੁੱਤ ਤੋਂ ਬਾਅਦ ਅੱਸੂ ਮਹੀਨਾ ਆਉਂਦਾ ਹੈ ਜਿਸ ਵਿਚ ਮੌਸਮ ਮਿੱਠਾ ਹੋ ਜਾਂਦਾ ਹੈ। ਅੱਸੂ ਵਿਚ ਰੁੱਤ ਸੁਹਣੀ ਅਤੇ ਮਿੱਠੀ ਹੁੰਦੀ ਹੈ। ਗੁਰੂ ਨਾਨਕ ਦੇਵ ਫਰਮਾਉਂਦੇ ਹਨ ਕਿ ਜਦੋਂ ਅੱਸੂ ਦੀ ਰੁੱਤ ਆਉਂਦੀ ਹੈ ਤਾਂ ਇਸਤਰੀ ਦਾ ਦਿਲ ਕਰਦਾ ਹੈ ਕਿ ਉਸ ਦਾ ਪ੍ਰੀਤਮ-ਪਿਆਰਾ ਘਰ ਆਵੇ। ਉਹ ਝੂਰਦੀ ਹੈ (ਭਾਦਉ ਭਰਮਿ ਭੁਲੀ) ਕਿਉਂਕਿ ਉਸ ਦਾ ਮਨ ਦਵੈਤ ਵਾਲੇ ਪਾਸੇ ਲੱਗ ਕੇ ਭਰਮਾਂ ਵਿਚ ਪਿਆ ਰਿਹਾ। ਵਿਕਾਰਾਂ ਦੇ ਕਾਰਨ ਜੀਵ-ਇਸਤਰੀ ਪਰਮਾਤਮਾ ਤੋਂ ਵਿਛੜੀ ਰਹਿੰਦੀ ਹੈ ਪਰ ਜਦੋਂ ਉਸ ਨੂੰ ਆਪਣੇ ਵਿਛੋੜੇ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਪਰਮਾਤਮਾ ਅੱਗੇ ਮਿਲਾਪ ਲਈ ਅਰਦਾਸ ਕਰਦੀ ਹੈ ਕਿ ਦੁਨਿਆਵੀ ਮਾਇਆ ਦੇ ਮੋਹ ਵਿਚ ਪੈ ਕੇ ਉਹ ਪਰਮਾਤਮਾ ਨੂੰ ਭੁੱਲੀ ਰਹੀ ਹੈ ਅਤੇ ਉਹ ਪਰਮਾਤਮਾ ਨੂੰ ਤਾਂ ਹੀ ਮਿਲ ਸਕਦੀ ਹੈ ਜੇ ਉਹ ਆਪ ਮਿਲਾਵੇ ਅਰਥਾਤ ਉਸ ਦੀ ਮਿਹਰ ਤੋਂ ਬਿਨਾ ਮੇਲ ਸੰਭਵ ਨਹੀਂ ਹੈ। ਜੀਵ-ਇਸਤਰੀ ਪਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਜਦੋਂ ਤੋਂ ਉਹ ਝੂਠੇ ਦੁਨਿਆਵੀ ਮੋਹ ਵਿਚ ਉਲਝ ਗਈ ਹੈ, ਉਦੋਂ ਤੋਂ ਹੀ ਪਰਮਾਤਮਾ ਤੋਂ ਵਿਚੜੀ ਹੋਈ ਹੈ। ਕਾਹੀ ਨੂੰ ਸੁਫੈਦ ਫੁੱਲ ਆ ਗਏ ਹਨ ਗਰਮੀ ਦਾ ਮੌਸਮ ਪਿੱਛੇ ਲੰਘ ਗਿਆ ਹੈ ਅਤੇ ਸਰਦ ਰੁੱਤ ਆ ਰਹੀ ਹੈ ਜਿਸ ਨੂੰ ਦੇਖ ਕੇ ਜੀਵ-ਇਸਤਰੀ ਦਾ ਮਨ ਡੋਲ ਰਿਹਾ ਹੈ ਕਿ ਹੁਣ ਤਾਂ ਪਰਮਾਤਮਾ ਨਾਲ ਮਿਲਾਪ ਹੋਵੇ। ਚਾਰੇ ਪਾਸੇ ਹਰਿਆਵਲ ਦੇਖ ਕੇ ਮਨ ਨੂੰ ਧੀਰਜ ਵੀ ਆਉਂਦਾ ਹੈ ਕਿ ਜਿਹੜਾ ਫਲ ਸਹਿਜ ਨਾਲ ਪੱਕਦਾ ਹੈ, ਉਹ ਮਿੱਠਾ ਹੁੰਦਾ ਹੈ ਅਰਥਾਤ ਮਨ ਨੂੰ ਧੀਰਜ ਅਤੇ ਅਡੋਲ ਰੱਖਿਆਂ ਪਰਮਾਤਮਾ ਦੀ ਪ੍ਰਾਪਤੀ ਜ਼ਰੂਰ ਹੁੰਦੀ ਹੈ। ਗੁਰੂ ਸਾਹਿਬ ਆਪਣੇ ਮਨ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਇਸ ਅੱਸੂ ਦੇ ਮਹੀਨੇ ਅਕਾਲ ਪੁਰਖ ਅੱਗੇ ਅਰਦਾਸ ਕਰ ਕਿ ਗੁਰੂ ਦੀ ਮਿਹਰ ਹੋਵੇ ਅਤੇ ਪਰਮਾਤਮਾ ਮਿਲ ਜਾਵੇ,

ਦਹਦਿਸਿ ਸਾਖ ਹਰੀ ਹਰੀਆਵਲ
ਸਹਜਿ ਪਕੈ ਸੋ ਮੀਠਾ॥
ਨਾਨਕ ਅਸੁਨਿ ਮਿਲਹੁ ਪਿਆਰੇ
ਸਤਿਗੁਰ ਭਏ ਬਸੀਠਾ॥11॥

ਗੁਰੂ ਅਰਜਨ ਦੇਵ ਅੱਸੂ ਦੀ ਸੁਹਣੀ ਰੁੱਤ ਦੀ ਗੱਲ ਕਰਦਿਆਂ ਫਰਮਾਉਂਦੇ ਹਨ ਕਿ ਜੀਵ-ਇਸਤਰੀ ਪੁੱਛਦੀ ਹੈ ਕਿ ਹੇ ਮਾਂ! ਅੱਸੂ ਦੀ ਰੁੱਤ ਆ ਗਈ ਹੈ, ਮਨ ਵਿਚ ਪ੍ਰਭੂ-ਪ੍ਰੀਤਮ ਨੂੰ ਮਿਲਣ ਲਈ ਪ੍ਰੇਮ ਉਛਾਲੇ ਮਾਰ ਰਿਹਾ ਹੈ, ਉਸ ਨੂੰ ਕਿਵੇਂ ਮਿਲਿਆ ਜਾਵੇ? ਉਸ ਪਰਮਾਤਮਾ ਨੂੰ ਮਿਲਣ ਦੀ ਪਿਆਸ, ਸਿੱਕ ਮਨ ਨੂੰ ਲੱਗੀ ਹੈ, ਕੋਈ ਉਸ ਨਾਲ ਮਿਲਾਪ ਕਰਾ ਦੇਵੇ। ਸੰਤ ਅਰਥਾਤ ਸਤਿ-ਪੁਰਸ਼ਾਂ ਦੀ ਸੰਗਤਿ ਹੀ ਪਰਮਾਤਮ-ਪ੍ਰੇਮ ਵਿਚ ਸਹਾਈ ਹੁੰਦੀ ਹੈ, ਇਸ ਲਈ ਉਨ੍ਹਾਂ ਦੀ ਸੰਗਤਿ ਕਰਨੀ ਚਾਹੀਦੀ ਹੈ। ਪਰਮਾਤਮਾ ਤੋਂ ਬਿਨਾ ਹੋਰ ਕੋਈ ਸੁੱਖ ਅਨੰਦ ਨਹੀਂ ਹੈ, ਕੋਈ ਦੂਸਰੀ ਥਾਂ ਅਜਿਹੀ ਨਹੀਂ ਜਿੱਥੇ ਇਹ ਸੁੱਖ ਮਿਲੇ। ਜਿਨ੍ਹਾਂ ਨੇ ਇੱਕ ਵਾਰ ਪਰਮਾਤਮ-ਪ੍ਰੇਮ ਦਾ ਅਨੰਦ ਮਾਣ ਲਿਆ, ਉਹ ਰੱਜ ਜਾਂਦੇ ਹਨ, ਉਨ੍ਹਾਂ ਨੂੰ ਹੋਰ ਕੋਈ ਭੁੱਖ ਨਹੀਂ ਰਹਿੰਦੀ। ਉਹ ਆਪਾ-ਭਾਵ ਤਿਆਗ ਕੇ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਆਪਣੇ ਚਰਨੀਂ ਲਾ ਕੇ ਰੱਖੇ। ਜਿਨ੍ਹਾਂ ਉਤੇ ਅਕਾਲ ਪੁਰਖ ਦੀ ਕਿਰਪਾ ਹੁੰਦੀ ਹੈ ਅਤੇ ਉਨ੍ਹਾਂ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ, ਉਹ ਫਿਰ ਦੁਬਾਰਾ ਕਦੀ ਨਹੀਂ ਵਿਛੜਦੀਆਂ (ਗੁਰਮਤਿ ਅਨੁਸਾਰ ਜੋ ਮਨੁੱਖ ਗੁਰਮੁਖਿ ਪਦ ਪ੍ਰਾਪਤ ਕਰ ਲੈਂਦਾ, ਉਸ ਮੁਕਾਮ 'ਤੇ ਪਹੁੰਚ ਜਾਂਦਾ ਹੈ-ਉਹ ਫਿਰ ਉਸ ਗੁਰਮੁਖਿ ਪਦ ਤੋਂ ਥੱਲੇ ਨਹੀਂ ਡਿਗਦਾ)। ਉਸ ਅਕਾਲ ਪੁਰਖ ਤੋਂ ਬਿਨਾ ਦੂਸਰੀ ਹੋਰ ਕੋਈ ਹਸਤੀ ਨਹੀਂ ਹੈ। ਇਸ ਲਈ ਉਸ ਦਾ ਹੀ ਓਟ-ਆਸਰਾ ਤੱਕਣਾ ਚਾਹੀਦਾ ਹੈ, ਕਿਸੇ ਹੋਰ ਦਾ ਨਹੀਂ, ਉਸੇ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਅੱਸੂ ਦੀ ਇਸ ਮਿੱਠੀ ਰੁੱਤ ਵਿਚ ਉਹ ਜੀਵ-ਇਸਤਰੀਆਂ ਸੁਖੀ ਵੱਸਦੀਆਂ ਹਨ, ਜਿਨ੍ਹਾਂ ਉਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ,

ਪ੍ਰਭ ਵਿਣੁ ਦੂਜਾ ਕੋ ਨਹੀ
ਨਾਨਕ ਹਰਿ ਸਰਣਾਇ॥
ਅਸੂ ਸੁਖੀ ਵਸੰਦੀਆ
ਜਿਨਾ ਮਇਆ ਹਰਿ ਰਾਇ॥8॥

ਅੱਸੂ ਤੋਂ ਅਗਲਾ ਕੱਤਕ ਦਾ ਮਹੀਨਾ ਹੈ। ਆਮ ਹਿੰਦੂ ਪਰੰਪਰਾ ਵਿਚ ਕੱਤਕ ਦੇ ਮਹੀਨੇ ਤੀਰਥ ਜਾਂ ਕਿਸੇ ਪਵਿੱਤਰ ਸਥਾਨ 'ਤੇ ਇਸ਼ਨਾਨ ਕਰਨਾ ਸ਼ੁਭ ਮੰਨਿਆ ਜਾਂਦਾ ਹੈ ਅਤੇ ਪੂਜਾ ਪਾਠ ਕੀਤਾ ਜਾਂਦਾ ਹੈ। ਗੁਰਮਤਿ ਵਿਚ ਇਸ ਕਿਸਮ ਦੇ ਕਿਸੇ ਵੀ ਕਰਮ-ਕਾਂਡ ਦੀ ਜਾਂ ਰਸਮੀ ਇਸ਼ਨਾਨ ਵਗੈਰਾ ਦੀ ਆਗਿਆ ਨਹੀਂ ਦਿੱਤੀ ਗਈ। ਗੁਰਮਤਿ ਵਿਚ ਮਨੁੱਖ ਨੂੰ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਉਸ ਨਾਲ ਜੁੜਨ ਦੀ ਸਿੱਖਿਆ ਦਿੱਤੀ ਗਈ ਹੈ। ਨਾਮ ਸਿਮਰਨ ਰਾਹੀਂ ਮਨੁੱਖ ਆਪਣੇ ਅੰਦਰੋਂ ਵਿਕਾਰਾਂ ਦੀ ਮੈਲ ਧੋ ਕੇ ਚੰਗੇ ਗੁਣ ਪੈਦਾ ਕਰ ਸਕਦਾ ਹੈ। ਕੱਤਕ ਦਾ ਮਹੀਨਾ ਸਾਉਣੀ ਦੀ ਫਸਲ ਦੀ ਕਮਾਈ ਘਰ ਲੈ ਆਉਣ ਅਤੇ ਨਵੀਂ ਫਸਲ ਬੀਜਣ ਦਾ ਵੀ ਮਹੀਨਾ ਹੈ। ਜਿਸ ਤਰ੍ਹਾਂ ਕੱਤਕ ਦੇ ਮਹੀਨੇ ਫਸਲ ਦੀ ਕਮਾਈ ਦਾ ਫਲ ਪ੍ਰਾਪਤ ਹੁੰਦਾ ਹੈ, ਇਸੇ ਤਰ੍ਹਾਂ ਮਨੁੱਖ ਨੂੰ ਅਕਾਲ ਪੁਰਖ ਦੇ ਭਾਣੇ ਵਿਚ ਆਪਣੇ ਕੀਤੇ ਕਰਮਾਂ ਦਾ ਫਲ ਅੰਦਰ ਇਕੱਠੇ ਹੋਏ ਸੰਸਕਾਰਾਂ ਦੇ ਰੂਪ ਵਿਚ ਮਿਲਦਾ ਹੈ। ਆਪਣੇ ਕੀਤੇ ਹੋਏ ਚੰਗੇ ਕਰਮਾਂ ਅਨੁਸਾਰ ਜੋ ਮਨੁੱਖ ਪਰਮਾਤਮਾ ਦੇ ਪ੍ਰੇਮ ਦਾ ਪਾਤਰ ਬਣ ਜਾਂਦਾ ਹੈ ਉਸ ਅੰਦਰ ਸਹਿਜ ਆ ਜਾਂਦਾ ਹੈ, ਆਤਮਕ ਸੰਤੁਲਨ ਆ ਜਾਂਦਾ ਹੈ ਅਤੇ ਆਤਮਕ ਗਿਆਨ ਦਾ ਦੀਵਾ ਜਗ ਪੈਂਦਾ ਹੈ।

ਚਾਨਣ ਦਾ ਇਹ ਦੀਵਾ ਪਰਮਾਤਮਾ ਨਾਲ ਮਿਲਾਪ ਤੋਂ ਜਗਦਾ ਹੈ। ਜਿਸ ਮਨੁੱਖ ਦਾ ਅਕਾਲ ਪੁਰਖ ਨਾਲ ਮਿਲਾਪ ਹੋ ਜਾਂਦਾ ਹੈ ਅਤੇ ਉਸ ਅੰਦਰ ਆਤਮਕ ਗਿਆਨ ਦੇਣ ਵਾਲੇ ਚਾਨਣ ਦੇ ਅਨੰਦ ਦਾ ਤੇਲ ਬਲ ਰਿਹਾ ਹੈ, ਉਹ ਮਨੁੱਖ ਪਰਮਾਤਮਾ ਦੇ ਮਿਲਾਪ ਦੀ ਖੁਸ਼ੀ ਉਤਸ਼ਾਹ ਨਾਲ ਮਾਣਦਾ ਹੈ। ਜਿਸ ਮਨੁੱਖ ਨੂੰ ਵਿਕਾਰਾਂ ਨੇ ਮਾਰ ਲਿਆ ਹੈ, ਉਹ ਆਤਮਕ ਮੌਤ ਮਰ ਜਾਂਦਾ ਹੈ ਅਤੇ ਕਾਮਯਾਬ ਨਹੀਂ ਹੁੰਦਾ। ਜਿਸ ਮਨੁੱਖ ਨੇ ਪਰਮਾਤਮਾ ਦੇ ਨਾਮ ਸਿਮਰਨ, ਉਸ ਦੀ ਸਿਫਤਿ-ਸਾਲਾਹ ਰਾਹੀਂ ਆਪਣੇ ਆਪ ਨੂੰ ਵਿਕਾਰਾਂ ਵੱਲੋਂ ਮੋੜ ਲਿਆ ਹੈ, ਉਸ ਨੂੰ ਵਿਕਾਰ ਨਹੀਂ ਮਾਰ ਸਕਦੇ। ਗੁਰੂ ਨਾਨਕ ਸਾਹਿਬ ਅੱਗੇ ਦੱਸਦੇ ਹਨ ਕਿ ਜਿਸ ਮਨੁੱਖ ਨੂੰ ਪਰਮਾਤਮਾ ਆਪਣਾ ਨਾਮ ਅਤੇ ਭਗਤੀ ਬਖਸ਼ਿਸ਼ ਕਰਦਾ ਹੈ, ਉਸ ਮਨੁੱਖ ਦੇ ਅੰਦਰ ਸਹਿਜ ਆ ਜਾਂਦਾ ਹੈ ਅਤੇ ਭਟਕਣ ਮੁੱਕ ਜਾਂਦੀ ਹੈ। ਅਜਿਹੇ ਮਨੁੱਖ ਅੰਦਰ ਪਰਮਾਤਮਾ ਨੂੰ ਮਿਲਣ ਦੀ, ਨਿਜ-ਘਰ (ਆਤਮ-ਅਨੁਭਵ) ਦੀ ਖਿੱਚ ਬਣੀ ਰਹਿੰਦੀ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਆਪਣੇ ਨਾਲ ਮਿਲਾਪ ਲਈ ਦਰਵਾਜ਼ੇ ਖੋਲ੍ਹ ਦੇ ਕਿਉਂਕਿ ਇੱਕ ਘੜੀ ਦਾ ਵਿਛੋੜਾ ਵੀ ਛੇ ਮਹੀਨੇ ਜਿੱਡਾ ਲੰਬਾ ਲੱਗਦਾ ਹੈ,

ਕਤਕਿ ਕਿਰਤੁ ਪਇਆ
ਜੋ ਪ੍ਰਭ ਭਾਇਆ॥
ਦੀਪਕੁ ਸਹਜਿ ਬਲੈ
ਤਤਿ ਜਲਾਇਆ॥
---
ਨਾਮੁ ਭਗਤਿ ਦੇ ਨਿਜ ਘਰਿ ਬੈਠੇ
ਅਜਹੁ ਤਿਨਾੜੀ ਆਸਾ॥
ਨਾਨਕ ਮਿਲਹੁ ਕਪਟ ਦਰ ਖੋਲਹੁ
ਏਕ ਘੜੀ ਖਟੁ ਮਾਸਾ॥12॥

ਉਪਰ ਵੀ ਜ਼ਿਕਰ ਹੈ ਕਿ ਕੱਤਕ ਮਹੀਨਾ ਇੱਕ ਪਾਸੇ ਫਸਲ ਦੀ ਕਮਾਈ ਦੇ ਘਰ ਆਉਣ ਦਾ ਸਮਾਂ ਹੈ ਅਤੇ ਦੂਜੇ ਪਾਸੇ ਨਵੀਂ ਫਸਲ ਬੀਜਣ ਦਾ। ਕੱਤਕ ਵਿਚ ਮੌਸਮ ਵੀ ਹੋਰ ਸੁਹਣਾ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਕੱਤਕ ਦੇ ਮਹੀਨੇ ਨੂੰ ਬੀਜੇ ਹੋਏ ਦਾ ਫਲ ਦੇਣ ਵਾਲਾ ਹੋਣ ਦੀ ਉਦਾਹਰਣ ਰਾਹੀਂ ਹੀ ਸਮਝਾਉਂਦੇ ਹਨ ਕਿ ਜੇ ਹੁਣ ਇਸ ਮਹੀਨੇ ਵੀ ਪਰਮਾਤਮਾ ਨਾਲ ਮਿਲਾਪ ਨਹੀਂ ਹੋਇਆ ਤਾਂ ਇਹ ਆਪਣੇ ਕੀਤੇ ਹੋਏ ਕਰਮਾਂ ਦੇ ਫਲ ਸਦਕਾ ਹੀ ਹੈ, ਕਰਮਾਂ ਦਾ ਹੀ ਸਿੱਟਾ ਹੈ, ਇਸ ਲਈ ਕਿਸੇ ਹੋਰ ਨੂੰ ਦੋਸ਼ ਦੇਣਾ ਠੀਕ ਨਹੀਂ ਹੈ। ਜਦੋਂ ਮਨੁੱਖ ਪਰਮਾਤਮਾ ਦੀ ਯਾਦ ਤੋਂ ਖੁੰਝ ਜਾਂਦਾ ਹੈ, ਪਰਮਾਤਮਾ ਨੂੰ ਭੁੱਲ ਜਾਂਦਾ ਹੈ ਤਾਂ ਦੁਨੀਆਂ ਦੇ ਸਾਰੇ ਦੁੱਖ ਅਤੇ ਕਲੇਸ਼ ਘੇਰ ਲੈਂਦੇ ਹਨ। ਜਿਹੜੇ ਇਸ ਜਨਮ ਵਿਚ ਪਰਮਾਤਮਾ ਵੱਲੋਂ ਮੂੰਹ ਮੋੜ ਲੈਂਦੇ ਹਨ ਅਰਥਾਤ ਉਸ ਨੂੰ ਯਾਦ ਨਹੀਂ ਕਰਦੇ, ਉਨ੍ਹਾਂ ਨੂੰ ਫਿਰ ਕਈ ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ। ਜਿਸ ਮਾਇਆ ਦੀ ਖਾਤਰ ਪਰਮਾਤਮਾ ਵਲੋਂ ਮੂੰਹ ਮੋੜਿਆ ਸੀ, ਉਹ ਮਾਇਆਵੀ ਮੌਜਾਂ ਵੀ ਦੁਖਦਾਈ ਹੋ ਜਾਂਦੀਆਂ ਹਨ। ਵਿਛੋੜੇ ਦੇ ਇਸ ਦੁੱਖ ਦਾ ਰੋਜ਼ ਦਿਹਾੜੇ ਕਿਸੇ ਕੋਲ ਰੋਣ ਦਾ ਕੋਈ ਫਾਇਦਾ ਨਹੀਂ ਕਿਉਂਕਿ ਕੋਈ ਵੀ ਇਸ ਵਿਚ ਕੁੱਝ ਨਹੀਂ ਕਰ ਸਕਦਾ, ਕੋਈ ਮਿਲਾਪ ਲਈ ਵਿਚੋਲਗਿਰੀ ਨਹੀਂ ਕਰ ਸਕਦਾ। ਇਥੇ ਮਨੁੱਖ ਦੀ ਕੋਈ ਪੇਸ਼ ਨਹੀਂ ਚੱਲਦੀ ਕਿਉਂਕਿ ਕੀਤੇ ਕਰਮਾਂ ਅਨੁਸਾਰ ਧੁਰੋਂ ਹੀ ਲਿਖੇ ਲੇਖਾਂ ਕਾਰਨ ਇਹ ਸਭ ਕੁੱਝ ਹੁੰਦਾ ਹੈ। ਪਰ ਜੇ ਚੰਗੀ ਕਿਸਮਤ ਨੂੰ ਪਰਮਾਤਮਾ ਦੀ ਆਪ ਹੀ ਕਿਰਪਾ ਹੋ ਜਾਵੇ ਅਤੇ ਉਹ ਆ ਮਿਲੇ ਤਾਂ ਵਿਛੋੜੇ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਆਪ ਹੀ ਮਿਹਰ ਕਰੇ ਅਤੇ ਮਾਇਆ ਦੇ ਬੰਧਨਾਂ ਤੋਂ ਬਚਾ ਲਵੇ। ਇਸ ਪ੍ਰਾਪਤੀ ਦਾ ਸਾਧਨ ਸਾਧ-ਸੰਗਤਿ ਹੈ। ਕੱਤਕ ਦੇ ਮਹੀਨੇ ਜਿਨ੍ਹਾਂ ਨੂੰ ਸਾਧ-ਸੰਗਤਿ ਪ੍ਰਾਪਤ ਹੋ ਜਾਂਦੀ ਹੈ ਉਨ੍ਹਾਂ ਦੀ ਵਿਛੋੜੇ ਵਾਲੀ ਚਿੰਤਾ ਖਤਮ ਹੋ ਜਾਂਦੀ ਹੈ,

ਕਤਿਕਿ ਕਰਮ ਕਮਾਵਣੇ
ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ
ਵਿਆਪਨਿ ਸਭੇ ਰੋਗ॥
---
ਨਾਨਕ ਕਉ ਪ੍ਰਭ ਰਾਖਿ ਲੇਹਿ
ਮੇਰੇ ਸਾਹਿਬ ਬੰਦੀ ਮੋਚ॥
ਕਤਿਕਿ ਹੋਵੈ ਸਾਧ ਸੰਗੁ
ਬਿਨਸਹਿ ਸਭੇ ਸੋਚ॥9॥

## ਗੁਰਬਾਣੀ ਗਿਆਨ

# ਆਖਾ ਜੀਵਾ ਵਿਸਰੈ ਮਰਿ ਜਾਉ

ਆਸਾ ਮਹਲਾ ੧
ਆਖਾ ਜੀਵਾ ਵਿਸਰੈ ਮਰਿ ਜਾਉ॥
ਆਖਣਿ ਅਉਖਾ ਸਾਚਾ ਨਾਉ॥
ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖ॥੧॥
ਸੋ ਕਿਉ ਵਿਸਰੈ ਮੇਰੀ ਮਾਇ॥
ਸਾਚਾ ਸਾਹਿਬੁ ਸਾਚੈ ਨਾਇ॥੧॥ ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ॥
ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿ ਕੈ ਆਖਣ ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥੨॥
ਨਾ ਓਹੁ ਮਰੈ ਨ ਹੋਵੈ ਸੋਗੁ॥
ਦੇਦਾ ਰਹੈ ਨ ਚੂਕੈ ਭੋਗੁ॥
ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥
ਖਸਮੁ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ॥

ਗੁਰਦੇਵ ਪਿਤਾ ਆਖਦੇ ਹਨ, ਜਦ ਮੈਂ ਪ੍ਰਭੂ ਦਾ ਨਾਮ ਜਪਦਾ ਹਾਂ ਤਾਂ ਜਿਊਂਦਾ ਹਾਂ ਪਰ ਜਿਸ ਵੇਲੇ ਮੈਨੂੰ ਪਰਮੇਸ਼ਰ ਦਾ ਨਾਮ ਵਿਸਰ ਜਾਂਦਾ ਹੈ, ਮੇਰੀ ਮੌਤ ਹੋ ਜਾਂਦੀ ਹੈ। ਇਸ ਆਤਮਕ ਜੀਵਨ ਬਾਰੇ ਸਮਝ ਹੁੰਦਿਆਂ ਭੀ ਸਦਾ ਅਟੱਲ ਰਹਿਣ ਵਾਲੇ ਉਸ ਪ੍ਰਭੂ ਦਾ ਸਿਮਰਨ ਕਰਨਾ ਕਿੰਨਾ ਔਖਾ ਲਗਦਾ ਹੈ। ਜਿਸ ਜੀਵ ਦੇ ਅੰਦਰ ਸੱਚੇ ਮਾਲਕ ਦੇ ਨਾਮ ਦੀ ਭੁੱਖ ਪੈਦਾ ਹੋ ਜਾਂਦੀ ਹੈ, ਉਸ ਵਡਭਾਗੇ ਦੇ ਨਾਮ ਰੂਪੀ ਭੋਜਨ ਖਾ ਕੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਹੇ ਮਾਂ, ਤੂੰ ਵੀ ਇਹ ਆਖ ਕਿ ਉਹ ਮਿਹਰਬਾਨ ਪ੍ਰਭੂ ਮੈਨੂੰ ਕਦੀ ਨਾ ਵਿਸਰੇ ਜਿਸ ਦਾ ਸਿਮਰਨ ਕੀਤਿਆਂ ਉਹ ਸੱਚਾ ਮਾਲਕ ਆਪ ਹਿਰਦੇ ਵਿਚ ਆ ਵਸਦਾ ਹੈ।

ਸਾਚੇ ਨਾਮ ਕੀ ਤਿਲੁ ਵਡਿਆਈ॥
ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿ ਕੈ ਆਖਣ ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥੨॥

ਹੇ ਮਾਂ! ਉਹ ਸੱਚਾ, ਭਾਵ ਸਦਾ ਹੀ ਰਹਿਣ ਵਾਲਾ ਪ੍ਰਭੂ ਜੋ ਮੇਰਾ ਮਾਲਕ ਹੈ, ਸਾਰਾ ਸੰਸਾਰ ਹੀ ਉਹਦੀਆਂ ਸਿਫ਼ਤਾਂ ਕਰ ਕਰ ਕੇ ਥੱਕ ਗਿਆ ਹੈ ਪਰ ਤਿਲ, ਭਾਵ ਜ਼ਰਾ ਕੁ ਜਿੰਨੀ ਵੀ ਉਹਦੀ ਵਡਿਆਈ ਕੋਈ ਨਹੀਂ ਕਰ ਸਕਿਆ ਕਿਉਂਕਿ ਉਸ ਮਾਲਕ ਵਰਗਾ ਹੋਰ ਕੋਈ ਹੈ ਹੀ ਨਹੀਂ ਹੈ। ਜੇ ਸੰਸਾਰ ਦੇ ਸਾਰੇ ਹੀ ਜੀਵ ਇਕੱਠਿਆਂ ਹੋ ਕੇ, ਤੇ ਮਿਲ ਕੇ ਵੀ ਉਸ ਸੋਹਣੇ ਮਾਲਕ ਦੀ ਵਡਿਆਈ ਕਰਨ ਦਾ ਜਤਨ ਕਰ ਲੈਣ ਤਾਂ ਉਹ ਪ੍ਰਭੂ ਜਿਹੋ ਜਿਹਾ ਹੈ, ਉਸ ਤੋਂ ਵੱਡਾ ਨਹੀਂ ਹੋ ਜਾਂਦਾ ਅਤੇ ਜੇ ਸੰਸਾਰ ਦਾ ਕੋਈ ਭੀ ਜੀਵ ਉਹਦੀ ਵਡਿਆਈ ਨਾ ਕਰੇ ਤਾਂ ਉਹ ਜਿਹੋ ਜਿਹਾ ਹੈ, ਉਸ ਨਾਲੋਂ ਘਟ ਨਹੀਂ ਜਾਂਦਾ। ਹੇ ਮਾਂ! ਉਹ ਮੇਰਾ ਪ੍ਰਭੂ ਤਾਂ ਬਸ ਆਪਣੇ ਜੈਸਾ ਆਪ ਹੀ ਹੈ।

ਨਾ ਓਹੁ ਮਰੈ ਨ ਹੋਵੈ ਸੋਗੁ॥
ਦੇਦਾ ਰਹੈ ਨ ਚੂਕੈ ਭੋਗੁ॥
ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥੩॥

ਹੇ ਮਾਂ! ਉਹ ਸੰਸਾਰ ਦਾ ਮਾਲਕ ਪ੍ਰਭੂ ਸਦਾ ਹੀ ਅਟੱਲ ਰਹਿਣ ਵਾਲਾ ਹੈ। ਉਹ ਪ੍ਰਭੂ ਕਦੇ ਵੀ ਮਰਦਾ ਨਹੀਂ ਅਤੇ ਨਾ ਹੀ ਉਸ ਮਾਲਕ ਲਈ ਕਦੀ ਸੋਗ ਹੀ ਹੁੰਦਾ ਹੈ। ਉਹ ਮਿਹਰਬਾਨ ਪ੍ਰਭੂ ਤਾਂ ਜਗਤ ਦੇ ਜੀਵਾਂ ਦਾ ਰਿਜ਼ਕ ਦਾਤਾ ਹੈ ਅਤੇ ਸਦਾ ਹੀ ਸਭ ਨੂੰ ਰਿਜ਼ਕ, ਭਾਵ ਖਾਣ ਨੂੰ ਦਿੰਦਾ ਰਹਿੰਦਾ ਹੈ। ਉਸ ਦੇ ਘਰ ਵਿਚੋਂ ਦਾਤਾਂ ਵਰਤਾਉਣ ਜਾਂ ਵੰਡਣ ਦਾ ਕੰਮ ਕਦੀ ਵੀ ਮੁਕਦਾ ਨਹੀਂ, ਭਾਵ ਉਹਦੇ ਘਰ ਵਿਚਲੀਆਂ ਦਾਤਾਂ ਵੰਡਣ ਨਾਲ ਭੀ ਕਦੀ ਮੁੱਕਦੀਆਂ ਨਹੀਂ, ਸਦਾ ਰਹਿਣ ਵਾਲੀਆਂ ਹਨ। ਹੇ ਮਾਂ! ਉਸ ਮਾਲਕ ਪ੍ਰਭੂ ਦਾ ਜੋ ਸਭ ਤੋਂ ਵੱਡਾ ਗੁਣ ਹੈ, ਉਹ ਇਹ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ। ਅੱਜ ਤੱਕ ਨਾ ਹੀ ਕਦੀ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ।

ਜੇਵਡੁ ਆਪਿ ਤੇਵਡ ਤੇਰੀ ਦਾਤਿ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥
ਖਸਮੁ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ॥

ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਜਿੰਨਾ ਵੱਡਾ ਤੂੰ ਆਪ ਹੈਂ, ਤੇਰੀ ਦਾਤ ਭੀ ਉਨੀ ਹੀ ਵੱਡੀ ਹੈ। ਤੇਰੀ ਵਡਿਆਈ ਤਾਂ ਐਸੀ ਹੈ ਕਿ ਤੂੰ ਸੰਸਾਰ ਦੇ ਜੀਵਾਂ ਲਈ ਜਿਥੇ ਉਪਜੀਵਕਾ ਲਈ ਦਿਨ ਬਣਾਇਆ ਹੈ, ਉਥੇ ਜੀਵਾਂ ਦੇ ਸੁੱਖ-ਆਰਾਮ ਲਈ ਰਾਤ ਭੀ ਬਣਾ ਦਿੱਤੀ ਹੈ। ਹੇ ਪ੍ਰਭੂ ਜੀਉ! ਤੈਨੂੰ ਸਭ ਜੀਵਾਂ ਦਾ, ਸਭ ਜਗਤ ਦਾ ਹੀ ਖਿਆਲ ਹੈ ਕਿਉਂਕਿ ਤੂੰ ਹੀ ਸਭ ਦਾ ਰਚਨਹਾਰ ਹੈਂ। ਹੁਣ ਗੁਰਦੇਵ ਜੀ ਬਖ਼ਸ਼ਿਸ਼ ਕਰਦੇ ਹਨ, ਹੇ ਨਾਨਕ! ਜਿਹੜੇ ਇਨਸਾਨ ਉਸ ਮਾਲਕ ਨੂੰ ਵਿਸਾਰ ਦਿੰਦੇ ਹਨ, ਭੁਲਾ ਦਿੰਦੇ ਹਨ, ਉਹ ਕਮਜਾਤਿ, ਭਾਵ ਨੀਵੇਂ ਬਣ ਗਏ ਅਤੇ ਜਿਨ੍ਹਾਂ ਜੀਵਾਂ ਨੇ ਪ੍ਰਭੂ ਨੂੰ ਭੁਲਾ ਦਿੱਤਾ, ਉਹ ਸਨਾਤਿ, ਭਾਵ ਨੀਚ ਬਣ ਗਏ।

ਆਉ ਗੁਰੂ ਪਿਆਰਿਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਜੱਗ ਰਚਨਾ ਦਾ ਮੁੱਢ:ਪਦਾਰਥ ਅਤੇ ਬ੍ਰਹਮ

## ਦੋ ਸੰਸਾਰ ਦ੍ਰਿਸ਼ਟੀਕੋਣ



**ਚਰਨ ਸਿੰਘ ਜੱਜ**
**ਫੋਨ: 916-256-5367**

ਅੰਧਵਿਸ਼ਵਾਸੀ ਜਾਂ ਸਾਧਾਰਨ ਲੋਕ ਪੜ੍ਹਨ ਬਗੈਰ ਹੀ ਚਰਚਾ ਕਰਦੇ ਹਨ। ਫਿਲਾਸਫੀ ਉਹਨੂੰ ਪੜ੍ਹ/ਜਾਣ ਕੇ ਉਨ੍ਹਾਂ ਬਾਰੇ ਚਰਚਾ ਕਰਦੀ ਹੈ। ਸਾਧਾਰਨ ਲੋਕ ਭਾਵਨਾਵਾਂ ਨੂੰ ਟੁੰਬਦੇ ਹੋਏ ਵਿਚਾਰ ਕਰਦੇ ਹਨ। ਫਿਲਾਸਫੀ ਵਿਵੇਕ ਨੂੰ ਟੁੰਬਦੀ ਹੈ। ਅਧਿਆਤਮਵਾਦੀ ਲੋਕ ਪ੍ਰਲੋਕ ਦੀ ਗੱਲ ਕਰਦੇ ਹਨ ਅਤੇ ਸਵਰਗ ਨਰਕ ਦਾ ਡਰ ਪੈਦਾ ਕਰਦੇ ਹਨ। ਫਿਲਾਸਫੀ ਸੱਚ ਤੋਂ ਬਗੈਰ ਕੋਈ ਹੋਰ ਵਾਅਦਾ ਜਾਂ ਦਾਅਵਾ ਨਹੀਂ ਕਰਦੀ। ਅਧਿਆਤਮਵਾਦੀ ਆਪਣੇ ਹੀ ਵਿਸ਼ਵਾਸਾਂ ਵਿਚ ਵਿਸ਼ਵਾਸ ਪ੍ਰਗਟ ਕਰਨ ਦੀ ਮੰਗ ਕਰਦੇ ਹਨ। ਫਿਲਾਸਫੀ ਆਪਣੇ ਨਿਕਲੇ ਸਿੱਟਿਆਂ ਵਿਚ ਵਿਸ਼ਵਾਸ ਪ੍ਰਗਟ ਕਰਨ ਅਤੇ ਮਨ ਵਿਚ ਪੈਦਾ ਹੋਏ ਸ਼ੰਕਿਆਂ ਦੀ ਨਵਿਰਤੀ ਕਰਨ ਦੀ ਮੰਗ ਕਰਦੀ ਹੈ।

ਅਸੀਂ ਇਸ ਅਦਭੁਤ ਯੁੱਗ ਦੇ ਵਾਸੀ ਹਾਂ। ਇਸ ਯੁੱਗ ਅੰਦਰ ਵਿਗਿਆਨਕ ਕਾਢਾਂ ਨੇ ਸਮਾਜਕ ਤੇ ਆਰਥਿਕ ਹਾਲਾਤ, ਨੈਤਿਕ ਕਦਰਾਂ-ਕੀਮਤਾਂ, ਦਾਰਸ਼ਨਿਕ ਤੇ ਧਾਰਮਿਕ ਵਿਚਾਰਾਂ, ਮਨੁੱਖੀ ਆਤਮ ਗਿਆਨ ਤੇ ਬ੍ਰਹਿਮੰਡ ਬਾਰੇ ਸਾਡੇ ਗਿਆਨ ਵਿਚ ਬਹੁਤ ਤਬਦੀਲੀਆਂ ਲਿਆਂਦੀਆਂ ਹਨ। ਅੱਜ ਦਾ ਇਨਸਾਨ ਇਸ ਵਿਸ਼ਾਲ ਬ੍ਰਹਿਮੰਡ ਦੀ ਉਤਪਤੀ, ਪ੍ਰਿਥਵੀ ਉਤੇ ਜੀਵਨ ਦੀ ਸ਼ੁਰੂਆਤ, ਸ੍ਰਿਸ਼ਟੀ ਦਾ ਜਨਮ ਕਿਵੇਂ ਹੋਇਆ, ਪਦਾਰਥ ਤੋਂ ਚੇਤਨਾ ਦਾ ਵਿਕਾਸ ਕਿਵੇਂ ਹੋਇਆ, ਬ੍ਰਹਿਮੰਡੀ ਪਸਾਰੇ ਦਾ ਅਰੰਭ ਤੇ ਇਸ ਦੇ ਅੰਤ ਦਾ ਕੀ ਰਾਜ ਹੈ, ਸਾਰੀ ਉਤਪੱਤੀ ਦੇ ਗਿਆਨ ਜਾਣਨਾ ਚਾਹੁੰਦਾ ਹੈ।

ਅਧਿਆਤਮਵਾਦ ਅਤੇ ਵਿਗਿਆਨਕ ਸੋਚ ਮਨੁੱਖੀ ਜੀਵਨ ਦੇ ਦੋ ਵੱਖਰੇ ਵੱਖਰੇ ਜੀਵਨ ਪਹਿਲੂ ਦਰਸਾਉਂਦੇ ਹਨ। ਸਮਾਜੀ ਜੀਵਨ ਵਿਚ ਇਨ੍ਹਾਂ ਦੋਹਾਂ ਦੀ ਅਹਿਮੀਅਤ ਹੈ। ਅਧਿਆਤਮਵਾਦ ਦੀ ਨੀਂਹ ਵਿਸ਼ਵਾਸ ਉਤੇ ਆਧਾਰਤ ਹੈ ਅਤੇ ਵਿਗਿਆਨ ਦੀ ਨੀਂਹ ਪਰਖ ਉਤੇ। ਅਧਿਆਤਮਵਾਦੀ ਕੁਦਰਤੀ ਰਹੱਸਾਂ ਤੇ ਵਰਤਾਰਿਆਂ ਪਿੱਛੇ ਅਲੌਕਿਕ ਸ਼ਕਤੀ ਜਾਂ ਰੱਬ ਦੀ ਹੋਂਦ ਵਿਚ ਵਿਸ਼ਵਾਸ ਕਰਦਾ ਹੈ, ਉਸ ਪ੍ਰਤੀ ਸ਼ਰਧਾ ਨੂੰ ਤਰਜੀਹ ਦਿੰਦਾ ਹੈ, ਆਧੁਨਿਕ ਵਿਗਿਆਨ ਪਦਾਰਥ (ਮਾਦੇ) ਦੀ ਖੋਜ ਦੀ ਇੰਤਹਾ ਤੱਕ ਪਹੁੰਚਣ ਲਈ ਯਤਨਸ਼ੀਲ ਹੈ। ਉਹ ਕੁਦਰਤ ਦੇ ਭੇਤ ਜਾਣਨ ਲਈ ਤਰਕ ਪੁਸ਼ਟੀ, ਯੋਗ ਅਨੁਭਵਾਂ ਅਤੇ ਤੀਖਣ ਬੁੱਧੀ ਦੀ ਵਰਤੋਂ ਨੂੰ ਤਰਜੀਹ ਦਿੰਦਾ ਹੈ। ਵਿਗਿਆਨ ਪਦਾਰਥਾਂ ਦੀ ਕੀਤੀ ਰਚਨਾ ਦੀ ਛਾਣ-ਬੀਣ ਕਰਦਾ ਹੋਇਆ ਕੁਦਰਤੀ ਕਾਰਜਾਂ ਪਿੱਛੇ ਊਰਜਾ ਜਾਂ ਸ਼ਕਤੀ ਦੇ ਵੱਖ ਵੱਖ ਰੂਪਾਂ ਦੇ ਅਦਲ-ਬਦਲ ਦਾ ਵਰਣਨ ਕਰਦਾ ਹੈ। ਵਿਗਿਆਨ ਧਰਮਾਂ ਵਿਚ ਕੱਟੜਪੁਣੇ, ਪੱਖਪਾਤ, ਅੰਧਵਿਸ਼ਵਾਸ ਤੇ ਵਹਿਮਾਂ-ਭਰਮਾਂ ਨੂੰ ਹਟਾ ਕੇ ਵਧੇਰੇ ਸਵੱਛ ਬਣਾਉਣ ਦਾ ਉਪਰਾਲਾ ਕਰਦਾ ਹੈ। ਵਿਗਿਆਨਕ ਸੋਚ ਜਾਂਚਕਾਰੀ ਮਾਨਸਿਕ ਝੁਕਾਅ ਦਾ ਪ੍ਰਗਟਾਵਾ ਹੁੰਦੀ ਹੈ। ਤਰਕਪੂਰਨ ਵਿਚਾਰਾਂ ਦਾ ਅਮਲ ਹੀ ਵਿਗਿਆਨਕ ਸੁਭਾਅ ਨੂੰ ਜਨਮ ਦਿੰਦਾ ਹੈ। ਵਿਗਿਆਨਕ ਸੋਚ ਅਤੇ ਸੁਭਾਅ ਦਾ ਮਾਲਕ ਕਿਸੇ ਵੀ ਘਟਨਾ ਦੀ ਹਕੀਕਤ ਦੇ ਕਾਰਨਾਂ ਅਤੇ ਯਥਾਯੋਗ ਪ੍ਰਮਾਣਿਕਤਾ ਦੀ ਭਾਲ ਲਈ ਯਤਨਸ਼ੀਲ ਰਹਿੰਦਾ ਹੈ। ਉਹ ਘਟਨਾਵਾਂ ਵਿਚ ਮੌਜੂਦ ਕਾਰਨ, ਪ੍ਰਭਾਵ ਅਤੇ ਸਬੰਧ ਦਾ ਵਰਣਨ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਹਰ ਕਾਰਜ ਤੋਂ ਪਹਿਲਾਂ ਕੋਈ ਕਾਰਨ ਹੁੰਦਾ ਹੈ।

**ਪਦਾਰਥਵਾਦ ਅਤੇ ਵਿਚਾਰਵਾਦ:** ਪਦਾਰਥਕ ਵਸਤਾਂ ਤੇ ਵਰਤਾਰੇ ਉਹ ਹਨ ਜਿਨ੍ਹਾਂ ਦੀ ਹੋਂਦ ਸਾਡੀ ਚੇਤਨਾ ਵਿਚ ਨਹੀਂ, ਸਗੋਂ ਇਸ ਤੋਂ ਬਾਹਰ ਵੀ ਹੈ। ਇਹ ਮਨੁੱਖਾਂ ਉਪਰ ਨਿਰਭਰਤਾ ਨਹੀਂ ਰੱਖਦੇ, ਇਨ੍ਹਾਂ ਦੀ ਹੋਂਦ ਬਾਹਰਮੁਖੀ ਤੌਰ 'ਤੇ ਅਸਲੀਅਤ ਵਿਚ ਹੈ। ਜੇ ਮਨੁੱਖਾਂ ਦੀ ਹੋਂਦ ਨਾ ਹੁੰਦੀ, ਇਨ੍ਹਾਂ ਚੀਜ਼ਾਂ ਦੀ ਹੋਂਦ ਤਾਂ ਵੀ ਹੁੰਦੀ। ਵਿਚਾਰਵਾਦੀ ਵਰਤਾਰਿਆਂ ਦਾ ਸਬੰਧ ਚੇਤਨਾ ਨਾਲ ਹੈ। ਇਨ੍ਹਾਂ ਵਿਚ ਸੋਚਾਂ, ਜਜ਼ਬੇ, ਇੱਛਾ ਸ਼ਾਮਲ ਹਨ। ਇਨ੍ਹਾਂ ਦੀ ਹੋਂਦ ਮਨੁੱਖ ਤੋਂ ਬਾਹਰ ਨਹੀਂ, ਉਸ ਤੋਂ ਵੱਖ ਕਰ ਕੇ ਨਹੀਂ। ਵਰਤਾਰਿਆਂ ਦੀ ਇਸ ਕੜੀ 'ਚ, ਆਪਣੀ ਸਮੁੱਚਤਾ ਵਿਚ ਕੁਦਰਤ, ਪਦਾਰਥ ਸ਼ਾਮਲ ਹੈ; ਜਦਕਿ ਦੂਜੇ ਵਿਚ ਚੇਤਨਾ ਤੇ ਮਨ ਸ਼ਾਮਲ ਹੈ। ਪਦਾਰਥਵਾਦੀ ਆਖਦੇ ਹਨ ਕਿ ਪਦਾਰਥ ਮੁਢਲਾ ਅਰੰਭਕ ਹੈ, ਇਹ ਮਨ ਚੇਤਨਾ ਨੂੰ ਜਨਮ ਦਿੰਦਾ ਹੈ। ਸ੍ਰਿਸ਼ਟੀ ਵਿਚ ਜੋ ਕੁਝ ਮੌਜੂਦ ਹੈ, ਉਹ ਸਭ ਪਦਾਰਥ ਦੀ ਉਪਜ ਹੈ। ਵਿਚਾਰਵਾਦੀ ਆਖਦੇ ਹਨ ਕਿ ਚੇਤਨਾ ਮਨ ਮੂਲ ਹੈ, ਪਦਾਰਥ ਕੁਦਰਤ ਦੂਜੀ ਥਾਂ 'ਤੇ ਹੈ। ਉਨ੍ਹਾਂ ਅਨੁਸਾਰ ਖਿਆਲ ਚੇਤਨਾ ਪਦਾਰਥ ਤੋਂ ਪਹਿਲਾਂ ਮੌਜੂਦ ਸੀ ਅਤੇ ਸ੍ਰਿਸ਼ਟੀ ਦਾ ਜਨਮ ਕਿਸੇ ਤਰ੍ਹਾਂ ਆਤਮਿਕ ਆਧਾਰ ਤੋਂ ਹੋਇਆ।

ਦੁਨੀਆਂ ਦੇ ਹਰ ਵਿਚਾਰ ਅਨੁਸਾਰ ਇਸ ਦਾ ਢੰਗ ਬ੍ਰਹਿਮੰਡ ਵਿਚ ਹੁੰਦੇ ਵਰਤਾਰੇ ਵੱਲ ਇਸ ਦੀ ਪਹੁੰਚ ਹੁੰਦੀ ਹੈ। ਦੁਨੀਆਂ ਨੂੰ ਦੇਖਣ ਦਾ ਪਹਿਲਾ ਢੰਗ ਇਸ ਨੂੰ ਸਥਿਰ, ਅਬਦਲ, ਪਥਰ-ਵਤ ਸਮਝਦਾ ਹੈ। ਇਸ ਨੂੰ ਅਧਿਆਤਮਵਾਦੀ (ਮੈਟਾ-ਫਿਜ਼ਿਕਸ) ਤਰੀਕਾ ਕਹਿੰਦੇ ਹਨ। ਦੂਜਾ ਢੰਗ ਵਰਤਾਰਿਆਂ ਤੇ ਵਸਤਾਂ ਨੂੰ ਵਿਕਸਿਤ ਕਰਦਾ ਤੇ ਬਦਲਦਾ-ਸਮਝਦਾ ਹੈ। ਇਸ ਨੂੰ ਵਿਰੋਧ-ਵਿਕਾਸੀ (ਡਾਇਲੈਕਟਿਕਸ) ਢੰਗ ਆਖਦੇ ਹਨ; ਮਤਲਬ ਅਸਲੀਅਤ ਨੂੰ ਸਮਝਣਾ। ਜੀਵਨ ਵਿਗਿਆਨ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਖਗੋਲ ਵਿਗਿਆਨ ਤੇ ਦੂਜੇ ਵਿਗਿਆਨਾਂ ਦੀ ਖੋਜ ਪੜਤਾਲ ਦੇ ਆਪਣੇ ਆਪਣੇ ਢੰਗ ਹਨ ਪਰ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਕਿਸੇ ਇਕੱਲੇ ਵਿਗਿਆਨ ਦੇ ਵਰਤਾਰੇ ਵੱਲ ਨਹੀਂ ਸਗੋਂ ਸਮੁੱਚੇ ਬ੍ਰਹਿਮੰਡ ਦੇ ਵਰਤਾਰਿਆਂ ਵੱਲ ਯੋਗ ਪਹੁੰਚ ਕਿਹੜੀ ਹੋਣੀ ਚਾਹੀਦੀ ਹੈ? ਸੋ, ਸਵਾਲ ਸੰਸਾਰ ਦ੍ਰਿਸ਼ਟੀਕੋਣ ਦਾ ਹੈ।

ਅਧਿਆਤਮਵਾਦ ਸਦਾ ਹੀ ਵਿਕਾਸ ਦੇ ਨੇਮਾਂ ਨੂੰ ਮੰਨਣ ਤੋਂ ਇਨਕਾਰੀ ਰਿਹਾ ਹੈ। ਇਹ ਵਿਕਾਸ ਦੇ ਅੰਦਰਲੇ ਸੋਮੇ ਨੂੰ ਮੰਨਦਾ ਹੈ ਜਾਂ ਇਸ ਨੂੰ ਵਿਕਾਸਮਾਨ ਵਸਤਾਂ ਜਾਂ ਵਰਤਾਰਿਆਂ ਤੋਂ ਕਿਤੇ ਬਾਹਰ ਦੇਖਦਾ ਹੈ। ਰੱਬ, ਆਤਮਾ ਜਾਂ ਵਿਚਾਰ ਵਿਚ ਵਿਰੋਧ-ਵਿਕਾਸ ਨੂੰ ਇਕ ਅਮਲ ਸਮਝਦਾ ਹੈ ਜੋ ਅਸਲੀ ਤਬਦੀਲੀਆਂ ਲਿਆਉਂਦਾ ਹੈ। ਜਿਥੇ ਪੁਰਾਣਾ ਮਰਦਾ ਹੈ ਤੇ ਨਵਾਂ ਹੋਂਦ ਵਿਚ ਆਉਂਦਾ



*ਖੰਡ-ਬ੍ਰਹਿਮੰਡ*

ਹੈ। ਇਹ ਘਟਨਾ-ਚੱਕਰ ਚੱਕਰਦਾਰ ਨਹੀਂ, ਸਗੋਂ ਵਰਤਾਰਿਆਂ ਦੀਆਂ ਨਵੀਆਂ ਕਿਸਮਾਂ ਪੈਦਾ ਹੁੰਦੀਆਂ ਹਨ। ਅਧਿਆਤਮਵਾਦ ਦੁਨੀਆਂ ਨੂੰ ਸਬੱਬੀ ਚੀਜ਼ਾਂ ਦੇ ਅਮਲ ਦਾ ਜੋੜ ਸਮਝਦਾ ਹੈ। ਦੂਜੇ ਪਾਸੇ ਵਿਰੋਧ-ਵਿਕਾਸ ਸਮੂਲੀ ਜੁੜਵੀਂ ਚੀਜ਼ ਸਮਝਦਾ ਹੈ। ਵਰਤਾਰੇ ਕਦੇ ਵੀ ਨਿਵੇਕਲਪਣ ਵਿਚ ਪ੍ਰਗਟ ਨਹੀਂ ਹੁੰਦੇ, ਸਗੋਂ ਇਨ੍ਹਾਂ ਦਾ ਸਦਾ ਹੀ ਅੰਤਰ ਸਬੰਧ ਹੁੰਦਾ ਹੈ। ਇਹ ਇਕ ਦੂਜੇ ਉਤੇ ਕਰਮਸ਼ੀਲ ਹੁੰਦੇ ਹਨ। ਜੇ ਅਸੀਂ ਅਧਿਆਤਮਵਾਦੀਆਂ ਵਾਂਗ ਵਰਤਾਰਿਆਂ ਨੂੰ ਇਕ ਦੂਜੇ ਤੋਂ ਨਿਖੜੇ ਹੋਏ, ਅੱਡ ਅੱਡ ਸਮਝੀਏ ਤਾਂ ਬ੍ਰਹਿਮੰਡ ਅਤੇ ਇਸ ਦੇ ਜੀਵਨ ਦੀ ਕਦੇ ਵੀ ਸਮਝ ਨਹੀਂ ਪੈ ਸਕਦੀ।

**ਪਦਾਰਥ:** ਉਹ ਚੀਜ਼ ਜੋ ਥਾਂ ਘੇਰਦੀ ਹੈ ਅਤੇ ਜਿਸ ਦਾ ਪੁੰਜ ਹੋਵੇ, ਉਸ ਨੂੰ ਪਦਾਰਥ ਕਹਿੰਦੇ ਹਨ। ਸਾਰਾ ਬ੍ਰਹਿਮੰਡ ਪਦਾਰਥ ਤੋਂ ਹੀ ਬਣਿਆ ਹੈ। ਪਦਾਰਥ ਛੋਟੇ ਛੋਟੇ ਬਰੀਕ ਕਣਾਂ, ਜਿਨ੍ਹਾਂ ਨੂੰ ਪਰਮਾਣੂ (ਐਟਮ) ਕਹਿੰਦੇ ਹਨ, ਤੋਂ ਬਣਿਆ ਹੈ ਅਤੇ ਪਰਮਾਣੂ ਇਲੈਕਟ੍ਰਾਨ, ਪ੍ਰੋਟਾਨ ਅਤੇ ਨਿਊਟ੍ਰਾਨ ਤੋਂ ਬਣਦੇ ਹਨ।

**ਵਿਚਾਰ:** ਮਨੁੱਖੀ ਮਨ ਵਿਚ ਪਦਾਰਥੀ ਦੁਨੀਆਂ ਦਾ ਅਕਸ ਹੈ, ਜੋ ਖਿਆਲ ਦਾ ਰੂਪ ਧਾਰਨ ਕਰਦਾ ਹੈ। ਵਿਚਾਰ ਪਦਾਰਥਕ ਜਗਤ ਜੋ ਮਨੁੱਖੀ ਮਨ ਦੁਆਰਾ ਪ੍ਰਤੀਬਿੰਬਤ ਹੁੰਦਾ ਹੈ, ਦੇ ਚਿੰਤਨ ਦੀਆਂ ਸ਼ਕਲਾਂ ਧਾਰਨ ਕਰਦਾ ਹੈ। ਚੇਤਨਾ ਪਦਾਰਥ ਦੀ ਅਤਿ ਉਚੀ ਸ਼ਕਲ ਹੈ। ਚੇਤਨਾ ਦਿਮਾਗ ਦੀ ਕਿਰਿਆ ਹੈ, ਇਹਦੀ ਹੋਂਦ ਦਿਮਾਗ ਤੋਂ ਬਿਨਾਂ ਹੋ ਹੀ ਨਹੀਂ ਸਕਦੀ। ਜਿਹੋ ਜਿਹਾ ਸਮਾਜ ਦਾ ਵਜੂਦ ਹੋਵੇ ਤੇ ਜਿਹੋ ਜਿਹੀਆਂ ਸਮਾਜ ਦੇ ਪਦਾਰਥਕ ਜੀਵਨ ਦੇ ਹਾਲਾਤ ਹੋਣਗੇ, ਉਸ ਸਮਾਜ ਦੇ ਉਹੋ ਜਿਹੇ ਹੀ ਖਿਆਲ, ਸਿਧਾਂਤ, ਰਾਜਸੀ ਨਜ਼ਰੀਏ ਅਤੇ ਰਾਜਸੀ ਸੰਸਥਾਵਾਂ ਹੋਣਗੇ। ਮਨੁੱਖ ਦੇ ਵਜੂਦ ਨੂੰ ਉਨ੍ਹਾਂ ਦੀ ਚੇਤਨਾ ਨਿਸ਼ਚਿਤ ਨਹੀਂ ਕਰਦੀ, ਸਗੋਂ ਇਸ ਦੇ ਉਲਟ ਉਨ੍ਹਾਂ ਦਾ ਸਮਾਜੀ ਵਜੂਦ ਹੀ ਉਨ੍ਹਾਂ ਦੀ ਚੇਤਨਾ ਤੈਅ ਕਰਦਾ ਹੈ।

**ਬ੍ਰਹਿਮੰਡ ਦਾ ਪਸਾਰਾ:** ਅਜੋਕੀ ਸਦੀ ਵਿਚ ਤਾਰਾ ਵਿਗਿਆਨੀਆਂ ਨੇ ਉਨਤ ਵਿਗਿਆਨਕ ਤਕਨੀਕੀ ਯੰਤਰਾਂ ਨਾਲ ਬ੍ਰਹਿਮੰਡ ਦੇ ਅਨੇਕਾਂ ਭੇਤ ਜਾਣ ਲਏ ਹਨ। ਅਨੰਤ ਕਾਲ ਪਹਿਲਾਂ ਇਸ ਬ੍ਰਹਿਮੰਡ ਦੀ ਸ਼ੁਰੂਆਤ ਸਿਫਰ ਤੋਂ ਹੋਈ। ਉਨ੍ਹਾਂ ਦੀ ਖੋਜ ਮੁਤਾਬਕ ਇਹ ਬ੍ਰਹਿਮੰਡ ਵਾਰ ਵਾਰ ਫੈਲਦਾ ਹੈ ਅਤੇ ਵਾਰ ਵਾਰ ਸੁੰਗੜਦਾ ਹੈ। ਸਿਫਰ ਤੋਂ ਸ਼ੁਰੂ ਹੋ ਕੇ ਸਿਫਰ ਵੱਲ ਵਧਦਾ ਹੈ। ਬਣਨਾ, ਫੈਲਣਾ, ਸੁੰਗੜਨਾ ਅਤੇ ਖ਼ਤਮ ਹੋਣਾ; ਇਹ ਇਸੇ ਤਰ੍ਹਾਂ ਜਾਰੀ ਰਹੇਗਾ। ਪਦਾਰਥ ਇਸ ਬ੍ਰਹਿਮੰਡ ਵਿਚ ਮੌਜੂਦ ਸੀ ਅਤੇ ਮੌਜੂਦ ਰਹੇਗਾ। ਇਸ ਦੇ ਰੂਪ ਬਦਲਦੇ ਰਹਿਣਗੇ। ਅਸਲ ਵਿਚ ਤਬਦੀਲੀ ਬ੍ਰਹਿਮੰਡ ਦਾ ਠੋਸ ਸੱਚ ਹੈ। ਪਦਾਰਥ ਗਤੀਵਾਨ ਤੇ ਅਵਿਨਾਸ਼ੀ ਹੈ ਅਤੇ ਰੂਪ ਬਦਲਦਾ ਹੈ। ਵਿਗਿਆਨੀਆਂ ਦੇ ਅਨੁਮਾਨ ਅਨੁਸਾਰ ਵੱਡਾ ਧਮਾਕਾ (ਬਿਗ ਬੈਂਗ) ਕਈ ਅਰਬਾਂ ਸਾਲ ਪਹਿਲਾਂ ਹੋਇਆ। ਬੇਅੰਤ ਤਾਪਮਾਨ ਦੇ ਹੁੰਦਿਆਂ ਕੁਝ ਕੁ ਸੈਕਿੰਡਾਂ ਵਿਚ ਸਮਾਂ, ਸਥਾਨ, ਊਰਜਾ ਹੋਂਦ ਵਿਚ ਆਏ, ਕੁਆਰਕ ਬਣੇ। ਪਿੱਛੋਂ ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ ਪੈਦਾ ਹੋਏ। ਇਉਂ ਪਹਿਲਾਂ ਐਟਮ ਬਣਿਆ। ਕਣਾਂ ਤੋਂ ਗੈਸਾਂ ਨੇ ਰੂਪ ਧਾਰਨ ਕੀਤਾ ਜਿਨ੍ਹਾਂ ਤੋਂ ਆਕਾਸ਼ ਗੰਗਾਵਾਂ, ਸੂਰਜਾਂ, ਗ੍ਰਹਿਆਂ, ਚੰਨਾਂ ਤੇ ਧਰਤੀਆਂ ਦਾ ਅਰੰਭ ਹੋ ਗਿਆ। ਵਿਸ਼ਾਲ ਬ੍ਰਹਿਮੰਡ ਅੰਦਰ ਅੱਜ ਵੀ ਅਨੇਕਾਂ ਤਾਰੇ ਜਨਮ ਲੈ ਰਹੇ ਹਨ, ਵਿਕਾਸ ਕਰ ਰਹੇ ਹਨ ਅਤੇ ਲੰਬੀ ਉਮਰ ਭੋਗ ਕੇ ਤਹਿਸ-ਨਹਿਸ ਹੋ ਕੇ ਆਦਿ ਪਰਮਾਣੂ ਵਰਗੇ ਪਦਾਰਥ ਦੇ ਰੂਪ ਵਿਚ ਬਦਲ ਰਹੇ ਹਨ। ਬਲੈਕ ਹੋਲ ਇਨ੍ਹਾਂ ਹਾਲਾਤ ਦੇ ਪ੍ਰਤੀਕ ਹਨ।

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਬ੍ਰਹਿਮੰਡੀ ਪਸਾਰੇ ਬਾਰੇ ਸ਼ਬਦ ਦਾ ਉਚਾਰਨ ਇਸ ਤਰ੍ਹਾਂ ਕੀਤਾ,

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨ ਰੈਨਿ ਨ ਚੰਦ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀਂ ਸਾਗਰ
ਨਦੀ ਨ ਨੀਰੁ ਵਹਾਇਦਾ॥
(ਗੁਰੂ ਗ੍ਰੰਥ ਸਾਹਿਬ, ਪੰਨਾ 1035)

ਗੁਰੂ ਜੀ ਦੇ ਇਸ ਸ਼ਬਦ ਮੁਤਾਬਕ ਬ੍ਰਹਿਮੰਡ ਦੇ ਅਰੰਭ ਕਾਲ ਤੋਂ ਪਹਿਲਾਂ ਇਥੇ ਚੰਨ, ਤਾਰੇ, ਧਰਤੀ, ਸੂਰਜ, ਅਕਾਸ਼ ਗੰਗਾਵਾਂ, ਦਿਨ-ਰਾਤ ਵਰਗੀ ਕੋਈ ਵੀ ਚੀਜ਼ ਨਹੀਂ ਸੀ। ਸਭ ਸ਼ੂਨਯ ਦੀ ਹਾਲਤ ਵਿਚ ਸੀ। ਫਿਰ ਇਕ ਬਿਗ ਬੈਂਗ ਹੋਇਆ ਜਿਸ ਤੋਂ ਬ੍ਰਹਿਮੰਡ ਦੇ ਪਸਾਰੇ ਦੀ ਸ਼ੁਰੂਆਤ ਹੋਈ।

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥

ਇਕ ਹੀ ਵਰਤਾਰੇ ਨਾਲ ਸਾਰੇ ਬ੍ਰਹਿਮੰਡ ਅਤੇ ਇਸ ਵਿਚਲੀਆਂ ਵਸਤਾਂ ਦੇ ਵਜੂਦ ਹੋਂਦ ਵਿਚ ਆ ਗਏ। ਅੱਗੇ ਚਲ ਕੇ ਬਾਬਾ ਨਾਨਕ ਨੇ ਬ੍ਰਹਿਮੰਡ ਦੇ ਅਰੰਭ ਕਾਲ ਵਿਚ ਬ੍ਰਹਮ ਸ਼ਬਦ ਦੀ ਵਿਆਖਿਆ ਕੀਤੀ ਹੈ ਕਿ ਬ੍ਰਹਮ ਦੁਆਰਾ ਹੀ



*ਮਹਾਂ ਵਿਸਫੋਟ*

ਬ੍ਰਹਿਮੰਡ ਦੀ ਉਤਪਤੀ ਅਤੇ ਇਸ ਵਿਚਲੀ ਸਾਰੀ ਸ੍ਰਿਸ਼ਟੀ ਦਾ ਜੀਵਨ ਪੈਦਾ ਕੀਤਾ ਗਿਆ,

ਬ੍ਰਹਮ ਪਸਾਰੁ ਜੀਅ ਸੰਗਿ ਦਇਆਲ॥
(ਪੰਨਾ 198)

ਬ੍ਰਹਮ ਬਿੰਦੁ ਤੇ ਸਭ ਓਪਤਿ ਹੋਈ॥
(ਪੰਨਾ 1128)

ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ
ਸਭੁ ਬ੍ਰਹਮੁ ਦ੍ਰਿਸਟੀ ਆਇਆ॥
ਜਲਿ ਥਲਿ ਮਹੀਅਲਿ ਪੂਰਿ ਪੂਰਨ
ਤਿਸੁ ਬਿਨਾ ਨਹੀ ਜਾਏ॥
(ਪੰਨਾ 782)

ਬ੍ਰਹਮੰਡ ਖੰਡ ਪੂਰਨ ਬ੍ਰਹਮੁ
ਗੁਣ ਨਿਰਗੁਣ ਸਮ ਜਾਣਿਓ॥
(ਪੰਨਾ 1390)

ਬ੍ਰਹਮ ਦੀ ਰਚਨਾ ਰਾਹੀਂ ਹੀ ਇਸ ਖਲਾਅ 'ਚ ਬ੍ਰਹਿਮੰਡ ਖੰਡ, ਜਲ, ਥਲ, ਜੀਵਨ ਤੇ ਸ੍ਰਿਸ਼ਟੀ ਦੀ ਹੋਂਦ ਹੋਈ। ਇਸ ਨੂੰ ਕਿਸੇ ਗੈਬੀ ਜਾਂ ਅਲੌਕਿਕ ਸ਼ਕਤੀ ਨੇ ਨਹੀਂ ਪੈਦਾ ਕੀਤਾ। ਗੁਰੂ ਜੀ ਨੇ ਬ੍ਰਹਮ ਸ਼ਬਦ 'ਚ ਗਤੀਮਾਨ ਸਦੀਵੀ ਅਵਿਨਾਸ਼ੀ ਪਦਾਰਥ ਦੇ ਰੂਪ ਨੂੰ ਹੀ ਬਿਆਨ ਕੀਤਾ। ਗੁਰੂ ਨਾਨਕ ਦੀ ਵਿਚਾਰਧਾਰਾ ਅੰਧਵਿਸ਼ਵਾਸ ਦਾ ਵਿਰੋਧ ਕਰਦੀ ਹੈ; ਰੂੜੀਵਾਦੀ ਵਿਚਾਰਾਂ, ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਦੇ ਜਾਲ ਦਾ ਪਰਦਾ ਫਾਸ਼ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਵਿਗਿਆਨਕ ਵਿਚਾਰ, ਅੱਜ ਦੇ ਵਿਗਿਆਨ ਦੇ ਯੁੱਗ ਵਿਚ ਪ੍ਰਚਲਿਤ ਧਾਰਨਾਵਾਂ ਨਾਲ ਕਾਫੀ ਮੇਲ ਖਾਂਦੇ ਹਨ।

**ਸ੍ਰਿਸ਼ਟੀ ਵਿਚ ਜੀਵਨ ਦਾ ਅਰੰਭ:** ਵਿਗਿਆਨੀਆਂ ਦੀਆਂ ਖੋਜਾਂ ਅਨੁਸਾਰ ਇਸ ਬ੍ਰਹਿਮੰਡ ਵਿਚ ਗੈਸਾਂ ਪੈਦਾ ਹੋਈਆਂ, ਗੈਸਾਂ ਤੋਂ ਪਾਣੀ ਬਣਿਆ ਅਤੇ ਪਾਣੀ ਵਿਚ ਪਰੋਟੋ ਪਲਾਜ਼ਮ ਤਰਲ ਪਦਾਰਥ ਪੈਦਾ ਹੋਇਆ ਜਿਸ ਵਿਚ ਅਮੀਬਾ ਤੇ ਪਰਮੀਸ਼ੀਅਮ ਪੈਦਾ ਹੋਏ ਜੋ ਇਸ ਸਾਰੇ ਸੰਸਾਰ ਦੇ ਜੀਵਨ ਦੇ ਮੋਢੀ ਹਨ। ਉਨ੍ਹਾਂ ਦੁਆਰਾ ਹੀ ਆਦਮੀ, ਪਸ਼ੂਪਤੀ ਅਤੇ ਬਨਸਪਤੀ ਪੈਦਾ ਹੋਈ। ਗੁਰੂ ਨਾਨਕ ਸਾਹਿਬ ਆਪਣੇ ਸ਼ਬਦਾਂ ਦੀ ਵਿਆਖਿਆ ਕਰਦੇ ਹੋਏ ਜੀਵਨ ਨੂੰ ਪਾਣੀ ਵਿਚੋਂ ਹੀ ਪੈਦਾ ਹੋਇਆ ਸਾਬਤ ਕਰਦੇ ਹਨ,

ਸਾਚੇ ਤੇ ਪਵਨਾ ਭਇਆ
ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ
ਘਟਿ ਘਟਿ ਜੋਤਿ ਸਮੋਇ॥ (ਪੰਨਾ 19)
ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ॥ (ਪੰਨਾ 472)
ਪਾਂਡੇ ਤੂ ਜਾਣੈ ਨਾਹੀ
ਕਿਥਹੁ ਮਾਸੁ ਉਪੰਨਾ॥
ਤੋਇਆਹੁ ਅੰਨੁ ਕਮਾਦੁ ਕਪਾਹਾ
ਤੋਇਆਹੁ ਤ੍ਰਿਭਵਣੁ ਗੰਨਾ॥ (ਪੰਨਾ 1290)
ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥
(ਪੰਨਾ 324)
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
(ਪੰਨਾ 1128)
ਪਉਣ ਪਾਣੀ ਅਗਨੀ ਕਾ ਬੰਧਨੁ
ਕਾਇਆ ਕੋਟੁ ਰਚਾਇਦਾ॥
(ਪੰਨਾ 1036)

ਗੁਰੂ ਨਾਨਕ ਦੇਵ ਜੀ ਬ੍ਰਹਮ ਗਿਆਨ ਵਿਚਾਰਧਾਰਾ ਦੁਆਰਾ ਸਾਰੀ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਦਾ ਵਰਣਨ ਇਸ ਪ੍ਰਕਾਰ ਕਰਦੇ ਹਨ- ਇਸ ਧਰਤੀ ਉਪਰ ਸਭ ਤੋਂ ਪਹਿਲਾਂ ਗੈਸਾਂ ਪੈਦਾ ਹੋਈਆਂ। ਗੈਸਾਂ ਤੋਂ ਹੀ ਜਲ ਪੈਦਾ ਹੋਇਆ ਤੇ ਜਲ ਦੀ ਹੋਂਦ ਨੇ ਜੀਵਨ ਪੈਦਾ ਕੀਤਾ। ਇਸ ਹਾਲਤ ਵਿਚ ਹੀ ਜੀਵ ਜੰਤੂ ਅਤੇ ਕੀਟਾਣੂਆਂ ਨੇ ਰੂਪ ਧਾਰਿਆ। ਇਹ ਜੀਵ ਆਤਮਾ ਦਾ ਜਨਮ ਸੀ। ਇਹ ਪਾਣੀ ਦਾ ਹੀ ਕ੍ਰਿਸ਼ਮਾ ਸੀ ਕਿ ਬਨਸਪਤੀ, ਘਾਹ, ਰੁੱਖ, ਫੁੱਲ ਪੱਤਿਆਂ ਆਦਿ ਵਿਚ ਹਰਿਆਵਲ ਜ਼ਾਹਿਰ ਹੋ ਗਈ।

ਇੱਥੇ ਪਾਂਡੇ ਸ਼ਬਦ ਨੂੰ ਸਮਝਣ ਦੀ ਲੋੜ ਹੈ। ਇਸ ਦਾ ਅਰਥ ਕੇਵਲ ਹੱਥ ਦੀਆਂ ਲਕੀਰਾਂ ਪੜ੍ਹਨ ਵਾਲੇ ਕਿਸੇ ਮਾਂਦਰੀ ਨਾਲ ਹੀ ਨਹੀਂ ਜੁੜਿਆ ਹੋਇਆ; ਇਹ ਉਸ ਵੇਲੇ ਤੇ ਅੱਜ ਦੇ ਵਿਦਵਾਨ ਅਤੇ ਵਿਗਿਆਨੀ ਨੂੰ ਵੀ ਚੈਲਿੰਜ ਕਰਦਾ ਹੈ ਕਿ ਕਿੱਥੇ ਹੈ ਤੇਰੀ ਵਿਦਵਤਾ? ਕਾਇਨਾਤ ਦਾ ਸਾਰਾ ਜੀਵਨ ਅੰਨ, ਕਪਾਹ, ਗੰਨਾ ਤੇ ਮਾਸ ਦਾ ਵਜੂਦ ਵੀ ਇਸ ਪਾਣੀ ਦੀ ਕਰਾਮਾਤ ਦੀ ਪ੍ਰਦਰਸ਼ਨੀ ਹੈ। ਸਾਡੀ ਸੋਝੀ ਦੀ ਪਕਿਆਈ ਲਈ ਇਸ ਪ੍ਰਕਾਰ ਬਿਆਨ ਹੈ ਕਿ ਜੀਵਨ ਜਾਤੀਆਂ, ਕਿਸਮਾਂ, ਜਾਤਾਂ ਤੇ ਨਸਲਾਂ ਕੇਵਲ ਗਰਭਵਾਸ ਦੀ ਹੀ ਪੈਦਾਇਸ਼ ਨਹੀਂ; ਬ੍ਰਹਮ ਬੂੰਦ ਪਾਣੀ ਦੀ ਹੀ ਹੋਂਦ ਹੈ। ਜਿਵੇਂ ਅੰਡਜ, ਜੇਰਜ, ਸੇਤਜ ਅਤੇ ਉਤਭਜ ਦਾ ਵੇਸ ਹੈ। ਪੰਜ ਤੱਤ-ਪ੍ਰਿਥਵੀ, ਜਲ, ਪਵਨ, ਅਗਨੀ ਅਤੇ ਆਕਾਸ਼ ਹੀ ਇਸ ਸਾਰੀ ਉਦਪਾਦਿਕਤਾ ਦਾ ਕਰਮ ਕਾਰਜ ਹੈ। ਬ੍ਰਹਮ ਗਿਆਨ ਤੇ ਵਿਗਿਆਨ ਦੀਆਂ ਧਾਰਨਾਵਾਂ ਆਪਸ ਵਿਚ ਬਹੁਤ ਮੇਲ ਖਾਂਦੀਆਂ ਹਨ। ਤਰੀਕਾਕਾਰ ਤੇ ਭਿੰਨਤਾ ਵੱਖ ਹੋ ਸਕਦੀ ਹੈ ਪਰ ਪਹਿਲੇ ਸੈਲ ਦੀ ਉਤਪਤੀ ਕੇਵਲ ਪਾਣੀ ਤੋਂ ਹੀ ਹੋਈ ਹੈ। ਇਸ ਪਿੱਛੇ ਗੈਬੀ ਸ਼ਕਤੀ ਦਾ ਰੋਲ ਨਹੀਂ, ਬ੍ਰਹਿਮੰਡ ਅਤੇ ਇਸ ਵਿਚਲਾ ਜੀਵਨ ਪਦਾਰਥ ਨੇ ਹੀ ਪੈਦਾ ਕੀਤਾ।

### ਝੱਲੀ ਚੱਲੀ ਕਲੀ

ਰਾਤ ਹੋਈ ਸਿਆਹ,
ਵਣ ਦੇ ਰਾਹ।
ਕਦ ਜ਼ਿੰਦ ਚੱਲੀ,
ਝੱਲੀ ਹੋਈ ਕੱਲੀ।

ਕੌਣ ਕਰੇ ਪਰਵਾਹ?
ਦੂਰ ਦੇ ਰਾਹ।
ਰਾਹ ਮੱਲਣ ਸ਼ਿਕਰੇ,
ਝੱਲੀ ਬੇ-ਫਿਕਰ ਏ।

ਬੇ-ਵਸ ਜੰਗਲ ਬੰਸਾਂ ਦਾ,
ਦੱਸੇ ਜੋੜਾਂ ਹੰਸਾਂ ਦਾ।
'ਹੱਥੀਂ ਆਪਣੇ ਪੌਣਾਂ,
ਇਕ ਚਿਰਾਗ ਰੁਸਨਾਉਣਾ।'

ਝੱਲੀ ਦੇ ਰਾਹ,
ਪ੍ਰਭਾਤ ਛੇਤੀ ਆ।
ਉਡੀਕ ਨਾ ਕਰਾ,
ਚਾਨਣੇ ਦਾ ਚਾਅ।
ਸਾਡਤੀ ਝੱਲੀ ਚੱਲੀ,
ਕਿਉਂ ਕੱਲਮ-ਕੱਲੀ ?
ਕਿਤ ਵੱਲੇ ਚੱਲੀ,
ਝੱਲੀ ਰੂਹ ਕੱਲੀ।
ਝੱਲੀ ਰੂਹ ਕੱਲੀ।

***-ਬੇਅੰਤ ਕੌਰ***
***ਫੋਨ: 91-99887-94880***

ਦੋ ਕਿਸ਼ਤਾਂ 'ਚ ਛਪਣ ਵਾਲੀ

## ਕਹਾਣੀ

# ਭਾਰ

***ਪੰਜਾਬ ਦੇ ਲੋਕਾਂ ਨੇ ਪੂਰਾ ਡੇਢ ਦਹਾਕਾ ਦਹਿਸ਼ਤ ਦਾ ਸੰਤਾਪ ਹੰਢਾਇਆ। ਇਸ ਸੰਤਾਪ ਦੀਆਂ ਅਨੇਕਾਂ ਪਰਤਾਂ ਅਤੇ ਵੱਖਰੇ ਵੱਖਰੇ ਪੱਖ ਹਨ। ਇਨ੍ਹਾਂ ਪੱਖਾਂ ਬਾਰੇ ਸਭ ਧਿਰਾਂ ਆਪੋ-ਆਪਣੇ ਢੰਗ ਨਾਲ ਗੱਲਾਂ ਕਰਦੀਆਂ ਹਨ। ਸਿਰਜਣਾ ਨਾਲ ਜੁੜੀਆਂ ਜ਼ਿੰਦੜੀਆਂ ਨੇ ਵੀ ਇਸ ਸੰਤਾਪ ਬਾਰੇ ਗੱਲਾਂ ਕੀਤੀਆਂ। ਮਨਿੰਦਰ ਕਾਂਗ ਇਨ੍ਹਾਂ ਜ਼ਿੰਦੜੀਆਂ ਵਿਚੋਂ ਇਕ ਸੀ ਜੋ ਹਾਲ ਹੀ ਵਿਚ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ ਹੈ। ਮਨਿੰਦਰ ਨੇ 'ਭਾਰ', 'ਕੁੱਤੀ ਵਿਹੜਾ', 'ਜੂਨ' ਅਤੇ ਹੋਰ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵਾਹਵਾ ਹਿਲਜੁਲ ਪੈਦਾ ਕੀਤੀ। ਕੁਝ ਆਲੋਚਕਾਂ ਨੇ ਭਾਵੇਂ ਇਨ੍ਹਾਂ ਕਹਾਣੀਆਂ ਦੇ ਕਹਾਣੀ ਹੋਣ ਬਾਰੇ ਵੀ ਸਵਾਲ ਕੀਤੇ, ਪਰ ਮਨਿੰਦਰ ਨੇ ਇਨ੍ਹਾਂ ਕਹਾਣੀਆਂ ਵਿਚ ਪੰਜਾਬੀਆਂ ਦੇ ਜਿਸ ਦਰਦ ਦੀ ਬਾਤ ਪਾਈ, ਉਸ ਨੇ ਲੋਕਾਂ ਦਾ ਧਿਆਨ ਖਿੱਚਿਆ ਅਤੇ ਉਸ ਦੀਆਂ ਇਨ੍ਹਾਂ ਕਹਾਣੀਆਂ ਦੇ ਬਹਾਨੇ ਪੰਜਾਬ ਦੇ ਸੰਤਾਪ ਬਾਰੇ ਗੱਲਾਂ ਵੀ ਤੁਰੀਆਂ। 'ਪੰਜਾਬ ਟਾਈਮਜ਼' ਨੇ 'ਭਾਰ' ਸਮੇਤ ਮਨਿੰਦਰ ਕਾਂਗ ਦੀਆਂ ਇਹ ਕਹਾਣੀਆਂ ਪਿਛਲੇ ਸਮੇਂ ਅੰਦਰ ਪਾਠਕਾਂ ਤੱਕ ਪੁੱਜਦੀਆਂ ਕੀਤੀਆਂ। ਹੁਣ ਉਸ ਨੂੰ ਸ਼ਰਧਾਂਜਲੀ ਵਜੋਂ ਇਸ ਅੰਕ ਵਿਚ ਉਸ ਦੀ ਇਹ ਬਹੁ-ਚਰਚਿਤ ਕਹਾਣੀ 'ਭਾਰ' ਮੁੜ ਛਾਪ ਰਹੇ ਹਾਂ। ਇਸ ਕਹਾਣੀ ਵਿਚ ਦਰਦ ਦੀ ਇੰਤਹਾ ਜ਼ਿਹਨ ਵਿਚ ਖੌਰੂ ਪਾਉਂਦੀ ਹੈ। ਇਹੀ ਉਹ ਇਕੋ-ਇਕ ਕਾਰਨ ਸੀ ਜਿਸ ਕਰ ਕੇ ਮਨਿੰਦਰ ਅਤੇ ਉਸ ਦੀਆਂ ਕਹਾਣੀਆਂ ਚਰਚਾ ਵਿਚ ਆਈਆਂ। -ਸੰਪਾਦਕ***

### ਮਨਿੰਦਰ ਸਿੰਘ ਕਾਂਗ

ਉਨ੍ਹਾਂ ਜਦੋਂ ਮੈਨੂੰ ਆਵਾਜ਼ ਮਾਰੀ, ਮੈਂ ਸਦਾ ਵਾਂਗ ਪੁਰਾਣੀ ਚਾਦਰ ਭੁੰਜੇ ਵਿਛਾਈ ਲੰਮਾ ਪਿਆ ਹੋਇਆ ਸਾਂ। ਹੁਣ ਤਾਂ ਭੁੰਜੇ ਸੌਣ ਦੀ ਆਦਤ ਬਣ ਗਈ ਸੀ, ਨਹੀਂ ਤੇ ਸ਼ੁਰੂ ਵਿਚ ਬੜੀ ਔਖ ਹੁੰਦੀ ਸੀ। ਇਕ ਤੇ ਕੁੱਟ ਖਾ-ਖਾ ਕੇ ਹੱਡ ਬਿਲਕੁਲ ਪੋਲੇ ਹੋਏ ਪਏ ਸਨ ਤੇ ਦੂਸਰਾ ਸਾਰੀ ਜ਼ਿੰਦਗੀ ਆਰਾਮ ਨਾਲ ਕੱਟੀ ਸੀ। ਸੁੱਖ ਰਹਿਣਾ ਹੋਣ ਕਾਰਨ ਗੁਪਤਵਾਸ ਦੇ ਦਿਨਾਂ ਵਿਚ ਵੀ ਮੈਨੂੰ ਮੰਜੀ 'ਤੇ ਸੌਣਾ ਪ੍ਰਵਾਨ ਹੁੰਦਾ ਸੀ, ਨਹੀਂ ਤਾਂ ਬਾਕੀ ਭਾਊਆਂ ਵਾਂਗ ਮੈਂ ਵੀ ਕਮਾਦਾਂ ਵਿਚ ਵੜਿਆ ਰਹਿੰਦਾ, ਪਰ ਮੈਂ ਜਥੇਦਾਰਾਂ ਨੂੰ ਸਪੱਸ਼ਟ ਕਿਹਾ ਹੋਇਆ ਸੀ ਕਿ ਮੈਂ ਰਾਤ ਕਿਸੇ ਡੇਰੇ ਕੱਟਿਆ ਕਰਾਂਗਾ। ਜਥੇਦਾਰਾਂ ਨੂੰ ਮੇਰੇ ਪੜ੍ਹੇ-ਲਿਖੇ ਹੋਣ ਦਾ ਬੜਾ ਭੈਅ ਸੀ ਤੇ ਉਨ੍ਹਾਂ ਨੂੰ ਉਂਜ ਵੀ ਇਤਰਾਜ਼ ਕੀ ਸੀ? ਉਨ੍ਹਾਂ ਦਾ ਤੇ ਸਗੋਂ ਸਾਰਾ ਕੰਮ ਹੀ ਮੈਂ ਕਰਦਾ ਸਾਂ, ਸਗੋਂ ਛੋਟੇ ਜਥੇਦਾਰ ਵਜੋਂ ਮੇਰੀ ਜ਼ਿਆਦਾ ਭੱਲ ਬਣੀ ਹੋਈ ਸੀ। ਉਦੋਂ ਕੀ ਪਤਾ ਸੀ ਕਿ ਇਸੇ ਲਾਲਚ ਸਦਕਾ ਕਿ 'ਮੰਜੀ' 'ਤੇ ਹੀ ਸੌਣਾ ਹੈ, ਇਕ ਦਿਨ ਐਸਾ ਫਸਾਂਗਾ ਕਿ ਅੱਜ ਇਥੇ ਆਰੀਆ ਸਕੂਲ ਦੇ ਸਾਲਾਂ ਤੋਂ ਖ਼ਾਲੀ ਹੋਏ ਹੋਸਟਲ ਦੇ ਬੋਅ ਮਾਰਦੇ ਤੇ ਅੱਧ-ਕੱਚੇ ਕਮਰਿਆਂ ਵਿਚ ਸੜਾਂਗਾ।

ਆਵਾਜ਼ ਦੂਸਰੀ ਵਾਰ ਪਈ ਸੀ। ਹੁਣ ਘੇਸਲ਼ ਮਾਰਨੀ ਔਖੀ ਸੀ, ਕਿਉਂਕਿ ਫ਼ਕੀਰੀਆ ਤੇ ਚਰਨਾ ਹੌਲਦਾਰ, ਦੋਹੇਂ ਪਹਿਲਾਂ-ਪਹਿਲ ਜਦ ਮੈਂ ਹੱਡ ਟੁੱਟੇ ਹੋਣ ਕਾਰਣ ਉਠ ਨਹੀਂ ਸਾਂ ਸਕਦਾ ਹੁੰਦਾ, ਮੈਨੂੰ ਵੱਖੀ ਵਿਚ ਖਿੱਚ ਕੇ ਠੁੱਡ ਮਾਰ ਘੱਤਦੇ ਸਨ। ਉਦੋਂ ਦਾ ਮਨ ਚੰਦਰਾ ਏਨਾ ਸਹਿਮਿਆ ਪਿਆ ਹੈ ਕਿ ਜੇ ਕੋਈ ਹੋਮ ਗਾਰਡੀਆ ਜਾਂ ਸੀ.ਆਰ.ਪੀ. ਵਾਲਾ ਵੀ ਆਵਾਜ਼ ਮਾਰੇ, ਮੈਂ ਫੜਕ ਦੇਣੀ ਉਠ ਬਹਿਨਾਂ ਤੇ ਜਵਾਬ ਦੇ ਦੇਨਾਂ ਵਾਂ। ਬਾਹਰ 'ਚੰਨਾ ਨੱਥ' ਜਿਹੜਾ ਹੁਣੇ ਹੌਲਦਾਰ ਬਣਿਆ ਹੈ, ਖੜੋਤਾ ਹੈ। ਉਂਜ ਕੁੱਟਣ ਵਿਚ ਉਹ ਵੀ ਕਸਾਈ ਹੈ, ਪਰ ਆਮ ਬੋਲ-ਚਾਲ 'ਚ ਠੀਕ ਰਹਿੰਦਾ ਹੈ।

"ਆਜਾ ਮਾਸਟਰ! ਤੈਨੂੰ ਡਿਪਟੀ ਯਾਦ ਕਰਦੈ!" ਉਹਨੇ ਕਿਹਾ ਤੇ ਮੇਰੇ ਵੱਲ ਵੇਖਣ ਲੱਗਾ।

"ਨਾਲ ਲੈ ਕੇ ਜਾਣੈ ਤੈਨੂੰ!" ਮੈਨੂੰ ਚੁੱਪ ਖੜੋਤਾ ਵੇਖ ਕੇ ਉਹਨੇ ਫੇਰ ਕਿਹਾ। ਮੈਂ ਚੁੱਪ-ਚਾਪ ਚਾਦਰ ਝਾੜ ਕੇ ਕਿੱਲੀ 'ਤੇ ਟੰਗੀ ਤੇ ਬੂਹਾ ਢੋਅ ਕੇ ਉਹਦੇ ਨਾਲ ਹੋ ਗਿਆ।

ਮੇਰੀ ਇਨ੍ਹਾਂ ਛੇ ਮਹੀਨਿਆਂ ਵਿਚ ਚਾਰ ਵਾਰ ਤਫਤੀਸ਼ ਹੋ ਚੁੱਕੀ ਸੀ ਤੇ ਚਾਰੇ ਵਾਰ ਲਗਭਗ ਸਾਰਾ-ਸਾਰਾ ਹਫ਼ਤਾ ਮੇਰੀ ਚੰਡਾਈ ਹੁੰਦੀ ਰਹੀ ਸੀ। ਇਕ ਵਾਰ ਤਾਂ ਮੈਂ ਮਰ ਹੀ ਗਿਆ ਸਾਂ, ਪਰ ਸੀ.ਆਰ.ਪੀ. ਦੇ ਬੰਗਾਲੀ ਡਾਕਟਰ ਨੇ ਮੈਨੂੰ ਬਚਾ ਲਿਆ, ਨਹੀਂ ਤਾਂ ਮੈਂ ਵੀ ਹੁਣ ਤਕ ਭਾਖੜੇ ਦੀਆਂ ਮੱਛੀਆਂ ਦੇ ਢਿੱਡ ਵਿਚ ਹੁੰਦਾ, ਕਿਉਂਕਿ ਰੋਪੜ ਤੇ ਤਰਨਤਾਰਨ ਦੀ ਪੁਲਿਸ ਦੀ ਗਿੱਟੀ-ਮਿੱਟੀ ਆਪਸ ਵਿਚ ਪੂਰੀ ਤਰ੍ਹਾਂ ਮਿਲੀ ਹੋਈ ਹੈ। ਕਾਗਜ਼ਾਂ ਵਿਚ ਤਾਂ ਪੁਲਿਸ ਮੈਨੂੰ ਪਿਛਲੇ ਪੰਜ ਮਹੀਨੇ ਦਾ ਮਰਿਆ ਵਿਖਾਈ ਜਾ ਰਹੀ ਹੈ। ਹੁਣ ਤੇ ਸਗੋਂ ਮੇਰੇ ਰਿਸ਼ਤੇਦਾਰ ਵੀ ਛੱਡ ਦਿੱਤੇ ਨੇ, ਇਹ ਮੈਨੂੰ ਗੁੱਡੂ ਸਿਪਾਹੀ ਦੱਸ ਗਿਆ ਸੀ।

"ਖ਼ੈਰ! ਮਨਾਂ, ਵੇਖੀ ਜਾਊ ਹੁਣ! ਕਿਧਰੇ ਦੁਬਾਰਾ ਨਾ ਢਾਹ ਲੈਣ ਤੇ ਜਾਹ ਜਾਂਦੀ ਹੋ ਜਾਏ! ਸਰੀਰ ਤੇ ਅੱਗੇ ਹੀ ਖ਼ਤਮ ਏ। ਪਿਛਲੀ ਵਾਰ ਤਾਂ ਪੈਨਸਲੀਨ ਬਚਾ ਗਈ, ਪਰ ਐਤਕਾਂ ਤੇ ਉਹ ਵੀ ਮਰੋੜਾ ਦਊ।" ਮੈਂ ਗਿਣਤੀਆਂ ਵਿਚ ਪਿਆ 'ਚੰਨੇ ਨੱਥ' ਨਾਲ ਤਫਤੀਸ਼ ਵਾਲੇ ਭੋਰਿਆਂ ਵੱਲ ਵਧ ਰਿਹਾ ਸਾਂ। ਚੰਨਾ ਚੁੱਪ ਸੀ ਤੇ ਅੱਗੇ-ਅੱਗੇ ਤੁਰੀ ਜਾ ਰਿਹਾ ਸੀ। ਸਕੂਲ ਦੀਆਂ ਦੋਵੇਂ ਵੱਡੀਆਂ ਗਰਾਊਂਡਾਂ ਲੰਘ ਕੇ ਤੇ ਅੱਗੇ ਜਾ ਕੇ ਉਜਾੜ ਪਏ ਕਮਰਿਆਂ ਨੂੰ ਬੋਰੀਆਂ ਲਾ-ਲਾ ਕੇ ਭੋਰਿਆ ਵਰਗਾ ਬਣਾਇਆ ਹੋਇਆ ਹੈ, ਉਥੇ ਹੀ ਸਭ ਦੀ ਤਫ਼ਤੀਸ਼ ਹੁੰਦੀ ਹੈ ਤੇ ਜਾਂ ਫਿਰ ਜੀਹਦਾ ਮੁਕਾਬਲਾ ਬਣਾਉਣਾ ਹੋਵੇ, ਉਹਨੂੰ ਉਥੇ ਇੱਕ ਵਾਰ ਐਸ.ਪੀ. ਅੱਗੇ ਪੇਸ਼ ਕਰਕੇ ਰਾਤ ਨੂੰ ਪੁਲਿਸ ਦੀ ਭਾਸ਼ਾ ਵਿਚ 'ਪਹੀਏ' ਲਾ ਦੇਂਦੇ ਹਨ। ਸਿਵਾਇ ਮੇਰੇ ਤੇ 'ਪੀਤੂ ਲੰਬੜ' ਦੇ, ਜਿਹੜਾ ਬੱਬਰਾਂ ਵਿਚ ਸੀ, ਬਾਕੀ ਸਾਰੇ ਮੇਰੇ ਵਿਹੰਦਿਆਂ-ਵਿਹੰਦਿਆਂ 'ਪਹੀਏ' ਲਵਾ ਕੇ ਗੁਰੂ ਮਹਾਰਾਜ ਕੋਲ ਪਹੁੰਚ ਚੁੱਕੇ ਸਨ। ਗੁਰਦੀਪ ਸਿੰਘ ਚਕੋਰੀ, ਮਨਜੀਤ ਸਿੰਘ 'ਘਸੀਟਪੁਰੀਆ', ਲਾਲੀ ਬੱਬਰ, ਤਰਸੇਮ ਸਿੰਘ 'ਗੁੱਡੀ' ਤੇ ਮਹਿੰਦਰ ਸਿੰਘ ਉਰਫ਼ ਚੱਕਰ ਤਾਂ ਮੈਂ ਹੱਥੀਂ ਲੋਥਾਂ ਦੇ ਰੂਪ ਵਿਚ ਟਰੱਕ ਵਿਚ ਲਿਟਾਏ ਹਨ। ਬਾਕੀਆਂ ਦੀ ਤਾਂ ਮੈਨੂੰ ਇਨ੍ਹਾਂ ਛੇ ਮਹੀਨਿਆਂ ਵਿਚ ਗਿਣਤੀ ਵੀ ਯਾਦ ਨਹੀਂ। ਕਈ ਤਾਂ ਬਟਾਲੇ ਵੱਲ ਦੇ ਤੇ ਕਈ ਰੋਪੜ ਜਾਂ ਅਨੰਦਪੁਰ ਵੱਲ ਦੇ ਬੰਦੇ ਸਨ, ਜਿਹੜੇ 'ਪਹੀਏ' ਲਵਾ ਗਏ। ਦੋ ਬੀਬੀਆਂ ਸਨ ਸਕੀਆਂ ਭੈਣਾਂ, ਚਮਕੌਰ ਸਾਹਿਬ ਵੱਲ ਦੀਆਂ। ਉਨ੍ਹਾਂ ਨੂੰ ਵੀ ਵਾਰੀ-ਵਾਰੀ 'ਪਹੀਏ' ਲਾਏ ਗਏ ਸਨ। ਵਾਰਿਸ ਸ਼ਾਇਦ ਉਨ੍ਹਾਂ ਦੇ ਅਜੇ ਵੀ ਉਧਰ ਚਮਕੌਰ ਸਾਹਿਬ ਦੇ ਕਿਸੇ ਥਾਣੇ ਵਿਚ ਟੱਕਰਾਂ ਮਾਰਦੇ ਫਿਰਦੇ ਹੋਣਗੇ। 'ਪੀਤੂ ਲੰਬੜ' ਕੁੱਟ ਨਾਲ ਪਾਗਲ ਹੋ ਗਿਆ ਸੀ, ਸੋ ਉਹਨੂੰ ਛੱਡ ਦਿੱਤਾ ਗਿਆ ਸੀ। ਹੁਣ ਉਹ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਹਰ ਬੈਠਾ ਰਹਿੰਦੈ। ਗੁੱਡੂ ਹੌਲਦਾਰ ਨੇ ਇਹ ਗੱਲ ਵੀ ਦੱਸੀ ਸੀ।

"ਮਨਾਂ! ਅੱਜ ਤੇਰੀ ਵੀ ਵਾਰੀ ਆ ਗਈ ਜਾਪਦੀ ਹੈ! ਹੋ ਤਗੜਾ!" ਮੈਂ ਇਨ੍ਹਾਂ ਗਿਣਤੀਆਂ ਵਿਚ ਹੀ ਪਿਆ 'ਚੰਨੇ ਨੱਥ' ਦੇ ਨਾਲ-ਨਾਲ ਤੁਰਦਾ 'ਇੰਟੈਰੋਗੇਸ਼ਨ' ਸੈਂਟਰ ਵਾਲੇ ਪਾਸੇ ਪਹੁੰਚ ਗਿਆ ਸਾਂ। ਅੱਗੇ ਜਾ ਕੇ ਅਸੀਂ ਥੰਮਲੇ ਨਾਲ ਢੋ ਲਾ ਕੇ ਖੜ੍ਹੇ ਹੋ ਗਏ। ਇਨ੍ਹਾਂ ਥੰਮਲਿਆਂ ਤੋਂ ਸਾਡੇ ਵਿਚੋਂ ਕੋਈ ਵੀ ਬਿਨਾਂ ਪੁੱਛੇ ਅੱਗੇ ਨਹੀਂ ਸੀ ਜਾ ਸਕਦਾ। ਅੱਗੋਂ ਵਲੇਵਾਂ ਪਾ ਕੇ ਕਮਰੇ ਸ਼ੁਰੂ ਹੋ ਜਾਂਦੇ ਸਨ ਤੇ ਐਸ.ਐਚ.ਓ. ਦੇ ਬਿਨਾਂ ਕਹੇ ਕਿਸੇ ਨੂੰ ਉਧਰ ਜਾਣ ਦਾ ਹੁਕਮ ਨਹੀਂ ਸੀ। ਸਿਪਾਹੀ ਵੀ ਉਹੀ ਜਾਂਦੇ ਸਨ, ਜਿਹੜੇ ਪੱਕੇ ਤਫ਼ਤੀਸ਼ੀਏ ਸਨ ਜਾਂ ਫਿਰ ਜਿਹੜੇ 'ਚੰਡਾਈ' ਕਰਨ ਲਈ ਰੱਖੇ ਹੋਏ ਸਨ। ਡਿਪਟੀ 'ਅਜੈਬਾ ਸ਼ੁਦਾਈ' ਤੇ ਐਸ.ਪੀ. 'ਸ਼ਰਮਾ' ਦੋਵੇਂ ਅੱਧੇ ਪਾਗਲ ਸਨ ਤੇ ਕਈ ਵਾਰ ਜੇ ਕੋਈ 'ਭਾਊ' ਨਾ ਬਕੇ ਜਾਂ ਫਿਰ ਕਿਤੇ ਦੋਹੇਂ ਕੁੱਟ-ਕੁੱਟ ਕੇ ਪਾਗਲ ਹੋਏ ਹੋਣ, ਤਾਂ ਕਿਸੇ ਨਾ ਕਿਸੇ ਸਿਪਾਹੀ ਉਪਰ ਵੀ ਗੁੱਸਾ ਕੱਢ ਦੇਂਦੇ ਸਨ। ਸੋ ਸਣੇ ਐਸ. ਐਚ. ਓ. ਅਤੇ ਸਣੇ ਸਿਪਾਹੀਆਂ, ਕੋਈ ਵੀ 'ਅਜੈਬੇ' ਡਿਪਟੀ ਦੀ ਮਰਜ਼ੀ ਬਿਨਾਂ ਉਧਰ ਨਹੀਂ ਸੀ ਜਾਂਦਾ।

ਅੱਜ ਵੀ 'ਸ਼ਰਮੇ' ਐਸ. ਪੀ. ਤੇ 'ਅਜੈਬੇ ਸ਼ੁਦਾਈ' ਦੀਆਂ ਗੱਲਾਂ ਦੀ ਆਵਾਜ਼ ਆ ਰਹੀ ਸੀ। ਫ਼ਕੀਰੀਆ ਹੌਲਦਾਰ ਵੀ ਪਰ੍ਹਾਂ ਖੜਾ ਤੰਬਾਕੂ ਥੁੱਕ ਰਿਹਾ ਸੀ। ਇਹ ਅਜੈਬੇ ਦਾ ਖ਼ਾਸ ਬੰਦਾ ਸੀ। ਮੇਰੇ ਰੌਂਗਟੇ ਖੜ੍ਹੇ ਹੋਣੇ ਸ਼ੁਰੂ ਹੋ ਗਏ। ਸਾਰੇ ਹੱਡਾਂ ਵਿਚ ਚਸਕ ਜਿਹੀ ਪੈਣ ਲੱਗ ਪਈ। ਫ਼ਕੀਰੀਆ ਉਦੋਂ ਹੀ ਆਪਣੇ ਕਮਰੇ ਵਿਚੋਂ ਬਾਹਰ ਨਿਕਲਦਾ ਹੁੰਦਾ ਸੀ, ਜਦੋਂ ਕਿਸੇ ਭਾਊ ਨੂੰ ਅੱਤ ਦਾ ਕੁਟਾਪਾ ਕਰਨਾ ਹੋਵੇ ਜਾਂ ਫਿਰ ਬੇਤਰਸ ਹੋ ਕੇ ਮੁਕਾਬਲਾ ਬਣਾਉਣ ਦੀ ਲੋੜ ਪਵੇ। ਫਕੀਰੀਆ ਚੌਵੀ-ਚੌਵੀ ਘੰਟੇ ਦਾਰੂ ਪੀਣ ਵਾਲਿਆਂ ਵਿਚੋਂ ਸੀ ਤੇ ਇਹਨੇ ਕਿੰਨੇ ਕੁ ਬੰਦੇ-ਤੀਂਵੀਆਂ ਮਾਰ ਘੱਤੇ ਸਨ, ਇਹ ਤੇ ਇਹਨੂੰ ਆਪ ਵੀ ਯਾਦ ਨਹੀਂ ਹੋਣਾ। ਹੁਣ ਇਹਨੂੰ ਐਸ.ਆਈ. ਬਣਾਨ ਨੂੰ ਫਿਰਦੇ ਨੇ। ਪਹਿਲਾਂ ਇਹਨੂੰ ਮਜੀਠਾ ਪੁਲਿਸ ਵਾਲੇ ਅੰਮ੍ਰਿਤਸਰ ਦੇ ਭਾਊਆਂ ਨੂੰ ਮੁਕਾਉਣ ਵਾਸਤੇ ਲੈ ਜਾਂਦੇ ਸਨ, ਪਰ ਹੁਣ ਇਹ ਪੱਕੇ ਤੌਰ 'ਤੇ ਅੰਮ੍ਰਿਤਸਰ ਪੁਲਿਸ ਕੋਲ ਆ ਗਿਆ ਹੈ। ਕਦੀ-ਕਦੀ ਨਾਭੇ ਜੇਲ੍ਹ ਵਾਲੇ ਵੀ ਤੇ ਜਲੰਧਰੀਏ ਵੀ ਲਿਜਾਂਦੇ ਨੇ। ਮੈਂ ਉਨ੍ਹਾਂ ਦੀ ਗੱਡੀ ਵਿਚ ਚੜ੍ਹਦਿਆਂ-ਉਤਰਦਿਆਂ ਇਹਨੂੰ ਕਈ ਵਾਰ ਵੇਖਿਐ, ਅੱਜ ਜੇ ਫਕੀਰੀਆ ਬਾਹਰ ਏ ਤਾਂ ਤੇ ਜ਼ਰੂਰ ਹੀ ਮੇਰੀ ਚੰਡਾਈ ਹੋਏਗੀ ਤੇ ਜਾਂ ਫੇਰ...।

"ਭਾਅ! ਕਿਤੇ ਅੱਜ ਮੁੜ ਮੇਰੀ ਵਾਰੀ ਤੇ ਨਹੀਂ ਆ ਗਈ ਦੁਬਾਰਾ," ਮੈਂ ਡਰਦੇ-ਡਰਦੇ ਨੇ ਆਪਣੇ ਨਾਲ ਖੜ੍ਹੇ ਚੰਨੇ ਨੱਥ ਨੂੰ ਪੁੱਛ ਲਿਆ। ਉਹ ਅੱਗੇ ਹੀ ਮੈਨੂੰ ਦੱਸਣ-ਦੱਸਣ ਕਰਦਾ ਸੀ।

"ਓ ਨਹੀਂ ਓਏ ਮਾਸਟਰਾ! ਇਹ ਤਾਂ ਤੇਰੇ ਪੁਰਾਣੇ ਆੜੀ 'ਜੱਸੇ ਮਰੂਤੀ' ਦੇ ਸਵਾਗਤ ਦੀਆਂ ਤਿਆਰੀਆਂ ਨੇ! ਜਲੰਧਰ ਦੀ ਪੁਲਿਸ ਨੇ ਇਹ ਭੈਣ...ਦੀ 'ਦੱਦਰ ਜਿਹੀ' ਆਪਣੇ ਗਲੋਂ ਲਾਹ ਕੇ ਤਰਨਤਾਰਨ ਦੀ ਪੁਲਿਸ ਦੇ ਗਲ ਪਾ'ਤੀ ਸੀ। ਤਰਨਤਾਰਨ ਆਲ਼ੇ ਗਾੜੀਓਂ ਆਹੰਦੇ ਪਈ ਅਸੀਂ ਕਾਹਨੂੰ ਮਾਰੀਏ ਏਸ ਗੰਦ ਨੂੰ? ਅਨਾਮ ਤੇ ਮਾਰ ਕੋਈ ਹੈ ਨਹੀਂ ਇਹਦੇ ਸਿਰ ਦਾ...ਤੇ ਫਿਰ ਐਸ.ਐਸ.ਪੀ. ਆਪੂੰ ਇਹਦਾ ਫਸਤਾ ਵੱਢੇ!...ਹੁਣ ਸ਼ਰਮੇ ਐਸ.ਪੀ. ਤੇ ਅਜੈਬੇ ਦੀ ਡਿਊਟੀ ਲੱਗੀ ਆ ਪਈ ਤੁਸੀਂ ਇਹਦੇ ਆਲਾ ਕੰਮ ਨਿਬੇੜੋ!"

"...ਹੈਂ! ਜੱਸਾ ਅਜੇ ਹੈਗੈ?" ਮੈਂ ਡੈਂਬਰ ਗਿਆ ਸਾਂ। ਸਹਿਵਨ ਹੀ ਮੇਰੇ ਮੂੰਹੋਂ ਇਹ ਪੁੱਛ ਨਿਕਲ ਗਈ।

"ਤੈਨੂੰ ਨਹੀਂ ਪਤਾ? ਲੈ ਦੱਸ! ਤੈਨੂੰ ਤੇ ਮਾਰ ਉਹਦੀ ਸਾਰੀ ਰਾਮ ਲੀਲਾ ਪਤੈ?" ਚੰਨੇ ਨੱਥ ਨੇ ਆਪਣੀ ਜਾਣੀ ਮੈਨੂੰ ਜਿਵੇਂ ਝਿੜਕਿਆ।

"ਪਰ!...ਪਰ ਉਹ ਤੇ ਮਹੀਨਾ ਹੋ ਚੱਲਿਐ, ਮਰੇ ਹੋਏ ਨੂੰ! ਮੈਨੂੰ ਵਾਇਰਲੈਸ ਵਾਲਾ ਸੁਰਜੀਤ ਦੱਸ ਗਿਆ ਸੀ ਪਈ ਤੇਰਾ ਪੁਰਾਣਾ ਆੜੀ ਗਿਆ...! ਉਹਨੂੰ ਮਹਿਤੇ ਚੌਕ ਵਾਲਾ ਸੀਤਲ ਸੁੰਹ ਨੇ ਨਹੀਂ ਸੀ ਮਾਰ ਗਿਆ? ਮੈਂ ਤੇ ਇਹੀ ਸੁਣਿਆ ਸੀ!" ਮੈਂ ਕਿਹਾ।

"ਕਿਹੜਾ ਸੀਤਲ ਉਏ? ਉਹ ਤੇ ਭਾਊ, ਉਹ ਵੀ ਸਾਡਾ ਈ ਬੰਦੈ! ਇੰਟੈਲੀਜੈਂਸ ਆਲਿਆਂ ਉਹਦੀ ਇੰਸਪੈਕਟਰ ਦੀ ਤਨਖਾਹ ਲਾਈ ਹੋਈ ਐ! ਕਹਿਣ ਨੂੰ ਉਹ 'ਭਿੰਡਰਾਂਵਾਲਾ ਟਾਈਗਰਜ਼' ਦਾ ਏਰੀਆ ਕਮਾਂਡਰ ਇਆ...! ਉਸੇ ਨੇ ਤੇ ਤੇਰੇ ਏਸ 'ਜੱਸੇ ਯਾਰ' ਦੀਆਂ ਕਰਤੂਤਾਂ ਨੰਗੀਆਂ ਕੀਤੀਆਂ ਇਆ! ਨਹੀਂ ਤੇ ਕਿੱਥੇ ਕੁਛ ਪਤਾ ਲੱਗਣਾ ਸੀ?" ਚੰਨੇ ਨੇ ਜਿਵੇਂ ਸੂਚਨਾ ਦੇਣ ਵਾਲਾ ਠਾਹ ਸੋਟਾ ਮੇਰੇ ਸਿਰ 'ਚ ਮਾਰਿਆ।

ਅੱਜ ਤੋਂ ਸਾਲ ਕੁ ਪਹਿਲਾਂ ਮੈਨੂੰ ਕਿਤੇ ਪਤਾ ਲਗਦਾ ਕਿ 'ਸੀਤਲ' ਵੀ ਇੰਟੈਲੀਜੈਂਸ ਵਿਚ ਹੈ, ਤਾਂ ਮੈਂ ਥੋਹੜਾ-ਬਹੁਤਾ ਹੈਰਾਨ ਹੁੰਦਾ। ਜ਼ਿਆਦਾ ਏਸ ਕਰਕੇ ਨਹੀਂ, ਕਿਉਂਕਿ ਦਸਾਂ ਕੁ ਸਾਲਾਂ ਦੇ ਏਸ ਅੰਡਰਗਰਾਊਂਡ ਜੀਵਨ ਵਿਚ ਮੈਂ ਅਨੇਕਾਂ ਪਾਤਰ ਦੋਹੀਂ ਬੰਨੀ ਵਿਚਰਦੇ ਵੇਖ ਚੁੱਕਾ ਸਾਂ! ਕਈ ਮੈਂ ਹੱਥੀਂ ਆਪ ਮਾਰੇ ਸਨ। ਕਈ ਮੁੜ ਪੁਲਿਸ ਵਿਚ ਚਲੇ ਗਏ। ਕਈ ਆਪਣੇ ਫੀਲੇ (ਕਾਲੀਆਂ ਬਿੱਲੀਆਂ) ਪੁਲਿਸ ਨੇ ਆਪ ਮਾਰ ਘੱਤੇ!... ਏਹ ਜੱਸਾ ਮਰੂਤੀ, ਜੀਹਦੀ ਗੱਲ ਚੰਨਾ ਨੱਥ ਕਰਦਾ ਪਿਐ, ਪਹਿਲਾਂ ਬਾਬੇ ਭਿੰਡਰਾਂਵਾਲੇ ਨਾਲ ਸੀ। ਫੇਰ ਬਾਬੇ ਭਿੰਡਰਾਂਵਾਲੇ ਨੇ ਜਦੋਂ ਇਹਦੀਆਂ ਵੀ ਤੇ ਆਪਣੇ ਖ਼ਾਸ ਚੇਲੇ ਗੁਰਿੰਦਰ ਪੀ.ਟੀ. ਦੀਆਂ ਵੀ, ਲੱਤਾਂ ਤੋੜੀਆਂ, ਇਹ ਤੇ ਮੁੜ ਐਸ.ਐਸ.ਪੀ. ਮੁਸਤਫਾ ਆਲਮ ਦਾ 'ਕੈਟ' ਬਣ ਗਿਆ ਸੀ। ਪੀ.ਟੀ. ਇਹਦਾ 'ਗੁਰੂ' ਅੰਦਰ ਬਲੂ ਸਟਾਰ ਵਿਚ ਮਾਰਿਆ ਗਿਆ ਸੀ। ਚਾਰ ਪੰਜ ਸਾਲ ਫੇਰ ਇਹਨੇ 'ਕੈਟ' ਬਣ ਕੇ ਕੱਟੇ ਸਨ। ਰਾਤ ਨੂੰ ਦਾਹੜਾ ਖੋਲ੍ਹ ਕੇ ਇਹਨੇ ਤਰਨਤਾਰਨ ਵੱਲ ਦੇ ਕਿੰਨੇ ਹੀ ਲਾਲੇ ਮਾਰੇ ਵੀ, ਲੁੱਟੇ ਵੀ ਸਨ। ਮੈਨੂੰ ਉਦੋਂ ਵੀ ਆਪਣੀ ਹਾਈਕਮਾਂਡ ਵਲੋਂ ਹੁਕਮ ਮਿਲਦਾ ਰਹਿੰਦਾ ਸੀ

---

## ਸ਼ਰਧਾਂਜਲੀ

# ਮਨਿੰਦਰ ਕਾਂਗ...ਤੇ ਜੋਗੀ ਚੱਲੇ

ਮਨਿੰਦਰ ਕਾਂਗ ਦਾ ਅਚਨਚੇਤ ਟੁਰਨਾ ਪੰਜਾਬੀ ਸਾਹਿਤ ਨਾਲ ਜੁੜੇ ਪਾਠਕਾਂ, ਲੇਖਕਾਂ ਲਈ ਅਤਿ ਦੁਖਦਾਈ ਹੈ। ਕਾਂਗ ਨੇ ਪੰਜਾਬੀ ਕਹਾਣੀ ਦਾ ਚੌਖਟਾ ਵਿਸ਼ਾਲ ਕੀਤਾ। ਪੰਜਾਬੀ ਕਹਾਣੀ ਨੂੰ ਵਿਸ਼ਵ ਕਹਾਣੀ ਦਾ ਹਾਣੀ ਕੀਤਾ। ਕੁਝ ਸਾਲ ਪਹਿਲਾਂ ਛਪੀ ਉਸ ਦੀ ਕਹਾਣੀ 'ਕੁੱਤੀ ਵਿਹੜਾ' ਨੇ ਸਾਹਿਤਕ ਹਲਕਿਆਂ ਨੂੰ ਜੋ ਹਲੂਣਾ ਦਿੱਤਾ, ਸ਼ਾਇਦ ਉਸ ਤੋਂ ਬਾਅਦ ਜਾਂ ਉਸ ਤੋਂ ਦਸ ਸਾਲ ਪਹਿਲਾਂ ਦੇ ਸਮੇਂ ਵਿਚ ਅਜਿਹਾ ਨਹੀਂ ਵਾਪਰ ਸਕਿਆ।

**ਪਰਮਵੀਰ ਸਿੰਘ**
ਫੋਨ:91-98153-18889

ਕਾਂਗ ਦਾ ਕਹਾਣੀ ਲਿਖਣਾ ਅਨੇਕਾਂ ਪੀੜਾਂ ਨੂੰ ਸੀਨੇ ਲਾ ਸੌਣ ਜਿਹਾ ਹੈ। ਜਿਹੋ-ਜਿਹੀ ਬੇਚੈਨੀ, ਜਿਹੋ-ਜਿਹੀ ਉਦਾਸੀ ਪਾਠਕ ਕਹਾਣੀ ਦੇ ਨਾਲ-ਨਾਲ ਮਹਿਸੂਸ ਕਰਦਾ ਜਾਂਦਾ ਹੈ, ਕਾਂਗ ਦੇ ਦਿਲ 'ਚ ਛੁਪੀ ਉਸ ਦੀ ਪੀੜ ਦਾ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ।

ਕਾਂਗ ਪ੍ਰਚਲਿਤ ਕਹਾਣੀ ਤੋਂ ਖੁਸ਼ ਨਹੀਂ ਸੀ। ਇਕ ਵੱਖਰੀ ਪੈੜ ਸਿਰਜਣਾ ਉਸ ਦਾ ਸੁਪਨਾ ਸੀ। ਪੀਐਚ.ਡੀ ਕਰਨ ਵੇਲੇ ਕਈ ਵਾਰ ਜਦੋਂ ਉਹ ਯਾਰਾਂ ਨਾਲ ਚਾਹ ਦੀ ਚੁਸਕੀ ਭਰਦਿਆਂ ਗੰਭੀਰ ਹੋ ਆਖਦਾ, 'ਅਜੇ ਕਹਾਣੀ ਚੈਖੋਵ ਵਰਗੀ ਲਿਖੀ ਨ੍ਹੀਂ ਗਈ' ਤਾਂ ਨਾਲ ਬੈਠੇ ਯਾਰ ਭਾਵੇਂ ਉਸ ਦਾ ਮਜ਼ਾਕ ਉਡਾਉਣ ਲਗਦੇ ਪਰ ਕਾਂਗ ਦੇ ਚੇਤ ਜਾਂ ਅਚੇਤ ਮਨ ਵਿਚ ਪੰਜਾਬੀ ਕਹਾਣੀ ਨੂੰ ਚੈਖ਼ੋਵ ਤੇ ਤੁਰਗਨੇਵ ਤੇ ਟਾਲਸਟਾਏ ਤਕ ਪਹੁੰਚਾਉਣ ਬਾਰੇ ਸੋਚਣਾ ਕੋਈ ਸ਼ੇਖੀ ਮਾਰਨਾ ਨਹੀਂ ਸੀ। 'ਕੁੱਤੀ ਵਿਹੜਾ' ਕਹਾਣੀ 'ਤੇ ਉਸ ਨੇ ਪੂਰੇ 17 ਸਾਲ ਲਾਏ ਅਤੇ ਫਿਰ ਉਹ ਕਹਾਣੀ ਵਿਚ ਤਰਸ, ਹੀਣਤਾ, ਅਲਕਤ ਦੀ ਸਿਖਰ ਦਿਖਾ ਕੇ ਹੀ ਮੁੜਿਆ। ਬੇਸ਼ੱਕ, ਉਸ ਦੀ ਇਹ ਕਹਾਣੀ ਚੈਖੋਵ ਦੀ 'ਦੁਲਹਨ' ਤੇ ਤੁਰਗਨੇਵ ਦੀ 'ਕਲੈਰਾਮਨੀਚ' ਤੋਂ ਅੱਗੇ ਦਾ ਸਫ਼ਰ ਲੱਗੀ। ਬਹੁਤ ਸਾਰੇ ਕਹਾਣੀਕਾਰਾਂ, ਅਲੋਚਕਾਂ ਨੇ ਉਸ ਦੇ ਕਹਾਣੀ ਨਾ ਹੋਣ ਬਾਰੇ ਰੌਲਾ ਪਾਇਆ। ਕਹਾਣੀ ਇਨਫਰਮੇਸ਼ਨ ਨਹੀਂ ਹੁੰਦੀ...ਵਗੈਰਾ-ਵਗੈਰਾ, ਪਰ ਕਾਂਗ ਨੇ ਇਕ ਵਾਰ ਜੋ ਝੰਡਾ ਝੁਲਾ ਦਿੱਤਾ, ਉਸ ਦਾ ਬਦਲ ਵੀ ਉਸ ਆਪ ਹੀ ਦਿੱਤਾ। ਉਸ ਦੀਆਂ ਕਹਾਣੀਆਂ 'ਭਾਰ' ਅਤੇ 'ਤੈਨੂੰ ਮੈਂ ਨਾ ਮੁਕਰਦੀ' ਨੂੰ ਵੀ ਵਿਸ਼ਵ ਦੀਆਂ ਬਿਹਤਰੀਨ ਕਹਾਣੀਆਂ 'ਚ ਸ਼ਾਮਿਲ ਕੀਤਾ ਜਾ ਸਕਦਾ ਹੈ। 'ਦੋ ਤਲਵਾਰਾਂ ਬੱਧੀਆਂ' ਨੇ ਆਪਣਾ ਹੀ ਮੰਡਲ ਸਿਰਜਿਆ।

ਕਾਂਗ ਸੁਭਾਅ ਦਾ ਬੇਬਾਕ, ਖੁੱਲ੍ਹਦਿਲਾ, ਸਪਸ਼ਟ ਤੇ ਬੜਬੋਲਾ ਸੀ। ਸ਼ਾਇਦ ਉਸ ਦਾ ਸੱਚ ਬੋਲਣਾ, ਸਪਸ਼ਟ ਹੋਣਾ, ਖਰ੍ਹਦੀ ਹੋਣ ਜਿਹਾ ਜਾਪਣ ਲੱਗਾ ਸੀ। ਉਸ ਤੋਂ ਕਿਸੇ ਦੀ ਝੂਠੀ ਸਿਫ਼ਤ ਨਹੀਂ ਹੁੰਦੀ ਸੀ। ਸੱਚੀ ਗੱਲ ਲੁਕਾ ਨਹੀਂ ਸੀ ਸਕਦਾ। ਮੈਨੂੰ ਉਹ ਫ਼ੋਨ ਕਰਦਾ ਤਾਂ ਪਹਿਲੋਂ ਇਹੀ ਆਖਦਾ,

"ਕੀ ਸਰਗਰਮੀਆਂ?"

"ਕੀ ਲਿਖਿਆ? ਬੈਕ ਕਾਲ ਕਰ।"

"ਸੁਣਾ।"

ਮੈਂ ਉਸ ਨੂੰ ਨਵੀਆਂ ਰਚੀਆਂ ਕਵਿਤਾਵਾਂ, ਗੀਤ ਸੁਣਾਉਂਦਾ। ਮੇਰਾ ਗੀਤ 'ਉੱਠੀਆਂ ਚੰਨਾਂ ਵੇ ਮੁਲਤਾਨੋਂ ਹਨੇਰੀਆਂ' ਉਸ ਨੂੰ ਬਹੁਤ ਪਸੰਦ ਸੀ। ਉਹ ਦਿਨ ਵਿਚ ਕਈ ਕਈ ਵਾਰ ਇਹ ਗੀਤ ਮੈਥੋਂ ਸੁਣਦਾ ਰਿਹਾ। ਫਿਰ ਇਕ ਦਿਨ ਉਸ ਨੇ ਕਿਹਾ ਕਿ ਉਸ ਦੀ ਕਹਾਣੀ 'ਭਾਰ' ਉਤੇ ਫ਼ਿਲਮ ਬਣ ਰਹੀ ਹੈ ਤੇ ਉਸ ਨੇ 'ਮੁਲਤਾਨੋਂ ਹਨੇਰੀਆਂ' ਵਾਲੇ ਗੀਤ ਦੀ ਉਸ ਫ਼ਿਲਮ ਵਿਚ ਲੈਣ ਲਈ ਸ਼ਿਫ਼ਾਰਿਸ਼



ਮਨਿੰਦਰ ਕਾਂਗ

ਕੀਤੀ ਹੈ। ਮੈਂ ਵੀ ਹਾਂ ਕਰ ਦਿੱਤੀ, ਪਰ ਕਿਸੇ ਕਾਰਨ ਗੀਤ ਸ਼ਾਮਿਲ ਨਾ ਹੋ ਸਕਿਆ।

ਕਾਂਗ ਦਾ ਸੁਭਾਅ ਅਸਲ ਲੇਖਕਾਂ ਵਾਲਾ ਸੀ। ਕਿਸੇ ਤਰ੍ਹਾਂ ਦਾ ਧੱਕਾ, ਅਨਿਆਂ, ਉਸ ਤੋਂ ਬਰਦਾਸ਼ਤ ਨਹੀਂ ਸੀ ਹੁੰਦਾ। ਚਾਪਲੂਸੀ ਤਾਂ ਬੜੀ ਦੂਰ ਦੀ ਗੱਲ ਹੈ। ਕਈ ਵਾਰ ਜ਼ਰੂਰੀ ਤਰ੍ਹਾਂ ਦਾ ਵਰਤਾਉ ਵੀ ਉਸ ਨੂੰ ਗ਼ੁਲਾਮੀ ਜਿਹਾ ਅਹਿਸਾਸ ਦਿਵਾਉਂਦਾ ਸੀ। ਇਸੇ ਕਾਰਨ ਉਹ ਨੌਕਰੀ 'ਤੇ ਪੱਕਾ ਨਾ ਹੋ ਸਕਿਆ। ਕਿਸੇ ਤਰ੍ਹਾਂ ਦੇ ਸਿਸਟਮ ਦੇ ਉਹ ਫਿੱਟ ਨਾ ਆਇਆ ਤੇ ਸਿਸਟਮ ਦੀ ਗ਼ੁਲਾਮੀ 'ਚ ਉਸ ਨੂੰ ਸਾਹ ਔਖਾ ਆਉਂਦਾ ਸੀ।

ਗਰਮੀਆਂ 'ਚ ਉਹ ਡਲਹੌਜ਼ੀ ਬੈਠੇ ਮਨਮੋਹਨ ਬਾਵਾ ਨੂੰ ਫ਼ੋਨ ਲਾਉਂਦਾ, "ਕਿੱਥੇ ਓ?"

"ਡਲਹੌਜ਼ੀ।"

"ਆਪ ਤਾਂ ਸੁਰਗ 'ਚ ਬਿਰਾਜ ਰਹੇ ਹੋ, ਇਥੇ ਲੂਸੇ ਪਏ ਹਾਂ। ਅਤਿ ਕਰ ਦਿੱਤੀ ਊ ਗਰਮੀ ਨੇ। ਮੇਰੇ ਇਕ ਕਮਰੇ ਦਾ ਪ੍ਰਬੰਧ ਕਰੋ।"

ਕਾਂਗ ਦੇ ਯਾਰ ਉਸ ਦੇ ਗਿਆਨ, ਸੂਝ ਤੇ ਸਿਰੜ ਦੇ ਕਾਇਲ ਸਨ। ਉਸ ਦੀ ਗੁਸਤਾਖੀ 'ਚੋਂ ਵੀ ਮਾਖਿਉਂ ਜਿਹਾ ਅਨੰਦ ਲੈਂਦੇ ਸਨ। ਬਹੁਤੀ ਵਾਰ ਇਕ ਦੋ ਯਾਰ ਇਕੱਠੇ ਹੋ ਮਾਹੌਲ ਪਰਤਾਉਣ ਲਈ ਉਸ ਨੂੰ ਫ਼ੋਨ ਲਾਉਂਦੇ, "ਲੈ ਬਾਈ! ਚਾਰ ਕੁ ਗ਼ਾਲਾਂ ਸੁਣੀਏ ਕਾਂਗ ਤੋਂ।" ਉਸ ਦੇ ਹਰ ਕੌੜੇ ਬੋਲ ਪਿੱਛੇ ਸੱਚ ਹੁੰਦਾ, ਸਪਸ਼ਟਤਾ ਹੁੰਦੀ।

ਉਹ ਮੈਨੂੰ ਫੋਨ ਕਰ ਨਸੀਹਤ ਦਿੰਦਾ। ਆਖਦਾ, "ਪੈਰ ਨਾ ਛੱਡੀਂ, ਚਾਰ ਕੁ ਇਨਾਮ ਬੰਦੇ ਦਾ ਸੈਂਟਰ ਹਿਲਾ ਦਿੰਦੇ ਨੇ। ਜੇ ਬਚਣਾ ਈ ਤਾਂ ਲੁਕ ਕੇ ਕੰਮ ਕਰ। ਕਵਿਤਾ ਤੂੰ ਚੰਗੀ ਲਿਖਦੈਂ। ਪੈਰ ਨਾ ਛੱਡੀਂ...ਛਿੰਦਿਆ।"

ਮੈਨੂੰ ਸਦਾ ਉਸ ਤੋਂ ਸੁਖ ਮਿਲਦਾ ਰਿਹਾ। ਉਹ ਫ਼ਕੀਰ ਸੀ। ਫ਼ਕੀਰਾਂ ਨੇ ਕਾਇਨਾਤ ਦਾ ਸਾਂਝਾ ਬੋਲ ਹੀ ਆਖਣਾ ਹੁੰਦਾ ਹੈ। ਸਭ ਕੁਝ ਸੀਨੇ ਜਰਨਾ ਹੁੰਦਾ ਹੈ। ਕਾਂਗ ਨੇ ਬੜੀ ਕਿਸਮ ਦੀ ਜ਼ਹਿਰ ਪੀਤੀ ਹੈ। ਸਿਸਟਮ ਦੀ ਜ਼ਹਿਰ, ਸਿਆਸਤ ਦੀ ਜ਼ਹਿਰ। ਉਹ ਸਭ ਕੁਝ ਸਮਝਦਾ ਹੋਇਆ ਵੀ ਮਾਹੌਲ ਅਨੁਸਾਰ ਢਲ ਨਹੀਂ ਸਕਦਾ ਸੀ। ਉਹ ਲੋਕਾਂ ਦੇ ਦਿਲਾਂ ਦੀ ਕਿਸੇ ਨੁੱਕਰ 'ਚ ਸਦਾ ਲਈ ਰਹਿਣਾ ਚਾਹੁੰਦਾ ਸੀ। ਦਿਲ ਵਿਚ ਰਹਿਣ ਲਈ ਉਹ ਜਾਣਦਾ ਸੀ ਨਾ ਦੌਲਤ, ਨਾ ਸ਼ੁਹਰਤ, ਨਾ ਅਮੀਰੀ ਸਹਾਈ ਹੋ ਸਕਦੀ ਹੈ। ਉਸ ਨੇ ਆਪਣੇ ਸਿਰੜ, ਆਪਣੀ ਸੱਚੀ ਤੇ ਬੇਬਾਕ ਸ਼ਖ਼ਸੀਅਤ ਦਾ ਰਾਹ ਅਪਨਾਇਆ। ਹੁਣ ਵੀ ਸਾਨੂੰ ਮਹਿਸੂਸ ਹੁੰਦਾ ਹੈ ਜਿਵੇਂ ਉਹ ਆਖ ਰਿਹਾ ਹੋਵੇ, "ਮੈਥੋਂ ਕਿਸੇ ਦੀਆਂ ਚੀਕਾਂ ਸੁਣੀਆਂ ਨਹੀਂ ਜਾਂਦੀਆਂ..., ਲਿਆ ਕੋਈ ਗੀਤ ਸੁਣਾ ਓਏ ਛਿੰਦਿਆ!"

ਸੱਚੀ ਗੱਲ ਇਹ ਵੇ ਕਿ ਕਾਂਗ ਨੂੰ 'ਕੁੱਤੀ ਵਿਹੜਾ', 'ਭਾਰ' ਤੇ 'ਤੈਨੂੰ ਮੈਂ ਨਾ ਮੁਕਰਦੀ' ਵਰਗੀਆਂ ਕਹਾਣੀਆਂ ਕਰ ਕੇ ਸਦਾ ਯਾਦ ਕੀਤਾ ਜਾਏਗਾ। ਉਸ ਨੇ ਤੇ ਸ਼ਾਇਦ ਇਹ ਵੀ ਨਹੀਂ ਚਾਹਿਆ ਹੋਣਾ। ਉਹ ਤਾਂ ਸਿਰਫ਼ ਰਚਨਾ ਦੀ ਪਿਆਸ ਬੁਝਾਉਂਦਾ-ਬੁਝਾਉਂਦਾ ਚਾਰ ਅੱਖਰ ਝਰੀਟ ਗਿਆ ਸੀ। ਉਸ ਦੇ ਟੁਰ ਜਾਣ ਤੇ ਮੈਨੂੰ ਵਿਜੇ ਵਿਵੇਕ ਦੀਆਂ ਸਤਰਾਂ ਯਾਦ ਆਉਂਦੀਆਂ ਨੇ,

ਆਹ ਚੁੱਕ ਆਪਣਾ ਤਾਂਘ ਤਸੱਵੁਰ,
ਰੋਣਾ ਕਿਹੜੀ ਗੱਲੇ।
ਉਮਰਾਂ ਦੀ ਮੈਲ਼ੀ ਚਾਦਰ ਵਿਚ
ਪਾ ਇਕਲਾਪਾ ਪੱਲੇ।
...ਤੇ ਜੋਗੀ ਚੱਲੇ।

ਕਿ ਜੱਸੇ 'ਕੈਟ' ਦੀ ਟਿਕਟ ਕੱਟੋ! ਪਰ ਹਰ ਵਾਰ ਮੇਰੇ ਅੱਗੇ ਉਹਦੀ ਤੇ ਮੇਰੀ ਪੁਰਾਣੀ ਲਿਹਾਜ਼ ਆ ਜਾਂਦੀ ਸੀ। ਉਹਨੇ ਸਵੇਰੇ 'ਕੈਟ' ਬਣ ਕੇ ਮਾਊਜ਼ਰ ਲਟਕਾ ਕੇ ਐਸ. ਐਸ.ਪੀ ਨਾਲ ਘੁੰਮਣਾ। ਰਾਤ ਨੂੰ ਐਸ.ਐਸ.ਪੀ. ਦੇ ਦੱਸੇ ਇਲਾਕਿਆਂ ਤੇ ਘਰਾਂ ਵਿਚ ਲੁੱਟ-ਖੋਹ ਕਰਨੀ, ਜਾਂ ਟੱਬਰ ਮਾਰ ਆਉਣਾ। ਹਿੱਸਾ-ਪੱਤੀ ਚੰਡੀਗੜ੍ਹ ਤੋਂ ਲੈ ਕੇ ਐਸ. ਪੀ. ਸਿਟੀ, ਐਸ.ਪੀ. (ਡੀ) ਤੇ ਐਸ.ਪੀ. (ਸੀ.ਆਈ.ਡੀ.) ਨੂੰ ਬਰਾਬਰ ਪਹੁੰਚਾਉਣਾ।...ਕਦੀ-ਕਦੀ ਉਹਨੇ ਮੈਨੂੰ ਤਰਨਤਾਰਨ ਰੋਡ ਤੇ ਮਿਲ ਪੈਣਾ, ਜਾਂ ਫਿਰ ਬਾਬੇ ਸ਼ਹੀਦੀਂ, ਜਿਥੇ ਮੈਂ ਲਾਂਗਰੀ ਬਣ ਕੇ ਰੋਜ਼ ਦੁਪਹਿਰਾ ਕੱਟਦਾ ਸਾਂ। ਨਾ ਉਹਨੇ ਮੈਨੂੰ ਪਛਾਨਣ ਦਾ ਵਿਖਾਵਾ ਕਰਨਾ, ਤੇ ਨਾ ਮੈਂ ਅੱਖ ਬਚਾਣ ਦਾ ਵਿਖਾਵਾ ਕਰਨਾ। ਓਪਰਿਆਂ ਵਾਂਗ ਅਸੀਂ ਕੋਲੋਂ ਲੰਘ ਜਾਣਾ। ਕੋਈ ਜਾਨ ਤੇ ਭੀੜ ਬਣਨ ਦਾ ਸਮਾਂ ਪੈਣਾ ਤਾਂ ਉਹਨੇ ਸਗੋਂ ਮੇਰੀ ਮਦਦ ਲਈ ਦੂਸਰੇ ਲਾਂਗਰੀ 'ਤੋਚੀ' ਨੂੰ ਸੁਨੇਹਾ ਦੇ ਜਾਣਾ...ਉਹਦੇ ਆਖੇ ਤੇ ਮੈਂ ਉਹਦੇ ਇਕ-ਦੋ ਕੰਮ ਕੀਤੇ ਸਨ। ਵੱਡਾ ਕੰਮ ਮੈਂ ਉਹਦੇ ਕਹੇ ਤੇ 'ਰੂਬੀ-ਕੈਟ' ਦਾ..."ਉਏ! ਥੰਮਲੇ 'ਚ ਵੱਜੀ ਜਾਨੈਂ...ਭਾਊ! ਗਾੜੀ ਕਿੱਧਰ...? ਧਿਆਨ ਤੇਰਾ ਮਾਈਂ... ਪਤਾ ਨਹੀਂ ਕਿੱਥੇ? ਸੁਰਤ ਤਾਂਹ ਚੜ੍ਹੀ ਊ?" ਚੰਨੇ ਨੱਥ ਨੇ ਮੇਰੀ ਬਿਰਤੀ ਤੋੜ ਦਿੱਤੀ।

"...ਆ...ਹੈਂ, ਨਹੀਂ, ਮੈਂ ਤਾਂ ਆਪ ਈ ਜੱਸੇ ਬਾਰੇ ਸੋਚਣ ਡਿਹਾਂ! ਕਦੋਂ ਲਿਆਉਣੈ ਉਹਨੂੰ," ਮੈਂ ਹੈਰਾਨੀ ਤੇ ਭੈਅ ਦੇ ਰਲੇ-ਮਿਲੇ ਭਾਵਾਂ ਨਾਲ ਕਿਹਾ।

"ਓ ਨਾ, ਭੈਣ ਦੇ ਯਾਰ ਕੋਲੋਂ ਪੈਹਿਆਂ ਦਾ ਹਿਸਾਬ ਲੈਣ ਡਹੇ ਸਨ ਇਕ ਤੇ! ਮਾਰ ਸੈਂਤੀ ਲੱਖ ਤੇ ਉਹਦੀ ਰਣਜੀਤ ਐਵੇਨਿਊ, ਅੰਬਰਸਰ ਵਾਲੀ ਕੋਠੀ 'ਚੋਂ ਲਿਆਂਦੈ! ਸਾਢੇ ਚਾਰ ਲੱਖ ਤੇ ਦੋ ਕਿੱਲੋ ਸੋਨਾ ਉਹਦੇ ਬਟਾਲੇ ਵਾਲੇ ਟਿਕਾਣੇ ਤੋਂ ਲੱਭੈ! ਤੇ ਜਿਹੜਾ 'ਗਿੰਦੋ ਸ਼ਪੈਹਣ' ਦੇ ਬੰਦ ਪਏ ਘਰ 'ਚੋਂ ਕਿਤੇ ਨੋਟ ਮਿਲਿਐ...! ਮਾਰ ਕਹਿਣ-ਸਣਨ ਤੋਂ ਬਾਹਰਾ।" ਚੰਨੇ ਨੇ ਦੱਸਿਆ।

"ਗਿੰਦੋ ਆਪ ਕਿੱਥੇ ਆ ਹੁਣ?" ਮੈਂ ਗਿੰਦੋ ਸ਼ਪੈਹਣ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ, ਏਸ ਲਈ ਉਤਸੁਕਤਾ ਵਸ ਮੈਂ ਨੱਥ ਨੂੰ ਪੁੱਛ ਬੈਠਾ। ਚੰਨੇ ਨੇ ਪਹਿਲੇ ਗਾਲ੍ਹਾਂ ਦੀ ਚੰਗੀ-ਚੋਖੀ ਸੂਰਲ ਛੱਡੀ ਤੇ ਫੇਰ ਥੁੱਕ ਕੇ ਕਹਿਣ ਲੱਗਾ, "ਏਹਨੇ ਤੇਰੇ ਯਾਰ 'ਮਰੂਤੀ' ਨੇ ਸਾਲ ਹੋ ਗਿਆ, ਮਾਰ ਕੇ ਸਾੜ'ਤੀ ਸੀ ਡੀਜ਼ਲ ਪਾ ਕੇ। ਉਹ ਤੇ ਜਦੋਂ ਇਹਦੇ ਛਤਰੌਲ ਸ਼ੁਰੂ ਹੋਈ, ਇਹਨੇ ਬਾਕੀ ਕਤਲਾਂ ਨਾਲ ਗਿੰਦੋ ਦਾ ਕਤਲ ਵੀ ਮੰਨਿਆ ਪਰ ਏਨੇ ਮਹੀਨਿਆਂ ਪਿਛੋਂ ਉਸ ਵਿਚਾਰੀ ਦੀ ਲੋਥ ਕਿੱਥੋਂ ਲੱਭਣੀ ਸੀ? ਉਹਦੀ ਤੇ ਸ਼ੋਹਦੀ ਦੀ ਸਵਾਹ ਵੀ ਨਹੀਂ ਲੱਭੀ।" ਚੰਨਾ ਆਪਣੀ ਟੇਪ ਚਲਾਈ ਜਾ ਰਿਹਾ ਸੀ।

ਮੇਰੀਆਂ ਅੱਖਾਂ ਅੱਗੇ ਗਿੰਦੋ ਦਾ ਚੰਨਣ ਵਰਗਾ ਪਿੰਡਾ ਆ ਗਿਆ। ਏਡੀ ਨਰੋਈ ਤੇ ਸੁੰਦਰ ਦੇਹੀ ਦੇ ਡੀਜ਼ਲ ਪਾ ਕੇ ਸਾੜੇ ਜਾਣ ਤੋਂ ਹੀ ਸੋਚ ਕੇ ਮੈਨੂੰ ਝੁਣਝੁਣੀ ਜਿਹੀ ਆ ਗਈ। ਫਿਰ ਅਗਲੇ ਹੀ ਪਲ ਖ਼ਿਆਲ ਆਇਆ ਕਿ ਏਨਾ ਕੁਝ ਵੇਖ ਲਿਐ ਕਿ ਸੱਤ ਜਨਮਾਂ ਤਕ ਮੁੜ ਕੇ ਏਨੀ ਵਹਿਸ਼ਤ ਨਾ ਵੇਖੀ ਜਾਣੀ ਏ, ਨਾ ਹੀ ਦੁਬਾਰਾ ਹੱਥੀਂ ਏਨੇ ਖ਼ੂਨ ਕਰ ਹੋਣੇ ਨੇ, ਫੇਰ ਮਨਾਂ, ਤੈਨੂੰ ਕਾਹਦੀ ਧੁੜਧੁੜੀ ਉਠਦੀ ਐ? ਅਗਲੀ ਸੋਚ ਨੇ ਹੋਰ ਹੀ ਹੁੰਗਾਰਾ ਦਿੱਤਾ ਕਿ ਧੁੜਧੁੜੀ ਤਾਂ ਅਜੇ ਇਹੀ ਸਾਬਤ ਕਰਦੀ ਐ ਕਿ, ਅਜੇ ਅੰਦਰ ਦਿਲ ਧੜਕਦੈ। ਅਜੇ ਤਰਸ ਦੇ ਸਰੋਤ ਪੂਰੀ ਤਰ੍ਹਾਂ ਸੁੱਕੇ ਨਹੀਂ। ਆਪਣੇ ਬਾਰੇ ਕੁਝ ਕੂਲ਼ਾ ਜਿਹਾ ਸੋਚ ਕੇ ਮੇਰੇ ਬੁੱਲ੍ਹਾਂ ਤੇ ਆਪੇ ਹੀ ਮੁਸਕਰਾਹਟ ਆ ਗਈ। ਮੈਂ ਇਹ ਵੀ ਭੁੱਲ ਗਿਆ ਕਿ ਚੰਨਾ ਮੇਰੇ ਹੀ ਮੂੰਹ ਵੱਲ ਤੱਕ ਰਿਹਾ ਹੈ।

"ਕੀ ਗੱਲ ਇਆ? ਬੜੀਆ ਦੰਦੀਆਂ ਨਿਕਲਦੀਐਂ?" ਚੰਨਾ ਮੇਰੇ ਮੂੰਹ ਵਲ ਤੱਕ ਕੇ ਕਹਿਣ ਲੱਗਾ। "ਹੈਂ! ਓ ਨਹੀਂ ਭਾਅ! ਦੰਦੀਆਂ ਕਿੱਥੇ? ਇਹ ਤੇ ਪੁਰਾਣੇ ਦਿਨਾਂ ਨੂੰ ਯਾਦ ਕਰਕੇ ਮਨ ਹੋਰ ਜਿਹਾ ਹੋ ਜਾਂਦੈ, ਹੋਰ ਕੋਈ ਗੱਲ ਨਹੀਂ।" ਮੈਂ ਜਿਵੇਂ ਪਰਤ ਆਇਆ। ਇਸ ਦੌਰਾਨ ਮੈਂ ਮਹਿਸੂਸ ਕੀਤਾ ਕਿ ਮੈਂ ਲਗਾਤਾਰ ਥੰਮਲੇ ਨਾਲ ਢੋ ਲਾਈ ਕਿੰਨੇ ਮਿੰਟਾਂ ਦਾ ਖੜ੍ਹਾ ਹਾਂ। ਮਾਨੋ ਕੋਈ ਚੀਜ਼ ਮੈਨੂੰ ਹੇਠਾਂ ਲਿਜਾ ਰਹੀ ਹੈ। ਮੇਰੇ ਅੰਦਰੋਂ ਆਵਾਜ਼ ਆ ਗਈ ਕਿ ਮਾਰ ਖਾ-ਖਾ ਕੇ ਲੱਤਾਂ ਦੀ ਤਾਕਤ ਵੀ ਮੁੱਕ ਗਈ ਹੈ ਤੇ ਦਿਲ ਦਿਮਾਗ ਵੀ ਜਵਾਬ ਦੇਈ ਜਾ ਰਹੇ ਹਨ।

"ਭਾਅ! ਜੇ ਕਹੇਂ ਤਾਂ ਮੈਂ ਭੁੰਜੇ ਬਹਿ ਜਾਵਾਂ। ਮੇਰੀਆਂ ਲੱਤਾਂ ਹੁਣ ਮਰੀਆਂ ਜਿਹੀਆਂ ਰਹਿੰਦੀਆਂ ਨੇ। ਮੈਥੋਂ ਹੁਣ ਹੋਰ ਖੜ੍ਹਾ ਨਹੀਂ ਹੋਇਆ ਜਾਂਦਾ।" ਮੈਂ ਬੜੀ ਆਜਿਜ਼ੀ ਨਾਲ 'ਨੱਥ' ਨੂੰ ਬੇਨਤੀ ਕੀਤੀ।

"ਮਖ! ਮੇਰੀ ਅੱਲੋਂ ਤੂੰ ਜੰਮ-ਜੰਮ ਬਹੁ। ਬਹਿ ਜਾ, ਬਹਿ ਜਾ। ਪਰ ਜਦੋਂ ਡਿਪਟੀ ਦੀ ਮਾੜੀ ਜਿਹੀ 'ਵਾਜ ਵੀ ਆਏ, ਉਸੇ ਵੇਲੇ ਉਠ ਕੇ ਖਲੋ ਜਾਈਂ। ਅਜੈਬੇ ਦਾ ਤੈਨੂੰ ਸੁਭਾ ਪਤਾ ਈ ਐ।" ਨੱਥ ਨੇ ਸੁਚੇਤ ਕੀਤਾ।

"ਮੈਂ ਕਿਤੇ ਭੁੱਲਦਾਂ ਅਜੈਬੇ ਨੂੰ! ਭਾਅ, ਚਿੰਤਾ ਛੱਡ ਦੇਹ! 'ਵਾਜ ਪੈਣ ਦੀ ਡੇਰ ਆ, ਮੈਂ ਟਨਸ਼ੰਨ ਖੜਾ ਦਿਖੂੰਗਾ।" ਅਜੈਬੇ ਦੇ ਨਾਂ ਤੋਂ ਹੀ ਮੈਨੂੰ ਧੁੜਧੁੜੀ ਆ ਗਈ ਸੀ।

"ਚੰਗਾ, ਬਹੁ ਇਥੇ ਹੀ ਫੇਰ! ਮੈਂ ਚਾਹ ਦਾ ਕੱਪ ਭੇਜਦੈਂ ਤੇਰੇ ਲਈ! ਇਨ੍ਹਾਂ ਪਤਾ ਨਹੀਂ ਕਦੋਂ ਆਪਣੇ ਭਣੋਈਏ 'ਜੱਸੇ' ਨੂੰ ਲੈ ਕੇ ਆਉਣ? ਖੌਰੇ ਘੰਟਾ, ਦੋ ਘੰਟੇ, ਕਿ ਤਿੰਨ ਵੀ ਲੱਗ ਜਾਣ।" ਚੰਨੇ ਨੇ ਕਿਹਾ। ਮੈਂ ਮਸਕੀਨਾਂ ਵਾਂਗ ਹੱਥ ਜੋੜੇ ਤੇ ਅੱਖਾਂ ਰਾਹੀਂ ਹੀ ਉਸ ਦਾ ਧੰਨਵਾਦ ਕੀਤਾ। ਬਾਅਦ ਵਿਚ ਮੈਨੂੰ ਆਪਣੇ ਜੁੜੇ ਹੱਥਾਂ 'ਤੇ ਹੈਰਾਨੀ ਹੋਈ। ਕਿੱਥੇ ਮੇਰੇ ਨਾਂ 'ਤੇ ਪੰਜਾਹ ਲੱਖ ਰੁਪਏ ਦਾ ਇਨਾਮ ਸੀ। ਕਦੇ ਸਾਰਾ ਪੰਜਾਬ ਮੇਰੇ ਨਾਂ ਤੋਂ ਡਰਦਾ ਸੀ। ਅੱਜ ਮੈਂ ਮੰਗਤਾਂ ਹਾਂ!...ਮੈਂ ਕੀ ਦਾ ਕੀ ਹੋ ਗਿਆਂ? ਮੈਂ ਆਪਣੇ ਜੁੜੇ ਹੱਥਾਂ ਵੱਲ ਕਿੰਨੀ ਦੇਰ ਵੇਖਦਾ ਰਿਹਾ ਸਾਂ। ਥੰਮਲੇ ਨਾਲ ਢੋ ਲਾ ਕੇ ਬੈਠਿਆਂ ਮੇਰੀ ਸੁਰਤ 'ਜੱਸੇ ਮਰੂਤੀ' ਵੱਲ ਮੁੜ ਗਈ। ਅਤੀਤ ਮੇਰੀਆਂ ਅੱਖਾਂ ਅੱਗੇ ਇਉਂ ਸਹਿਜ ਨਾਲ ਘੁੰਮਣ ਲੱਗਾ ਕਿ ਮਨੋਂ ਮੈਂ ਅੱਜ ਵੀ ਉਥੇ ਹੀ ਤੁਰਦਾ ਫਿਰਦਾ ਹੋਵਾਂ। ਜੱਸਾ ਮਰੂਤੀ ਤਕਰੀਬਨ ਮੇਰੇ ਨਾਲ ਹੀ ਸੰਤਾਂ ਦੇ ਸੰਪਰਕ ਵਿਚ ਆਇਆ ਸੀ। ਮੈਂ ਸੰਨ ਕਿਆਸੀ ਵਿਚ ਬੀ.ਐਡ ਕਰਕੇ ਤਰਨਤਾਰਨ ਰੋਡ 'ਤੇ ਕਲਗੀਧਰ ਖ਼ਾਲਸਾ ਸਕੂਲ ਵਿਚ ਲਗ ਗਿਆ ਸਾਂ। ਸਕੂਲ ਮਿਡਲ ਤਕ ਸੀ, ਸ਼੍ਰੋਮਣੀ ਕਮੇਟੀ ਦੇ ਅਧੀਨ ਸੀ ਤੇ ਪੈਨਸ਼ਨੇਬਲ ਨੌਕਰੀ ਸੀ। ਮੈਂ ਪੱਕਾ ਸਾਂ ਤੇ ਸੁਹਣੀ ਨਿਭ ਰਹੀ ਸੀ। ਵਿਆਹ ਦੀ ਤਿਆਰੀ ਸੀ। ਏਦਾਂ ਹੀ ਸਾਲ, ਦੋ ਸਾਲ ਲੰਘ ਗਏ ਸਨ। ਇਕ ਦਿਨ ਮੈਨੂੰ ਸਕੂਲ ਦੇ ਪ੍ਰਧਾਨ ਨੂੰ ਮਿਲਣ ਦਰਬਾਰ ਸਾਹਿਬ ਅੰਮ੍ਰਿਤਸਰ ਜਾਣਾ ਪਿਆ। ਗੁਰੂ ਨਾਨਕ ਨਿਵਾਸ ਤੋਂ ਅੱਗੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਸਨ। ਮੈਨੂੰ ਦਫ਼ਤਰ ਦੇ ਬਾਹਰ ਬਣੇ ਬਰਾਂਡੇ ਵਿਚ ਬੈਠਣ ਤੇ ਇੰਤਜ਼ਾਰ ਕਰਨ ਲਈ ਕਿਹਾ ਗਿਆ ਸੀ। ਮੈਂ ਮਿਥੇ ਸਮੇਂ 'ਤੇ ਅੱਪੜ ਗਿਆ ਸਾਂ। ਇਹ ਸੰਤ ਭਿੰਡਰਾਂਵਾਲਿਆਂ ਦੀ ਪੂਰੀ ਚੜ੍ਹਾਈ ਦੇ ਦਿਨ ਸਨ। ਅਕਾਲ ਗੈਸਟ-ਹਾਊਸ ਤੋਂ ਲੈ ਕੇ ਗੁਰਦੁਆਰਾ ਬਾਬਾ ਅਟੱਲ ਜੀ ਤਕ ਸੰਤਾਂ ਦੇ ਸੇਵਕ ਰਿਵਾਲਵਰ ਪਾ ਕੇ ਘੁੰਮ ਰਹੇ ਸਨ। ਅੱਗੋਂ ਮੰਜੀ ਸਾਹਿਬ ਵਿਖੇ ਵੀ ਸ਼ਸਤਰਧਾਰੀ ਸਿੰਘ ਹਮੇਸ਼ਾ ਬੈਠੇ ਰਹਿੰਦੇ ਸਨ। ਦੋਹਾਂ ਧੜਿਆਂ ਦੇ ਸਿੰਘ ਹਮੇਸ਼ਾ ਪਹਿਰੇ 'ਤੇ ਰਹਿੰਦੇ ਸਨ। ਅਕਾਲ ਗੈਸਟ ਹਾਊਸ ਉਤੇ ਬੱਬਰਾਂ ਦਾ ਕਬਜ਼ਾ ਸੀ ਤੇ ਸਰਾਂ ਤੇ ਲੰਗਰ ਦੀ ਛੱਤ 'ਤੇ ਸੰਤਾਂ ਦੇ ਸੇਵਕ ਸਨ। ਦੋਵੇਂ ਧੜੇ ਇਕ ਦੂਜੇ ਨੂੰ ਘੋਰ ਨਫ਼ਰਤ ਕਰਦੇ ਸਨ। ਬੱਬਰਾਂ ਦੇ ਸਿਰਫ਼ ਬਾਰਾਂ ਜਣਿਆਂ ਦੀ ਭਰਤੀ ਸੀ ਤੇ ਤੇਰ੍ਹਵਾਂ ਉਨ੍ਹਾਂ ਦਾ ਮੁਖੀ ਜਰਮਨ ਭੱਜ ਗਿਆ ਹੋਇਆ ਸੀ।

ਉਥੇ ਮੈਨੂੰ ਇੰਤਜ਼ਾਰ ਕਰਦਿਆਂ ਕਾਫੀ ਸਮਾਂ ਹੋ ਗਿਆ। ਅੱਕ ਕੇ ਮੈਂ ਦਫ਼ਤਰੋਂ ਬਾਹਰ ਆ ਕੇ ਗੁਰਦੁਆਰਾ ਬਾਬਾ ਅਟੱਲ ਦੇ ਸਾਹਮਣੇ ਇਕ ਮਾਤਰ ਚਾਹ ਦੀ ਦੁਕਾਨ ਤੋਂ ਚਾਹ ਬਣਵਾ ਲਈ। ਸਾਹਮਣੇ ਦਿਸਦੇ ਉਚੇ ਪੁਰਾਣੇ ਅੰਬਰਸਰੀ ਮਕਾਨਾਂ ਦੀ ਛੱਤ 'ਤੇ ਸੀ.ਆਰ.ਪੀ. ਦੇ ਮੋਰਚੇ ਬਣੇ ਦਿਸਦੇ ਸਨ। ਸੀ. ਆਰ. ਪੀ. ਦੇ ਜਵਾਨ ਵੀ ਕਦੇ-ਕਦੇ ਸਿਰ ਕੱਢਦੇ। ਉਨ੍ਹਾਂ ਨੂੰ ਗੁਰਦੁਆਰਾ ਬਾਬਾ ਅਟੱਲ ਤੋਂ ਅੱਗੇ ਵਧਣ ਦਾ ਹੁਕਮ ਨਹੀਂ ਸੀ। ਉਧਰੋਂ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਹੋਟਲ ਤਕ ਆਉਣ ਦਾ ਹੀ ਹੁਕਮ ਸੀ। ਮੈਂ ਖਾੜਕੂਆਂ ਤੇ ਸੀ.ਆਰ.ਪੀ. ਦੀ ਕਸ਼ਮਕਸ਼ ਬਾਬਤ ਹੀ ਸੋਚਦਾ ਚਾਹ ਪੀ ਰਿਹਾ ਸਾਂ ਕਿ ਮੇਰਾ ਨਾਂ ਲੈ ਕੇ ਕਿਸੇ ਨੇ ਆਵਾਜ਼ ਮਾਰੀ। ਮੈਂ ਪਿੱਛੇ ਪਰਤ ਕੇ ਵੇਖਿਆ ਤਾਂ ਮੇਰਾ ਬੀ.ਏ., ਬੀ.ਐਡ ਦਾ ਜਮਾਤੀ ਜੋਤੀ ਹੁੰਦਲ ਖੜ੍ਹਾ ਸੀ। ਲੰਮਾ ਕੁੜਤਾ-ਪਜਾਮਾ, ਗੋਲ ਪੱਗ ਤੇ ਗਲ ਵਿਚ ਮਾਊਜ਼ਰ ਦੀ ਡੋਰੀ ਪਾਈ ਉਹ ਵੱਖਰਾ ਹੀ ਲੱਗ ਰਿਹਾ ਸੀ। ਪਰ ਮੈਂ ਪਹਿਲੀ ਨਜ਼ਰੇ ਹੀ ਉਸ ਨੂੰ ਪਛਾਣ ਲਿਆ। ਸਾਲ-ਦੋ ਸਾਲ ਪਿਛੋਂ ਮਿਲਣ ਕਾਰਨ ਉਸ ਕੋਲ ਦੱਸਣ ਲਈ ਕਈ ਕੁਝ ਸੀ। ਸਿੱਖ ਸਟੂਡੈਂਟ ਫੈਡਰੇਸ਼ਨ ਵਿਚ ਰਿਹਾ ਹੋਣ ਕਾਰਨ ਉਹ ਵੀ ਬਾਕੀ ਸਾਥੀਆਂ ਸਮੇਤ ਸੰਤਾਂ ਦੇ ਧੜੇ ਵਿਚ ਸ਼ਾਮਲ ਹੋ ਗਿਆ ਸੀ। ਸੰਧੂ ਗਰੁਪ ਨੇ, ਸਾਰੇ ਦੇ ਸਾਰੇ ਨੇ ਸੰਤਾਂ ਨੂੰ ਆਪਣਾ ਆਗੂ ਮੰਨ ਲਿਆ ਸੀ। ਦੂਸਰਾ ਧੜਾ ਵੀ ਭਾਵੇਂ ਵਿਦਿਆਰਥੀਆਂ ਦਾ ਸੀ, ਪਰ ਉਹ ਪ੍ਰੋ. ਕੰਦੂਕਾਦਰੇ ਅਧੀਨ ਸੰਤ ਲੌਂਗੋਵਾਲ ਨਾਲ ਸਨ। ਪਰ ਉਨ੍ਹਾਂ ਕੋਲ ਹਥਿਆਰ ਨਾਂਮਾਤਰ ਸਨ। ਇਧਰ ਹਥਿਆਰ ਵਧੇਰੇ ਸਨ। ਮੇਰੇ ਨਾਲ ਗੱਲਾਂ ਕਰਦਾ ਹੁੰਦਲ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੱਕ ਆਇਆ। ਮੈਂ ਦੱਸਿਆ ਕਿ ਮੈਂ ਪ੍ਰਧਾਨ ਨੂੰ ਮਿਲਣ ਆਇਆ ਸਾਂ। ਸਾਡੇ ਸਕੂਲ ਦੇ ਪ੍ਰਧਾਨ ਦੀ ਕਮੇਟੀ ਨਾਲ ਬੜੀ ਨੇੜਤਾ ਹੈ। ਸੁਣ ਕੇ ਉਹ ਹੱਸਣ ਲੱਗ ਪਿਆ ਤੇ ਕਹਿਣ ਲੱਗਾ, "ਕੋਈ ਕੰਮ ਹੈ ਈ ਤਾਂ ਦੱਸ! ਇਥੇ ਸਾਡੇ ਹੁਕਮ ਬਿਨਾਂ ਬੰਦੇ ਮੂਤਣ ਤਕ ਨਹੀਂ ਜਾ ਸਕਦੇ।" ਹੱਸਦੇ ਹੀ ਉਹ ਵਿਦਾ ਹੋ ਗਿਆ ਤੇ ਗੁਰੂ ਨਾਨਕ ਨਿਵਾਸ ਲੰਘ ਗਿਆ।

ਜਦੋਂ ਮੈਂ ਦੁਬਾਰਾ ਅੰਦਰ ਗਿਆ ਤਾਂ ਮੈਂ ਵੇਖਿਆ, ਦੂਰੋਂ ਹੀ ਮੇਰੇ ਸਕੂਲ ਦਾ ਪ੍ਰਧਾਨ ਮੇਰੇ ਵੱਲ ਵੇਖ ਰਿਹਾ ਸੀ। ਮੇਰੇ ਮਨ ਵਿਚ ਨਾ ਕੋਈ ਭਾਵ ਤੇ ਨਾ ਕੋਈ ਭੈਅ, ਮੈਂ ਸੁਤੇ ਸਿਧ ਜਾ ਉਹਨੂੰ ਫ਼ਤਿਹ ਬੁਲਾਈ। ਉਹਦਾ ਰੌਂ ਪਰ ਕੁਝ ਉਖੜਿਆ ਹੋਇਆ ਸੀ। ਫਤਿਹ ਦਾ ਜਵਾਬ ਦੇ ਕੇ ਉਸ ਸਿੱਧਾ ਹੀ ਪੁੱਛ ਲਿਆ, "ਇਹ ਕਿੱਦਾਂ ਜਾਣਦੈ ਤੁਹਨੂੰ?"

ਮੈਂ ਅੰਦਰੋਂ ਉਹਦੇ ਰੌਂ ਤੋਂ ਥੋੜ੍ਹਾ ਜਿਹਾ ਘਬਰਾ ਗਿਆ ਸਾਂ। ਪਰ ਮੈਂ ਪੱਕੀ ਆਵਾਜ਼ ਨਾਲ ਦੱਸਿਆ ਕਿ ਮੇਰਾ ਬੀ. ਐਡ. ਦਾ ਜਮਾਤੀ ਹੈ। ਪਹਿਲੇ ਦੋ ਕੁ ਮਿੰਟ ਉਹ ਚੁੱਪ ਰਿਹਾ, ਅੰਤ ਉਸ ਦੁਚਿੱਤੀ ਛੱਡ ਕੇ ਕਹਿ ਹੀ ਦਿੱਤਾ, "ਮਾਸਟਰ ਜੀ! ਤੁਸੀਂ ਕਿਹੜੇ ਵੇਲਿਆਂ ਵਿਚੋਂ ਲੰਘ ਰਹੇ ਹੋ? ਤੁਹਾਨੂੰ ਕਿਹੜਾ ਸਭ ਦਿਸਦਾ ਨਹੀਂ? ਅਸੀਂ ਤੇ ਟਕਸਾਲੀ ਅਕਾਲੀ ਹਾਂ। ਏਜੰਸੀਆਂ ਨੂੰ ਸਾਡਾ ਸਭ ਕੁਝ ਪਤੈ! ਪਰ ਤੁਸੀਂ ਤਾਂ ਅਸਲੋਂ ਨਵੇਂ ਸਓ! ਹੁਣ ਤੱਕ ਵੀਹ ਅੱਖਾਂ ਨੇ ਤੁਹਾਨੂੰ ਵੇਖ ਲਿਆ ਹੋਣੈ ਉਹਦੇ ਨਾਲ ਗੱਲਾਂ ਕਰਦਿਆਂ! ਤੇ ਉਹ ਵੀਹ ਦੀਆਂ ਵੀਹ ਅੱਖਾਂ ਹੀ ਜਾਂ ਤੇ ਸੀ. ਆਈ. ਡੀ. ਜਾਂ ਫਿਰ ਪੁਲਿਸ ਦੇ ਸੂਹੀਆ ਕੁੱਤਿਆਂ ਦੀਆਂ ਹੋਣੀਆਂ ਨੇ! ਨਾਲੇ ਜਿਸ ਹੁੰਦਲ-ਹਾਂਦਲ ਜਿਹੇ ਨਾਲ ਤੁਸੀਂ ਬੀ. ਐਡ ਵੇਲੇ ਦਾ ਦੋਸਤ ਹੋਣ ਦਾ ਦਾਅਵਾ ਕਰ ਰਹੇ ਸਓ, ਉਹਦੇ ਬਾਰੇ ਸੰਤ ਲੌਂਗੋਵਾਲ ਕੋਲ ਏਹੀ ਖ਼ਬਰ ਪਹੁੰਚੀ ਹੈ ਕਿ ਉਹ ਵੀ ਪੰਜਾਬ ਪੁਲਿਸ ਦਾ ਕਾਂਸਟੇਬਲ ਹੈ ਤੇ ਇੰਟੈਲੀਜੈਂਸ ਨੇ ਹੀ ਏਥੇ ਫਿਟ ਕੀਤਾ ਹੈ। ਉਤੋਂ ਸਿਆਪਾ ਇਹ ਵੇ ਕਿ ਸੰਤ ਭਿੰਡਰਾਂਵਾਲੇ ਕਦੇ ਵੀ ਲੌਂਗੋਵਾਲ ਜੀ ਦੀ ਸੂਚਨਾ ਨੂੰ ਸੱਚ ਨਹੀਂ ਮੰਨਦੇ।"

ਅਚਾਨਕ ਡਰ ਨਾਲ ਮੇਰੀਆਂ ਲੱਤਾਂ ਉਦੋਂ ਕੰਬ ਗਈਆਂ ਸਨ। ਅੱਜ ਮੈਂ ਜਿੰਨੇ ਤਸੀਹੇ ਝੱਲੇ ਨੇ, ਮਨ ਤਗੜਾ ਹੈ, ਪਰ ਤਨ ਖੋਖਲਾ ਹੈ। ਉਦੋਂ ਤਨ ਤਗੜਾ ਸੀ, ਪਰ ਮਨ ਡਰਪੋਕ ਸੀ। ਇੰਟੈਲੀਜੈਂਸ ਦੀਆਂ ਗੱਲਾਂ ਬਾਰੇ ਸੁਣ ਕੇ ਅਤੇ ਹਰ ਦੂਜੇ ਬੰਦੇ ਦਾ ਸੀ.ਆਈ.ਡੀ. ਦਾ ਹੋਣ ਬਾਰੇ ਸੋਚ ਕੇ ਮੈਂ ਡਰ ਗਿਆ ਸਾਂ ਤੇ ਪ੍ਰਧਾਨ ਸਾਹਮਣੇ ਅਵਾਕ ਖੜ੍ਹਾ ਸਾਂ। ਮੇਰੀ ਮੱਤ ਮਾਰੀ ਗਈ ਸੀ।

"ਹੁਣ ਜਾਉ ਤੁਸੀਂ ਘਰ! ਤੇ ਬਚ ਕੇ ਰਹਿਓ। ਮੈਨੂੰ ਸ਼ੱਕ ਹੈ ਕਿ ਇਹ ਹੁੰਦਲ ਹੀ ਕਿਧਰੇ ਤੁਹਾਡੀਆਂ ਬੇੜੀਆਂ ਵਿਚ ਵੱਟੇ ਨਾ ਪਾਵੇ।" ਪ੍ਰਧਾਨ ਜੀ ਨੇ ਮੈਨੂੰ ਇਹ ਕਹਿ ਕੇ ਤੋਰ ਦਿੱਤਾ ਸੀ।

ਉਦੋਂ ਕੀ ਪਤਾ ਸੀ ਕਿ ਪ੍ਰਧਾਨ ਜੀ ਦਾ ਕਿਹਾ ਇਕ-ਇਕ ਅੱਖਰ ਸੱਚਾ ਸਾਬਤ ਹੋਵੇਗਾ। ਤੇ ਇਕ ਦਿਨ ਏਹੀ ਹੁੰਦਲ ਤੇ ਏਹੀ ਏਜੰਸੀਆਂ ਦੇ ਸੂਹੀਏ ਕੁੱਤੇ ਮੇਰੇ ਘਰ-ਸੰਸਾਰ ਦਾ ਤੀਲਾ ਤੀਲਾ ਬਿਖੇਰ ਛੱਡਣਗੇ।

ਉਹੀ ਗੱਲ ਹੋਣੀ ਸੀ। ਦਸ ਕੁ ਦਿਨਾਂ ਤੱਕ ਮੈਨੂੰ ਮਹਿਸੂਸ ਹੋਣ ਲੱਗਾ ਕਿ ਮੇਰੇ 'ਤੇ ਨਿਗਾਹ ਰੱਖੀ ਜਾ ਰਹੀ ਹੈ। ਪਰ ਮੇਰੇ ਕੋਲੋਂ ਬੰਦੇ ਨਹੀਂ ਟਰੇਸ ਹੋ ਰਹੇ ਸਨ। ਇਸ ਤੋਂ ਕੁਝ ਦਿਨਾਂ ਮਗਰੋਂ ਹੀ ਅਚਾਨਕ ਜੋਤੀ ਹੁੰਦਲ ਤੇ ਉਹਦੇ ਨਾਲ ਇਕ ਭਾਰਾ ਜਿਹਾ ਸਰਦਾਰ ਮੇਰੇ ਘਰ ਆ ਗਏ। ਮੇਰੀ ਮਾਂ ਘਰ ਹੀ ਸੀ। ਛੋਟਾ ਭਰਾ ਤੇ ਭਾਪੇ ਹੁਰੀਂ ਕੰਮਾਂ-ਕਾਰਾਂ 'ਤੇ ਸਨ। ਉਨ੍ਹਾਂ ਨੂੰ ਵੇਖ ਕੇ ਮੈਂ ਡਰ ਗਿਆ ਸਾਂ। ਪਰ ਰਸਮੀਂ ਮੈਂ ਉਨ੍ਹਾਂ ਦਾ ਸਵਾਗਤ ਕੀਤਾ। ਉਹ ਵੀ ਪੰਜ-ਸੱਤ ਮਿੰਟ ਬਹਿ ਕੇ ਚਾਹ ਦਾ ਕੱਪ ਪੀ ਕੇ ਟੁਰ ਗਏ ਸਨ। ਜਾਂਦੇ-ਜਾਂਦੇ ਉਹ ਮੈਨੂੰ ਬੋਰਾ-ਜਿਹਾ ਫੜਾ ਗਏ ਸਨ। ਵੀਹ ਕੁ ਕਿੱਲੋ ਵਾਲੇ ਇਸ ਬੋਰੇ ਵਿਚ ਸਿਰਫ ਤਿੰਨ ਵੱਡੇ ਹਦਵਾਣੇ ਸਨ। ਦਸ ਕੁ ਕਿੱਲੋ ਦੇ ਹੋਣਗੇ। ਉਹ ਕਹਿਣ ਲੱਗੇ, "ਸਿੰਘਾਂ ਨੇ ਖਾਣ ਲਈ ਹਦਵਾਣੇ ਮੰਗੇ ਸਨ, ਪਰ ਸਾਡਾ ਪੁਲਸ ਪਿੱਛਾ ਕਰ ਰਹੀ ਹੈ, ਏਸ ਲਈ ਅਸੀਂ ਕੱਲ ਜਾਂ ਪਰਸੋਂ ਹਦਵਾਣੇ ਲੈ ਜਾਵਾਂਗੇ।"

ਉਹ ਤੇ ਚਲੇ ਗਏ, ਪਰ ਮੈਂ ਹਦਵਾਣੇ ਰਖਾ ਕੇ ਵੀ ਸੋਚੀਂ ਪਿਆ ਰਿਹਾ ਕਿ ਆਖ਼ਰ ਏਸ ਨਿਗੂਣੀ ਦੋ ਕੁ ਰੁਪਏ ਦੀ ਚੀਜ਼ ਨੂੰ ਰੱਖਣ ਲਈ ਉਹ ਮੇਰੇ ਘਰ ਜ਼ੋਖ਼ਮ ਉਠਾ ਕੇ ਆਏ ਸਨ। ਅਚਾਨਕ ਕੋਈ ਖ਼ਿਆਲ ਮੇਰੇ ਮਨ ਵਿਚ ਬਿਜਲੀ ਵਾਂਗ ਲਿਸ਼ਕਿਆ ਤੇ ਮੈਂ ਆਪਣੇ ਕਮਰੇ ਵਿਚ ਜਾ ਕੇ ਅੰਦਰੋਂ ਕੁੰਡਾ ਲਾਇਆ ਤੇ ਤਿੰਨੇ ਹੀ ਹਦਵਾਣੇ ਹਿਲਾਏ। ਵਾਰੀ-ਵਾਰੀ ਤਿੰਨਾਂ ਅੰਦਰੋਂ ਛਣਕਾਟਾ ਜਿਹਾ ਪਿਆ। ਫਿਰ ਮੈਂ ਧਿਆਨ ਨਾਲ ਵੇਖਿਆ। ਉਹ ਤਿੰਨੋਂ ਹੀ ਵਿਚਕਾਰੋਂ ਚੀਰ ਕੇ ਫਿਰ ਜੋੜੇ ਹੋਏ ਸਨ। ਹਿੰਮਤ ਕਰਕੇ ਮੈਂ ਇਕ ਖੋਲ੍ਹ ਲਿਆ। ਉਹ ਅੰਦਰੋਂ ਖਾਲੀ ਕਰਕੇ ਸੁਕਾਇਆ ਹੋਇਆ ਸੀ ਤੇ ਅੰਦਰ ਮੋਮੀ ਕਾਗਜ਼ ਵਿਚ ਗੋਲੀਆਂ ਤਹਿ ਕੀਤੀਆਂ ਪਈਆਂ ਸਨ। ਗੋਲੀਆਂ ਥੱਲੇ ਨਿੱਕੇ ਪਿਸਤੌਲ ਸਨ, ਤਿੰਨੇ ਵਿਚੋਂ ਇੱਕੋ ਜਿਹੇ, ਇਕਸਾਰ ਤੇ ਲਿਸ਼ਕਦੇ।...ਮੈਂ ਅੰਤਾਂ ਦਾ ਡਰ ਗਿਆ। ਰਾਤ ਨੀਂਦ ਨਾ ਪਈ। ਮੈਨੂੰ ਸਾਰੀ ਰਾਤ ਜਾਪਦਾ ਰਿਹਾ ਕਿ ਹੁਣ ਵੀ ਪੁਲਿਸ ਦੀ ਧਾੜ ਆਈ, ਹੁਣ ਵੀ ਆਈ। ਰੱਬ ਰੱਬ ਕਰਕੇ ਸਵੇਰ ਹੋਈ। ਸਕੂਲ ਮੇਰਾ ਦਿਲ ਨਾ ਟਿਕੇ। ਰੱਬ ਰੱਬ ਕਰਦਾ ਘਰ ਆਇਆ ਤਾਂ ਆ ਕੇ ਕਮਰੇ ਵਿਚ ਲੇਟ ਗਿਆ। ਮਾਂ ਨੇ ਕੁਝ ਪੁੱਛਿਆ, ਮੈਂ ਕੁੱਝ ਦੱਸਾਂ? ਸ਼ਾਮ ਹਨੇਰੇ ਪਏ ਭਾਪਾ ਜੀ ਤੇ ਭਰਾ ਵੀ ਆ ਗਏ, ਪਰ ਮੇਰਾ ਗੱਲ ਕਰਨ ਨੂੰ ਮਨ ਨਾ ਕਰੇ। ਸਾਡਾ ਚਾਰਾਂ ਜੀਆਂ ਦਾ ਪਰਿਵਾਰ ਸੀ ਤੇ ਕਿਸੇ ਦਾ ਜੇ ਦੰਦ ਵੀ ਦੁਖਦਾ ਸੀ ਤੇ ਬਾਕੀ ਤਿੰਨੇ ਫੱਟ ਉਹਦਾ ਕਸ਼ਟ ਬੁੱਝ ਲੈਂਦੇ ਸਨ। ਪਰਿਵਾਰ ਦੇ ਜੀਅ ਮੈਨੂੰ ਹਲਕੀ ਜਿਹੀ ਪੁੱਛ ਪ੍ਰਤੀਤ ਕਰਦੇ ਰਹੇ, ਪਰ ਮੈਂ ਕੋਈ ਲੜ-ਪੱਲਾ ਨਾ ਫੜਾਇਆ, ਦੱਸਦਾ ਵੀ ਕੀ? ਏਨੇ ਨੂੰ ਸਾਢੇ ਕੁ ਅੱਠ ਵਜੇ ਉਸੇ ਭਾਰੇ ਜਿਹੇ ਸਰਦਾਰ ਨੇ ਆ ਸਿਰੀ ਕੱਢੀ। ਦਰਵਾਜ਼ਾ ਖੜਕਾ ਕੇ ਉਸ ਨੇ ਮੈਨੂੰ ਬਾਹਰ ਬੁਲਾ ਲਿਆ ਤੇ ਹਦਵਾਣਿਆਂ ਵਾਲੀ ਬੋਰੀ ਦੇਣ ਲਈ ਕਿਹਾ। ਹਦਵਾਣੇ ਤੇ ਮੈਂ ਫੜਾ ਦਿੱਤੇ, ਪਰ ਬੜੀ ਪੱਕੀ ਆਵਾਜ਼ ਵਿਚ ਮੈਂ ਕਹਿ ਦਿੱਤਾ, "ਹੁੰਦਲ ਨੂੰ ਕਹਿਓ, ਮੈਨੂੰ ਮੁੜ ਕਦੇ ਏਡੇ ਇਮਤਿਹਾਨ ਵਿਚ ਨਾ ਪਾਵੇ, ਤੇ ਨਾ ਹੀ ਮੇਰੇ ਵੱਲ ਮੁੜ ਕਦੀ ਉਹ ਆਵੇ।" ਉਹ ਭਾਰਾ ਜਿਹਾ ਸਰਦਾਰ ਕੁਝ ਸਕਿੰਟ ਬੜੀ ਅਜੀਬ ਤਰ੍ਹਾਂ ਮੇਰੇ ਵੱਲ ਘੂਰਦਾ ਰਿਹਾ, ਬੋਲਿਆ ਕੁਝ ਨਹੀਂ। ਫੇਰ ਉਹ ਹਦਵਾਣੇ ਲੈ ਕੇ ਚੁੱਪ-ਚਾਪ ਚਲਾ ਗਿਆ।



ਬਸ ਉਹ ਦਿਨ ਤੇ ਆਹ ਦਿਨ। ਮੇਰੇ ਉਪਰ 'ਹੁੰਦਲ ਪ੍ਰਕੋਪ' ਸ਼ੁਰੂ ਹੋ ਗਿਆ। ਬਹੁਤ ਬਾਅਦ ਵਿਚ ਸੰਤਾਂ ਕੋਲ ਰਹਿ-ਰਹਿ ਕੇ ਮੈਨੂੰ ਪਤਾ ਲੱਗ ਗਿਆ ਸੀ ਕਿ ਉਹੀ ਹੁੰਦਲ ਮੇਰੀਆਂ ਜੜ੍ਹਾਂ ਵਿਚ ਬੈਠਾ ਸੀ। ਉਹ ਵੀ ਤਾਂ ਪਤਾ ਲੱਗਾ, ਜਦੋਂ ਏਸੇ ਜੱਸੇ, ਪੀ.ਟੀ. ਤੇ ਵਹਿਸ਼ੀ ਇੰਦਰਜੀਤ ਨੇ ਸੰਤਾਂ ਦੇ ਇਸ਼ਾਰੇ 'ਤੇ ਏਸ ਪੁਲਸੀਏ ਹੁੰਦਲ ਨੂੰ ਮਾਰ ਕੇ ਲਾਸ਼ ਦੇ ਟੁਕੜੇ ਕਰਕੇ ਬੋਰੀ 'ਚ ਪਾ ਬਾਗ਼ ਵਾਲੀ ਗਲੀ 'ਚ ਸੁੱਟੇ ਸਨ। ਉਥੋਂ ਪੁਲਿਸ ਆ ਕੇ ਚੁੱਪ-ਚਾਪ ਉਹ ਟੋਟੇ ਹੋਈ ਲੋਥ ਲੈ ਗਈ ਸੀ।

'ਹੁੰਦਲ ਤੇ ਹਦਵਾਣਿਆਂ ਵਾਲੀ' ਘਟਨਾ ਤੋਂ ਤੀਸਰੇ ਦਿਨ ਹੀ ਪੁਲਿਸ ਨੇ ਮੈਨੂੰ ਸਵੇਰੇ ਰਾਹ ਵਿਚੋਂ ਚੁੱਕ ਲਿਆ। ਮੈਂ ਅਜੇ ਘਰੋਂ ਨਿਕਲ ਕੇ ਗਲੀ ਮੁੜਿਆ ਹੀ ਸੀ ਕਿ ਚਿਟਕਪੜੀਏ ਪੰਜ-ਸੱਤ ਸਾਹਨਾਂ ਨੇ ਮੈਨੂੰ ਚੁੱਕ ਕੇ ਕੈਂਟਰ ਵਿਚ ਸੁੱਟ ਦਿੱਤਾ। ਕੈਂਟਰ ਭਜਾ ਕੇ ਉਹ ਮੇਰੇ ਪਿੱਛੇ ਹੀ ਚੜ੍ਹ ਗਏ। ਮੂੰਹ ਤੇ ਹੱਥ ਮੇਰੇ ਉਨ੍ਹਾਂ ਬੰਨ੍ਹ ਦਿੱਤੇ। ਦਸਾਂ ਮਿੰਟਾਂ ਬਾਅਦ ਹੀ ਅਸੀਂ ਅੰਮ੍ਰਿਤਸਰ ਦੇ ਬਦਨਾਮ ਸੀ.ਆਈ.ਏ. ਸਟਾਫ਼ ਦੇ ਕਮਰਿਆਂ ਵਿਚ ਸਾਂ। ਮੇਰੀ ਤਫ਼ਤੀਸ਼ ਦਾ ਜ਼ਿੰਮਾ ਐਸ. ਪੀ. (ਡੀ) ਰੰਧਾਵੇ ਕੋਲ ਸੀ। ਉਹਨੇ ਤੇ ਉਹਦੇ ਸਾਹਨਾਂ ਨੇ ਜਾਂਦਿਆਂ ਹੀ ਮੇਰੀਆਂ ਲੱਤਾਂ ਪਾੜ ਦਿੱਤੀਆਂ। ਦਰਦ ਨਾਲ ਮੇਰਾ ਸਿਰ ਚਕਰਾ ਗਿਆ, ਪਰ ਮੈਂ ਕਸੀਸ ਵੱਟ ਕੇ ਪੀ ਗਿਆ।

"ਤੂੰ ਆਪ ਹੀ ਸਾਰਾ ਕੁਛ ਦੱਸ ਦੇਹ! ਨਹੀਂ ਤੇ ਮਾਲ ਮੰਡੀ ਭੇਜ ਦਊਂਗਾ ਮੈਂ ਤੈਨੂੰ!" ਰੰਧਾਵੇ ਨੇ ਦਾਬਾ ਮਾਰਿਆ।

"ਮੈਂ ਕਦੋਂ ਨਾਬਰ ਆਂ? ਤੁਸੀਂ ਜੋ ਪੁੱਛਣੈ, ਪੁੱਛੋ?" ਮੇਰੀ ਆਵਾਜ਼ ਦਰਦ-ਭਰੀ ਸੀ।

"ਦੱਸ ਫੇਰ, ਇਹ ਹਦਵਾਣਿਆਂ ਵਾਲਾ ਸਿਲਸਿਲਾ ਕਦੋਂ ਦਾ ਚੱਲ ਰਿਹਾ ਹੈ?" ਰੰਧਾਵੇ ਨੇ ਪੈਂਦੀ ਸੱਟੇ ਕਿਹਾ।

ਮੈਂ ਸਮਝ ਗਿਆ ਸਾਂ ਕਿ ਇਨ੍ਹਾਂ ਨੂੰ ਜੋਤੀ ਹੁੰਦਲ ਤੇ ਹਦਵਾਣਿਆਂ ਵਾਲੀ ਗੱਲ ਦਾ ਪਤਾ ਹੈ। ਮੈਂ ਕਿਹੜਾ ਦੋਸ਼ੀ ਸਾਂ, ਏਸ ਲਈ ਅੱਖਰ-ਅੱਖਰ ਸਾਰੀ ਗੱਲ ਸੱਚ ਦੱਸ ਦਿੱਤੀ। ਗੱਲ ਸੁਣ ਕੇ ਰੰਧਾਵਾ ਨਾਰਮਲ ਹੋਣ ਦੀ ਥਾਂ ਸਗੋਂ ਗਾਲ੍ਹਾਂ ਕੱਢਣ ਲੱਗ ਪਿਆ, "ਮਾਂ ਚੋ...ਅਜੇ ਬੜਾ ਕੁਝ ਹੋਰ ਹੈਗੈ ਤੇਰੇ ਢਿੱਡ 'ਚ। ਤੂੰ ਏਦਾਂ ਨਹੀਂ ਦੱਸਣਾ। ਤੈਨੂੰ ਮਾਲ ਮੰਡੀ ਵਿਖਾਉਣੀ ਹੀ ਪਊ।"

"ਤੂੰ ਐਸ.ਪੀ. ਐਂ ਕਿ...ਦਾ ਸਿਰਾ ਏਂ? ਤੈਨੂੰ ਕਿਹਨੇ ਤਫਤੀਸ਼ੀਆਂ ਬਣਾ'ਤਾ? ਜੇ ਤੈਨੂੰ ਹੁੰਦਲ ਦਾ ਤੇ ਹਦਵਾਣਿਆਂ ਦਾ ਸਾਰਾ ਹਾਲ ਪਤੈ, ਤਾਂ ਤੈਨੂੰ ਤੇਰੇ ਸੂਹੀਆਂ ਭੈਣ ਚੋ... ਇਹ ਨਹੀਂ ਦੱਸਿਆ ਕਿ ਮੈਂ ਤੇ ਕਦੀ ਕਿਸੇ ਕੁੱਤੇ-ਬਿੱਲੇ ਦੇ ਡੰਡਾ ਨਹੀਂ ਮਾਰਿਆ। ਸਿਵਾਏ ਮਾਸਟਰੀ ਦੇ ਮੈਂ ਹੋਰ ਕੀ ਕੀਤੈ?"

ਗੁੱਸੇ ਵਿਚ ਮੈਥੋਂ ਕਿਹਾ ਗਿਆ। ਅਸਲ ਗੱਲ ਇਹ ਸੀ ਕਿ ਨੰਗੀਆਂ ਗਾਲ੍ਹਾਂ ਮੈਥੋਂ ਬਰਦਾਸ਼ਤ ਨਹੀਂ ਸਨ ਹੋ ਰਹੀਆਂ। ਮੇਰੀ ਏਨੀ ਸਪੱਸ਼ਟ ਸੁਣ ਕੇ ਰੰਧਾਵਾ ਤੇ ਉਸ ਦੇ ਸਾਥੀ ਮੈਨੂੰ ਲੱਤਾਂ ਨਾਲ ਕੁੱਟਣ ਲੱਗ ਪਏ। ਇਕ ਨੇ ਵੱਡੀ ਡਾਂਗ ਮਾਰ ਕੇ ਮੇਰੀ ਸੱਜੀ ਲੱਤ ਤੋੜ ਦਿੱਤੀ। ਮੈਂ ਦਰਦ ਨਾਲ ਲੂਹਰੀਆਂ ਲੈਂਦਾ ਡਿੱਗ ਪਿਆ। ਫੇਰ ਉਹ ਮੇਰੇ ਪੈਰਾਂ 'ਤੇ ਮੁੱਠੇ ਪਾਸੇ ਡਾਂਗਾਂ ਮਾਰਨ ਲੱਗ ਪਏ। ਮੈਂ ਗਾਲ੍ਹਾਂ ਕੱਢਣ ਲੱਗ ਪਿਆ, ਪਰ ਅੱਧ ਕੁ ਮਿੰਟ ਪਿਛੋਂ ਮੇਰੀ ਸੁਰਤ ਜਵਾਬ ਦੇ ਗਈ। ਜਦੋਂ ਹੋਸ਼ ਆਈ ਮੈਂ ਉਥੇ ਹੀ ਲੰਮਾ ਪਿਆ ਹੋਇਆ ਸਾਂ। ਸ਼ਾਮ ਤੱਕ ਮੇਰੇ ਸਾਥੀ, ਸ਼ੁਭਚਿੰਤਕ ਅੱਪੜ ਗਏ ਸਨ। ਮੁਹੱਲੇ ਦੇ ਮੁਹਤਬਰ ਵੀ ਨਾਲ ਸਨ। ਰੰਧਾਵੇ ਨੇ ਮੇਰੇ ਸਕੂਲ ਦੇ ਪ੍ਰਧਾਨ ਨੂੰ ਵੱਖਰਾ ਕਰਕੇ ਕਿਹਾ, "ਲੈ ਜਾਉ, ਪਰ ਅਸੀਂ ਇਸ ਤੋਂ ਅਜੇ ਬੜਾ ਕੁਝ ਕਢਾਉਣਾ ਏਓ।"

ਪ੍ਰਧਾਨ ਨੇ ਡਾਕਟਰ ਤੋਂ ਦਵਾਈ ਦਵਾਣ ਤੇ ਘਰ ਪੁਚਾਣ ਤੱਕ ਹਰ ਕਦਮ ਤੇ ਮੇਰਾ ਸਾਥ ਦਿੱਤਾ। ਜਾਣ ਲੱਗੇ ਨੇ ਨਿੱਜੀ ਤੌਰ 'ਤੇ ਮੈਨੂੰ ਪੈਸੇ ਵੀ ਦਿੱਤੇ। ਮੇਰੀ ਮਾਂ ਤੇ ਮੇਰੇ ਸ਼ਰੀਫ ਪਿਊ ਨੂੰ ਹੌਂਸਲਾ ਵੀ ਦਿੱਤਾ। ਨਿੱਕੇ ਭਰਾ ਨੂੰ ਵੀ ਢਾਰਸ ਬੰਨ੍ਹਾਈ। ਪਰ ਜਾਣ ਲੱਗਿਆਂ ਮੈਨੂੰ ਇਕੱਲਾ ਕਰਕੇ ਕਿਹਾ, "ਅੱਗੋਂ ਕੀ ਸੋਚਿਆ ਈ?"

"ਮੈਨੂੰ ਮਾਰ ਦਾ ਦੁੱਖ ਨਹੀਂ, ਭਾਵੇਂ ਮੇਰੀ ਲੱਤ ਫੇਰ ਤੋੜ ਲੈਣ। ਦੁੱਖ ਮੈਨੂੰ ਮੇਰੇ ਬੇਦੋਸ਼ੇ ਹੀ ਕੁਟੀਣ ਦਾ ਹੈ।" ਮੇਰੀਆਂ ਅੱਖਾਂ ਭਰ ਆਈਆਂ ਸਨ।

"ਕਾਕਾ! ਵਿਚਲੀ ਗੱਲ ਤੇ ਇਹ ਈ ਕਿ ਸਰਕਾਰੀ ਤੰਤਰ ਹੀ ਗੁਪਤ ਅਪ੍ਰੇਸ਼ਨ ਚਲਾ ਰਿਹੈ

(ਬਾਕੀ ਸਫਾ 35 ਉਤੇ)

# ਹਰਿੰਦਰ ਸਿੰਘ ਮਹਿਬੂਬ ਦੇ ਵਿਹੜੇ ਦਾ ਅਸਚਰਜ

***ਦਰਵੇਸ਼ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਦੀ ਤੀਜੀ ਬਰਸੀ 14 ਫਰਵਰੀ ਨੂੰ ਹੈ। ਉਸ ਦੀ ਕਵਿਤਾ ਵਿਚ ਕੁਦਰਤ ਦੀ ਮਹਿਮਾ ਅਤੇ ਸੰਜਮ ਭਰੀ ਪੇਸ਼ਕਾਰੀ ਖੂਬ ਰੰਗ ਬੰਨ੍ਹਦੇ ਹਨ। ਮਹਿਬੂਬ ਦੇ ਕਰੀਬੀ ਸਾਥੀ ਡਾ. ਗੁਰਤਰਨ ਸਿੰਘ ਦਾ ਮਹਿਬੂਬ ਦੇ ਮੁਢਲੇ ਜੀਵਨ ਅਤੇ ਰਚਨਾਵਾਂ ਨਾਲ ਸੰਵਾਦ ਰਚਾਉਂਦਾ ਇਹ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਮਹਾਨ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਦਾ ਜਨਮ 15 ਮਾਰਚ, 1937 ਨੂੰ ਪਿੰਡ ਚੱਕ ਨੰਬਰ 233, ਤਹਿਸੀਲ ਜੜ੍ਹਾਂਵਾਲਾ, ਜ਼ਿਲ੍ਹਾ ਲਾਇਲਪੁਰ ਵਿਚ ਹੋਇਆ। ਇਸ ਪਿੰਡ ਦੇ ਦੋਵੇਂ ਪਾਸੇ ਅਤੇ ਨਜ਼ਦੀਕ ਲਗਭਗ ਅੱਧਾ ਮੀਲ ਅਤੇ ਇਕ ਮੀਲ ਦੀ ਵਿੱਥ 'ਤੇ ਕ੍ਰਮਵਾਰ ਗਗੇਰਾ ਬਰਾਂਚ ਅਤੇ ਰੱਖ ਬਰਾਂਚ-ਦੋ ਨਹਿਰਾਂ ਵਗਦੀਆਂ ਸਨ। ਪਿੰਡ ਦੇ ਪੱਛਮ ਵਾਲੇ ਪਾਸੇ ਨਹਿਰ ਗਗੇਰਾ ਬਰਾਂਚ ਵਗਦੀ ਸੀ। ਇਸ ਨਹਿਰ ਦੇ ਪਾਰਲੇ ਪਾਸੇ ਸਾਡੇ ਪਿੰਡ ਚੱਕ ਨੰਬਰ 233 ਵਾਂਗ ਹੀ ਉਨੇ ਹੀ ਫਾਸਲੇ

**ਡਾ. ਗੁਰਤਰਨ ਸਿੰਘ**
**ਫ਼ੋਨ: 905-636-9515**

'ਤੇ ਪਿੰਡ 19 ਚੱਕ ਸੀ ਜੋ ਜ਼ਿਲ੍ਹਾ ਸੇਖ਼ੂਪੁਰੇ ਵਿਚ ਸੀ। ਦਿਲਚਸਪ ਗੱਲ ਇਹ ਹੈ ਕਿ ਇਹ ਸਾਰਾ ਪਿੰਡ ਜਾਂਗਲੀਆਂ ਦਾ ਸੀ। ਇਸੇ ਪਿੰਡ ਹੀ ਵਿਸ਼ਵ ਦੇ ਮਹਾਨ ਸ਼ਾਇਰ ਪ੍ਰੋ. ਪੂਰਨ ਸਿੰਘ ਸੰਨ 1911 ਤੋਂ ਲੈ ਕੇ ਲਗਭਗ 1917-18 ਤੱਕ ਰਹੇ। ਇਸ ਪਿੰਡ ਵਿਚ ਪ੍ਰੋ. ਪੂਰਨ ਸਿੰਘ ਨੂੰ ਸਰਕਾਰ ਵੱਲੋਂ ਰੋਸ਼ਾ ਘਾਹ ਲਗਾਉਣ ਲਈ, ਜਿਸ ਦਾ ਕਾਗਦ ਬਹਤ ਵਧੀਆ ਕਿਸਮ ਦਾ ਹੁੰਦਾ ਹੈ, 17 ਮੁਰੱਬੇ ਜ਼ਮੀਨ ਅਲਾਟ ਹੋਈ ਸੀ। ਇਕ ਮੁਰੱਬਾ ਪੰਝੀ ਏਕੜ ਦਾ ਹੁੰਦਾ ਸੀ। ਇੱਥੋਂ ਦੇ ਜਾਂਗਲੀ ਲੋਕਾਂ ਨਾਲ ਘੁੱਗ ਵਸਦੇ ਪਿੰਡ ਵਿਚ ਰਹਿੰਦਿਆਂ ਪ੍ਰੋ. ਪੂਰਨ ਸਿੰਘ ਨੇ ਆਪਣੀ ਅੰਗਰੇਜ਼ੀ ਵਿਚ ਰਚੀ ਪੁਸਤਕ 'ਦਿ ਸਪਿਰਟ ਬਾਰਨ ਪੀਪਲ' ਲਿਖੀ। ਇਸ ਕਿਤਾਬ ਦੀ ਭੂਮਿਕਾ ਵਿਚ ਪ੍ਰੋ. ਪੂਰਨ ਸਿੰਘ ਨੇ ਇਸ ਪਿੰਡ 19 ਚੱਕ ਦਾ ਪੂਰਾ ਪਤਾ ਵੀ ਲਿਖਿਆ ਹੋਇਆ ਹੈ। ਇਸੇ ਪਿੰਡ ਵਿਚ ਉਨ੍ਹਾਂ 'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ' ਅਤੇ 'ਖੁੱਲ੍ਹੇ ਅਸਮਾਨੀ ਰੰਗ' ਨਾਂ ਦੀਆਂ ਅਮੁੱਲ ਸਾਹਿਤਕ ਸਿਫ਼ਤਾਂ ਵਾਲੀਆਂ ਪੁਸਤਕਾਂ ਰਚੀਆਂ। 'ਜਾਂਗਲੀ ਛੋਹਿਰ' ਅਤੇ 'ਪੰਜਾਬ ਬਾਰ ਦੀ ਬਲੋਚ ਧੀ', 'ਪੰਜਾਬ ਬਾਰ ਵਿਚ ਤੜਫਦੀ ਘੁੱਗੀ' ਆਦਿ ਵਿਸ਼ੇਸ਼ ਤੌਰ 'ਤੇ 19 ਚੱਕ ਦੇ ਲੋਕਾਂ ਅਤੇ ਕੁਦਰਤ ਨਾਲ ਸਬੰਧਤ ਕਵਿਤਾਵਾਂ ਹਨ। ਉਨ੍ਹਾਂ 'ਦਿ ਸਪਿਰਟ ਬਾਰਨ ਪੀਪਲ' ਵਿਚ ਲਿਖਿਆ ਕਿ ਜੇ ਪੰਜਾਬ ਦੇ ਲੋਕਾਂ ਨੇ ਸਿੱਖੀ ਦੀਆਂ ਮੁੱਢਲੀਆਂ ਕੀਮਤਾਂ ਨੂੰ ਸਲਾਮਤ ਰੱਖ ਕੇ ਅੱਗੇ ਵਧਣਾ ਹੈ ਤਾਂ ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਕੱਚੇ ਘਰਾਂ ਵਿਚ ਰਹਿੰਦੇ ਜਾਂਗਲੀ ਲੋਕਾਂ ਵਾਂਗ ਅਤਿ ਸਾਦਗੀ ਵਿਚ ਰਹਿਣਾ ਚਾਹੀਦਾ ਹੈ। ਪ੍ਰੋ. ਪੂਰਨ ਸਿੰਘ ਨੂੰ ਵਿਸ਼ਵ ਦੇ ਮਹਾਨ ਸਾਹਿਤਕਾਰਾਂ ਵਾਂਗ ਆਦਿ ਕਾਲੀ ਜੀਵਨ ਹੀ ਪਸੰਦ ਸੀ ਜਿਸ ਉਪਰ ਸਾਮੀ, ਭਾਰਤੀ ਅਤੇ ਸਿੱਖ ਗੁਰੂਆਂ ਦੀ ਇਲਾਹੀ ਵਿਰਾਸਤ ਦੀਆਂ ਮੋਹਰਾਂ ਲੱਗੀਆਂ ਹੋਈਆਂ ਸਨ।

ਮਹਿਬੂਬ ਦਾ ਪਿੰਡ ਗਗੇਰਾ ਬਰਾਂਚ ਨਹਿਰ ਦੇ ਪੂਰਬ ਵਾਲੇ ਪਾਸੇ ਪ੍ਰੋ. ਪੂਰਨ ਸਿੰਘ ਦੇ ਪਿੰਡ ਤੋਂ ਮੁਸ਼ਕਿਲ ਨਾਲ ਡੇਢ ਮੀਲ ਸੀ। ਇਸ ਪਿੰਡ ਚੱਕ ਨੰਬਰ 233 ਦੀ ਨਹਿਰ ਗਗੇਰਾ ਬਰਾਂਚ ਤੋਂ ਥੋੜ੍ਹੇ ਗਜ਼ਾਂ ਦੇ ਫਾਸਲੇ 'ਤੇ ਫਕੀਰ ਗਰੀਬ ਦਾਸ ਦਾ ਡੇਰਾ ਸੀ। ਇਹ ਡੇਰਾ ਫਰਮਾਂਹ, ਸਲਵਾੜ੍ਹਾਂ, ਵਣਾਂ, ਟਾਹਲੀਆਂ ਅਤੇ ਕਿੱਕਰਾਂ ਦੇ ਸੰਘਣੇਪਣ ਵਿਚ ਆਬਾਦ ਸੀ। ਇਸ ਡੇਰੇ ਵਿਚ ਹਰ ਰੋਜ਼ ਪਿੰਡ ਦੇ ਨੌਜਵਾਨ ਮੁੰਡੇ ਕੁਸ਼ਤੀਆਂ ਕਰਦੇ ਸਨ। ਲਗਭਗ ਹਰ ਸ਼ਾਮ ਕੋਈ ਨਾ ਕੋਈ ਸੰਗੀਤ ਪਾਰਟੀ ਜਾਂ ਨਕਲੀਏ ਅਤੇ ਰਾਸਧਾਰੀ ਇਸ ਡੇਰੇ ਵਿਚ ਆਪਣੇ ਕਲਾਮਈ ਰੰਗ ਪੇਸ਼ ਕਰਦੇ।

ਚੱਕ ਨੰਬਰ 233 ਦੇ ਪੂਰਬ ਵਾਲੇ ਪਾਸੇ ਕੋਈ ਤਿੰਨ ਕੁ ਸੌ ਗਜ਼ ਦੇ ਫ਼ਾਸਲੇ 'ਤੇ ਰੇਲਵੇ ਲਾਈਨ ਸੀ। ਇਹ ਲਾਹੌਰ ਤੋਂ ਹੁੰਦੀ ਹੋਈ ਜ਼ਿਲ੍ਹਾ ਸ਼ੇਖ਼ੂਪੁਰਾ ਵਿਚੋਂ ਨਨਕਾਣਾ ਸਾਹਿਬ ਦੇ ਸਟੇਸ਼ਨ ਤੋਂ ਅੱਗੇ ਇਕ ਹੋਰ ਸਟੇਸ਼ਨ ਬੁਚੇਵਾਲ ਤੋਂ ਹੁੰਦੀ ਸਾਡੇ ਪਿੰਡ ਦੇ ਨਾਲ ਲਗਦੇ ਸਟੇਸ਼ਨ ਕਿਲਿਆਂ ਵਾਲਾ ਤੋਂ ਅੱਗੇ ਲਾਇਲਪੁਰ ਤੋਂ ਅੱਗੇ ਜਾਂਦੀ ਸੀ। ਇਸ ਰੇਲਵੇ ਲਾਈਨ ਅਤੇ ਪਿੰਡ ਦੇ ਤਿੰਨ ਸੌ ਗਜ਼ ਦੇ ਫਾਸਲੇ ਦੇ ਵਿਚਕਾਰ ਹੀ ਰੇਲਵੇ ਲਾਈਨ ਦੀ ਜੂਹ ਤੋਂ ਕੋਈ ਇਕ ਖੇਤ ਛੱਡ ਕੇ ਡੂੰਘੀ ਕੱਸੀ ਵਗਦੀ ਸੀ ਜਿਸ ਨੂੰ ਅਸੀਂ ਖਾਲਾ ਕਹਿੰਦੇ ਸਾਂ। ਇਸ ਕੱਸੀ ਦੇ ਨਾਲ ਹੀ ਸੰਘਣਾ ਤੇ ਭਾਰਾ ਜੰਡ ਸੀ। ਇਸ ਕੱਸੀ, ਜੰਡ, ਦੋਵੇਂ ਨਹਿਰਾਂ ਤੇ ਗਰੀਬਦਾਸ ਦੇ ਡੇਰੇ ਦਾ ਜ਼ਿਕਰ ਹਰਿੰਦਰ ਸਿੰਘ ਮਹਿਬੂਬ ਦੀ 'ਝਨਾਂ ਦੀ ਰਾਤ' ਕਾਵਿ ਪੁਸਤਕ ਦੀ ਤੀਜੀ ਕਿਤਾਬ 'ਪਿਆਰੇ ਦਾ ਦੇਸ' ਵਿਚ ਪੂਰੇ ਕਾਵਿਕ ਆਵੇਸ਼ ਦੇ ਵਿਲੱਖਣ ਹੜ੍ਹਾਂ ਵਿਚ ਅਕਸਰ ਆਉਂਦਾ ਹੈ:

ਉਚੇ ਟਿੱਬੇ ਤੇ ਡੂੰਘੀਆਂ ਕੱਸੀਆਂ ਵੇ,
ਰਾਹਾਂ ਜੋਗਨਾਂ ਮਾਹੀਏ ਨੇ ਦੱਸੀਆਂ ਵੇ।
ਪਾਰ ਸਿਖਰ ਦੁਪਹਿਰਾਂ ਦਾ ਢੋਲ ਸੁਣੇ,
ਪੀਲ੍ਹਾਂ ਛੋੜ ਕੇ ਨਾ ਜਾਵੀਂ ਪੱਕੀਆਂ ਵੇ।
ਜਾਂ
ਉਸ ਸੁੰਝੇ ਜੰਡ ਦੇ ਹੇਠ ਵੇ,
ਜਦ ਚੜ੍ਹੇ ਮਹੀਨਾ ਜੇਠ ਵੇ।
ਤੈਨੂੰ ਨੀਂਦਾਂ ਪੈਣ ਸਵੱਲੀਆਂ ਓ ਯਾਰ,
ਜ਼ਰਾ ਨਜ਼ਰ ਮਾਰ ਮੈਂ 'ਕੱਲੀ ਆਂ ਓ ਯਾਰ।

ਇਥੇ ਜੋ ਬਣ ਦਾ ਜ਼ਿਕਰ ਹੈ, ਇਹ ਜੰਗਲ ਲਈ ਨਹੀਂ, ਸਗੋਂ ਬਣ ਇਕ ਬਿਰਛ ਹੈ ਜਿਸ ਨੂੰ ਵੰਨ-ਸੁਵੰਨੇ ਰੰਗਾਂ ਦੀਆਂ ਛੋਟੀਆਂ ਛੋਟੀਆਂ ਅਤਿ ਮਿੱਠੀਆਂ ਪੀਲ੍ਹਾਂ ਲਗਦੀਆਂ ਹਨ। ਇਸ ਰੇਲਵੇ ਲਾਈਨ ਦੇ ਉਤਰ ਵਾਲੇ ਪਾਸੇ ਚੱਕ ਨੰਬਰ 233 ਤੋਂ ਕੋਈ ਦਸ ਕੁ ਮੀਲ ਦੀ ਵਿੱਥ 'ਤੇ ਗੁਰੂ ਨਾਨਕ ਦਾ ਜਨਮ ਸਥਾਨ ਨਨਕਾਣਾ ਸਾਹਿਬ ਸੀ। ਇਸ ਗੁਰਦੁਆਰੇ ਦੇ ਨਾਂ ਰਾਇ ਬੁਲਾਰ ਨੇ ਆਪਣੀ ਅੱਧੀ ਜਾਇਦਾਦ, ਭਾਵ ਪੌਣੇ ਦੋ ਲੱਖ ਬਿੱਘਾ ਕਰਵਾਈ ਹੋਈ ਸੀ। ਇਸ ਜਨਮ ਸਥਾਨ 'ਤੇ ਹਰ ਸਾਲ ਗੁਰੂ ਨਾਨਕ ਦੇ ਜਨਮ ਦਿਹਾੜੇ 'ਤੇ ਨਵੰਬਰ ਵਿਚ ਵੱਡਾ ਮੇਲਾ ਭਰਦਾ ਸੀ। ਮੇਰੀ ਉਮਰ ਉਸ ਵੇਲੇ ਕੋਈ ਸਾਢੇ ਕੁ ਛੇ ਸਾਲ ਸੀ। ਮੈਂ ਇਹ ਮੇਲਾ ਤਿੰਨ ਵਾਰ ਵੇਖਿਆ। ਸਾਰੇ ਲੋਕ ਜਿਨ੍ਹਾਂ ਵਿਚ ਮੇਰੇ ਨਾਲੋਂ ਪੂਰੇ ਚਾਰ ਸਾਲ ਵੱਡਾ ਹਰਿੰਦਰ ਸਿੰਘ ਮਹਿਬੂਬ ਵੀ ਸ਼ਾਮਿਲ ਹੁੰਦਾ, ਇਸ ਮੇਲੇ ਦਾ ਰਸ ਘੱਟ ਤੋਂ ਘੱਟ ਚਾਰ ਦਿਨ ਉਥੇ ਰਹਿ ਕੇ ਮਾਣਦੇ। ਕਸਬੇ ਨੂੰ ਛੱਡ ਕੇ ਨਾਨਕਾਣਾ ਸਾਹਿਬ ਦੀ ਉਸ ਵੇਲੇ ਦੀ ਸਾਰੀ ਧਰਤੀ ਬਣ, ਕਰੀਰ, ਕਿੱਕਰਾਂ, ਮਲ੍ਹੇ, ਬੇਰੀਆਂ, ਸਲਵਾੜ੍ਹ, ਪਿਲਸੀ (ਫਰਮਾਂਹ) ਅਤੇ ਟਾਹਲੀਆਂ ਨਾਲ ਗਚਾ-ਗਚ ਭਰੀ ਹੋਈ ਸੀ। ਪਿਲਸੀ ਦੇ ਦਰਖ਼ਤ ਦੇ ਪੱਤੇ ਲੰਮੇ-ਲੰਮੇ ਵਾਲਾਂ ਵਰਗੇ ਹਰੇ ਕਚੂਰ ਰੰਗ ਦੇ ਅਤਿ ਪਤਲੇ ਅਤੇ ਜਰਖੇਜ਼ ਸਨ। ਜਦੋਂ ਤੇਜ਼ ਹਵਾ ਵਗਦੀ ਤਾਂ ਨਗਾਰੇ ਦੀ ਮਿੱਠੀ ਧੀਮੀ ਆਵਾਜ਼ ਵਾਂਗ ਸਾਰਾ ਕੁਦਰਤੀ ਮਾਹੌਲ ਮਧੁਰ ਸੰਗੀਤ ਦੀ ਗੂੰਜ ਨਾਲ ਭਰ ਜਾਂਦਾ। ਸੰਘਣੇ ਰੁੱਖਾਂ ਵਿਚ ਸਿਖਰ ਦੁਪਹਿਰੇ ਅਕਸਰ ਬੀਂਡਿਆਂ ਦੀ ਤਿੱਖੀ ਤੇ ਚੀਕਵੀਂ ਆਵਾਜ਼ ਨਾਲ ਗਰਮ ਰੁੱਤ ਦਾ ਸੰਗੀਤਕ ਮਾਹੌਲ ਗੁਰੂ ਨਾਨਕ 'ਬਾਰਾਂ ਮਾਹਾ ਤੁਖਾਰੀ' ਦੀ ਯਾਦ ਨੂੰ ਸਜੀਵ ਰੂਪ ਵਿਚ ਸਾਹਮਣੇ ਲੈ ਆਉਂਦਾ। 'ਟੀਡੁ ਲਵੈ ਮੰਝਿ ਬਾਰੇ॥' ਦੀ ਵਿਸ਼ੇਸ਼ ਯਾਦ ਆਉਂਦੀ।

ਮਹਿਬੂਬ ਦੀ ਉਮਰ ਉਸ ਵੇਲੇ ਕੋਈ ਦਸ ਸਾਲ ਸੀ। ਉਹ ਪਿੰਡ ਤੋਂ ਕੋਈ ਢਾਈ ਕੁ ਮੀਲ ਦੀ ਵਿੱਥ 'ਤੇ ਪੈਂਦੇ ਪਿੰਡ 124 ਚੱਕ ਦੇ ਸਕੂਲ ਕੁਝ ਸਮਾਂ ਚੌਥੀ ਜਮਾਤ ਵਿਚ ਪੜ੍ਹਨ ਗਿਆ ਸੀ। ਇਸ ਸਕੂਲ ਦੇ ਉਸ ਵੇਲੇ ਦੇ ਅਧਿਆਪਕ ਅਬਦੁਲ ਗਫ਼ੂਰ ਕੁਰੈਸ਼ੀ ਸਨ। ਮਹਿਬੂਬ ਨੇ ਜਦੋਂ ਅਬਦੁਲ ਗਫ਼ੂਰ ਨੂੰ ਪਿਆਰ ਭਰਿਆ, ਸਕੂਲ ਦੀਆਂ ਮਿੱਠੀਆਂ ਯਾਦਾਂ ਨਾਲ ਸਬੰਧਤ ਖ਼ਤ ਲਿਖਿਆ ਤਾਂ ਇਕਦਮ ਉਨ੍ਹਾਂ ਦਾ ਜਵਾਬ ਆਇਆ, "ਮੈਂ ਤੇਰਾ ਇਹ ਖ਼ਤ ਪੜ੍ਹ ਕੇ ਬਹੁਤ ਰੋਇਆ, ਉਨ੍ਹਾਂ ਪੁਰਾਣੇ ਦਿਨਾਂ ਨੂੰ ਯਾਦ ਕਰ ਕੇ, ਅਤੇ ਤੇਰੀ ਮੇਰੇ ਵਿਦਿਆਰਥੀ ਦੇ ਤੌਰ 'ਤੇ ਤਰੱਕੀ ਨੂੰ ਤੇ ਪ੍ਰਤਿਭਾ ਨੂੰ ਜਾਣ ਕੇ।"

ਮੀਆਂ ਗਫ਼ੂਰ ਅਨੁਸਾਰ ਉਨ੍ਹਾਂ ਨੇ ਇਹ ਖ਼ਤ ਸਕੂਲ ਦੇ ਵਿਦਿਆਰਥੀਆਂ ਨੂੰ ਪੜ੍ਹ ਕੇ ਵੀ ਸੁਣਾਇਆ ਜੋ ਮਿਡਲ ਸਕੂਲ ਬਣ ਚੁਕਿਆ ਹੈ। ਸਕੂਲ ਦਾ ਲਗਭਗ ਢਾਈ ਮੀਲ ਦਾ ਰਸਤਾ ਦਿਲਚਸਪ ਸੀ ਜੋ ਮਹਿਬੂਬ ਦੇ ਕਾਵਿ ਅਨੁਭਵ ਦਾ ਸਦਾ ਅਨਿਖੜ ਅੰਗ ਰਿਹਾ। ਰਸਤੇ ਵਿਚ ਬਾਬਾ ਅਮਰ ਸਿੰਘ ਦਾ ਸੰਘਣੀਆਂ ਛਾਂਵਾਂ ਵਾਲਾ ਵੱਡਾ ਬਣ ਦਾ ਦਰਖ਼ਤ ਸੀ ਜਿਸ ਥੱਲੇ ਬਾਬੇ ਦੇ ਦੋ ਪਰੀਆਂ ਵਰਗੇ ਬਲਦ ਬਣ ਦੇ ਦੁਆਲੇ ਬਣੀ ਖੁਰਲੀ ਨਾਲ ਬੰਨ੍ਹੇ ਹੁੰਦੇ। ਇਹ ਬਲਦ ਗੱਡੀ ਦੇ ਤੇਜ਼ ਅਤੇ ਮਸ਼ਹੂਰ ਦੌੜਾਕ ਮੰਨੇ ਹੋਏ ਸਨ ਜਿਨ੍ਹਾਂ ਦਾ ਮੁਕਾਬਲਾ ਅਕਸਰ ਨਨਕਾਣਾ ਸਾਹਿਬ ਦੇ ਮੇਲੇ ਵੇਲੇ ਹੁੰਦਾ ਸੀ। ਇਸੇ ਬਣ ਥੱਲੇ ਸਾਰੇ ਪਿੰਡ ਦੇ ਮੁੰਡੇ ਸਕੂਲ ਤੋਂ ਮੁੜਨ ਵੇਲੇ ਅਕਸਰ ਘੋਲ ਅਤੇ ਕਬੱਡੀ ਦੀ ਖੇਡ ਰਚਾਉਂਦੇ। ਇਸੇ ਰਸਤੇ ਵਿਚ ਲੰਮੀ ਸੰਘਣੇ ਦਰਖ਼ਤਾਂ ਵਾਲੀ ਬੇਸ ਲਾਈਨ ਸੀ ਜੋ ਗਗੇਰਾ ਬਰਾਂਚ ਨਹਿਰ ਦੇ ਪਾਰ ਤੱਕ ਜਾਂਦੀ ਸੀ। ਇਹ ਬੇਸ ਲਾਈਨ ਆਉਣ ਵਾਲੇ ਸਮੇਂ ਵਿਚ ਸਿੱਧੀ ਅਤੇ ਚੌੜੀ ਸੜਕ ਬਣਾਉਣ ਲਈ ਖੇਤਾਂ ਵਿਚਕਾਰ ਦੂਰ ਤੱਕ ਛੱਡੀ ਹੋਈ ਸੀ। ਇਸ ਦੇ ਸੰਘਣੇ ਵੰਨ-ਸੁਵੰਨੇ ਰੁੱਖਾਂ ਦੀ ਖੂਬਸੂਰਤੀ ਕਵੀ ਮਹਿਬੂਬ ਦੇ ਕਾਵਿ ਅਨੁਭਵ ਦੇ ਸਦਾ ਅੰਗ-ਸੰਗ ਰਹੀ। ਇਸ ਰਸਤੇ ਦੇ ਨਾਲ ਹੀ ਡੂੰਘਾ ਸੇਮ ਨਾਲਾ ਪੁੱਟਿਆ ਹੋਇਆ ਸੀ ਜਿਸ ਵਿਚ ਹੱਦ ਦਰਜੇ ਦੀਆਂ ਵਧੀਆ ਖੁੰਬਾਂ ਰੋਜ਼ ਉੱਗਦੀਆਂ। ਰਸਤੇ ਵਿਚ ਅੰਬਾਂ, ਸੰਤਰਿਆਂ ਅਤੇ ਮਾਲਟਿਆਂ ਦੇ ਦੋ ਬਾਗ ਸਨ। ਮਹਿਬੂਬ ਇਨ੍ਹਾਂ ਬਾਗਾਂ ਨੂੰ ਆਪਣੀਆਂ ਕਵਿਤਾਵਾਂ ਵਿਚ ਅਕਸਰ ਯਾਦ ਕਰਦੇ ਸਨ।

ਬਣ ਬੇਲਾ ਫੁੱਲਿਆ ਭੇਦ ਕਿਹਾ,
ਖੁੱਲ੍ਹ ਖੁੱਲ੍ਹ ਕੇ ਲੰਮਿਆਂ ਕੇਸਾਂ ਵੇ।
ਤੇਰੇ ਸੰਤਰਿਆਂ ਦੇ ਬਾਗਾਂ ਵਿਚ,
ਨਾ ਕੂਣ ਹੱਥਾਂ ਦੀਆਂ ਰੇਖਾਂ ਵੇ।



ਚੌਥੀ ਦੀ ਪੜ੍ਹਾਈ ਤੋਂ ਪਿੱਛੋਂ ਮਹਿਬੂਬ, ਤਹਿਸੀਲ ਜੜ੍ਹਾਂ ਵਾਲੇ ਦੇ ਮਿਡਲ ਸਕੂਲ ਵਿਚ ਦਾਖ਼ਲ ਹੋ ਗਿਆ। ਇਸੇ ਸਕੂਲ ਵਿਚ ਸ਼ਹੀਦ ਭਗਤ ਸਿੰਘ, ਮਹਿਬੂਬ ਦੇ ਪਿਤਾ ਨਾਲੋਂ ਇਕ ਸਾਲ ਅੱਗੇ ਪੜ੍ਹਦਾ ਸੀ। ਭਗਤ ਸਿੰਘ ਕੋਲ ਸੰਸਕ੍ਰਿਤ ਵਿਸ਼ਾ ਵੀ ਸੀ ਜਿਸ ਵਿਚ ਉਸ ਦੇ 100 ਵਿਚੋਂ 90 ਨੰਬਰ ਸਨ। ਮਹਿਬੂਬ ਦੇ ਪਿਤਾ ਦੇ ਕਹਿਣ ਅਨੁਸਾਰ ਭਗਤ ਸਿੰਘ ਬਹੁਤ ਸ਼ੋਈ (Showy) ਸੀ। ਮਹਿਬੂਬ ਨੇ 'ਝਨਾਂ ਦੀ ਰਾਤ' ਦੀ ਤੀਜੀ ਕਿਤਾਬ 'ਪਿਆਰੇ ਦਾ ਦੇਸ਼' ਵਿਚ ਤਿੰਨ ਕਵਿਤਾਵਾਂ 'ਸ਼ਹੀਦ ਭਗਤ ਸਿੰਘ ਨੂੰ ਆਵਾਜ਼ਾਂ', 'ਸ਼ਹੀਦ ਭਗਤ ਸਿੰਘ ਦੀ ਯਾਦ ਵਿਚ' ਅਤੇ 'ਸ਼ਹੀਦ ਭਗਤ ਸਿੰਘ ਦੇ ਅੰਗਿਆਰਾਂ ਕੋਲ' ਲਿਖੀਆਂ। ਅਨੁਭਵ ਦੀ ਪਰਵਾਜ਼ ਦੇ ਪੱਖ ਤੋਂ ਇਹ ਤਿੰਨੇ ਕਵਿਤਾਵਾਂ ਬੇਮਿਸਾਲ ਹਨ:

ਤੇਗਾਂ ਦੀ ਛਾਂ ਥੱਲੇ
ਵੱਲ ਕਚਹਿਰੀਆਂ ਗਾਂਵਦਾ ਆਵੇ
ਭਗਤ ਸਿੰਘ ਸ਼ੇਰ ਪੰਜਾਬ ਦਾ ਲਾਡਲਾ
ਮੌਤ ਤੋਂ ਅੱਗੇ ਨਿਕਲਿਆ
ਉਸ ਦੇ ਗੀਤ ਦਾ ਕਾਫ਼ਲਾ
ਤੇਗਾਂ ਦੀ ਧਾਰ ਵੱਲ ਹੁਸਨ ਨੱਚਦਾ ਆਇਆ
ਆਉਂਦੇ ਜੱਲਾਦ ਗਾਂਵਦੇ ਨਾਲ ਹੀ
ਤੇਗ ਨੂੰ ਕਿਸ ਨੇ ਆਵਾਜ਼ ਮਾਰੀ?
ਸਭ ਜੱਲਾਦ ਹੈਰਾਨ ਹੋ ਵੇਖਦੇ!!
(ਸਫ਼ਾ 114)

ਤੇਗਾਂ ਛਾਵੇਂ ਖੇਡਿਆ,
ਕਰਤਾਰ ਦਾ ਵੀਰਾ।
ਊਧਮ ਸਿੰਘ ਜਿਹੇ ਬਲੀ
ਤੇ ਸਰਦਾਰ ਦਾ ਵੀਰਾ।
ਮਹਾਂਬਲੀ ਲਾਹੌਰ ਦੀ,
ਸਰਕਾਰ ਦਾ ਵੀਰਾ।
ਕਲਗੀ ਵਾਲੇ ਨਿਹਕਲੰਕ,
ਅਵਤਾਰ ਦਾ ਹੀਰਾ।
ਭਗਤ ਸਿੰਘ ਨੇ ਦੇਖਿਆ,
ਇਕ ਬਾਜ਼ ਨਿਰਾਸਾ।
ਥਲ ਥਲ ਸਿਸਕਣ ਵੇਖ ਕੇ,
ਕੋ ਪੀਰ ਉਦਾਸਾ।
ਮਹਾਂ ਸਿੰਘ ਨੂੰ ਰਣਾਂ ਵਿਚ,
ਜੋ ਮਿਲਿਆ ਪਿਆਸਾ।
ਜੋ ਤੇਗਾਂ ਛਾਂਵੇਂ ਦੇਂਵਦਾ,
ਭਰ ਨੈਣ ਦਿਲਾਸਾ। (ਸਫ਼ਾ 143)

ਜੜ੍ਹਾਂ ਵਾਲੇ ਸ਼ਹਿਰ ਵਿਚ ਹਰਿੰਦਰ ਸਿੰਘ ਮਹਿਬੂਬ ਦਾ ਪਿਤਾ ਸ. ਉਜਾਗਰ ਸਿੰਘ ਸਰਕਾਰੀ ਹਸਪਤਾਲ ਵਿਚ ਕੰਪਾਊਂਡਰ ਸੀ। ਮੇਰੇ ਪਿਤਾ ਸ. ਸੰਤ ਸਿੰਘ ਦੇ ਜੜ੍ਹਾਂ ਵਾਲੇ ਸਹੁਰੇ ਸਨ। ਮਹਿਬੂਬ ਅਤੇ ਸਾਡਾ 233 ਚੱਕ ਪਿੰਡ ਵਿਚ ਘਰ ਆਹਮੋ-ਸਾਹਮਣੇ ਸਨ। ਵਿਚਕਾਰ ਚੌੜੀ ਗਲੀ ਲੰਘਦੀ ਸੀ। ਸ. ਸੰਤ ਸਿੰਘ ਅਤੇ ਸ. ਉਜਾਗਰ ਸਿੰਘ ਗੂੜ੍ਹੇ ਮਿੱਤਰ ਸਨ ਅਤੇ ਦੋਵੇਂ ਉਸ ਵੇਲੇ ਦੇ ਕਾਫ਼ੀ ਮਸ਼ਹੂਰ ਕਵੀ ਸਨ। ਸੰਤ ਸਿੰਘ ਕਲਾਸੀਕਲ ਰਾਗ ਦਾ ਗਾਇਕ ਅਤੇ ਸਾਰੰਗੀ, ਬੰਸਰੀ ਅਤੇ ਵਾਇਲਨ ਦਾ ਮਾਹਿਰ ਸਾਜ਼ਿੰਦਾ ਸੀ। ਜੜ੍ਹਾਂ ਵਾਲੇ ਸ਼ਹਿਰ ਤੋਂ ਕੋਈ ਪੰਜ ਕੁ ਮੀਲ ਦੀ ਵਿੱਥ 'ਤੇ ਮਿਰਜ਼ੇ ਦਾ ਪਿੰਡ ਦਾਨਾਬਾਦ ਸੀ। ਦੋਹਾਂ ਨੇ ਇਕ ਦਿਨ ਦਾਨਾਬਾਦ ਵੇਖਣ ਦੀ ਸਲਾਹ ਬਣਾਈ। ਸ. ਉਜਾਗਰ ਸਿੰਘ ਕੋਲ ਹੀ ਇਸ ਵੇਲੇ ਜੜ੍ਹਾਂ ਵਾਲੇ ਸਕੂਲ ਵਿਚ ਮਹਿਬੂਬ ਪੜ੍ਹਦਾ ਸੀ। ਸ. ਉਜਾਗਰ ਸਿੰਘ ਦਾ ਬਾਕੀ ਸਾਰਾ ਪਰਿਵਾਰ ਪਿੰਡ 233 ਚੱਕ ਵਿਚ ਸੀ। ਸੋ, ਸ. ਉਜਾਗਰ ਸਿੰਘ ਨੇ ਆਖਿਆ ਕਿ ਦਾਨਾਬਾਦ ਜਾਣਾ ਹੈ, ਇਸ ਮੁੰਡੇ ਦਾ ਕੀ ਕਰੀਏ? ਮੇਰੇ ਪਿਤਾ ਨੇ ਆਖਿਆ, "ਇਸ ਮੁੰਡੇ ਨੂੰ ਵੀ ਨਾਲ ਲੈ ਚੱਲਦੇ ਹਾਂ।" ਮਹਿਬੂਬ ਦੇ ਦੱਸਣ ਅਨੁਸਾਰ ਉਸ ਨੂੰ ਦਾਨਾਬਾਦ ਸ. ਸੰਤ ਸਿੰਘ ਦੀ ਹਿੰਮਤ ਨਾਲ ਹੀ ਦੇਖਣ ਦਾ ਮੌਕਾ ਮਿਲਿਆ। ਉਸ ਨੇ 'ਝਨਾਂ ਦੀ ਰਾਤ' ਦੀ ਪੰਜਵੀਂ ਕਿਤਾਬ 'ਝਨਾਂ ਦੀ ਰਾਤ' (ਇਸ ਕਿਤਾਬ ਵਿਚ ਸੱਤ ਪੁਸਤਕਾਂ ਸ਼ਾਮਲ ਹਨ) ਵਿਚ 'ਮਿਰਜ਼ੇ ਦੀ ਨੀਂਦ' ਦੇ ਸਿਰਲੇਖ ਥੱਲੇ ਮਿਰਜ਼ੇ ਦੀ ਨੀਂਦ ਦੇ ਅਧਿਆਤਮਕ ਰਹੱਸ ਦੇ ਨਾਲ ਨਾਲ ਸਾਹਿਬਾਂ ਦੇ ਬੇਮਿਸਾਲ ਹੁਸਨ ਨੂੰ ਵੀ ਵਿਲੱਖਣ ਅਤੇ ਬੁਲੰਦ ਕਾਵਿਕ ਸਿਖਰ ਤੋਂ ਪੇਸ਼ ਕੀਤਾ ਹੈ:

ਟੋਭੇ ਗਾਜ਼ੀ ਖਾਨ ਦੇ,
ਸਿਖਰ ਦੁਪਹਿਰ ਦੀ ਹੂਰ।
ਵਾਗਾਂ ਸਮਿਆਂ ਵਾਲੀਆਂ,
ਖਿੱਚ ਰਹੀ ਵੱਲ ਨੂਰ।

ਲੰਮੀ ਤੈਂਡੀ ਜ਼ੁਲਫ਼ ਤੋਂ,
ਲੰਮੀ ਕਿਤੇ ਝਨਾਂ।
ਟਾਪ ਸੁਣੀ ਜੋ ਦਿਲੇ ਨੇ,
ਕਿੱਥੇ ਕੁ ਉਸ ਦੀ ਧੂੜ?

ਘੁੰਮ ਘੁੰਮ ਹਵਾ ਦੀ ਬਾਂਹ ਪੈਂਦੀ,
ਗਲ ਵਣ ਬੇਲੇ ਹਰ ਥਾਂ ਪੈਂਦੀ।
ਕੰਬ ਨੀਲੀ ਦੇ ਅਸਵਾਰ ਕਿਹਾ।
ਅੱਜ ਨਹਿਰਾਂ ਭਰੀ ਝਨਾਂ ਪੈਂਦੀ।
ਕੀ ਨਜ਼ਰਾਂ ਸਾਹਮਣੇ ਨਾਰ ਕੋਈ।
ਜਾਂ ਹਰੀ ਝਨਾਂ ਦੀ ਛਾਂ ਪੈਂਦੀ।
(ਸਫ਼ਾ 154-58)

'ਝਨਾਂ ਦੀ ਰਾਤ' ਦੀ ਤੀਜੀ ਕਾਵਿ ਪੁਸਤਕ 'ਪਿਆਰੇ ਦਾ ਦੇਸ਼' ਜਿਸ ਨੂੰ ਅੰਮ੍ਰਿਤਾ ਪ੍ਰੀਤਮ ਨੇ 'ਝਨਾਂ ਦੀ ਰਾਤ' ਦੀਆਂ ਸੱਤ ਕਾਵਿ ਪੁਸਤਕਾਂ ਵਿਚੋਂ ਸਭ ਤੋਂ ਵੱਧ ਰਾਗਮਈ ਅਤੇ ਬਹੁ-ਅਰਥੀ ਮੰਨਿਆ ਸੀ, ਵਿਚਲੀ ਕਵਿਤਾ 'ਸਾਹਿਬਾਂ ਦੀ ਸੱਦ ਮਿਰਜ਼ੇ ਨੂੰ' ਅਧਿਆਤਮਕ ਰਹੱਸਾਂ ਨਾਲ ਓਤਪੋਤ ਹੈ। ਇਸ ਕਵਿਤਾ ਵਿਚ ਸਾਂਦਲ ਬਾਰ ਦੀਆਂ ਇਸਤਰੀਆਂ ਦੇ ਅੰਤਰੀਵ ਇਸਤਰੀਪਣ ਨੂੰ ਮਾਲਵੇ ਦੀ ਪੰਜਾਬਣ ਇਸਤਰੀ ਨਾਲ ਵਿਲੱਖਣ ਅੰਦਾਜ਼ ਵਿਚ ਇਕ-ਮਿਕ ਕੀਤਾ ਗਿਆ ਹੈ, ਪਰ ਇਨ੍ਹਾਂ ਵਿਚੋਂ ਸਾਹਿਬਾਂ ਦੀ ਸਰਦਾਰੀ ਨੂੰ ਮੁੱਖ ਰੱਖਦਿਆਂ ਇਸਤਰੀ ਸ਼ਖ਼ਸੀਅਤ ਦੇ ਨਵੇਂ ਤੋਂ ਨਵੇਂ ਸੂਖਮ ਅੰਦਾਜ਼ ਬੇਨਕਾਬ ਕੀਤੇ ਹਨ:

ਮੈਂ ਝੱਖੜਾਂ ਝੁੱਲਦੀ ਨਾਰ ਵੇ।
ਮੈਂ ਲੁੱਟੇ ਸ਼ਾਹ ਅਸਵਾਰ ਵੇ।
ਜਾ ਤੋੜੇ ਥਲਾਂ ਦੇ ਬਾਰ ਵੇ।
ਕਿਨ ਦਿਲ ਦੀਆਂ ਵਾਗਾਂ ਠੱਲ੍ਹੀਆਂ ਓ ਯਾਰ?
ਜ਼ਰਾ ਨਜ਼ਰ ਮਾਰ ਮੈਂ 'ਕੱਲੀ ਆਂ ਓ ਯਾਰ।

ਇੱਥੇ ਸਾਹਿਬਾਂ ਨੇ 'ਥਲਾਂ ਦੇ ਬਾਰ ਤੋੜ ਕੇ' ਥਲ ਨੂੰ ਸੱਸੀ ਵਾਂਗ ਕਿਸੇ ਨਵੇਂ ਦ੍ਰਿਸ਼ਟੀਕੋਣ ਤੋਂ ਆਬਾਦ ਕੀਤਾ ਹੈ। 'ਝਨਾਂ ਦੀ ਰਾਤ' ਦੀ ਪੰਜਵੀਂ ਕਾਵਿ ਪੁਸਤਕ ਵਿਚ ਇਹ ਥਲ ਤੇ 'ਪੁਰਾਣੀ ਰਾਤ' ਹੈ ਜਿਸ ਨੇ ਪੈਗੰਬਰਾਂ, ਪੀਰਾਂ, ਫਕੀਰਾਂ, ਜੋਗੀਆਂ, ਆਸ਼ਕਾਂ, ਸ਼ਹੀਦਾਂ, ਯੋਧਿਆਂ, ਸੱਚੇ ਗ੍ਰਿਹਿਸਥੀਆਂ ਦੀ ਸਿਦਕਵਾਨ ਵਿਰਾਸਤ ਨੂੰ ਸੰਭਾਲਿਆ ਹੈ। ਇਹ ਪੁਰਾਣੀ ਰਾਤ ਭਵਿਖ ਦੀ ਨਵੀਂ ਤੇ ਇਲਾਹੀ ਵਿਰਾਸਤ ਨਾਲ ਜੁੜੀ ਹੋਈ ਹੈ। ਇਸ ਰਾਤ ਦੀਆਂ ਬਿਰਛ ਰੂਪੀ ਸਮੇਂ ਤੇ ਸਥਾਨ ਤੋਂ ਪਾਰ ਦੀਆਂ ਟਹਿਣੀਆਂ ਉਪਰ ਪੰਛੀਆਂ ਵਾਂਗ ਬੈਠੇ ਤਾਰੇ ਤਿੰਨਾਂ ਕਾਲਾਂ (ਭੂਤ, ਭਵਾਨ, ਭਵਿੱਖ) ਦੀਆਂ ਸਾਂਝੀਆਂ ਡੂੰਘੇ ਰਾਜ਼ਾਂ ਵਾਲੀਆਂ ਗੱਲਾਂ ਕਰ ਰਹੇ ਹਨ:

ਸੰਝ ਦੇ ਘੁੰਡ 'ਚੋਂ ਵੇਖਦੀ
ਥਲ ਰਾਤ ਪੁਰਾਣੀ
ਤਾਰੇ ਜਿਸ ਦੀ ਟਹਿਣ 'ਤੇ
ਬਹਿ ਕਰਦੇ ਗੱਲਾਂ।
ਮੈਂ ਰਹਿਮ ਨੂੰ ਬੁੱਕ ਬੁੱਕ ਪੀਂਵਦੀ
ਮੈਂ ਲਹੂ ਲਹੂ ਹੋ ਜੀਂਵਦੀ
ਮੈਂ ਜ਼ਹਿਰ ਦੇ ਪਿਆਲੇ ਥੀਂਵਦੀ
ਅੱਜ ਥਲਾਂ ਦੀ ਮਹਿੰਦੀ ਲਾ ਖੱਲੀ ਆਂ ਓ ਯਾਰ।
ਜ਼ਰਾ ਨਜ਼ਰ ਮਾਰ ਮੈਂ 'ਕੱਲੀਆਂ ਓ ਯਾਰ।

ਮਹਿਬੂਬ ਨੇ ਦੋਹਾਂ ਨਹਿਰਾਂ ਦੀ ਸਹਿਜ ਗਤੀ ਨੂੰ ਜੀਵਨ ਦਾ ਅੰਗ ਮੰਨਦਿਆਂ ਸੰਤਾਲੀ ਦੇ ਦੁਖਾਂਤ ਨਾਲ ਜੋੜ ਕੇ ਰੂਪਮਾਨ ਕੀਤਾ ਹੈ। ਗੁਰੂ ਅੰਗਦ ਦੇਵ ਦੀ ਬਾਣੀ ਅਨੁਸਾਰ 'ਗੁਰਮੁਖਾਂ ਦੀ ਦਰਿਆਵਾਂ ਸੰਗ ਦੋਸਤੀ ਹੈ', ਭਾਵ 'ਦਰਿਆ ਗੁਰਮੁਖ ਵਿਚ ਹਨ ਤੇ ਗੁਰਮੁਖ ਦਰਿਆਵਾਂ ਵਿਚ ਹੈ।' ਸੋ, ਸਾਂਦਲ ਬਾਰ ਦੀਆਂ ਨਹਿਰਾਂ ਦੀ ਜ਼ਿੰਦਗੀ ਦੀ ਖੁਸ਼ੀ ਅਤੇ ਗਮੀ ਨਾਲ ਅਨਿੱਖੜ ਸਾਂਝ ਹੈ। ਸੰਤਾਲੀ ਦੀ ਵੰਡ ਦਾ ਕੌਮਾਂ ਦਾ ਦੁਖਾਂਤ ਇੰਨਾ ਵੱਡਾ ਹੈ ਕਿ ਇਸ ਦਾ ਬੋਝ ਇਕੱਲਾ ਸਰੀਰ ਨਹੀਂ ਚੁੱਕ ਸਕਦਾ, ਇਸ ਲਈ ਦਰਿਆ ਅਤੇ ਨਹਿਰਾਂ ਦੇ ਪਾਣੀ ਇਸ ਦੁੱਖ ਦਾ ਬੋਝ ਚੁੱਕਣ ਲਈ ਸਹਾਈ ਹੁੰਦੇ ਹਨ:

ਸਾਂਦਲ ਬਾਰ ਦੀਆਂ ਨਹਿਰਾਂ 'ਤੇ
ਵੱਡੇ ਘਰ ਦੀਆਂ ਜਾਈਆਂ।
ਦਾਗ ਕਦੇ ਪੁੱਤਰਾਂ ਦਾ ਲੱਥੇ
ਲੀਰਾਂ ਧੋਵਣ ਆਈਆਂ।
ਸਾਂਦਲ ਬਾਰ ਦੀਆਂ ਨਹਿਰਾਂ ਨੂੰ
ਧੀਆਂ ਦੇ ਦੁੱਖ ਡਾਢੇ।
ਰਾਵੀ ਕੋਲੋਂ ਝੁਕ ਝੁਕ ਪੁੱਛਣ
ਟਾਹਲੀਆਂ ਦੁੱਖ ਦੁਰਾਡੇ।
ਚਾ ਸਿਰ ਆਥਣ ਦੀਆਂ ਉਡੀਕਾਂ
ਸੋਹਣੀਆਂ ਦੁੱਖ ਫਰੋਲਣ।
ਸਾਂਦਲ ਬਾਰ ਦੀਆਂ ਨਹਿਰਾਂ 'ਤੇ
ਰੰਗ ਕਸੁੰਭੜਾ ਤੋਲਣ।

ਸਾਂਦਲ ਬਾਰ ਦੀਆਂ ਮੁਟਿਆਰਾਂ ਜੋ ਪੰਜਾਬ ਦੇ ਧਾਰਮਕ, ਲੋਕ ਅਤੇ ਸਮੁੱਚੇ ਸਾਹਿਤ ਵਿਚ ਮੁੱਖ ਸਥਾਨ ਦੀਆਂ ਹੱਕਦਾਰ ਹਨ, ਮਹਿਬੂਬ ਨੇ ਇਨ੍ਹਾਂ ਦੀ ਅਕੱਥ ਸੁੰਦਰਤਾ ਨੂੰ ਜ਼ਾਹਿਰਾ/ਬਾਤਨੀ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ:

ਸਾਂਦਲੇ ਬਾਰੇ ਦੀਆਂ ਨੱਢੀਆਂ ਵੋ,
ਉਂਝ ਹਾਣ ਦੀਆਂ, ਉਂਝ ਵੱਡੀਆਂ ਵੋ।

ਇਨ੍ਹਾਂ ਨਾਰਾਂ ਦੀ ਉਮਰ ਭਾਵੇਂ ਹੋਰਾਂ ਦੇ ਹਾਣ ਦੀ ਕਿਉਂ ਨਾ ਹੋਵੇ ਪਰ ਸਿਦਕ, ਸੁੰਦਰਤਾ ਤੇ ਵਫ਼ਾ ਦੇ ਪੱਖੋਂ ਇਨ੍ਹਾਂ ਦਾ ਰੁਤਬਾ ਬਹੁਤ ਮਹਾਨ ਹੈ:

ਜੀਵੇਂ ਰਾਵੀ ਦੇ ਪੱਤਣਾਂ ਤੇ ਮੁਦਤਾਂ ਤੋਂ
ਬੇਇਲਮ ਫਕੀਰਨਾਂ ਵੱਸੀਆਂ ਵੋ।

ਇੱਥੇ ਬੇਇਲਮ ਤੋਂ ਭਾਵ ਅੱਜ ਦੇ ਜ਼ਹਿਰੀਲੇ ਇਲਮ ਤੋਂ ਨਿਰਲੇਪ ਅਨੰਤ ਗ੍ਰਹਿਣਸ਼ੀਲਤਾ ਦੀ ਦਾਤ ਨੂੰ ਪ੍ਰਾਪਤ ਇਹ ਸਾਂਦਲਬਾਰ ਦੀਆਂ ਨਾਰਾਂ ਅਤੇ ਗੱਭਰੂ ਗੁਰੂ ਨਾਨਕ ਨੇ 'ਓਮੀ' ਭਾਵ ਅਨਪੜ੍ਹ ਅਤੇ ਮੁਹੰਮਦ ਸਾਹਿਬ ਨੇ 'ਉਮੀ' ਵਾਲਾ ਮਹਾਨ ਰੁਤਬਾ ਰੱਖਣ ਵਾਲੇ ਮੰਨਿਆ ਹੈ; ਪਰ ਅੱਜ ਦੇ ਅਥਾਹ ਸੰਸਾਰਕ ਰੁਝੇਵਿਆਂ ਨੇ ਮਨੁੱਖਤਾ ਨੂੰ ਉਸ ਪਾਰਗਾਮੀ ਸਿਦਕ ਅਤੇ ਹੁਸਨ ਤੋਂ ਵਾਂਝਿਆ ਕਰ ਛੱਡਿਆ ਹੈ:

ਰੁਲਿਆ ਦੀਦ ਝਨਾਂ ਦਾ
ਵਿਚ ਉਮਰ ਦੇ ਕੰਮਾਂ।
ਡੂੰਘੇ ਪੈਂਡੇ ਤੁਰ ਗਿਆ
ਬੂੱਤ ਹੀਰ ਦਾ ਲੰਮਾਂ।
ਟੂਣੇਹਾਰ ਝਨਾਂ ਦੀਆਂ
ਨਾ ਦਿਸਣ ਰੰਨਾਂ।

ਛੱਡਿਆ ਕਾਲੇ ਹਰਨ ਨੇ
ਪੰਜਾਬ ਦਾ ਬੰਨ੍ਹਾਂ।

ਮਹਿਬੂਬ ਦੇ ਕਾਵਿ ਵਿਚ ਸਾਂਦਲ ਬਾਰ ਦੀ ਸੁੰਦਰਤਾ ਅਕੱਥ ਅਤੇ ਅਥਾਹ ਹੈ। ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਹਰ ਲਿਖਤ ਇਸ ਵਿਚੋਂ ਨਵੇਂ ਤੋਂ ਨਵੇਂ ਰੂਪ ਜ਼ਾਹਿਰ ਕਰੇਗੀ।

ਮਹਿਬੂਬ ਦੇ ਕਾਵਿ ਜਗਤ ਵਿਚ 'ਝਨਾਂ ਦੀ ਰਾਤ' ਦੀ ਛੇਵੀਂ ਕਾਵਿ ਪੁਸਤਕ 'ਕੁਰਲਾਉਂਦੇ ਕਾਫ਼ਲੇ' ਵਿਚ ਬਾਰ ਦੀ ਧਰਤੀ ਦੀਆਂ ਪ੍ਰਚਲਤ ਅਤੇ ਸਵੈ-ਸਿਰਜੀਆਂ ਮਿੱਥਾਂ ਵਿਚ ਰਾਵੀ, ਸਿੱਖ ਕਲੰਦਰ ਅਤੇ ਮਾਂ ਦਾ ਤਸੱਵਰ ਅਤਿ ਸੂਖਮਤਾ ਅਤੇ ਗਹਿਰਾਈ ਵਾਲਾ ਹੈ। ਇਥੇ ਰਾਵੀ ਦੀ ਸਵੈ-ਸਿਰਜੀ ਮਿੱਥ ਵਿਚ ਵਿਸ਼ਵ ਧਰਮਾਂ, ਮਿਥਿਹਾਸ ਅਤੇ ਇਤਿਹਾਸ ਦੀਆਂ ਵਿਲੱਖਣ ਪਰੰਪਰਾਵਾਂ ਦੀ ਦਾਤ ਅਭੇਦ ਹੈ। ਪੰਜਾਬ ਦੀ ਸਿੱਖ ਇਸਤਰੀ ਇਸ ਦੇ ਕੇਂਦਰ ਵਿਚ ਹੈ:

ਸਮਾਂ ਸਿਦਕ ਦੇ ਬੋਲ ਪੁਗਾਵੇ
ਕਹੇ ਮਿਹਰ ਹੋ ਰਾਵੀ।
ਬਾਂਝ ਪਰਬਤਾਂ ਨੂੰ ਢਕ ਲੈਂਦੀ
ਵੇਲ ਅੰਗੂਰ ਦੀ ਸਾਵੀ।

ਇਥੇ ਇਬਰਾਹੀਮ ਦੀ ਛੋਟੀ ਪਤਨੀ ਹਾਜਰਾ ਜੋ ਇਸਮਾਈਲ ਦੀ ਮਾਂ ਸੀ, ਦੀ ਮੱਕੇ ਵਿਖੇ ਲਗਭਗ ਚਾਰ ਹਜ਼ਾਰ ਸਾਲ ਪਹਿਲਾਂ ਪਾਈ ਫੇਰੀ ਤੋਂ ਮੁਰਾਦ ਹੈ। ਉਸ ਨੇ ਆਪਣੇ ਸਿਦਕ ਦੀ ਅਰਦਾਸ ਨਾਲ ਮੱਕੇ ਦੀ ਵੀਰਾਨ ਧਰਤੀ ਨੂੰ ਸਰਸਬਜ਼ ਹਰਿਆਵਲ ਨਾਲ ਸਰਸ਼ਾਰ ਕਰ ਦਿੱਤਾ ਸੀ।

'ਕੁਰਲਾਉਂਦੇ ਕਾਫਲੇ' ਵਿਚ ਹੀ ਸ੍ਰੀ ਰਾਮ ਚੰਦਰ, ਹਨੂੰਮਾਨ, ਸੰਜੀਵਨੀ ਬੂਟੀ, ਸ਼ਕੁੰਤਲਾ ਅਤੇ ਉਰਵਸ਼ੀ ਦੀਆਂ ਮਿੱਥਾਂ ਦਾ ਪ੍ਰਯੋਗ ਅਨੁਭਵ ਦੇ ਨਵੇਂ ਜ਼ਾਵੀਏ ਤੋਂ ਹੋਇਆ ਹੈ। ਮਹਾਨ ਚਿੰਤਕ ਫਰਿਥਜਾਫ ਸ਼ੂਨ ਨੇ ਆਖਿਆ ਹੈ, "ਅਸੀਂ ਮਿੱਥ ਦੀ ਅੰਤਰੀਵ ਸਿਰਜਣਾਤਮਕ ਰਮਜ਼ ਨੂੰ ਅਨੁਭਵੀ ਦ੍ਰਿਸ਼ਟੀ ਰਾਹੀਂ ਅੱਗੇ ਤੋਂ ਅੱਗੇ ਨਵੇਂ ਤੋਂ ਨਵੇਂ ਅਰਥ ਦੇ ਸਕਦੇ ਹਾਂ, ਪਰ ਅਸੀਂ ਮਿੱਥ ਦੀ ਬੁਨਿਆਦੀ ਮੌਲਿਕਤਾ ਨੂੰ ਬਦਲ ਜਾਂ ਮਿਟਾ ਨਹੀਂ ਸਕਦੇ; ਕਿਉਂਕਿ ਮਿੱਥ ਸਮੇਂ ਤੇ ਸਥਾਨ ਦੀ ਨਾਸ਼ਮਾਨਤਾ ਤੋਂ ਸਦਾ ਨਿਰਲੇਪ ਹੁੰਦੀ ਹੈ।" ਸੋ, ਇਥੇ ਇਨ੍ਹਾਂ ਗਹਿਰੀਆਂ ਤੇ ਵੈਰਾਗਮਈ ਮਿੱਥਾਂ ਨੂੰ ਅਨੁਭਵ ਦੇ ਨਵੇਂ ਜ਼ਾਵੀਆਂ ਨਾਲ ਤਾਲਬੱਧ ਕੀਤਾ ਹੈ:

ਸੋਨ ਮਿਰਗ ਗਏ ਕਿਸ ਪਾਸੇ
ਰਾਮ ਦੇ ਤੀਰ ਜਲੇ ਬੇਆਸੇ।
ਜੋਬਨਵੰਤ ਜਗਾਈਆਂ ਹੀਰਾਂ
ਨੈਣ ਭਰੇ ਰਾਮ ਦੇ ਤੀਰਾਂ।
ਸੁੱਕੇ ਬਾਗ ਸੰਝ ਨੇ ਰੰਗੇ
ਸੋਅ ਲਵਾਂ ਮੈਂ ਜਿਹਲਮ ਕੰਢੇ।
ਹਵਾ ਤੇ ਬੈਠ ਕੌਣ ਨੇ ਲੰਘੇ?
ਚੜ੍ਹੇ ਸੰਜੀਵਨੀਆਂ ਦੇ ਤਾਰੇ
ਸ਼ੂਕਰ ਸੁਣਦੀ ਤੀਰਾਂ ਦੀ।

ਇਹ ਸਭ ਸਾਂਦਲ ਬਾਰ ਦੀ ਧਰਤੀ ਨਾਲ ਸਬੰਧਤ ਹਨ। ਵਿਸ਼ਵ ਸਾਹਿਤ ਤੇ ਮਨੁੱਖ ਨਾਲ ਇਨ੍ਹਾਂ ਦੀ ਸਦੀਵੀ ਸਾਂਝ ਹੈ। ਮਹਿਬੂਬ ਆਪਣੇ ਪੁਰਾਣੇ ਪਿੰਡ 233 ਚੱਕ ਵਿਚ ਰਹਿੰਦਿਆਂ ਆਪਣੇ ਪਰਿਵਾਰ ਦੇ ਜੀਆਂ ਵਿਚ ਕੇਵਲ ਅਤੇ ਕੇਵਲ ਸਿਰਜਣਾਤਮਕ ਤੌਰ 'ਤੇ ਆਪਣੀ ਮਾਂ ਜੰਗੀਰ ਕੌਰ ਕੋਲੋਂ ਪ੍ਰਭਾਵਤ ਸੀ। ਉਸ ਦੀ ਮਾਂ ਨੂੰ ਤੁਲਸੀ ਦੀ ਰਾਮਾਇਣ ਜ਼ੁਬਾਨੀ ਯਾਦ ਸੀ। ਉਸ ਨੇ ਘਰ ਵਿਚ ਹੀ ਪੜ੍ਹਨਾ ਸਿਖਿਆ ਸੀ। ਸਿੱਖ ਧਰਮ ਨਾਲ ਸਬੰਧਤ ਸਾਰੇ ਗ੍ਰੰਥ ਅਤੇ ਕਿੱਸੇ ਪੜ੍ਹੇ ਹੋਣ ਕਾਰਨ ਸਮੁੱਚਾ ਸਿੱਖ ਇਤਿਹਾਸ ਉਸ ਦੀ ਆਤਮਾ ਨਾਲ ਅਭੇਦ ਸੀ। ਮਹਿਬੂਬ ਦੇ ਸਮੁੱਚੇ ਸਾਹਿਤਕ ਖੇਤਰ ਵਿਚ ਮਾਂ ਦਾ ਇਹ ਚਰਿੱਤਰ ਇਸਤਰੀ ਸ਼ਖ਼ਸੀਅਤ ਦੀਆਂ ਨਵੀਆਂ ਤੋਂ ਨਵੀਆਂ ਦੈਵੀ ਰਮਜ਼ਾਂ ਬੇਨਕਾਬ ਕਰਨ ਦੇ ਯਤਨ ਵਿਚ ਹੈ:

ਮਾਂ ਦੇ ਮੋਹ ਬਿਨਾਂ ਡੁੱਬ ਜਾਵਾਂ
ਵਿਚ ਅਸਗਾਹ ਭਿਆਨਾਂ।
ਗੁਰਾਂ ਦੀ ਪੈੜ ਬਿਨਾਂ ਛੁਪ ਜਾਵਾਂ
ਹੇਠ ਸਮੇਂ ਦੀਆਂ ਸ਼ਾਮਾਂ।
ਸਿਖਰ ਦੁਪਹਿਰ ਦੇ ਤਿੰਨੇ ਦੀਵੇ
ਬਲਦੇ ਦਿਸਦੇ ਜਾਣੋਂ।
ਧਰਤੀ ਦਾ ਮੋਹ, ਸਿਦਕ ਕਦੀਮੀ
ਮਾਂ ਅਸੀਸ ਪਹਿਚਾਣੋਂ।
ਜਦੋਂ ਕਾਫ਼ਲਾ ਰੋਗ ਨਾ ਜਾਣੇ
ਹੋ ਕੇ ਦੀਨ ਨਿਥਾਵਾਂ।
ਤਦੋਂ ਵਤਨ ਦੇ ਰੁੱਖਾਂ ਹੇਠਾਂ




ਭੁੱਲਣ ਬਚੜੇ ਮਾਵਾਂ।
ਬਾਗ ਵੀ ਤੇਰੇ ਵਾਟ ਵੀ ਤੇਰੀ
ਮਹਿੰਦੀ ਕਜਰਾ ਖੁਰਦੇ,
ਪੱਕੀਆਂ ਪੀਲ੍ਹਾਂ ਖਾਣ ਹੁਲਾਰੇ
ਅੱਜ ਨ ਮਿਲੀਆਂ ਮਾਂਵਾਂ।

ਸਾਂਦਲ ਬਾਰ ਦੀ ਧਰਤੀ ਵਿਚ ਹੀ ਸੰਤਾਲੀ ਵੇਲੇ ਪਿੰਡ ਛੱਡਣ ਸਮੇਂ ਇਸ ਪਿੰਡ ਦਾ ਇਕ ਸਿੱਖ ਫਕੀਰ ਆਪਣੇ ਪਰਿਵਾਰ ਨੂੰ ਤਿਆਗ ਕੇ ਉਥੇ ਹੀ ਰਹਿ ਪਿਆ। ਉਸ ਦਾ ਯਕੀਨ ਸੀ ਕਿ ਇਕ ਦਿਨ ਤੁਸੀਂ ਲੋਕ ਮੁੜ ਇਸੇ ਧਰਤੀ ਵੱਲ ਵਾਪਸ ਮੁੜੋਗੇ। ਥੋੜ੍ਹੇ ਸਮੇਂ ਪਿੱਛੋਂ ਇਸ ਨੂੰ ਕੁਝ ਮੁਸਲਮਾਨਾਂ ਨੇ ਡਰਦਿਆਂ ਫੌਜ ਕੋਲੋਂ ਕਤਲ ਕਰਵਾ ਦਿੱਤਾ। ਮਹਿਬੂਬ ਨੇ ਇਸ ਚਰਿੱਤਰ ਨੂੰ ਸਿੱਖ ਕਲੰਦਰ ਅਤੇ ਬ੍ਰਿਹੀਂ ਮੁੰਦਰਾ ਵਾਲਾ ਦੇ ਨਾਇਕ ਦੇ ਤੌਰ 'ਤੇ ਪੁਸਤਕ 'ਕੁਰਲਾਉਂਦੇ ਕਾਫ਼ਲੇ' ਵਿਚ ਚਿਤਰਿਆ ਹੈ। ਉਸ ਦੀ ਅਣਛਪੀ ਕਵਿਤਾ 'ਸਿਦਕ ਦੀ ਪਰਭਾਤ' ਵੀ ਇਸੇ ਸ਼ਖ਼ਸੀਅਤ ਉਪਰ ਲਿਖੀ ਹੋਈ ਹੈ। ਇਹ ਸਿੱਖ ਕਲੰਦਰ ਕਲਾਸੀਕਲ ਰਾਗ ਦਾ ਗਾਇਕ ਅਤੇ ਸਾਜ਼-ਵਾਦਕ ਸੀ। ਸੰਤਾਲੀ ਛੱਡਣ ਵੇਲੇ ਸ਼ਾਮ ਨੂੰ ਇਕ ਘੰਟਾ ਪਹਿਲਾਂ ਇਸ ਨੇ ਮਿੱਠੀਆਂ ਸੁਰਾਂ ਵਿਚ ਵੰਝਲੀ (ਬੰਸਰੀ) ਵਜਾਈ ਸੀ। ਉਹ ਮਹਿਬੂਬ ਨੂੰ ਆਪਣੇ ਬੱਚਿਆਂ ਵਾਂਗ ਬਹੁਤ ਪਿਆਰ ਕਰਦਾ ਸੀ। ਮਹਿਬੂਬ ਇਸ ਕਲੰਦਰ ਨੂੰ ਆਪਣੇ ਨਾਲ ਸੰਤਾਲੀ ਵੇਲੇ ਚੱਲਣ ਲਈ ਆਖਦਾ ਹੈ, ਪਰ ਸਿੱਖ ਕਲੰਦਰ ਉਸ ਨੂੰ ਨਵੀਂ ਧਰਤੀ ਵਿਚ ਵੱਸਣ ਦੀ ਅਸੀਸ ਦਿੰਦਾ ਹੈ, ਪਰ ਆਪ ਉਸ ਨਾਲ ਚੱਲਣ ਤੋਂ ਇਨਕਾਰ ਕਰ ਦਿੰਦਾ ਹੈ। ਜਦੋਂ ਕਵੀ ਵਾਰ ਵਾਰ ਬੇਨਤੀ ਕਰਦਾ ਕਿ 'ਸਾਡੇ ਨਾਲ ਚੱਲੋ', ਤਾਂ ਸਿੱਖ ਕਲੰਦਰ ਕਾਲੀਦਾਸ ਦੀ ਉਰਵਸ਼ੀ ਦੀ ਮਿੱਥ ਨੂੰ ਅਗਲੇ ਅਰਥ ਦਿੰਦਿਆਂ ਆਖਦਾ ਹੈ ਕਿ ਜਦੋਂ ਉਰਵਸ਼ੀ ਜੋ ਪਰੂਰਵਸ ਤੋਂ ਰੁਸ ਕੇ ਕਾਰਤਕ ਰਿਸ਼ੀ ਦੇ ਜੰਗਲ ਵਿਚ ਜਾ ਕੇ ਵੇਲ ਬਣ ਗਈ ਸੀ, ਉਸ ਵੇਲੇ ਦੀ ਉਰਵਸ਼ੀ ਨੂੰ ਮਾਂ ਪਿਆਰ ਦੇ ਸੰਕਲਪ ਵਿਚ ਕਲਪ ਕੇ ਇਹ ਆਖਦਾ ਹੈ ਕਿ ਜਦੋਂ ਉਰਵਸ਼ੀ ਦਾ ਪਿਆਰ, ਮਾਂ ਪਿਆਰ ਵਿਚ ਤਬਦੀਲ ਹੋ ਕੇ ਸਾਰੇ ਜੰਗਲ ਨੂੰ ਮਾਂ ਪਿਆਰ ਦੀ ਛੱਲਾਂ ਨਾਲ ਭਰ ਦੇਵੇਗਾ, ਤਾਂ ਮੌਤ ਅਤੇ ਜੀਵਨ ਦੇ ਹਨੇਰੇ ਤੇ ਲੰਮੇ ਸਫ਼ਰ ਵਿਚ ਕਿਸੇ ਰਾਤ ਸਾਡੀਆਂ ਗੱਲਾਂ ਜ਼ਰੂਰ ਸਾਂਝੀਆਂ ਹੋਣਗੀਆਂ, ਪਰ ਹੁਣ ਮੈਂ ਇਸੇ ਪਵਿੱਤਰ ਖਾਕ, ਭਾਵ ਧਰਤੀ ਉਤੇ ਸਬਰ ਅਤੇ ਤਸੱਲੀ ਵਿਚ ਜੀਵਨ ਦਾ ਅੰਤ ਕਰਨਾ ਲੋਚਦਾ ਹਾਂ:

ਬੁੱਕਲ ਵਿਚ ਫੇਰ ਲੈ ਮੈਨੂੰ
ਕਹੇ ਤੁਸਾਂ ਤੁਰ ਜਾਣਾ।
ਮਿੱਟੀ ਨਾਲ ਨਵਾਂ ਕੁਈ ਰਿਸ਼ਤਾ
ਪਰਦੇਸਾਂ ਵਿਚ ਪਾਣਾ।
ਮੈਂ ਕਿਹਾ 'ਦਿਲਬਾਗ ਦੇ ਵਾਂਗੂੰ
ਨਾਲ ਅਸਾਡੇ ਚੱਲੋ।
ਬਾਲ ਵਰੇਸ ਕਹਿਰ ਦੇ ਪੈਂਡੇ
ਹੌਲ ਰਹੇ ਦਿਲ ਠੱਲ੍ਹੋ।'
ਉਸ ਕਿਹਾ 'ਇਸ ਧਰਤੀ ਮਿਲਣਾ
ਵਾਂਗ ਗੁਰੂ ਮੁੜ ਤੈਨੂੰ।
ਛੱਡੀ ਖਾਕ 'ਚ ਰੱਜ ਮਰਨ ਦੇ
ਮਜ਼ੇ ਲੈਣ ਦੇ ਮੈਨੂੰ।'
'ਵੇਲ ਵਣੇ ਮਾਂ ਪਿਆਰ ਦੀਆਂ ਜਾਂ
ਵਣੀ ਜਗਾਸੇਂ ਛੱਲਾਂ।
ਕਿਸੇ ਰਾਤ ਦੇ ਪੈਂਡੇ ਓਦੋਂ
ਹੋਣ ਸਾਡੀਆਂ ਗੱਲਾਂ।
ਕਦੇ ਅਨੰਤ ਰਾਤ ਦੀ ਮੁਰਲੀ
ਨਾਦ ਭਰੇਗੀ ਯਾਦੀਂ।
ਮੌਤ ਹਯਾਤੀ ਦੇ ਜੁਗ ਲੰਮੇ
ਧਾਹ ਮਿਲਣ ਵਿਸਮਾਦੀਂ।

ਇਸ 'ਸਿੱਖ ਕਲੰਦਰ' ਦਾ ਜੋ ਅਸਲ ਨਾਂ ਸੀ, ਉਸ ਨਾਂ ਥੱਲੇ ਮਹਿਬੂਬ ਨੇ ਸੌ ਸਫ਼ੇ ਤੱਕ ਨਾਵਲ ਲਿਖ ਲਿਆ ਸੀ। ਇਹ ਨਾਵਲ ਸਿੱਖ ਅਧਿਆਤਮਵਾਦ (ਸਮੇਤ ਭਾਰਤੀ ਦਰਸ਼ਨ) ਅਤੇ ਇਸਲਾਮ ਦਾ ਤਸੱਵੁਫ, ਦੋਵਾਂ ਦੇ ਸੁਮੇਲ ਵਿਚ ਇਕ ਉਚੇ ਮਨੁੱਖ ਦੇ ਦ੍ਰਿਸ਼ਟੀਕੋਣ ਤੋਂ ਸ਼ੁਰੂ ਕੀਤਾ ਗਿਆ ਸੀ। ਦੁਖਦਾਈ ਗੱਲ ਇਹ ਹੈ ਕਿ ਇਹ ਨਾਵਲ ਕਿਸੇ ਸੱਜਣ ਨੇ ਉਸ ਕੋਲੋਂ ਪੜਵਾ ਦਿੱਤਾ ਅਤੇ ਮਹਾਂ-ਕਾਵਿ ਲਿਖਣ ਦੀ ਹਦਾਇਤ ਕੀਤੀ। ਇਸ ਤਰ੍ਹਾਂ ਵਿਸ਼ਵ ਦਾ ਮਹਾਨ ਨਾਵਲ ਵਿਚਕਾਰ ਹੀ ਖ਼ਤਮ ਹੋ ਗਿਆ। ਮਹਿਬੂਬ ਦੋਸਤਾਂ 'ਤੇ ਬਹੁਤ ਯਕੀਨ ਕਰਦਾ ਸੀ।

ਹਰਿੰਦਰ ਸਿੰਘ ਮਹਿਬੂਬ ਦੀਆਂ ਅਗਲੀਆਂ ਰਚਨਾਵਾਂ ਵਿਚ ਜਾ ਕੇ ਇਹ ਮੁਢਲੇ ਅਨੁਭਵ ਮੱਧਮ ਪੈ ਜਾਂਦੇ ਹਨ; ਭਾਵੇਂ ਇਨ੍ਹਾਂ ਦੀ ਹੋਂਦ ਸਦਾ ਕਾਇਮ ਰਹਿੰਦੀ ਹੈ। ਜਿਵੇਂ ਮਹਾਨ ਕਵੀ ਡਾਂਟੇ ਆਪਣੇ ਮਹਾਂ-ਕਾਵਿ 'ਪਵਿੱਤਰ ਸੁਖਾਂਤ' ਵਿਚ ਜਦੋਂ ਆਪਣੀ ਪ੍ਰੇਮਿਕਾ ਬੀਐਤਰਸ ਨੂੰ ਨਰਕ, ਪਛਤਾਵੇ ਅਤੇ ਸਵਰਗ ਤੱਕ ਪਹੁੰਚਦਿਆਂ ਮਿਲਦਾ ਹੈ ਤਾਂ ਸਵਰਗ ਦੇ ਤੇਜ ਦੈਵੀ ਪ੍ਰਕਾਸ਼ ਵਿਚ ਬੀਐਤਰਸ ਦੇ ਹੁਸਨ ਦਾ ਤੇਜ਼ ਵੀ ਫਿੱਕਾ ਪੈ ਜਾਂਦਾ ਹੈ; ਜਿਵੇਂ ਸੂਰਜ ਦੇ ਤੇਜ਼ ਵਿਚ ਤਾਰੇ ਮੱਧਮ ਪੈ ਕੇ ਲੋਪ ਹੋ ਜਾਂਦੇ ਹਨ। ਉਸ ਦੀ ਕਵਿਤਾ ਦੀਆਂ ਇਹ ਸਤਰਾਂ ਉਸ ਦੇ ਸਮੁੱਚੇ ਸਾਹਿਤਕ ਜਗਤ ਦੀ ਸਹੀ ਪੇਸ਼ੀਨਗੋਈ ਕਰਦੀਆਂ ਹਨ:

ਨਿੱਕੀਆਂ ਨਿੱਕੀਆਂ ਕੀਤੀਆਂ
ਮੇਰੀ ਉਮਰ ਨੇ ਗੱਲਾਂ।
ਵੱਡੀਆਂ ਵੱਡੀਆਂ ਹੋਈਆਂ
ਸਾਗਰ ਦੀਆਂ ਛੱਲਾਂ।

# ਭਾਰ

*(ਸਫਾ 33 ਦੀ ਬਾਕੀ)*

ਕਿ ਨੌਜਵਾਨੀ ਨੂੰ ਖਾੜਕੂ ਬਣਨ ਲਈ ਪ੍ਰੇਰੋ। ਉਸੇ ਨੀਤੀ ਤਹਿਤ ਹੀ ਤੈਨੂੰ ਵੀ ਮਾਰ ਪਈ ਏ। ਤੇ ਜਿਥੋਂ ਤੱਕ ਮੇਰੀ ਸਮਝ ਕਹਿੰਦੀ ਏ, ਤੂੰ ਟੱਬਰ ਸਣੇ ਕਿਤੇ ਕੁਝ ਸਮਾਂ ਅੱਗਾ-ਪਿੱਛਾ ਕਰ ਜਾ, ਨਹੀਂ ਤੈਨੂੰ ਅੰਬਰਸਰ ਦੀ ਪੁਲਿਸ ਨੇ ਟਿਕਣ ਨਹੀਂ ਦੇਣਾ। ਅੰਬਰਸਰ, ਗੁਰਦਾਸਪੁਰ ਦਾ ਹਰ ਮੁੰਡਾ ਇਸ ਚੱਕਰ ਵਿਚ ਲਿਆਉਣ ਲਈ ਤੇ ਮਾਰ ਸਾਰੀ ਪੁਲਿਸ, ਸਾਰੀਆਂ ਏਜੰਸੀਆਂ ਪੱਬਾਂ ਭਾਰ ਹੋਈਆਂ ਪਈਆਂ ਨੇ। ਤੂੰ ਜੇ ਇਥੇ ਹੀ ਰਹਿਓਂ ਤੇ ਮੇਰੀ ਜਾਚੇ ਲੰਮਾ ਸਮਾਂ ਨਹੀਂ...। ਅੱਗੇ ਤੂੰ ਆਪਣਾ ਪੜ੍ਹਿਆ ਵਿਚਾਰ ਲੈ।"

ਪ੍ਰਧਾਨ ਨੇ ਇਸ਼ਾਰੇ ਨਾਲ ਗੱਲ ਨਿਬੇੜ ਦਿੱਤੀ। ਪ੍ਰਧਾਨ ਤੇ ਟੁਰ ਗਿਆ ਸੀ, ਪਰ ਅਸੀਂ ਕਿੱਥੇ ਜਾਂਦੇ?

ਕੁਝ ਸੁੱਝਦਾ ਨਹੀਂ ਸੀ। ਥੋੜ੍ਹੀ ਦੇਰ ਮਗਰੋਂ ਮੈਂ ਰਿਕਸ਼ੇ 'ਤੇ ਆਉਣ-ਜਾਣ ਲੱਗ ਪਿਆ। ਘਰ ਵੀ ਸਭ ਨਾਰਮਲ ਮਹਿਸੂਸ ਕਰਨ ਲੱਗੇ। ਪਰ ਇਕ ਪਰਛਾਵਾਂ ਜਿਹਾ ਰਹਿ ਗਿਆ ਸੀ। ਅਚਾਨਕ ਇਕ ਦਿਨ ਅੰਮ੍ਰਿਤਸਰ ਦੇ ਸ਼ਿਵਾਲੇ ਮੰਦਰ ਬੰਬ ਫਟ ਗਿਆ। ਮੈਂ ਸਕੂਲ ਹੀ ਸਾਂ, ਪ੍ਰਧਾਨ ਹੁਰੀਂ ਅਚਨਚੇਤ ਸਕੂਲ ਆ ਗਏ ਤੇ ਮੈਨੂੰ ਕਹਿਣ ਲੱਗੇ ਕਿ ਅੱਜ ਰਾਤ ਘਰ ਨਾ ਰਹੀਂ। ਉਨ੍ਹਾਂ ਦਾ ਕਿਹਾ ਮੇਰੇ ਲਈ ਹੁਕਮ ਸੀ। ਉਸ ਰਾਤ ਮੈਂ ਆਪਣੇ ਸਾਥੀ ਮਾਸਟਰ ਨਾਲ ਉਹਦੇ ਪਿੰਡ 'ਚੱਬੇ' ਨੂੰ ਚਲਾ ਗਿਆ। ਘਰ ਸੁਨੇਹਾ ਭੇਜ ਦਿੱਤਾ ਕਿ ਕੱਲ੍ਹ ਆਵਾਂਗਾ। ਉਦੋਂ ਕੀ ਪਤਾ ਸੀ? ਅਗਲੇ ਦਿਨ ਸਵੇਰੇ ਸਕੂਲ ਪੁੱਜਿਆ ਤਾਂ ਪਤਾ ਲੱਗਾ ਕਿ ਮਾਂ ਨੂੰ ਪੁਲਿਸ ਲੈ ਗਈ ਸੀ। ਘਰ ਨਾ ਉਦੋਂ ਭਾਪੇ ਹੋਰੀਂ ਸਨ ਤੇ ਨਾ ਛੋਟਾ ਭਰਾ।

ਦੋਵੇਂ ਕੰਮ 'ਤੇ ਸਨ। ਖਰਦਾਂ ਤੋਂ ਘਰ ਪਰਤੇ ਤਾਂ ਡਰੇ ਹੋਏ ਗਵਾਂਢੀਆਂ ਨੇ ਦੱਸਿਆ ਕਿ ਮਾਸਟਰ ਦੀ ਮਾਂ ਨੂੰ ਰੋਂਦੀ ਕੁਰਲਾਉਂਦੀ ਨੂੰ ਚਿੱਟ ਕੱਪੜੀਏ ਪੁਲਸੀਏ ਲੈ ਗਏ ਸਨ। ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਉਹ ਕਿਹੜੇ ਜ਼ਿਲ੍ਹੇ ਦੀ ਪੁਲਿਸ ਸੀ। ਘਾਬਰੇ ਹੋਏ ਅਸੀਂ ਤਿੰਨੇ ਪਿਉ-ਪੁੱਤਰ ਐਸ.ਐਸ. ਪੀ. 'ਮੀਨਾ' ਕੋਲ ਪੇਸ਼ ਹੋ ਗਏ। ਉਹਨੇ ਫੇਰ ਸਾਨੂੰ ਰੰਧਾਵੇ ਕੋਲ ਹੀ ਪੇਸ਼ ਹੋਣ ਲਈ ਕਿਹਾ। ਰੰਧਾਵੇ ਕੋਲ ਜਦੋਂ ਅਸੀਂ ਫੇਰ ਗਏ ਤਾਂ ਉਹਨੇ ਸਾਨੂੰ ਤਿੰਨਾਂ ਨੂੰ ਉਥੇ ਹੀ ਰਾਮਬਾਗ ਥਾਣੇ ਦੀਆਂ ਗੁੰਮ ਕੋਠੜੀਆਂ ਵਿਚ ਬਿਠਾ ਦਿੱਤਾ। ਅਸੀਂ ਤਿੰਨੇ ਰਾਤ ਭਰ ਉਥੇ ਬੈਠੇ ਰਹੇ। ਨਾ ਸਾਡੇ ਕੋਲ ਮੰਜਾ, ਬਿਸਤਰਾ, ਨਾ ਢਿੱਡ ਵਿਚ ਅੰਨ ਦਾ ਦਾਣਾ! ਨਾ ਹੀ ਕਿਸੇ ਨੇ ਸਾਨੂੰ ਰੋਟੀ, ਮੰਜੇ ਤੇ ਹੋਰ ਕਿਸੇ ਚੀਜ਼ ਲਈ ਪੁੱਛਿਆ। ਸਾਡੇ ਨਾਲ ਹੋਰ ਵੀ ਕਿੰਨੇ ਹੀ ਘਸਮੈਲੇ ਤੇ ਦੁੱਖਾਂ ਮਾਰੇ ਜਾਪਦੇ ਪੇਂਡੂ ਚਿਹਰੇ ਬੈਠੇ ਸਨ। ਸਭ ਖਾਮੋਸ਼ ਸਨ। ਸਵੇਰੇ ਪੰਜ ਵਜੇ ਦੇ ਕਰੀਬ ਰੰਧਾਵਾ ਤੇ ਉਹਦੇ ਨਾਲ ਡੀ.ਆਈ.ਜੀ. ਸ਼ੁਕਲ ਆ ਗਏ। ਸ਼ੁਕਲ ਨੂੰ ਵੀ ਮੈਂ ਪਿਛਲੀ ਗ੍ਰਿਫ਼ਤਾਰੀ ਵੇਲੇ ਦਾ ਪਛਾਣਦਾ ਸਾਂ। ਉਨ੍ਹਾਂ ਦੇ ਆਉਂਦਿਆਂ ਹੀ ਸਾਨੂੰ ਫਾਲਨ ਕਰ ਲਿਆ ਗਿਆ ਤੇ ਅੰਦਰ ਤਫ਼ਤੀਸ਼ੀ ਕਮਰਿਆਂ ਵਿਚ ਧੱਕ ਦਿੱਤਾ। ਅੱਗੇ ਸ਼ੁਕਲ ਤੇ ਰੰਧਾਵਾ ਕੁਰਸੀਆਂ 'ਤੇ ਬੈਠੇ ਸਨ ਤੇ ਉਨ੍ਹਾਂ ਦੇ ਬੁੱਚੜ ਸਿਪਾਹੀ ਕੋਲ ਤਿਆਰ-ਬਰਤਿਆਰ ਖੜ੍ਹੇ ਸਨ। ਨਵੇਂ ਬੰਦੇ ਦਾ ਸਾਹ ਸੁੱਕ ਸਕਦਾ ਸੀ, ਪਰ ਸਾਡਾ ਤਿੰਨਾਂ ਦਾ ਦੂਸਰੀ ਵਾਰ ਵਾਹ ਸੀ।

"ਜਨਾਬ, ਇਨ੍ਹਾਂ ਦੀ ਕੀ ਕਰਨੈ?" ਇੰਸਪੈਕਟਰ ਟੋਨੀ ਨੇ ਦੋਹਾਂ ਨੂੰ ਕਿਹਾ।

"ਸਫ਼ਾਰਸ਼ ਤੁਹਾਡੀ ਭੈਣ ਚੋ..., ਪਹਿਲਾਂ ਅੱਪੜ ਜਾਂਦੀ ਏ! ਕੀ ਕਹੀਏ ਹੁਣ ਧਾਨੂੰ?" ਰੰਧਾਵਾ ਕਹਿਣ ਲੱਗਾ।

"ਇਹੀ ਨੇ ਪ੍ਰਧਾਨ ਮਨਚੰਦੇ ਦੇ ਬੰਦੇ?" ਸ਼ੁਕਲ, ਰੰਧਾਵੇ ਨੂੰ ਪੁੱਛਣ ਲੱਗਾ।

"ਜੀ ਜਨਾਬ! ਮਨਚੰਦੇ ਦੇ ਈ ਬੰਦੇ ਐ! ਉਹੀ ਲੌਂਗੋਆਲ ਗਰੁਪ ਵਾਲਾ।" ਰੰਧਾਵੇ ਨੇ ਕਿਹਾ।

"ਭੇਜੋ ਭੈਣ ਚੋ...ਨੂੰ!" ਸ਼ੁਕਲ ਨੇ ਕਿਹਾ। ਫੇਰ ਉਹਦੇ ਮਨ 'ਚ ਪਤਾ ਨਹੀਂ ਕੀ ਵਲੇਲ ਆਈ ਕਿ ਬਿਨਾਂ ਕਾਰਨ ਦੱਸਿਆਂ ਉਠਿਆ ਤੇ ਮੇਰੇ ਪਿਉ ਦੀ ਦਾੜ੍ਹੀ ਫੜ ਕੇ ਖਿੱਚਣ ਲੱਗ ਪਿਆ। ਨਾਲ-ਨਾਲ ਪਾਗਲਾਂ ਵਾਂਗ ਕਹੀ ਜਾਏ, "ਕੁੱਤਿਆ! ਮੁੰਡਿਆਂ ਆਪਣਿਆਂ ਨੂੰ ਬੰਨ੍ਹ ਕੇ ਰੱਖ!"

"ਉਹਦੀ ਦੇਖਾ-ਦੇਖੀ ਰੰਧਾਵੇ ਨੇ ਵੀ ਦੋ-ਤਿੰਨ ਠੁੱਡ ਸਾਡੇ ਦੋਹਾਂ ਦੇ ਬੈਠਿਆਂ ਕੱਢ ਮਾਰੇ। ਕੁਛ ਦੇਰ ਤੇ ਮੈਂ ਬਰਦਾਸ਼ਤ ਕੀਤਾ। ਫੇਰ ਮੇਰੇ ਹੱਥ ਲੋਹੇ ਦੀ ਨਿੱਕੀ ਬਾਲਟੀ ਆ ਗਈ, ਜਿਹੜੀ ਸ਼ਾਇਦ ਫਰਸ਼ ਧੋਣ ਜਾਂ ਪਿਸ਼ਾਬ ਕਰਨ ਲਈ ਰੱਖੀ ਹੋਈ ਸੀ। ਮੈਂ ਚੁੱਕ ਕੇ ਸਿੱਧੀ ਰੰਧਾਵੇ ਦੀ ਪਿੱਠ 'ਤੇ ਮਾਰੀ।

ਨਿੱਕਾ ਭਰਾ ਮੇਰੀ ਹੱਲਾਸ਼ੇਰੀ ਨਾਲ ਪਿਉ ਨੂੰ ਕੁੱਟਦੇ ਸ਼ੁਕਲੇ ਦੇ ਹੱਥੀਂ ਪੈ ਗਿਆ। ਬੱਸ ਫੇਰ ਸਾਰੇ ਬੁੱਚੜ ਸਾਨੂੰ ਪੈ ਗਏ ਤੇ ਬੇਹੋਸ਼ ਹੋਣ ਤੱਕ ਉਨ੍ਹਾਂ ਸਾਨੂੰ ਡਾਂਗਾਂ, ਠੁੱਡਿਆਂ ਤੇ ਪਟਿਆਂ ਨਾਲ ਕੁੱਟਿਆ। ਜਾਂਦਾ-ਜਾਂਦਾ ਸ਼ੁਕਲ ਕਹਿ ਗਿਆ, "ਹੋਸ਼ ਆਉਣ 'ਤੇ ਮਾ 'ਚੋ...ਨੂੰ ਬਾਹਰ ਸੁੱਟ ਆਇਆ ਜੇ! ਤੇ ਨਾਲੇ ...ਹੁਣ ਮਾਂ ਦੇ ਮੂੰਹ ਨੂੰ ਤਰਸਦੇ ਮਰ ਜਾਉਗੇ।"

ਉਹ ਦਿਨ ਤੇ ਆਹ ਦਿਨ! ਭਾਪਾ ਜੀ ਤੇ ਪੂਰੇ ਹੋ ਗਏ ਨੇ। ਅੱਜ ਤੇ ਉਨ੍ਹਾਂ ਦਾ ਚਿਹਰਾ ਵੀ ਮੇਰੀਆਂ ਅੱਖਾਂ 'ਚ ਧੁੰਦਲਾ ਗਿਆ ਹੈ! ਭਰਾ ਨੂੰ ਆਖ਼ਰੀ ਵਾਰ ਸ਼ਿੰਟੀ ਖਰਾਦੀਏ ਨੇ ਨਾਨਕਮੱਤੇ ਯੂ.ਪੀ. ਦੋ ਸਾਲ ਹੋਏ, ਵੇਖਿਆ ਸੀ। ਉਹ ਉਥੇ ਹੀ ਕਿਸੇ ਪਿੰਡ 'ਚ ਫੋਟੋਗ੍ਰਾਫੀ ਦੀ ਦੁਕਾਨ ਕਰਦਾ ਸੀ ਤੇ ਕਿਸੇ ਲੋੜਵੰਦ ਕੁੜੀ ਨਾਲ ਵੱਸ ਗਿਆ ਸੀ।

***

ਤੇ ਮਾਂ! ਮਾਂ ਦਾ ਚਿਹਰਾ ਏਨ੍ਹਾਂ ਦਸਾਂ ਸਾਲਾਂ ਵਿਚ ਵੀ ਧੁੰਦਲਾ ਨਹੀਂ ਪਿਆ। ਪਰ ਮਾਂ ਨੂੰ ਫੇਰ ਮੈਂ ਕਦੀ ਨਹੀਂ ਮਿਲ ਸਕਿਆ। ਅਸੀਂ ਤਿੰਨੇ ਸਹਿਕਦੇ ਰਹੇ, ਪਰ ਮਾਂ ਤੇ ਕਿਤੇ ਪੰਜ ਤੱਤਾਂ ਵਿਚ ਲੀਨ ਹੋ ਚੁੱਕੀ ਸੀ। ਕੈਂਟਰ ਦੇ ਇੰਜਣ ਦੀ ਘੁਰ-ਘੁਰ ਨੇ ਮੇਰੀ ਬਿਰਤੀ ਤੋੜ ਦਿੱਤੀ। ਸਾਲਾਂ ਪਿਛੇ ਗਿਆ ਮੈਂ ਵਾਪਸ ਪਰਤ ਆਇਆ ਸਾਂ। ਜੱਸੇ ਮਰੂਤੀ ਵਾਲਾ ਕੈਂਟਰ ਆ ਗਿਆ ਸੀ। ਮੈਂ ਫੱਟ ਟਨਸ਼ਣ ਹੋ ਕੇ ਖੜ੍ਹਾ ਹੋ ਗਿਆ। ਏਨੇ ਨੂੰ ਅਜੈਬਾ ਤੇ ਸ਼ਰਮਾ ਵੀ ਬਾਹਰ ਨਿਕਲਦੇ ਮੈਂ ਵੇਖ ਲਏ ਸਨ। ਮੇਰੇ ਕੋਲੋਂ ਲੰਘਦੇ ਹੋਏ ਇਹ ਬਿਨਾਂ ਮੈਨੂੰ ਵੇਖੇ ਕੈਂਟਰ ਵੱਲ ਵਧ ਗਏ ਸਨ। ਉਨ੍ਹਾਂ ਦੀ ਨਜ਼ਰ ਵਿਚ ਕੀ ਮੈਂ ਤੇ ਕੀ ਕੋਈ ਹੋਰ ਆਦਮ-ਜਾਇਆ ਸਭ ਕੀੜੇ ਹੀ ਸਨ। ਏਨਾ ਚਿਰ ਇਨ੍ਹਾਂ ਬੁੱਚੜਾਂ ਵਿਚ ਰਹਿ-ਰਹਿ ਕੇ ਮੈਨੂੰ ਪੱਕਾ ਹੋ ਗਿਆ ਸੀ ਕਿ ਰੱਬ ਨੇ ਇਨ੍ਹਾਂ ਦੇ ਦਿਲ-ਦਿਮਾਗ ਵਿਚ ਭਾਵਨਾਵਾਂ ਵਾਲੀ ਥਾਂ ਸ਼ਾਇਦ ਜੰਗਾਲਿਆ ਲੋਹਾ ਭਰ ਦਿੱਤਾ ਹੈ। ਮੈਂ ਅਬੋਲ ਖੜ੍ਹਾ ਰਿਹਾ ਸਾਂ। ਚੰਨਾ, ਫਕੀਰੀਆ ਤੇ ਸ਼ਿੰਦਾ 'ਸੁਪਾਹੀ' ਵੀ ਕੈਂਟਰ ਕੋਲ ਜਾ ਖੜ੍ਹੇ ਸਨ।

"ਓਏ ਤੂੰ? ਕੀ ਨਾਂ ਤੇਰਾ? ਏਧਰ ਆ ਜਾ ਭੈਣ ਦੇਣਿਆ। ਮੁੰਡਿਆਂ ਨਾਲ ਲਗ ਜਾਹ ਤੇ ਏਸ ਮੁਰਦਾਰ ਨੂੰ ਪਰ੍ਹਾਂ ਆਪਣੇ ਆਲੀ ਕੋਠੜੀ 'ਚ ਲੈ ਜਾਹ! ਕਲ੍ਹ ਨੂੰ ਕਰਾਂਗੇ ਇਹਦਾ ਕੰਮ...!" ਅਜੈਬੇ ਨੂੰ ਮੈਂ ਹੁਣ ਦਿਖ ਪਿਆ ਸਾਂ। ਆਪਣੇ ਚਿਹਰੇ 'ਤੇ ਬਿਨਾਂ ਕੋਈ ਪ੍ਰਭਾਵ ਲਈ ਮੈਂ ਕਿਸੇ ਸਾਧੇ ਹੋਏ ਜਾਨਵਰ ਵਾਂਗ ਸਿੱਧਾ ਕੈਂਟਰ ਕੋਲ ਤੀਰ ਵਾਂਗ ਗਿਆ ਤੇ ਲਾਸ਼ ਜਿਹੀ ਨੂੰ, ਜੀਹਨੂੰ ਅਸੀਂ ਕਦੀ 'ਜੱਸਾ ਮਰੂਤੀ' ਕਿਹਾ ਕਰਦੇ ਸਾਂ, ਪੁਲਸੀਆਂ ਨਾਲ ਹੱਥ ਪਵਾ ਕੇ ਕੈਂਟਰ 'ਚੋਂ ਲਾਹੁਣ ਲਗ ਪਿਆ ਸਾਂ।

**(ਬਾਕੀ ਅਗਲੇ ਅੰਕ 'ਚ)**

## ਮੇਰੀ ਤ੍ਰੀਮਤ

ਹਾਂ ਮੇਰੀ ਤ੍ਰੀਮਤ ਦਾ ਹੁਲੀਆ?
ਕੀ ਕਰੋਗੇ ਪੁੱਛ ਕੇ?
ਸਿੱਧੀ ਸਾਧੀ ਹੈ, ਬੇਢਬੀ ਜਿਹੀ ਸੂਰਤ।
ਸਿਨੇਮੇ ਨਹੀਂ ਜਾਂਦੀ, ਬਿੰਦੀ ਨਹੀਂ ਲਾਂਦੀ
ਵਾਲ ਨਹੀਂ ਕਟਾਂਦੀ, ਭਰਵੱਟੇ ਨਹੀਂ ਬਣਾਂਦੀ
ਪੱਫ ਨਹੀਂ ਪਾਂਦੀ, ਕਲੱਬ ਨਹੀਂ ਜਾਂਦੀ।

ਕੀ ਕਰੋਗੇ ਪੁੱਛ ਕੇ ਉਹਦੇ ਬਾਰੇ?
ਰੰਗ ਕਾਲਾ ਹੈ, ਗੋਰੀ ਹੈ ਅੰਦਰੋਂ।
ਪੜ੍ਹੀ ਲਿਖੀ ਹੈ, ਅੰਧਪੜ੍ਹਾਂ ਵਰਗੀ।
ਨਿਕੰਮੀ ਕੰਮ ਨਹੀਂ ਕਰਦੀ।
ਰਾਤ ਸੌਂਦੀ ਥੋੜ੍ਹਾ ਜਿੰਨਾ,
ਉਠਦੀ ਹੈ ਕੁੱਕੜ ਬਾਂਗੇ,
ਕਦੇ ਗੁਟਕਾ ਫੜ, ਪਾਠ ਕਰਦੀ ਹੈ ਵਿਹਲੀ।
ਚਾਟੀ 'ਚ ਮਧਾਣੀ ਪਾ ਰਿੜਕਦੀ ਹੈ ਦੁੱਧ,
ਰੋਂਦੇ ਪੋਤੇ ਦੀ ਆਵਾਜ਼ ਸੁਣ,
ਨੂੰਹ ਪੁੱਤ ਵਿਚਾਲਿਉਂ
ਚੁੱਕ ਲਿਆਉਂਦੀ ਹੈ,
ਪੋਟੀ ਕਰਦੀ ਹੈ, ਬੋਬੋ ਪਿਲਾਂਦੀ ਹੈ।
ਚੁੱਪ ਕਰਾਂਦੀ ਹੈ।
ਬਾਹਰ ਜਾਂਦੀ ਹੈ ਹਵੇਲੀ-ਵਾੜੇ।
ਕੁੰਡਾ ਖੜਕਾਂਦੀ ਹੈ,
ਮੰਦਰ ਦੀਆਂ ਟੱਲੀਆਂ ਵਾਂਗ
ਭਈਏ ਨੂੰ ਜਗਾਂਦੀ ਹੈ,
ਕੱਖ ਭੰਨ ਕੇ ਦੂਹਰਾ ਨਹੀਂ ਕਰਦੀ,
ਪੱਠੇ ਪਵਾਂਦੀ ਹੈ, ਧਾਰ ਚੋਂਦੀ ਹੈ,
ਵਿਹਲੜ ਜਨਾਨੀ।

ਘਰ ਆ ਕੇ ਚਾਹ ਬਣਾਂਦੀ ਹੈ,
ਬੈਡ ਟੀ।
ਠੱਕ ਕਰਦਾ ਕੱਪ,
ਮੇਰੀ ਸਰਾਂਦੀ ਟਿਕਾਂਦੀ ਹੈ ਨਿਕੰਮੀ,
ਘੜੀ ਵੱਲ ਵੇਖਦੀ,
ਮੇਰੇ ਬੁੱਲ੍ਹਾਂ 'ਚ ਬੁੱਲ੍ਹੀਆਂ ਛੁਹਾ ਕੇ,
ਮਿੱਠਾ ਜਿਹਾ ਬੋਸਾ ਬੀਜ ਕੇ,
ਮੈਨੂੰ ਜਗਾਂਦੀ ਹੈ।
'ਉਠੋ ਕਿੱਡਾ ਦਿਨ ਚੜ੍ਹ ਆਇਐ।'
ਮੇਰੇ ਬਾਥ ਜਾਣ ਤੱਕ, ਮੇਰੇ ਨਹਾਣ ਤੱਕ,
ਤਵੇ 'ਤੇ ਪਰੌਂਠੇ ਦੀ
ਸੁਣਦੀ ਹੈ ਸੂੰ ਸੂੰ,
ਮੱਖਣ ਦਾ ਪੇੜਾ, ਦਹੀਂ ਪਰੌਂਠੇ
ਖਾਣੇ ਦੇ ਮੇਜ਼ 'ਤੇ ਟਿਕਾਉਂਦੀ,
ਹਸੂੰ ਹਸੂੰ ਕਰਦੀ
ਮੈਨੂੰ ਮੋਢੇ ਤੋਂ ਫੜ
ਮੇਜ਼ 'ਤੇ ਬਿਠਾਉਂਦੀ ਹੈ।
ਬੁਰਕੀ ਦਹੀਂ 'ਚ ਭਿਉਂ ਕੇ,
ਮੇਰੇ ਮੂੰਹ 'ਚ ਪਾਉਂਦੀ
ਖਾਣੇ ਦਾ ਉਦਘਾਟਨ ਕਰਦੀ ਹੈ।

ਕੱਪੜੇ ਫੜਾਉਂਦੀ ਹੈ,
ਕਮੀਜ਼, ਕੋਟ ਦੀਆਂ ਬਾਹਾਂ ਫੜ
ਬਾਹਾਂ 'ਚ ਪਾਉਂਦੀ ਹੈ।
ਟਾਈ ਦੀ ਨਾਟ ਗੰਢਦੀ
ਟਾ ਟਾ ਕਰਦੀ ਮੈਨੂੰ ਵਿਦਾਈ ਦਿੰਦੀ ਹੈ,
ਬੁੱਲ੍ਹਾਂ 'ਚੋਂ ਫੁੱਲ ਕੇਰਦੀ ਹੋਈ।
ਸ਼ਾਮ ਨੂੰ ਮੇਰੇ ਵਾਪਸ ਪਰਤਣ ਤੱਕ,
ਕਸੀਦਾ ਕੱਢਦੀ ਫੁਲਕਾਰੀ 'ਤੇ,
ਜਾਂ ਕੋਈ ਨਵੀਂ ਬੁਣਤੀ ਬਣਾਉਂਦੀ
ਸਵੈਟਰ ਦੀ,
ਆਪਣੀ ਨੂੰਹ ਨੂੰ ਸਿਖਾਉਂਦੀ,
ਮੇਰੇ ਆਉਣ ਦੀ ਉਡੀਕ ਬਹਾਨੇ,
ਚਰਖੇ 'ਤੇ ਬੈਠੀ ਕੋਈ ਗੀਤ ਗਾਉਂਦੀ ਹੈ।
ਤੰਦ ਪਾਉਂਦੀ ਹੈ।
ਪੂਣੀਆਂ ਮੁਕਾਉਂਦੀ ਹੈ।
ਅਟੇਰਨੇ 'ਤੇ ਗਲੋਟੇ ਅਟੇਰਦੀ
ਛੱਲੀਆਂ ਬਣਾਉਂਦੀ ਹੈ।
ਛਿੱਕੂ ਭਰਦੀ ਹੈ।
ਦਹਿਲੀਜ਼ 'ਤੇ ਖੜ੍ਹ ਕੇ ਕਦੇ,
ਕੋਠੇ 'ਤੇ ਚੜ੍ਹ ਕੇ,
ਬਾਹਰ ਫਿਰਨੀ 'ਤੇ ਖੜ੍ਹ ਕੇ,
ਉਡੀਕਦੀ ਹੈ ਮੈਨੂੰ।

ਤੇ ਫਿਰ ਉਹੀ ਚੱਕਰ ਕੋਹਲੂ ਦੇ ਬੈਲ ਵਾਲਾ।
ਘੁੰਮਦੀ ਹੈ ਹਰਦਮ
ਘੜੀ ਦੀਆਂ ਸੂਈਆਂ ਵਾਂਗ
ਫਰਜ਼ਾਂ ਦੇ ਅਹਿਸਾਸਾਂ 'ਚ
ਜਕੜੀ ਘੁੰਮਦੀ ਰਹਿੰਦੀ,
ਜੁਲਾਹੇ ਦੀ ਫਿਰਕੀ ਵਾਂਗ।

ਇਹ ਮੇਰੀ ਤ੍ਰੀਮਤ ਹੈ।
ਇਹ ਮੇਰੀ ਔਰਤ ਹੈ।
ਇਹ ਮੇਰੀ ਅਰਧੰਗਣੀ ਹੈ।
ਬਿਲਕੁਲ ਵਿਹਲੜ,
ਬੇਕੰਮੀ, ਨਿਕੰਮੀ।

***-ਚਰਨਜੀਤ ਸਿੰਘ ਪੰਨੂ***
***ਸੈਨ ਹੋਜ਼ੇ, ਕੈਲੀਫੋਰਨੀਆ।***

# ਆਫੀਆ ਸਦੀਕੀ ਦਾ ਜਹਾਦ

## ਕਿਸ਼ਤ ਚੌਥੀ



*1972 ਵਿਚ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਇਹ ਕਹਾਣੀ 'ਆਫੀਆ ਸਦੀਕੀ ਦਾ ਜਹਾਦ' ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ, ਪਰ ਉਸ ਦੇ ਜ਼ਿਹਨ ਵਿਚ ਉਸ ਸਿੱਖਿਆ ਨੇ ਵਾਹਵਾ ਉਥਲ-ਪੁਥਲ ਮਚਾਈ ਜੋ ਉਸ ਨੇ ਆਪਣੀ ਅੰਮੜੀ ਦੀਆਂ ਮਜ਼ਹਬੀ ਤਕਰੀਰਾਂ ਤੋਂ ਗ੍ਰਹਿਣ ਕੀਤੀ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ। ਅੱਜਕੱਲ੍ਹ ਇਹ ਕੁੜੀ ਅਮਰੀਕੀ ਜੇਲ੍ਹ ਵਿਚ ਬੰਦ ਹੈ ਅਤੇ ਉਸ ਨੂੰ 86 ਸਾਲ ਦੀ ਸਜ਼ਾ ਮਿਲੀ ਹੋਈ ਹੈ। ਲੇਖਕ ਹਰਮਹਿੰਦਰ ਚਾਹਲ ਨੇ ਆਫੀਆ ਦੀ ਇਸ ਕਹਾਣੀ ਦੇ ਬਹਾਨੇ ਉਸ ਉਬਾਲੇ ਮਾਰਦੇ ਵਕਤ ਦੀ ਬਾਤ ਪਾਈ ਹੈ ਜਦੋਂ ਆਲਾ-ਦੁਆਲਾ ਬਹੁਤ ਤੇਜ਼ੀ ਨਾਲ ਕਰਵਟਾਂ ਲੈ ਰਿਹਾ ਸੀ ਅਤੇ ਮਾਸੂਮ ਜਿੰਦਾਂ ਇਨ੍ਹਾਂ ਕਰਵਟਾਂ ਦੇ ਰੂ-ਬ-ਰੂ ਹੋ ਰਹੀਆਂ ਸਨ। ਹਰਮਹਿੰਦਰ ਚਹਿਲ ਦੀ ਇਹ ਲੰਮੀ ਰਚਨਾ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪ੍ਰਕਾਸ਼ਤ ਕਰ ਰਹੇ ਹਾਂ। -ਸੰਪਾਦਕ*

### ਤੁਸੀਂ ਪੜ੍ਹ ਚੁਕੇ ਹੋ...

*ਅਫਗਾਨਿਸਤਾਨ ਦੇ ਸ਼ਹਿਰ ਗਜ਼ਨੀ ਵਿਚ ਸਾਲ 2008 'ਚ 17 ਜੁਲਾਈ ਦੀ ਸ਼ਾਮ ਨੂੰ ਇਕ ਮੁਟਿਆਰ ਗ੍ਰਿਫਤਾਰ ਹੋਈ। ਇਹ ਮੁਟਿਆਰ ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ. ਦੁਆਰਾ ਐਲਾਨੀ ਗਈ ਦੁਨੀਆਂ ਦੀ ਸਭ ਤੋਂ ਖਤਰਨਾਕ ਅਤਿਵਾਦੀ ਔਰਤ ਆਫੀਆ ਸਦੀਕੀ ਸੀ। ਪਾਕਿਸਤਾਨ ਵਿਚ ਰਹਿੰਦਿਆਂ ਆਫੀਆ ਦੀ ਮਾਂ ਇਸਮਤ ਜਹਾਨ ਮਜ਼ਹਬੀ ਤਾਲੀਮ ਦੇ ਖੇਤਰ ਵਿਚ ਬੜੀ ਤੇਜ਼ੀ ਨਾਲ ਉਭਰੀ ਸੀ। ਅੰਮੀ ਦੀ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਡੂੰਘਾ ਅਸਰ ਹੋਇਆ। ਫਿਰ ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਪਾਕਿਸਤਾਨ ਤੋਂ ਅਫਗਾਨਿਸਤਾਨ ਜਾਣ ਵਾਲਾ ਪਹਿਲਾ ਲੜਾਕਾ ਜਹਾਦੀ ਗਰੁਪ ਸਦੀਕੀ ਪਰਿਵਾਰ ਦੇ ਘਰ ਤੋਂ ਥੋੜ੍ਹੀ ਹੀ ਦੂਰ ਸਥਿਤ ਬਿਨੂਰੀ ਕਸਬੇ ਦੀ ਮਸਜਿਦ 'ਚੋਂ ਵਿਦਾ ਹੋਇਆ ਸੀ। ਪਰਿਵਾਰ ਦਾ ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਆਫੀਆ ਆਪਣੇ ਭਰਾ ਮੁਹੰਮਦ ਅਲੀ ਦੇ ਮਗਰ ਹੀ ਪੜ੍ਹਾਈ ਲਈ ਅਮਰੀਕਾ ਪੁੱਜ ਗਈ। ਮੁਹੰਮਦ ਅਲੀ ਦੇ ਅਪਾਰਟਮੈਂਟ ਵਿਚ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਹ ਹਰ ਗੱਲ ਮਜ਼ਹਬ ਨੂੰ ਕੇਂਦਰ ਵਿਚ ਰੱਖ ਕੇ ਹੀ ਕਰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਸਭ ਤੋਂ ਬਿਹਤਰ ਮਜ਼ਹਬ ਜਾਪਦਾ ਸੀ। ਇਸੇ ਜੋਸ਼ ਵਿਚ ਉਹ ਬਹੁਤੀ ਵਾਰ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਸ ਨੂੰ ਬੋਸਟਨ ਦੀ ਸੰਸਾਰ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲਾ ਮਿਲ ਗਿਆ। ਲਿਆਕਤ ਕਰ ਕੇ ਉਹ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਬੜੀ ਛੇਤੀ ਮਕਬੂਲ ਹੋ ਗਈ। ਫਿਰ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋ ਗਿਆ ਅਤੇ ਅਗਾਂਹ ਜਹਾਦੀਆਂ ਨਾਲ ਜਾ ਜੁੜੀ।...ਹੁਣ ਅੱਗੇ ਪੜ੍ਹੋ...*

ਅਲ ਕੀਫਾ ਦੀ ਮੀਟਿੰਗ 'ਚ ਹਿੱਸਾ ਲੈਣ ਮਾਰਲਿਨ ਅਤੇ ਆਫੀਆ ਇਕੱਠੀਆਂ ਪਹੁੰਚੀਆਂ। ਇਹ ਮੀਟਿੰਗ ਕਿਸੇ ਦੇ ਘਰ ਹੋ ਰਹੀ ਸੀ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਆਫੀਆ ਅਤੇ ਮਾਰਲਿਨ ਗੱਲਾਂ ਕਰ ਰਹੀਆਂ ਸਨ ਕਿ ਉਦੋਂ ਹੀ ਆਫੀਆ ਦੇ ਕੰਨੀ ਆਵਾਜ਼ ਪਈ, "ਸਲਾਮਾ ਲੇਕਮ, ਹਮਸ਼ੀਰਾ।"



**ਹਰਮਹਿੰਦਰ ਚਹਿਲ**
ਫੋਨ: 703-362-3239
e-mail: chahals57@yahoo.com

ਆਫੀਆ ਨੇ ਪਿੱਛੇ ਮੁੜ ਕੇ ਵੇਖਿਆ। ਸਾਹਮਣੇ ਰਮਜ਼ੀ ਯੂਸਫ ਖੜ੍ਹਾ ਸੀ। ਉਹ ਬੜੇ ਉਤਸ਼ਾਹ ਨਾਲ ਬੋਲੀ, "ਉਹ ਜੀ ਵਾਲੇਕਮ ਸਲਾਮ। ਮੇਰਾ ਖਿਆਲ ਐ ਆਪਾਂ ਉਸ ਦਿਨ ਇਕੱਠੇ ਇਕੋ ਫਲਾਈਟ 'ਤੇ ਆਏ ਸੀ।"

"ਮਾਰਲਿਨ ਤੇਰਾ ਕੀ ਹਾਲ ਐ?" ਰਮਜ਼ੀ ਯੂਸਫ ਨੇ ਆਫੀਆ ਦੀ ਇਕੱਠੇ ਆਉਣ ਵਾਲੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ।

"ਜੀ ਠੀਕ ਐ। ਤੁਸੀਂ ਸੁਣਾਉ।"

"ਹੋਰ ਬਸਮ ਦਾ ਫੋਨ ਵਗੈਰਾ ਆਇਆ ਸੀ?"

"ਹਾਂ, ਫੋਨ ਤਾਂ ਉਸ ਦਾ ਆਉਂਦਾ ਈ ਰਹਿੰਦਾ ਐ। ਕਹਿ ਰਿਹਾ ਸੀ ਕਿ ਬੋਸਨੀਆ ਦੀ ਘਰੇਲੂ ਜੰਗ ਖਤਰਨਾਕ ਰੂਪ ਅਖਤਿਆਰ ਕਰਦੀ ਜਾ ਰਹੀ ਐ।"

"ਇਹ ਘਰੇਲੂ ਜੰਗ ਨ੍ਹੀਂ ਐ, ਇਹ ਮੁਸਲਮਾਨਾਂ ਨੂੰ ਖਤਮ ਕਰਨ ਦੀ ਸਕੀਮ ਐ। ਇਸ ਸਕੀਮ 'ਚ ਸਾਰੀ ਦੁਨੀਆਂ, ਮੁਸਲਮਾਨਾਂ ਦੇ ਖਿਲਾਫ ਇਕੱਠੀ ਹੋ ਚੁੱਕੀ ਐ। ਖੈਰ...।" ਉਹ ਗੱਲ ਵਿਚਕਾਰ ਛੱਡ ਕਿਸੇ ਹੋਰ ਕੋਲ ਜਾ ਗੱਲਾਂ ਕਰਨ ਲੱਗਾ। ਫਿਰ ਮੀਟਿੰਗ ਸ਼ੁਰੂ ਹੋ ਗਈ। ਅੱਜ ਦਾ ਮੁੱਖ ਏਜੰਡਾ ਸੀ ਬੋਸਨੀਆ ਵਿਚ ਚੱਲ ਰਿਹਾ ਜਹਾਦ। ਹੋਰ ਚਰਚਾ ਤੋਂ ਬਿਨਾਂ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਗਈ ਕਿ ਉਥੋਂ ਦੇ ਜਹਾਦ ਵਿਚ ਯਤੀਮ ਹੋ ਰਹੇ ਬੱਚਿਆਂ ਅਤੇ ਵਿਧਵਾਵਾਂ ਲਈ ਫੰਡ ਇਕੱਠਾ ਕਰਨ ਦੀ ਲੋੜ ਐ। ਇਸ ਦੇ ਲਈ ਨਵੀਂ ਜਥੇਬੰਦੀ 'ਰਿਲੀਫ ਇੰਟਰਨੈਸ਼ਨਲ' ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦਾ ਸਾਰਾ ਕੰਮ-ਕਾਜ ਅਤੇ ਲੋਕਾਂ ਤੋਂ ਇਸ ਲਈ ਫੰਡ ਇਕੱਠਾ ਕਰਨ ਦੀ ਜ਼ਿੰਮੇਵਾਰੀ ਆਫੀਆ ਨੇ ਲੈ ਲਈ। ਮੀਟਿੰਗ ਖਤਮ ਹੋਣ ਵਾਲੀ ਸੀ ਜਦੋਂ ਇੱਕ ਜਣਾ ਸ਼ੇਖ ਉਮਰ ਰਹਿਮਾਨ ਦੀ ਬਾਂਹ ਫੜੀ ਕਮਰੇ ਵਿਚ ਦਾਖਲ ਹੋਇਆ। ਸਾਰਿਆਂ ਨੇ ਝੁਕ ਕੇ ਸ਼ੇਖ ਨੂੰ ਸਲਾਮ ਕਹੀ। ਸ਼ੇਖ ਨੇ ਆਪਣੀ ਸੋਟੀ ਇੱਧਰ ਉਧਰ ਧਰਦਿਆਂ ਸੋਫਾ ਲੱਭਿਆ ਤੇ ਆਰਾਮ ਨਾਲ ਬੈਠ ਗਿਆ।

"ਸਾਰੇ ਜਹਾਦੀਆਂ ਦਾ ਅੱਜ ਦੀ ਮੀਟਿੰਗ ਵਿਚ ਸੁਆਗਤ ਐ। ਮੈਂ ਬਹੁਤੀਆਂ ਗੱਲਾਂ ਨ੍ਹੀਂ ਕਰਨੀਆਂ। ਬੱਸ, ਮੈਂ ਇਤਨਾ ਈ ਯਾਦ ਕਰਵਾਉਣਾ ਐ ਕਿ ਤੁਹਾਨੂੰ ਆਪਣਾ ਫਰਜ਼ ਹਰ ਵਕਤ ਯਾਦ ਰਹਿਣਾ ਚਾਹੀਦਾ ਐ...।"

ਉਹ ਬੋਲਦਾ ਬੋਲਦਾ ਚੁੱਪ ਹੋ ਗਿਆ, ਪਰ ਕਮਰੇ 'ਚ ਮੁਕੰਮਲ ਚੁੱਪ ਛਾਈ ਹੋਈ ਸੀ। ਕੋਈ ਉਚਾ ਸਾਹ ਵੀ ਨ੍ਹੀਂ ਲੈ ਰਿਹਾ ਸੀ। ਉਸ ਨੇ ਪਲ ਭਰ ਰੁਕਦਿਆਂ ਅੱਗੇ ਬੋਲਣਾ ਸ਼ੁਰੂ ਕੀਤਾ, "ਇਹ ਦੁਨੀਆਂ ਕਾਫਰਾਂ ਨਾਲ ਭਰੀ ਪਈ ਐ। ਜਦੋਂ ਤੱਕ ਇਨ੍ਹਾਂ ਸਾਰਿਆਂ ਦਾ ਸਫਾਇਆ ਨ੍ਹੀਂ ਹੋ ਜਾਂਦਾ, ਉਦੋਂ ਤੱਕ ਧਰਤੀ 'ਤੇ ਅਮਨ ਨ੍ਹੀਂ ਹੋ ਸਕਦਾ। ਇੱਥੇ ਮੁਕੰਮਲ ਸ਼ਾਂਤੀ ਉਦੋਂ ਈ ਹੋਵੇਗੀ, ਜਦੋਂ ਚਾਰੇ ਪਾਸੇ ਇਸਲਾਮੀ ਝੰਡਾ ਝੂਲੇਗਾ। ਮੈਂ ਭਾਵੇਂ ਅੰਨਾ ਆਂ, ਪਰ ਮੇਰੇ ਮਨ ਦੀਆਂ ਅੱਖਾਂ ਦੇਖ ਰਹੀਆਂ ਨੇ ਕਿ ਕਾਫਰਾਂ ਦੀ ਚੜ੍ਹਤ ਹਰ ਵਕਤ ਸਾਡੇ ਸਾਹਮਣੇ ਰਹਿੰਦੀ ਐ। ਆਹ ਕੁਝ ਹੀ ਦੂਰੀ 'ਤੇ ਇਨ੍ਹਾਂ ਕਾਫਰਾਂ ਦੀਆਂ ਅਸਮਾਨ ਛੋਹੰਦੀਆਂ ਬਿਲਡਿੰਗਾਂ ਮੇਰੇ ਮਨ 'ਤੇ ਕੰਡੇ ਵਾਂਗੂੰ ਚੁਭਦੀਆਂ ਨੇ। ਕਾਸ਼ ਕਿ ਕੋਈ...।" ਉਹ ਚੁੱਪ ਹੁੰਦਾ ਅੱਗੇ ਦੀ ਗੱਲ ਉਥੇ ਹੀ ਦਬਾ ਗਿਆ। ਸਾਰੇ ਸਮਝ ਗਏ ਕਿ ਉਸ ਦਾ ਇਸ਼ਾਰਾ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਵੱਲ ਸੀ। ਕੁਝ ਦੇਰ ਖਾਲੀ ਪੁਤਲੀਆਂ ਇੱਧਰ ਉਧਰ ਘੁਮਾਉਂਦਾ ਉਹ ਫਿਰ ਬੋਲਿਆ, "ਇਨ੍ਹਾਂ ਕਾਫਰਾਂ ਦੇ ਦੂਹਰੇ ਮਿਆਰ ਵੇਖੋ...ਇਨ੍ਹਾਂ ਨੇ ਜਾਪਾਨ ਵਿਚ ਦੋ ਬੰਬ ਸੁੱਟ ਕੇ ਤਕਰੀਬਨ ਸਵਾ ਦੋ ਲੱਖ ਲੋਕ ਹਫਤੇ 'ਚ ਮਾਰ ਮੁਕਾਏ। ਸਾਡੇ ਫਲਸਤੀਨੀ ਭਰਾਵਾਂ ਦੀ ਲੜਾਈ ਨੂੰ ਇਹ ਟੈਰਰਿਜ਼ਮ ਦੱਸਦੇ ਨੇ। ਜ਼ਰਾ ਸੋਚੋ ਕਿ ਅਸਲੀ ਟੈਰਰਿਸਟ ਕੌਣ ਹੋਇਆ। ਆਪਣੇ ਹੱਕਾਂ ਲਈ ਲੜਨ ਵਾਲਾ ਜਾਂ ਨਿਰਦੋਸ਼ ਲੋਕਾਂ ਨੂੰ ਐਟਮ ਬੰਬਾਂ ਨਾਲ ਮਾਰਨ ਵਾਲਾ? ਖੈਰ! ਫਤਵਾ ਜਾਰੀ ਹੋ ਚੁੱਕਿਆ ਐ। ਉਸ 'ਤੇ ਅਮਲ ਕਰਨਾ ਹਰ ਸੱਚੇ ਮੁਸਲਮਾਨ ਦਾ ਕਰਤੱਵ ਐ।"

ਇੰਨਾ ਕਹਿੰਦਾ ਉਹ ਉਠ ਖੜ੍ਹਾ ਹੋਇਆ। ਜੋ ਬੰਦਾ ਉਸ ਨੂੰ ਲੈ ਕੇ ਆਇਆ ਸੀ, ਉਸ ਨੇ ਅਗਾਂਹ ਹੋ ਕੇ ਸ਼ੇਖ ਦੀ ਬਾਂਹ ਫੜ ਲਈ ਤੇ ਅੰਦਰ ਲੈ ਤੁਰਿਆ। ਇਸ ਪਿੱਛੋਂ ਮੀਟਿੰਗ ਬਰਖਾਸਤ ਹੋ ਗਈ। ਸਾਰੇ ਉਠ ਕੇ ਤੁਰਨ ਲੱਗੇ। ਆਫੀਆ ਅਤੇ ਮਾਰਲਿਨ ਵੀ ਬਾਹਰ ਆ ਗਈਆਂ। ਆਫੀਆ ਵੇਖ ਰਹੀ ਸੀ ਕਿ ਹਰ ਕੋਈ ਮੀਟਿੰਗ 'ਚੋਂ ਉਠ ਆਇਆ ਹੈ, ਪਰ ਰਮਜ਼ੀ ਯੂਸਫ, ਮੁਹੰਮਦ ਸਲਾਮ ਅਤੇ ਇੱਕ ਜਣਾ ਹੋਰ ਪਿੱਛੇ ਹੀ ਰੁਕ ਗਏ। ਉਥੋਂ ਉਹ ਤੁਰ ਪਈਆਂ ਪਰ ਰਸਤੇ ਵਿਚ ਉਨ੍ਹਾਂ ਵਿਚਕਾਰ ਜ਼ਿਆਦਾ ਗੱਲਬਾਤ ਨਾ ਹੋਈ। ਆਫੀਆ ਚੁੱਪ ਸੀ, ਪਰ ਉਸ ਦਾ ਮਨ ਚੁੱਪ ਨਹੀਂ ਸੀ। ਉਹ ਸੋਚ ਰਹੀ ਸੀ ਕਿ ਸ਼ੇਖ ਉਮਰ ਅਬਦੁਲ ਰਹਿਮਾਨ ਨੇ ਜੋ ਫਤਵੇ ਬਾਰੇ ਕਿਹਾ ਸੀ, ਉਹ ਜ਼ਰੂਰ ਹੀ ਕੋਈ ਅਹਿਮ ਗੱਲ ਹੋਵੇਗੀ। ਉਸ ਦੇ ਮਨ ਵਿਚ ਇਹ ਗੱਲ ਵੀ ਆ ਰਹੀ ਸੀ ਕਿ ਰਮਜ਼ੀ, ਦੂਜੇ ਸਾਥੀਆਂ ਸਮੇਤ ਉਥੇ ਹੀ ਕਿਉਂ ਰੁਕ ਗਿਆ। ਉਸ ਨੂੰ ਇਸ ਗੱਲ ਦਾ ਅਫਸੋਸ ਹੋ ਰਿਹਾ ਸੀ ਕਿ ਜੇ ਕੋਈ ਜ਼ਰੂਰੀ ਗੱਲ ਹੈ ਤਾਂ ਉਸ ਨੂੰ ਵੀ ਇਸ ਬਾਰੇ ਦੱਸਿਆ ਜਾਣਾ ਚਾਹੀਦਾ ਸੀ। ਉਸ ਨੂੰ ਲੱਗਿਆ ਕਿ ਸ਼ਾਇਦ ਉਸ ਉਪਰ ਅਜੇ ਪੂਰਾ ਭਰੋਸਾ ਨਹੀਂ ਕੀਤਾ ਜਾ ਰਿਹਾ। ਉਸ ਦਾ ਮਨ ਕਹਿ ਰਿਹਾ ਸੀ ਕਿ ਉਹ ਇਸ ਤਰ੍ਹਾਂ ਪਿੱਛੇ ਰਹਿਣ ਵਾਲਿਆਂ ਵਿਚੋਂ ਨਹੀਂ ਹੈ; ਉਹ ਤਾਂ ਮੂਹਰਲੀ ਕਤਾਰ ਦੀ ਜਹਾਦੀ ਹੈ। ਇਸ ਤਰ੍ਹਾਂ ਦੀਆਂ ਸੋਚਾਂ ਸੋਚਦਿਆਂ ਪਤਾ ਹੀ ਨਾ ਲੱਗਿਆ ਕਿ ਕਦੋਂ ਉਸ ਦਾ ਹੋਸਟਲ ਆ ਗਿਆ। ਮਾਰਲਿਨ ਉਸ ਨੂੰ ਉਤਾਰ ਕੇ ਅੱਗੇ ਚਲੀ ਗਈ।

## ਕੌੜਾ ਸੱਚ

ਇਸ ਦੇ ਹਫਤਾ ਕੁ ਪਿੱਛੋਂ ਆਫੀਆ ਦੁਪਹਿਰ ਵੇਲੇ ਖ਼ਬਰਾਂ ਵੇਖ ਰਹੀ ਸੀ ਕਿ ਉਛਲ ਕੇ ਖੜ੍ਹੀ ਹੋ ਗਈ। ਖ਼ਬਰ ਹੀ ਅਜਿਹੀ ਸੀ ਕਿ ਜਿਸ ਨੇ ਉਸ ਦਾ ਰੋਮ ਰੋਮ ਉਤਸ਼ਾਹ ਨਾਲ ਭਰ ਦਿੱਤਾ। ਸੀ.ਐਨ.ਐਨ. ਖ਼ਬਰ ਦੇ ਰਿਹਾ ਸੀ, "ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਦੀ ਪਾਰਕਿੰਗ 'ਚ ਬੰਬ ਧਮਾਕਾ; ਜਿਸ ਵਿਚ ਅੱਧੀ ਦਰਜਨ ਦੇ ਕਰੀਬ ਲੋਕ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋ ਗਏ।"

ਇਹ ਖ਼ਬਰ ਸੁਣਦਿਆਂ ਹੀ ਆਫੀਆ ਦੇ ਕੰਨ ਭੜੱਕ ਭੜੱਕ ਖੁੱਲ੍ਹ ਗਏ। ਉਸ ਨੂੰ ਯਾਦ ਆ ਗਿਆ ਕਿ ਉਸ ਦਿਨ ਮੀਟਿੰਗ ਵਿਚ ਸ਼ੇਖ ਉਮਰ ਨੇ ਜੋ ਫਤਵੇ ਦੀ ਗੱਲ ਕਹੀ ਸੀ, ਉਹ ਇਸੇ ਕੰਮ ਬਾਰੇ ਸੀ। ਫਿਰ ਨਾਲ ਹੀ ਉਸ ਨੂੰ ਇਹ ਖਿਆਲ ਵੀ ਆਇਆ ਕਿ ਰਮਜ਼ੀ ਯੂਸਫ ਅਤੇ ਉਸ ਦੇ ਦੋ ਸਾਥੀ ਪਿੱਛੇ ਸ਼ਾਇਦ ਇਸੇ ਕਾਰਵਾਈ ਲਈ ਰੁਕੇ ਸਨ ਜੋ ਅੱਜ ਵਰਲਡ ਟਰੇਡ ਸੈਂਟਰ ਵਿਚ ਵਾਪਰੀ ਹੈ। ਉਸ ਨੇ ਕਈ ਦੋਸਤਾਂ ਨੂੰ ਫੋਨ ਕੀਤੇ, ਪਰ ਕਿਤਿਉਂ ਵੀ ਕੋਈ ਪੱਕੀ ਜਾਣਕਾਰੀ ਨਾ ਮਿਲੀ। ਉਸ ਨੇ ਸੁਹੇਲ ਨੂੰ ਫੋਨ ਕੀਤਾ ਤਾਂ ਉਸ ਨੇ ਕਿਹਾ ਕਿ ਉਹ ਉਸ ਨੂੰ ਅਗਲੇ ਦਿਨ ਮਿਲੇਗਾ।

ਅਗਲੇ ਦਿਨ ਸ਼ਾਮ ਵੇਲੇ ਆਫੀਆ ਅਤੇ ਸੁਹੇਲ ਕਾਰ ਵਿਚ ਬਹਿੰਦੇ ਸਾਰ ਕਿਧਰੇ ਨਿਵੇਕਲੇ ਪਾਰਕ ਵਿਚ ਚਲੇ ਗਏ। ਉਥੇ ਪਹੁੰਚ ਕੇ ਸੁਹੇਲ ਨੇ ਗੱਲ ਸ਼ੁਰੂ ਕੀਤੀ, "ਸ਼ੇਖ ਸਾਹਿਬ ਨੇ ਫਤਵਾ ਜਾਰੀ ਕੀਤਾ ਸੀ ਕਿ ਘੱਟੋ ਘੱਟ ਢਾਈ ਲੱਖ ਅਮਰੀਕਨਾਂ ਨੂੰ ਇਕੱਠਿਆਂ ਨੂੰ ਇੱਕੋ ਐਕਸ਼ਨ ਵਿਚ ਮਾਰਿਆ ਜਾਵੇ। ਇਸ ਦੇ ਲਈ ਰਮਜ਼ੀ ਯੂਸਫ ਦੀ ਜ਼ਿੰਮੇਵਾਰੀ ਲਾਈ ਗਈ ਸੀ। ਰਮਜ਼ੀ ਨੇ ਆਪਣੇ ਖਾਸ ਦੋਸਤ ਮੁਹੰਮਦ ਸਲਾਮ ਨੂੰ ਨਾਲ ਲਿਆ। ਉਂਜ ਉਹ ਇਸ ਦੀ ਤਿਆਰੀ ਪਹਿਲਾਂ ਤੋਂ ਹੀ ਕਰ ਰਹੇ ਸਨ। ਉਨ੍ਹਾਂ ਕਿਸੇ ਹੋਰ ਦੋਸਤ ਦੇ ਘਰ ਦੇ ਗੈਰਾਜ ਵਿਚ ਪੰਦਰਾਂ ਸੌ ਪੌਂਡ ਦਾ ਬੰਬ ਤਿਆਰ ਕੀਤਾ ਹੋਇਆ ਸੀ। ਫਿਰ 26 ਫਰਵਰੀ ਵਾਲੇ ਦਿਨ ਮੁਹੰਮਦ ਸਲਾਮ ਨੇ ਟਰੱਕ ਕਿਰਾਏ 'ਤੇ ਲਿਆਂਦਾ ਅਤੇ ਬੰਬ ਉਸ ਵਿਚ ਟਿਕਾ ਲਿਆ। ਲੰਚ ਟਾਈਮ ਵੇਲੇ ਉਹ ਟਰੱਕ 'ਚ ਬਹਿ ਕੇ ਵਰਲਡ ਟਰੇਡ ਸੈਂਟਰ ਵੱਲ ਤੁਰ ਪਏ। ਟਰੱਕ ਦੇ ਪਿੱਛੇ ਹੀ ਇੱਕ ਹੋਰ ਦੋਸਤ ਨੇ ਆਪਣੀ ਕਾਰ ਤੋਰ ਲਈ। ਬੰਬ ਕਿੱਥੇ ਰੱਖਣਾ ਹੈ, ਇਸ ਦੀ ਨਿਸ਼ਾਨਦੇਹੀ ਰਮਜ਼ੀ ਨੇ ਪਹਿਲਾਂ ਹੀ ਕੀਤੀ ਹੋਈ ਸੀ। ਉਨ੍ਹਾਂ ਟਰੱਕ, ਨਾਰਥ ਟਾਵਰ ਦੀ ਪਾਰਕਿੰਗ ਦੇ ਬੀ ਬਲਾਕ ਵਿਚ ਜਾ ਖੜ੍ਹਾ ਕੀਤਾ। ਟਰੱਕ ਖੜ੍ਹਾ ਕਰਨ ਤੋਂ ਪਿੱਛੋਂ ਰਮਜ਼ੀ ਨੇ ਬੰਬ ਨੂੰ ਅੱਗ ਲਾਈ ਤੇ ਭੱਜ ਕੇ ਨਾਲ ਆਈ ਦੋਸਤ ਦੀ ਕਾਰ ਵਿਚ ਜਾ ਬੈਠਾ। ਉਥੋਂ ਕਾਰ ਭਜਾ ਕੇ ਉਹ ਭੱਜ ਨਿਕਲੇ। ਇਸ ਦੇ ਕੁਝ ਮਿੰਟ ਪਿੱਛੋਂ ਉਥੇ ਜ਼ਬਰਦਸਤ ਧਮਾਕਾ ਹੋਇਆ ਜਿਸ ਨੇ ਸਾਰਾ ਲੋਅਰ ਮੈਨਹਟਨ ਹਿਲਾ ਦਿੱਤਾ, ਪਰ ਅਫਸੋਸ! ਜੋ ਸੋਚਿਆ ਗਿਆ ਸੀ, ਉਹ ਨਾ ਹੋ ਸਕਿਆ।"

"ਉਹ ਕੀ?" ਚੁੱਪ ਚਾਪ ਸੁਹੇਲ ਦੀ ਗੱਲ ਸੁਣ ਰਹੀ ਆਫੀਆ ਨੇ ਹੈਰਾਨ ਹੋ ਕੇ ਪੁੱਛਿਆ।

"ਰਮਜ਼ੀ ਯੂਸਫ ਦਾ ਖਿਆਲ ਸੀ ਕਿ ਇਹ ਬੰਬ ਇਤਨਾ ਸ਼ਕਤੀਸ਼ਾਲੀ ਐ ਕਿ ਇਸ ਨਾਲ ਨਾਰਥ ਟਾਵਰ ਢਹਿ ਢੇਰੀ ਹੋ ਜਾਵੇਗਾ। ਇੰਨਾ ਹੀ ਨ੍ਹੀਂ, ਸਗੋਂ ਇਹ ਢਹਿੰਦਾ ਹੋਇਆ ਸਾਊਥ ਟਾਵਰ ਨੂੰ ਵੀ ਨਾਲ ਹੀ ਡੇਗ ਦੇਵੇਗਾ। ਉਸ ਦੀ ਸੋਚਣੀ ਸੀ ਕਿ ਉਸ ਦਾ ਇਹ ਕੰਮ ਦੋਹਾਂ ਟਾਵਰਾਂ ਨੂੰ ਧਰਤੀ 'ਤੇ ਵਿਛਾ ਦੇਵੇਗਾ ਤੇ ਉਥੇ ਕੰਮ ਕਰਨ ਵਾਲੇ ਸਾਰੇ ਲੋਕ ਮਾਰੇ ਜਾਣਗੇ, ਪਰ ਅਫਸੋਸ ਉਸ ਦੀ ਮਨਸ਼ਾ ਪੂਰੀ ਨਾ ਹੋਈ। ਸਿਰਫ ਪੰਜ ਛੇ ਲੋਕ ਹੀ ਮਰੇ ਨੇ।"

"ਅੱਲਾ ਉਸ ਦੀ ਇਨ੍ਹਾਂ ਟਾਵਰਾਂ ਨੂੰ ਢਾਹੁਣ ਦੀ ਮਨਸ਼ਾ ਜ਼ਰੂਰ ਪੂਰੀ ਕਰੇਗਾ; ਪਰ ਸੁਹੇਲ! ਰਮਜ਼ੀ ਯੂਸਫ ਸਾਡੀ ਕੌਮ ਦਾ ਹੀਰੋ ਐ, ਉਹ ਅਸਲੀ ਜਹਾਦੀ ਐ, ਸਾਨੂੰ ਇਹੋ ਜਿਹੇ ਜਹਾਦੀਆਂ ਦੀ ਲੋੜ ਐ।"

"ਅੱਲਾ ਸਭ ਕਾਮਨਾਵਾਂ ਪੂਰੀਆਂ ਕਰੂਗਾ। ਬੱਸ ਆਪਣਾ ਕੰਮ ਐ ਕਿ ਆਪਣੇ ਰਾਹ ਚਲਦੇ ਰਹੀਏ।" ਇੰਨਾ ਕਹਿੰਦਿਆਂ ਸੁਹੇਲ ਗੱਡੀ ਬੈਕ ਕਰਨ ਲੱਗਿਆ।

"ਆਪਾਂ ਨੂੰ ਵੱਧ ਤੋਂ ਵੱਧ ਲੜਾਕੇ ਭਰਤੀ ਕਰਨੇ ਚਾਹੀਦੇ ਨੇ।" ਆਫੀਆ ਨੇ ਆਪਣੀ ਗੱਲ ਕਹੀ।



"All the News That's Fit to Print"

The New York Times

BLAST HITS TRADE CENTER, BOMB SUSPECTED; 5 KILLED, THOUSANDS FLEE SMOKE IN TOWERS

Many Are Trapped for Hours In Darkness and Confusion

PRESIDENT URGES MORE RUSSIAN AID

In a Speech on World Trade, He Seeks a 2-Way Street

First, Darkness, Then Came the Smoke

For Workers in Offices, the First Imperative Was to Get Outside

Manhattan Is Held in the Grip Of Traffic Snarls and Anxiety

INSIDE

ਧਮਾਕੇ ਬਾਰੇ 'ਨਿਊ ਯਾਰਕ ਟਾਈਮਜ਼' ਦੇ 27 ਫਰਵਰੀ 1993 ਵਾਲੇ ਅੰਕ ਦੀ ਸੁਰਖੀ।



26 ਫਰਵਰੀ 1993 ਨੂੰ ਵਰਲਡ ਟਰੇਡ ਨਾਰਥ ਟਾਵਰ ਦੀ ਪਾਰਕਿੰਗ ਵਾਲੇ ਬੰਬ ਧਮਾਕੇ ਨਾਲ ਹੋਈ ਤਬਾਹੀ ਦਾ ਮੰਜ਼ਰ।

"ਅੱਗੇ ਅੱਗੇ ਵੇਖ ਸਹੀ ਕਿ ਕੀ ਬਣਦਾ ਐ। ਵੈਸੇ ਤੂੰ ਵੀ ਜਹਾਦ ਵਾਸਤੇ ਬਹੁਤ ਕੁਝ ਕਰ ਰਹੀ ਐਂ।"

"ਸੁਹੇਲ, ਜੇ ਸੱਚ ਪੁੱਛਦਾ ਐਂ ਤਾਂ ਮੈਨੂੰ ਲੱਗਦਾ ਐ ਕਿ ਮੈਂ ਵੀ ਫਰੰਟ 'ਤੇ ਜਾ ਕੇ ਲੜਾਂ।"

"ਨ੍ਹੀਂ, ਲੜਾਈ 'ਚ ਹਰ ਇੱਕ ਦਾ ਆਪਣਾ ਆਪਣਾ ਕੰਮ ਹੁੰਦਾ ਐ। ਤੂੰ ਜੋ ਕਰ ਰਹੀ ਐਂ, ਇਹੀ ਸਹੀ ਐ। ਬੱਸ ਅੱਗੇ ਵਧਦੀ ਚੱਲ।"

ਉਹ ਗੱਲਾਂ ਕਰਦੇ ਵਾਪਸ ਮੁੜ ਆਏ।

ਅਗਲੇ ਦਿਨ ਮੁਹੰਮਦ ਸਲਾਮ ਫੜਿਆ ਗਿਆ। ਉਸ ਦੀ ਗ੍ਰਿਫਤਾਰ ਹੋਣ ਦੀ ਦੇਰ ਸੀ ਕਿ ਜਰਸੀ ਸਿਟੀ ਦੇ ਅਲ ਕੀਫਾ ਮੈਂਬਰਾਂ 'ਚ ਹਫੜਾ-ਦਫੜੀ ਮੱਚ ਗਈ। ਕਿੰਨੇ ਹੀ ਮੈਂਬਰ ਹੋਰ ਫੜੇ ਗਏ ਤੇ ਕਿੰਨੇ ਹੀ ਅੰਡਰਗਰਾਊਂਡ ਹੋ ਗਏ। ਇਹ ਮਾਮਲਾ ਇੱਥੇ ਹੀ ਨਾ ਰੁਕਿਆ। ਪੁਲਿਸ ਬੋਸਟਨ ਸ਼ਹਿਰ ਵੀ ਪਹੁੰਚ ਗਈ ਤੇ ਉਥੇ ਦੇ ਵੀ ਕਈ ਅਲ ਕੀਫਾ ਮੈਂਬਰ ਪੁਲਿਸ ਦੀ ਗ੍ਰਿਫਤ ਵਿਚ ਆ ਗਏ। ਉਧਰ ਰਮਜ਼ੀ ਯੂਸਫ ਨੇ ਧਮਾਕੇ ਵਾਲੇ ਦਿਨ ਹੀ ਸ਼ਾਮ ਵੇਲੇ ਪਾਕਿਸਤਾਨ ਨੂੰ ਫਲਾਈਟ ਲੈ ਲਈ। ਜਦੋਂ ਤੱਕ ਉਸ ਦਾ ਨਾਂ ਬਾਹਰ ਆਇਆ, ਉਦੋਂ ਤੱਕ ਉਹ ਬਲੋਚਿਸਤਾਨ ਵਿਚਲੇ ਆਪਣੇ ਘਰ ਪਹੁੰਚ ਚੁੱਕਿਆ ਸੀ। ਕੁਝ ਦੇਰ ਉਥੇ ਰੁਕ ਕੇ ਉਹ ਪਿਸ਼ਾਵਰ ਦੇ ਉਨ੍ਹਾਂ ਸੁਰੱਖਿਅਤ ਟਿਕਾਣਿਆਂ ਵੱਲ ਨਿਕਲ ਗਿਆ ਜਿੱਥੇ ਅਲ ਕਾਇਦਾ ਅਤੇ ਹੋਰ ਜਥੇਬੰਦੀਆਂ ਦੇ ਜਹਾਦੀ ਬੜੇ ਆਰਾਮ ਨਾਲ ਬਿਨਾਂ ਕਿਸੇ ਡਰ-ਭੌਅ ਦੇ ਰਹਿ ਰਹੇ ਸਨ।

ਅਲ ਕੀਫਾ ਦੀਆਂ ਧੜਾ ਧੜ ਹੋਈਆਂ ਗ੍ਰਿਫਤਾਰੀਆਂ ਨੇ ਤਹਿਲਕਾ ਤਾਂ ਮਚਾ ਦਿੱਤਾ ਪਰ ਮੈਂਬਰਾਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਉਹ ਸੋਚਦੇ ਸਨ ਕਿ ਉਨ੍ਹਾਂ ਇੰਨਾ ਵੱਡਾ ਕਾਰਾ ਕੀਤਾ ਹੈ ਤੇ ਅੱਗੇ ਚੱਲ ਕੇ ਉਹ ਇਸ ਤੋਂ ਵੀ ਵੱਡਾ ਕੰਮ ਕਰ ਸਕਦੇ ਹਨ। ਆਫੀਆ ਦਾ ਵੀ ਹੌਸਲਾ ਬੁਲੰਦ ਹੋ ਗਿਆ। ਉਸ ਨੇ ਆਪਣੇ ਇੰਟਰਨੈਟ ਵਿਚਲੇ ਇਸ਼ਤਿਹਾਰ 'ਚ ਲਿਖਿਆ ਕਿ ਇਨ੍ਹਾਂ ਫੜੇ ਗਏ ਮੈਂਬਰਾਂ ਦੇ ਕੋਰਟ ਕੇਸਾਂ ਲਈ ਪੈਸਾ ਇਕੱਠਾ ਕੀਤਾ ਜਾਵੇ। ਪੁਲਿਸ ਦੇ ਦਬਾਅ ਕਾਰਨ ਅਲ ਕੀਫਾ ਦਾ ਦਫਤਰ ਬੰਦ ਕਰ ਦਿੱਤਾ ਗਿਆ। ਇਸ ਦੇ ਜ਼ਿਆਦਾ ਮੈਂਬਰ ਬੋਸਟਨ ਸ਼ਹਿਰ ਜਾ ਪਹੁੰਚੇ। ਉਨ੍ਹਾਂ ਅਲ ਕੀਫਾ ਦਾ ਨਾਂ ਛੱਡ ਕੇ ਨਵੀਂ ਜਥੇਬੰਦੀ ਬਣਾ ਲਈ ਜਿਸ ਦਾ ਨਾਂ ਸੀ, ਕੇਅਰ ਇੰਟਰਨੈਸ਼ਨਲ। ਨਿਊਜ਼ ਲੈਟਰ ਅਲ ਹਸਮ ਅਤੇ ਅਲ ਹਸਮ ਵੈਬਸਾਈਟ ਕੇਅਰ ਇੰਟਰਨੈਸ਼ਨਲ ਨਾਲ ਜੋੜ ਦਿੱਤੇ ਗਏ। ਇਨ੍ਹਾਂ ਰਾਹੀਂ ਮੁਸਲਿਮ ਸਮਾਜ ਨੂੰ ਬੜੇ ਜੋਸ਼ੋ-ਖਰੋਸ਼ ਨਾਲ ਫੰਡ ਦੀ ਅਪੀਲ ਕੀਤੀ ਗਈ। ਦਿਨਾਂ 'ਚ ਹੀ ਲੱਖਾਂ ਡਾਲਰ ਇਕੱਠਾ ਹੋ ਗਿਆ। ਇਸ ਨਾਲ ਸਾਰੇ ਮੈਂਬਰਾਂ ਦੇ ਹੌਸਲੇ ਬੁਲੰਦੀਆਂ ਛੋਹਣ ਲੱਗੇ।

ਇਨ੍ਹੀਂ ਦਿਨੀਂ ਹੀ ਇੱਕ ਦਿਨ ਆਫੀਆ ਨੇ ਅਖ਼ਬਾਰ 'ਚ ਰਮਜ਼ੀ ਯੂਸਫ ਬਾਰੇ ਪੂਰਾ ਲੇਖ ਪੜ੍ਹਿਆ। ਲਿਖਿਆ ਸੀ, "ਨਾਰਥ ਟਾਵਰ ਬੰਬ ਧਮਾਕੇ ਦੇ ਮੁੱਖ ਦੋਸ਼ੀ ਨੂੰ ਐਫ.ਬੀ.ਆਈ. ਦੀ ਮੋਸਟ ਵਾਂਟਿਡ ਲਿਸਟ 'ਤੇ ਪਾਉਣ ਪਿੱਛੋਂ ਉਸ ਦਾ ਪਿੱਛਾ ਕੀਤਾ ਗਿਆ। ਛੇਤੀ ਹੀ ਪਤਾ ਲੱਗ ਗਿਆ ਕਿ ਉਹ ਆਪਣੇ ਜੱਦੀ ਘਰ ਕੋਇਟਾ ਰਹਿ ਰਿਹਾ ਹੈ। ਪਾਕਿਸਤਾਨੀ ਪੁਲਿਸ ਦੀ ਮੱਦਦ ਨਾਲ ਉਸ ਨੂੰ ਫੜਨ ਦੀ ਸਕੀਮ ਬਣਾਈ ਗਈ, ਪਰ ਜਦੋਂ ਤੱਕ ਪੁਲਿਸ ਟੀਮਾਂ ਪਹੁੰਚੀਆਂ, ਉਦੋਂ ਤੱਕ ਉਹ ਉਥੋਂ ਨਿਕਲ ਗਿਆ ਸੀ। ਲੱਗਦਾ ਹੈ ਕਿ ਉਸ ਦੇ ਆਈ.ਐਸ.ਆਈ. ਦੇ ਅੰਦਰ ਡੂੰਘੇ ਸਬੰਧ ਹਨ। ਉਸ ਦੇ ਇਸ ਘਰੋਂ ਮਿਲੇ ਕਾਗਜ਼ਾਂ ਤੋਂ ਇਹ ਵੀ ਪਤਾ ਲੱਗਿਆ ਕਿ ਉਸ ਦਾ ਅਸਲੀ ਨਾਂ ਅਬਦੁਲ ਬਸਤ ਕਰੀਮ ਹੈ। ਬੰਬ ਧਮਾਕਾ ਕਰਨ ਪਿੱਛੋਂ ਉਹ ਇਸੇ ਨਾਂ ਦੇ ਪਾਸਪੋਰਟ 'ਤੇ ਪਾਕਿਸਤਾਨ ਭੱਜਿਆ ਸੀ। ਇਸ ਦੇ ਇਲਾਵਾ ਉਸ ਦੇ ਘਰੋਂ ਮਿਲੀਆਂ ਫੋਟੋਆਂ ਵਿਚ ਉਸ ਦੀਆਂ ਕਈ ਵੱਡੇ ਬੰਦਿਆਂ ਨਾਲ ਫੋਟੋਆਂ ਵੀ ਸ਼ਾਮਲ ਹਨ ਜਿਨ੍ਹਾਂ ਵਿਚ ਜਨਰਲ ਜ਼ਿਆ-ਉਲ-ਹੱਕ, ਉਸ ਦਾ ਪੁੱਤਰ ਇਜਾਜ਼-ਉਲ-ਹੱਕ ਅਤੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੀ ਸ਼ਾਮਲ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਪਾਕਿਸਤਾਨੀ ਸਿਆਸਤਦਾਨਾਂ ਦੇ ਕਿੰਨਾ ਨੇੜੇ ਹੈ। ਖਦਸ਼ਾ ਹੈ ਕਿ ਉਹ ਪਿਸ਼ਾਵਰ ਦੇ ਏਰੀਏ ਵਿਚ ਪਹੁੰਚ ਚੁਕਾ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀ ਗੁਪਤ ਜਾਣਕਾਰੀ ਮਿਲੀ ਹੈ।"

ਆਫੀਆ ਨੇ ਅਖ਼ਬਾਰ ਪਾਸੇ ਰੱਖ ਦਿੱਤਾ ਤੇ ਸੁਹੇਲ ਦੀ ਕਹੀ ਗੱਲ ਬਾਰੇ ਸੋਚਣ ਲੱਗੀ। ਸੁਹੇਲ ਨੇ ਹੀ ਉਸ ਨੂੰ ਦੱਸਿਆ ਸੀ ਕਿ ਪਿਸ਼ਾਵਰ ਸਾਰੇ ਜਹਾਦੀਆਂ ਦਾ ਵੱਡਾ ਅੱਡਾ ਹੈ। ਉਥੇ ਕੋਈ ਬਾਹਰਲਾ ਤਾਂ ਕੀ, ਖੁਦ ਪਾਕਿਸਤਾਨੀ ਸਰਕਾਰ ਵੀ ਨਹੀਂ ਜਾ ਸਕਦੀ। ਆਫੀਆ ਨੂੰ ਲੱਗਿਆ ਕਿ ਚੰਗਾ ਹੀ ਹੋਇਆ ਕਿ ਰਮਜ਼ੀ ਯੂਸਫ ਪੁਲਿਸ ਦੇ ਹੱਥ ਨਹੀਂ ਆਇਆ। ਜੇ ਉਹ ਫੜਿਆ ਜਾਂਦਾ ਤਾਂ



***ਸ਼ੇਖ ਉਮਰ ਅਬਦੁਲ ਰਹਿਮਾਨ (ਹੁਣ ਉਮਰ 74 ਸਾਲ) ਜੋ ਅੱਜਕੱਲ੍ਹ ਬਟਨਰ (ਨਾਰਥ ਕੈਰੋਲੀਨਾ) ਦੇ ਫੈਡਰਲ ਕੁਰੈਕਸ਼ਨਲ ਕੰਪਲੈਕਸ ਵਿਖੇ ਉਮਰ ਕੈਦ ਕੱਟ ਰਿਹਾ ਹੈ।***

ਪਤਾ ਨਹੀਂ ਫਿਰ ਹੋਰ ਕਿੰਨੀਆਂ ਕੁ ਗ੍ਰਿਫਤਾਰੀਆਂ ਹੁੰਦੀਆਂ। ਉਦੋਂ ਹੀ ਆਫੀਆ ਦਾ ਫੋਨ ਆ ਗਿਆ। ਦੂਜੇ ਪਾਸੇ ਉਸ ਦਾ ਭਰਾ ਸੀ ਜੋ ਹਿਊਸਟਨ ਤੋਂ ਬੋਲ ਰਿਹਾ ਸੀ।

"ਆਫੀਆ ਕੀ ਬਣ ਰਿਹਾ ਐ?"

"ਭਾਈ ਜਾਨ, ਕੁਛ ਨ੍ਹੀਂ ਬੱਸ ਵਿਹਲੀ ਬੈਠੀ ਆਂ।"

"ਮੈਂ ਕਰਾਚੀ ਫੋਨ ਕੀਤਾ ਸੀ ਅੱਬਾ ਦੀ ਤਬੀਅਤ ਕੁਛ ਢਿੱਲੀ ਐ।"

"ਕਿਉਂ ਕੀ ਹੋਇਆ ਅੱਬੂ ਨੂੰ?" ਆਫੀਆ ਇੱਕ ਦਮ ਘਬਰਾ ਗਈ।

"ਨ੍ਹੀਂ ਇੰਨੀ ਫਿਕਰ ਵਾਲੀ ਗੱਲ ਤਾਂ ਨ੍ਹੀਂ ਐ। ਉਂਜ ਤੈਨੂੰ ਪਤਾ ਈ ਐ ਕਿ ਉਹ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਨੇ। ਹੁਣ ਨਾਲ ਦਿਲ ਦੀ ਤਕਲੀਫ ਵੀ ਸ਼ੁਰੂ ਹੋ ਗਈ ਐ।"

"ਉਨ੍ਹਾਂ ਨੂੰ ਕਹੋ ਕਿ ਇੱਥੇ ਆ ਕੇ ਇਲਾਜ ਕਰਵਾਉਣ। ਇੱਥੇ ਹਰ ਬਿਮਾਰੀ ਦਾ ਬਿਹਤਰ ਇਲਾਜ ਐ।"

"ਮੈਂ ਤਾਂ ਬਥੇਰਾ ਕਹਿ ਕੇ ਵੇਖ ਲਿਆ, ਪਰ ਉਹ ਮੰਨਦੇ ਈ ਨ੍ਹੀਂ। ਤੂੰ ਗੱਲ ਕਰ ਕੇ ਵੇਖੀਂ।"

"ਮੈਂ ਕਰਦੀ ਆਂ ਫੋਨ ਅੱਜ ਹੀ। ਹੋਰ ਅੰਮੀ ਤਾਂ ਠੀਕ ਐ ਨਾ?"

"ਅੰਮੀ ਬਿਲਕੁਲ ਠੀਕ ਐ। ਫੌਜ਼ੀਆ ਵੀ ਕਹਿ ਰਹੀ ਐ ਕਿ ਅਮਰੀਕਾ ਪੜ੍ਹਨ ਆਉਣਾ ਐ।"

"ਚੰਗਾ ਐ ਇੱਥੇ ਆ ਜਾਵੇ। ਸਾਰੇ ਇਕੱਠੇ ਹੋ ਜਾਵਾਂਗੇ।"

"ਇਕੱਠੇ ਕਿੱਥੇ ਹੋਵਾਂਗੇ? ਮੈਂ ਤੈਨੂੰ ਬਥੇਰਾ ਕਿਹਾ ਕਿ ਹਿਊਸਟਨ ਨਾ ਛੱਡ, ਤੂੰ ਮੇਰੀ ਗੱਲ ਮੰਨੀ। ਇਵੇਂ ਈ ਉਹ ਵੀ ਆਪਣੀ ਮਰਜ਼ੀ ਈ ਕਰੂਗੀ।"

"ਭਾਈ ਜਾਨ ਕੋਈ ਗੱਲ ਨ੍ਹੀਂ ਮੈਂ ਇੱਥੇ ਈ ਠੀਕ ਆਂ। ਉਹ ਹੋ ਸਕਦਾ ਐ ਕਿ ਤੁਹਾਡੇ ਕੋਲ ਰਹਿ ਪਵੇ।"

"ਆਫੀਆ ਹੋਰ ਤਾਂ ਸਭ ਠੀਕ ਐ, ਪਰ ਮੈਨੂੰ ਤੇਰਾ ਇੱਕ ਗੱਲੋਂ ਬੜਾ ਫਿਕਰ ਰਹਿੰਦਾ ਐ।"

"ਭਾਈ ਜਾਨ ਉਹ ਕੀ?"

"ਤੁਹਾਡਾ ਬੋਸਟਨ ਸ਼ਹਿਰ ਅੱਜ ਕੱਲ੍ਹ ਬੜਾ ਖ਼ਬਰਾਂ 'ਚ ਰਹਿੰਦਾ ਐ। ਸੁਣਦੇ ਆਂ ਕਿ ਇੱਥੇ ਬੜੇ ਜਹਾਦੀ ਘੁੰਮ ਰਹੇ ਨੇ। ਵਰਲਡ ਟਰੇਡ ਸੈਂਟਰ ਦੀ ਪਾਰਕਿੰਗ ਵਾਲੇ ਧਮਾਕੇ ਵਾਲੇ ਕੇਸ ਨਾਲ ਵੀ ਬੋਸਟਨ ਜੁੜਿਆ ਹੋਇਐ। ਤੂੰ ਇਸ ਪਾਸਿਉਂ ਬਚ ਕੇ ਰਹੀਂ।"

"ਨਹੀਂ ਭਾਈ ਜਾਨ, ਅਜਿਹੀ ਕੋਈ ਗੱਲ ਨ੍ਹੀਂ ਐ। ਮੇਰਾ ਇਨ੍ਹਾਂ ਲੋਕਾਂ ਨਾਲ ਕੋਈ ਲੈਣਾ-ਦੇਣਾ ਨ੍ਹੀਂ ਐ। ਮੈਂ ਤਾਂ ਸਿਰਫ ਚੈਰਿਟੀ ਤੱਕ ਈ ਸੀਮਤ ਆਂ।" ਆਫੀਆ ਨੇ ਝੂਠ ਬੋਲਿਆ, ਪਰ ਡਰ ਵੀ ਗਈ ਕਿ ਉਸ ਦਾ ਭਰਾ ਉਸ ਦੀ ਘਬਰਾਹਟ ਤਾੜ ਹੀ ਨਾ ਜਾਵੇ; ਪਰ ਅਜਿਹਾ ਕੁਝ ਨਾ ਹੋਇਆ। ਮੁਹੰਮਦ ਅਲੀ ਅੱਗੇ ਬੋਲਿਆ, "ਆਫੀਆ, ਇਹ ਕੰਮ ਚੈਰਿਟੀ ਤੋਂ ਈ ਸ਼ੁਰੂ ਹੁੰਦਾ ਐ। ਜਿੰਨੇ ਵੀ ਜਹਾਦੀ ਵੇਖ ਰਹੇ ਆਂ, ਇਹ ਪਹਿਲਾਂ ਚੈਰਿਟੀਆਂ ਵਿਚ ਈ ਕੰਮ ਕਰਦੇ ਸਨ। ਉਥੋਂ ਈ ਇਨ੍ਹਾਂ ਦਾ ਵਾਹ ਅਸਲੀ ਜਹਾਦੀਆਂ ਨਾਲ ਪੈਂਦਾ ਐ। ਤੂੰ ਮੇਰੀ ਭੈਣ ਆਪਣਾ ਬਚਾ ਰੱਖੀਂ। ਮੈਂ ਤਾਂ ਕਹਿਨਾਂ ਕਿ ਤੂੰ ਕੀ ਲੈਣਾ ਐ ਚੈਰਿਟੀ ਵਗੈਰਾ ਤੋਂ। ਤੂੰ ਚੁੱਪ ਕਰ ਕੇ ਆਪਣੀ ਪੜ੍ਹਾਈ ਕਰ।"

"ਹਾਂ ਭਾਈ ਜਾਨ, ਮੈਂ ਅੱਗੇ ਦੀਆਂ ਕਲਾਸਾਂ ਲੈਣ ਬਾਰੇ ਸੋਚ ਰਹੀ ਆਂ। ਤੁਹਾਡੇ ਨਾਲ ਵੀ ਸਲਾਹ ਕਰਨੀ ਐਂ ਕਿ ਕਿਹੜੀਆਂ ਕਲਾਸਾਂ ਲਵਾਂ।" ਆਫੀਆ ਗੱਲ ਪੜ੍ਹਾਈ ਵਾਲੇ ਪਾਸੇ ਲੈ ਗਈ ਤੇ ਚੈਰਿਟੀ ਦੀ ਗੱਲ ਟਾਲ ਗਈ। ਉਹ ਗੱਲਾਂ ਕਰ ਹੀ ਰਹੇ ਸਨ ਕਿ ਆਫੀਆ ਦੀ ਵਿਚੇ ਕਾਲ ਆ ਗਈ। ਉਹ ਸਕਰੀਨ ਵੱਲ ਵੇਖਦਿਆਂ ਬੋਲੀ, "ਭਾਈ ਜਾਨ ਮੈਂ ਤੁਹਾਨੂੰ ਫਿਰ ਫੋਨ ਕਰਦੀ ਆਂ। ਮੇਰਾ ਵਿਚ ਫੋਨ ਆ ਗਿਆ।" ਉਸ ਨੇ ਦੂਜੇ ਪਾਸੇ ਫੋਨ ਆਨ ਕਰਦਿਆਂ ਹੈਲੋ ਕਹੀ, ਉਧਰ ਮਾਰਲਿਨ ਸੀ। ਉਹ ਘਬਰਾਈ ਹੋਈ ਆਵਾਜ਼ 'ਚ ਬੋਲੀ, "ਆਫੀਆ ਬਹੁਤ ਮਾੜਾ ਹੋਇਆ।"

"ਕੀ ਹੋ ਗਿਆ?"

"ਸ਼ੇਖ ਉਮਰ ਅਬਦੁਲ ਰਹਿਮਾਨ ਗ੍ਰਿਫਤਾਰ ਹੋ ਗਏ।"

"ਯਾਹ ਅੱਲਾ!" ਆਫੀਆ ਨੇ ਫੋਨ ਕੱਟ ਦਿੱਤਾ ਤੇ ਸਿਰ ਫੜ ਕੇ ਬੈਠ ਗਈ। ਅਗਲੇ ਦਿਨ ਸਾਰੀਆਂ ਅਖ਼ਬਾਰਾਂ ਦੀ ਮੁੱਖ ਖ਼ਬਰ ਸੀ ਕਿ ਨਾਰਥ ਟਾਵਰ ਦੀ ਪਾਰਕਿੰਗ ਵਾਲੇ ਬੰਬ ਧਮਾਕੇ ਦਾ ਮੁੱਖ ਸੂਤਰਧਾਰ, ਅੰਨਾ ਸ਼ੇਖ ਉਮਰ ਅਬਦੁਲ ਰਹਿਮਾਨ ਫੜਿਆ ਗਿਆ।

*(ਚਲਦਾ)*

# ਰੀਹ ਦਾ ਦਰਦ

**ਸ਼ਬਦ ਝਰੋਖਾ**



**ਬਲਜੀਤ ਬਾਸੀ**

*ਫੋਨ: 734-259-9353*

ਵਰਤਮਾਨ ਚਰਚਾ ਦੌਰਾਨ ਅਸੀਂ ਦੇਖਾਂਗੇ ਕਿ ਸ਼ਬਦਾਂ ਦੇ ਸਬੰਧ ਵਿਚ ਵਿਭਿੰਨ ਭਾਸ਼ਾਵਾਂ, ਸਭਿਆਚਾਰ ਤੇ ਸੋਚ ਪ੍ਰਣਾਲੀਆਂ ਦੇ ਰਲਗੱਡ ਹੋਣ ਕਾਰਨ ਸ਼ਬਦਾਂ ਤੇ ਇਨ੍ਹਾਂ ਦੇ ਅਰਥਾਂ ਨਾਲ ਕੀ ਭੰਬਲਭੂਸਾ ਪੈਦਾ ਹੁੰਦਾ ਹੈ। ਇਸ ਵਿਚਾਰ ਦੀ ਵਿਆਖਿਆ ਲਈ ਅੱਜ 'ਰੀਹ' ਸ਼ਬਦ ਚੁਣਿਆ ਗਿਆ ਹੈ। ਇਹ ਇਕ ਅਜਿਹਾ ਰੋਗੀ ਸ਼ਬਦ ਹੈ ਜਿਸ ਦੀ ਵਿਆਖਿਆ ਆਮ ਆਦਮੀ ਦੇ ਵਸ ਦਾ ਰੋਗ ਨਹੀਂ ਹੈ। ਇਸ ਨੂੰ ਅਸੀਂ ਆਮ ਤੌਰ 'ਤੇ ਜੋੜਾਂ ਦੇ ਦਰਦ ਵਜੋਂ ਸਮਝਦੇ ਹਾਂ। ਇਸ ਬੀਮਾਰੀ ਵਿਚ ਕਹਾਵਤ ਅਨੁਸਾਰ ਹੱਡ-ਗੋਡੇ ਰਹਿ ਜਾਂਦੇ ਹਨ ਪਰ ਵਾਸਤਵ ਵਿਚ ਕੋਈ ਵੀ ਜੋੜ ਹੋ ਸਕਦੇ ਹਨ। ਜੇ ਪੰਜਾਬੀ ਜਾਂ ਹੋਰ ਭਾਰਤੀ ਭਾਸ਼ਾਵਾਂ ਤੋਂ ਇਸ ਦਾ ਅੰਗਰੇਜ਼ੀ ਵਿਚ ਸਮਾਨਾਰਥਕ ਸ਼ਬਦ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਆਮ ਤੌਰ 'ਤੇ rheumatism (ਰੁਮਾਟਿਜ਼ਮ) ਸ਼ਬਦ ਸਾਹਮਣੇ ਆਉਂਦਾ ਹੈ। ਮਿਸਾਲ ਵਜੋਂ ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਪੰਜਾਬੀ ਕੋਸ਼ ਵਿਚ ਰੀਹ ਲਈ ਇਹੀ ਅੰਗਰੇਜ਼ੀ ਸ਼ਬਦ ਦਿਤਾ ਗਿਆ ਹੈ। ਹਮਾਤੜ ਧੁਨੀ ਤੇ ਅਰਥ ਦੀ ਸਮਾਨਤਾ ਦੇਖ ਕੇ ਸੋਚਣ 'ਤੇ ਮਜਬੂਰ ਹੋ ਜਾਂਦਾ ਹੈ ਕਿ ਸ਼ਾਇਦ ਦੋਨਾਂ ਸ਼ਬਦਾਂ ਦਾ ਕੋਈ ਜਮਾਂਦਰੂ ਸਬੰਧ ਹੈ। 'ਰੀਹ' ਸ਼ਬਦ ਮੁਢਲੇ ਤੌਰ 'ਤੇ ਅਰਬੀ ਦਾ ਹੈ ਤੇ ਸਾਡੀ ਭਾਸ਼ਾ ਵਿਚ ਯੂਨਾਨੀ-ਅਰਬੀ ਚਿਕਿਤਸਾ ਪ੍ਰਣਾਲੀ 'ਇਲਮ ਤਿੱਬੀ' ਦੇ ਪ੍ਰਚਲਤ ਹੋਣ ਨਾਲ ਫਾਰਸੀ-ਉਰਦੂ ਰਾਹੀਂ ਦਾਖਲ ਹੋਇਆ। ਰੀਹ ਸ਼ਬਦ ਦੇ ਅਸਲੀ ਅਰਥ 'ਜੋੜਾਂ ਦਾ ਦਰਦ' ਵਾਲੇ ਨਹੀਂ ਹਨ ਪਰ ਜੋੜਾਂ ਦੇ ਰੋਗਾਂ ਦੇ ਪ੍ਰਸੰਗ ਵਿਚ ਆਉਣ ਕਾਰਨ ਇਹ ਅਰਥ ਪ੍ਰਚਲਤ ਹੋ ਗਏ।

'ਰੀਹ' ਦੇ ਅਰਬੀ ਵਿਚ ਮਾਅਨੇ ਹਨ-ਹਵਾ, ਪੌਣ, ਵਾਤ। ਇਥੇ ਮੁਰਾਦ ਜੋੜਾਂ ਦੇ ਦਰਦ ਵਿਚ ਹਵਾ ਦੇ ਭਰ ਜਾਣ ਤੋਂ ਹੈ। 'ਮਹਾਨ ਕੋਸ਼' ਅਨੁਸਾਰ 'ਮੇਦੇ ਅਤੇ ਸ਼ਰੀਰ ਦੇ ਜੋੜਾਂ ਵਿਚ ਠਹਿਰੀ ਹੋਈ ਪੌਣ।' ਅਸੀਂ ਪਹਿਲਾਂ ਦੇਖ ਚੁਕੇ ਹਾਂ ਕਿ ਯੂਨਾਨੀ ਅਖਲਾਸ ਜਾਂ ਆਯੁਰਵੇਦ ਤ੍ਰਿਦੋਸ਼ ਦੇ ਅਸੂਲਾਂ 'ਤੇ ਟਿਕੀਆਂ ਕ੍ਰਮਵਾਰ ਯੂਨਾਨੀ ਅਤੇ ਅਯੁਰਵੇਦ ਚਿਕਿਤਸਾਵਾਂ (ਆਮ ਭਾਸ਼ਾ ਵਿਚ ਦੇਸੀ ਇਲਾਜ) ਅਨੁਸਾਰ ਹਵਾ ਦੇ ਅਸੰਤੁਲਨ ਕਾਰਨ ਰੋਗ ਹੋ ਜਾਂਦੇ ਹਨ। ਰੋਗਾਂ ਬਾਰੇ ਆਯੁਰਵੇਦ ਦੀ ਸਮਝ ਅਨੁਸਾਰ ਢਲੀ ਸੋਚ ਕਾਰਨ ਅਸੀਂ ਬੀਮਾਰ ਸਰੀਰ ਦੇ ਪ੍ਰਸੰਗ ਵਿਚ ਵਾਇ, ਵਾਦੀ ਜਿਹੇ ਸ਼ਬਦਾਂ ਦੀ ਆਮ ਹੀ ਵਰਤੋਂ ਕਰਦੇ ਹਾਂ। ਵਾਇ (ਦੁਆਬੇ ਵਿਚ ਬਾਇ) ਦਾ ਮੁਢਲਾ ਅਰਥ ਹਵਾ ਹੀ ਹੈ ਤੇ ਇਹ ਸੰਸਕ੍ਰਿਤ 'ਵਾਤ' ਤੋਂ ਬਣਿਆ ਹੈ। ਇਸ ਦਾ ਅੰਗਰੇਜ਼ੀ ਸ਼ਬਦ wind ਨਾਲ ਮੂਲਕ ਰਿਸ਼ਤਾ ਹੈ। ਵਾਇ, ਵਾਦੀ ਜਾਂ ਵਾਤ ਨਾਲ ਹੋਰ ਰੋਗਾਂ ਤੋਂ ਇਲਾਵਾ ਜੋੜਾਂ ਦਾ ਦਰਦ ਵੀ ਹੁੰਦਾ ਹੈ। 'ਬਾਦ' ਦਾ ਵੀ ਇਕ ਅਰਥ ਜੋੜਾਂ ਦਾ ਦਰਦ ਹੈ। ਇਕ ਹੋਰ ਕੁਢਬਾ ਰੋਗ ਹੈ, ਅਫਾਰਾ, ਜਿਸ ਨਾਲ ਮਿਹਦੇ ਵਿਚ ਹਵਾ ਭਰ ਜਾਂਦੀ ਹੈ। ਰੀਹ ਦੀਆਂ ਬੀਮਾਰੀਆਂ ਲਈ ਮਰੀਜ਼ ਅਨੇਕਾਂ ਓਹੜ-ਪੋਹੜ ਕਰਦੇ ਹਨ, ਇਥੋਂ ਤੱਕ ਕਿ ਕੰਨ ਪੜਵਾਉਂਦੇ ਵੀ ਦੇਖੇ ਗਏ ਹਨ। ਹੈ ਨਾ ਚੁਬਾਰੇ ਦੀ ਇਟ ਮੋਰੀ ਨੂੰ! ਅਸਲ ਵਿਚ ਕੰਨ ਰਾਹੀਂ ਰੋਗਾਂ ਦੀ ਤਸਖੀਸ ਅਤੇ ਇਲਾਜ ਕਰਨ ਵਾਲੀ ਐਕੂਪੰਕਚਰ ਦੀ ਇਕ ਸ਼ਾਖਾ ਅਨੁਸਾਰ ਕੰਨ ਦੀ ਸਰੀਰ ਦੇ ਸਭ ਅੰਗਾਂ ਨਾਲ ਤਾਰ ਜੁੜਦੀ ਹੈ। ਇਸੇ ਤੰਦ ਨੂੰ ਵਰਤ ਕੇ ਉਹ ਕੰਨ ਰਾਹੀਂ ਰੀਹ (ਹਵਾ) ਬਾਹਰ ਕਢਣ ਦਾ ਦਾਅਵਾ ਕਰਦੇ ਹਨ। ਇਨ੍ਹਾਂ ਰੋਗਾਂ ਤੋਂ ਛੁਟਕਾਰੇ ਲਈ 'ਬਾਬੜਿੰਗ' ਨਾਂ ਦੀ ਦੇਸੀ ਦਵਾ ਵੀ ਦਿੱਤੀ ਜਾਂਦੀ ਹੈ। ਬਾਬੜਿੰਗ=(ਸੰਸਕ੍ਰਿਤ) ਵਾਯੂ+ਵਡਿੰਗ। 'ਵਡਿੰਗ' ਇਕ ਬੂਟਾ ਹੈ ਜਿਸ ਦਾ ਬੀਜ ਕਾਲੀ ਮਿਰਚ ਵਰਗਾ ਹੁੰਦਾ ਹੈ। ਇਸ ਬੀਜ ਤੋਂ ਤਿਆਰ ਹੋਈ ਔਸ਼ਧੀ 'ਬਾਬੜਿੰਗ' ਦਾ ਅਰਥ ਹੋਇਆ, ਹਵਾ ਭਜਾਉਣ ਵਾਲੀ ਦਵਾਈ। ਇਮਲੀ ਦੇ ਪੀਸੇ ਹੋਏ ਬੀਜ ਆਯੁਰਵੇਦ ਅਨੁਸਾਰ ਜੋੜਾਂ ਦੇ ਦਰਦ ਅਤੇ ਯੂਨਾਨੀ ਅਨੁਸਾਰ ਜਨੇਊ ਰੋਗ ਨਿਵਾਰਣ ਲਈ ਮੁਫੀਦ ਹਨ। ਅਫਾਰੇ ਜਾਂ ਜੋੜਾਂ ਵਿਚ ਹਵਾ ਭਰਨ ਕਾਰਨ ਰੋਗੀ 'ਵਾ ਦੇ ਗੋਲੇ' (ਸੰਸਕ੍ਰਿਤ ਵਾਤ ਗੁਲਮ) ਦੀ ਹਿਲਜੁਲ ਮਹਿਸੂਸ ਕਰਦੇ ਹਨ ਪਰ ਇਹ ਅਨੁਭੂਤੀ ਬਹੁਤੀ ਮਨੋਵਿਗਿਆਨਕ ਹੀ ਹੈ।

ਅਰਬੀ ਤੋਂ ਆਏ 'ਰੀਹ' ਸ਼ਬਦ ਦਾ ਅਸਲੀ ਅਰਥ ਵੀ ਹਵਾ ਹੀ ਹੈ ਤੇ ਵਿਕਸਿਤ ਅਰਥ ਗੰਦੀ ਹਵਾ, ਪੱਦ, ਗੰਧ। ਇਸ ਦਾ ਅਰਥ ਹਵਾ ਦਾ ਝੁਮਕਾ, ਰੁਮਕਾ ਆਦਿ ਵੀ ਹੈ। ਯੂਨਾਨੀ ਹਿਕਮਤ ਅਨੁਸਾਰ ਵੀ ਰੀਹ, ਅਰਥਾਤ ਹਵਾ ਕਾਰਨ ਬੀਮਾਰੀਆਂ ਹੁੰਦੀਆਂ ਹਨ। ਗੁਲਤ ਗਿਜ਼ਾ ਖਾਣ ਕਾਰਨ 'ਗਲੀਜ਼ ਮਾਦਾ' ਪੈਦਾ ਹੁੰਦਾ ਹੈ ਜੋ ਸਰੀਰ ਦੇ ਅੰਗਾਂ ਵਿਚ 'ਰੀਹ' ਛੱਡਦਾ ਹੈ। ਇਸ ਹਿਸਾਬ 'ਰੀਹ ਦੇ ਦਰਦ' ਦਾ ਅਸਲੀ ਅਰਥ ਤਾਂ ਹਵਾ ਕਾਰਨ ਦਰਦ ਹੈ ਪਰ ਅਸੀਂ ਇਸ ਨੂੰ ਮੋਢੇ-ਗੋਡਿਆਂ ਦਾ ਦਰਦ ਸਮਝਦੇ ਹਾਂ। ਇਸ ਸ਼ਬਦ ਦਾ ਅਰਬੀ ਧਾਤੂ ਹੈ 'ਰ-ਵ-ਹ' ਜਿਸ ਦਾ ਅਰਥ ਹੈ, ਹਵਾ ਲੈਣਾ, ਹਵਾਹਾਰੇ ਜਾਣਾ, ਜਿਵੇਂ ਗਰਮੀ ਕਾਰਨ ਪੱਖੇ ਆਦਿ ਤੋਂ। 'ਰ-ਵ-ਹ' ਧਾਤੂ ਤੋਂ ਇਕ ਅਹਿਮ ਸ਼ਬਦ ਬਣਿਆ ਹੈ 'ਰੂਹ' ਜੋ ਪੰਜਾਬੀ ਦੀ ਵੀ ਜਿੰਦ ਜਾਨ ਬਣ ਚੁੱਕਾ ਹੈ। ਇਸ ਦੇ ਅਨੇਕਾਂ ਮਾਅਨਿਆਂ ਲਈ ਪੰਜਾਬੀ ਵਿਚ ਸਮਾਨੰਤਰ ਸ਼ਬਦ ਹਨ, ਆਤਮਾ, ਜੀਅ, ਮਨ, ਚਿਤ, ਦਿਲ ਆਦਿ। ਅਰਬੀ ਵਿਚ 'ਰੂਹ' ਦੇ ਆਤਮਾ ਵਾਲੇ ਅਰਥ ਇਸ ਤਰ੍ਹਾਂ ਵਿਕਸਿਤ ਹੋਏ ਹਨ, ਮਾਨੋ ਇਹ ਜ਼ਿੰਦਗੀ ਦਾ ਸਾਹ, ਦਮ, ਹਵਾ, ਪ੍ਰਾਣ, ਜਿੰਦ, ਜਾਨ ਆਦਿ ਹੈ। ਰੂਹ ਤੋਂ ਬਿਨਾ ਮਨੁਖ ਨਿਰਜੀਵ ਸਮਝਿਆ ਜਾਂਦਾ ਹੈ। ਇਸਲਾਮ ਅਨੁਸਾਰ ਜਬਰਾਈਲ ਫਰਿਸ਼ਤੇ ਨੇ ਮੁਹੰਮਦ ਨੂੰ ਕੁਰਾਨ ਦਾ ਇਲਹਾਮ ਕੀਤਾ। ਇਸ ਲਈ ਅਰਬੀ ਵਿਚ ਰੂਹ ਦਾ ਅਰਥ ਇਲਹਾਮ, ਕੁਰਾਨ ਅਤੇ ਜਬਰਾਈਲ



ਫਰਿਸ਼ਤਾ ਵੀ ਹੈ। ਮੁਖ ਭਾਵ ਰੱਬ ਦੀ ਰੂਹ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰੂਹ ਸ਼ਬਦ ਮਿਲਦਾ ਹੈ, ਸ਼ੇਖ ਫਰੀਦ ਦਾ ਫੁਰਮਾਨ ਹੈ,

ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥
ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ॥

ਭਾਵ ਕਬਰਾਂ ਨੂੰ ਮਨੁਖ ਪਸੰਦ ਨਹੀਂ ਕਰਦਾ ਪਰ ਰੂਹਾਂ ਉਥੇ ਹੀ ਬਹਿ ਰਹਿੰਦੀਆਂ ਹਨ, ਬੰਦਿਆ ਭਗਤੀ ਕਰ ਅਜ ਭਲਕ ਚਲੇ ਹੀ ਜਾਣਾ ਹੈ।

ਰੂਹ ਦਾ ਅਰਥ ਸਾਰ ਜਾਂ ਇਤਰ ਵੀ ਹੁੰਦਾ ਹੈ ਜਿਵੇਂ ਰੂਹ ਕਿਉੜਾ, ਰੂਹ ਗੁਲਾਬ ਆਦਿ। ਰੂਹ ਤੋਂ ਹੀ ਪ੍ਰੇਤ ਆਤਮਾ ਦੇ ਅਰਥਾਂ ਵਾਲਾ 'ਬਦਰੂਹ' ਸ਼ਬਦ ਬਣਿਆ। 'ਰੂਹ-ਅਫ਼ਜ਼ਾ' ਦਾ ਅਰਥ ਜੀਵਨ ਨੂੰ ਵਧਾਉਣ ਵਾਲਾ (ਅਫ਼ਜ਼ਾ=ਵਧਾਉਣਾ), ਰੂਹ ਨੂੰ ਖੇੜਨ ਵਾਲਾ ਹੈ। ਪੰਜਾਬੀ ਵਿਚ 'ਰੂਹ ਕਰਨਾ' ਦਾ ਮਤਲਬ ਦਿਲ ਕਰਨਾ, ਜੀਅ ਕਰਨਾ ਹੈ। ਇਸ ਤੋਂ ਪੰਜਾਬੀ ਵਿਚ ਵੀ ਪ੍ਰਵੇਸ਼ ਕਰ ਗਿਆ ਇਕ ਹੋਰ ਸ਼ਬਦ ਬਣਿਆ ਹੈ, ਰਾਹਤ। ਧਿਆਨ ਦਿਉ ਪੰਜਾਬੀ ਵਿਚ ਸਾਹ (ਲੈਣਾ) ਜਾਂ ਦਮ (ਮਾਰਨਾ) ਦਾ ਅਰਥ 'ਬਿੰਦ ਕੁ ਅਰਾਮ' ਹੋ ਜਾਂਦਾ ਹੈ। ਹਵਾਖੋਰੀ ਦਾ ਮਤਲਬ ਵੀ ਅਰਾਮ ਕਰਨਾ, ਤਾਜ਼ਾ ਦਮ ਹੋਣਾ ਹੀ ਹੈ। 'ਰਾਹਤ' ਦਾ ਅਰਥ ਹੈ ਕਿਸੇ ਤਕਲੀਫ਼ ਆਦਿ ਤੋਂ ਛੁਟਕਾਰਾ ਮਹਿਸੂਸ ਕਰਨਾ। ਫਾਰਸੀ-ਉਰਦੂ ਰਾਹੀਂ ਆਏ 'ਰੂਹੇ-ਰਵਾਂ' ਸ਼ਬਦ ਯੁਗਮ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਅਰਥ ਹੈ 'ਜਿੰਦ ਜਾਨ', ਜਿਵੇਂ ਕਿਸੇ ਮਹਿਫਿਲ ਨੂੰ ਮਘਾਉਣ ਵਾਲਾ। ਇਥੇ ਰਵਾਂ ਸ਼ਬਦ ਫਾਰਸੀ ਦਾ ਹੈ ਜਿਸ ਦਾ ਅਰਥ ਵੀ ਰੂਹ ਹੀ ਹੈ। ਤੁਲਸੀ ਦੇ ਅਰਥਾਂ ਵਾਲਾ 'ਰੇਹਾਨ' ਸ਼ਬਦ ਵੀ 'ਰ-ਵ-ਹ' ਤੋਂ ਬਣਿਆ। ਇਸ ਨਾਂ ਪਿਛੇ ਖੁਸ਼ਬੂ ਦਾ ਭਾਵ ਕੰਮ ਕਰ ਰਿਹਾ ਹੈ। ਰੇਹਾਨ ਜਾਂ ਰੇਹਾਨਾ ਮੁਸਲਮਾਨਾਂ ਦੇ ਨਾਂ ਵੀ ਹੁੰਦੇ ਹਨ।

ਹੁਣ ਆਈਏ ਅੰਗਰੇਜ਼ੀ rheumatism 'ਤੇ। ਅੱਜ ਕਲ੍ਹ ਇਹ ਸ਼ਬਦ ਆਮ ਬੋਲਚਾਲ ਵਿਚ ਹੀ ਵਰਤਿਆ ਜਾਂਦਾ ਹੈ। ਆਧੁਨਿਕ ਡਾਕਟਰ ਕਿਸੇ ਬੀਮਾਰੀ ਨੂੰ rheumatism ਨਹੀਂ ਆਖਦੇ ਕਿਉਂਕਿ ਉਹ ਜੋੜਾਂ ਆਦਿ ਦੇ ਦਰਦਾਂ ਪਿਛੇ ਹਵਾ ਪਾਣੀ ਦੇ ਦਖਲ ਨੂੰ ਸਹੀ ਨਹੀਂ ਮੰਨਦੇ। ਜੋੜਾਂ ਦੇ ਦਰਦ ਪਿਛੇ ਮੌਸਮ ਦੇ ਦਖਲ ਨੂੰ ਵੀ ਡਾਕਟਰ ਨਕਾਰਦੇ ਹਨ। ਰਵਾਇਤੀ ਸਮਝ ਅਨੁਸਾਰ ਠੰਡ ਤੇ ਸਿਲ੍ਹ ਕਾਰਨ ਵਾਤਾਵਰਣ ਦਾ ਦਬਾਅ ਘਟ ਜਾਂਦਾ ਹੈ ਜਿਸ ਕਾਰਨ ਇਹ ਦਰਦ ਵਧਦੇ ਹਨ ਤੇ ਗਰਮੀ ਨਾਲ ਘਟਦੇ ਹਨ। ਪਰ ਵਿਗਿਆਨਕ ਨਿਯਮ ਅਨੁਸਾਰ ਗਰਮੀ ਨਾਲ ਦਬਾਅ ਵਧਦਾ ਹੈ ਇਸ ਲਈ ਦਰਦ ਵਧਣੇ ਚਾਹੀਦੇ ਹਨ। ਅਜੋਕੀ ਡਾਕਟਰੀ ਵਿਚ ਕਈ ਕਿਸਮ ਦੇ ਰੋਗਾਂ ਦੇ ਨਾਂਵਾਂ ਨਾਲ ਇਸ ਤੋਂ ਬਣੇ ਵਿਸ਼ੇਸ਼ਣ rheumatic ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ rheumatic fever. ਇਹ ਸ਼ਬਦ rheum ਤੋਂ ਬਣਿਆ ਹੈ ਜੋ ਪੁਰਾਣੀ ਫਰਾਂਸੀਸੀ ਤੋਂ ਲਿਆ ਗਿਆ ਹੈ। ਇਹ ਅੰਤਮ ਤੌਰ 'ਤੇ ਗਰੀਕ ਦੇ ਲਗਭਗ ਇਸੇ ਪ੍ਰਕਾਰ ਦੇ ਸ਼ਬਦ ਤੋਂ ਬਣਿਆ ਜਿਸ ਵਿਚ ਇਸ ਦਾ ਅਰਥ ਸੀ, ਵਹਾਅ, ਵਹਿਣ, ਪ੍ਰਵਾਹ, ਧਾਰਾ। ਉਸ ਵੇਲੇ ਦੀ ਯੂਨਾਨੀ ਚਿਕਿਤਸਾ ਅਨੁਸਾਰ 'ਰੀਮ' ਦਾ ਅਰਥ 'ਪਾਣੀ' ਲਿਆ ਗਿਆ ਜੋ ਸਰੀਰ ਵਿਚ ਵਾਧੂ ਬਣ ਕੇ ਜੋੜਾਂ ਵਿਚ ਜਮਾਂ ਹੋ ਜਾਂਦਾ ਸੀ, ਇਸ ਕਰਕੇ ਇਹ ਬੀਮਾਰੀ ਹੁੰਦੀ ਸੀ। ਅੱਖਾਂ ਜਾਂ ਨੱਕ 'ਚੋਂ ਵਗਣ ਵਾਲੇ ਪਾਣੀ ਨੂੰ ਰੀਮ ਕਿਹਾ ਜਾਂਦਾ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਅਰਥ ਅਥਰੂ ਤੇ ਨਜ਼ਲਾ ਵੀ ਹੁੰਦਾ ਸੀ। ਜੋੜਾਂ ਦੀ ਬੀਮਾਰੀ gout ਦਾ ਮੁਢਲਾ ਅਰਥ ਬੂੰਦ ਹੈ। ਸੋ gout ਉਹ ਬੀਮਾਰੀ ਹੈ ਜਿਸ ਵਿਚ ਮਾਨਤਾ ਅਨੁਸਾਰ ਪਾਣੀ ਬੂੰਦ ਬੂੰਦ ਕਰਕੇ ਜੋੜਾਂ ਵਿਚ ਜਮਾਂ ਹੁੰਦਾ ਜਾਂਦਾ ਸੀ। ਪੁਰਾਣੀ ਯੂਨਾਨੀ ਮੁਤਾਬਿਕ ਇਹ ਬੀਮਾਰੀ ਪਾਣੀ ਕਾਰਨ ਹੁੰਦੀ ਸੀ ਪਰ ਅਰਬ ਰਾਹੀਂ ਭਾਰਤ ਵਿਚ ਰੀਹ ਦੇ ਨਾਂ ਨਾਲ ਜਾਣੀ ਜਾਂਦੀ ਬੀਮਾਰੀ 'ਹਵਾ' ਦੇ ਫਸਣ ਨਾਲ ਹੁੰਦੀ ਹੈ ਜਦ ਕਿ ਅਜੋਕੀ ਡਾਕਟਰੀ ਵਿਚ ਇਹ ਸ਼ਬਦ ਭੁਲੇਖਪਾਊ ਹੋਣ ਕਾਰਨ ਵਰਤਿਆ ਹੀ ਨਹੀਂ ਜਾਂਦਾ।

ਚਲੋ ਉਪਰੋਕਤ ਵਹਿਣ ਦੇ ਅਰਥਾਂ ਵਾਲੇ ਗਰੀਕ ਸ਼ਬਦ 'ਰੀਮ' ਦੇ ਸਕੇ ਸਬੰਧੀ ਲਭੀਏ। ਇਹ ਇਕ ਭਾਰੋਪੀ ਅਸਲੇ ਦਾ ਸ਼ਬਦ ਹੈ ਜਿਸ ਦਾ ਮੂਲ sreu ਲਭਿਆ ਗਿਆ ਹੈ। ਇਸ ਦਾ ਅਰਥ ਵਹਿਣਾ ਹੈ। ਸੰਸਕ੍ਰਿਤ ਸ਼ਬਦ 'ਸ੍ਰਵਤੀ' ਦਾ ਅਰਥ ਵਹਿਣਾ ਹੈ ਜਿਸ ਤੋਂ ਨਦੀ, ਪ੍ਰਵਾਹ ਦੇ ਅਰਥਾਂ ਵਾਲਾ 'ਸ੍ਰੋਤ' ਸ਼ਬਦ ਬਣਿਆ। ਅਵੇਸਤਾ ਵਿਚ 'ਥਰੋਤਾ' ਸ਼ਬਦ ਮਿਲਦਾ ਹੈ ਜਿਸ ਦਾ ਅਰਥ ਦਰਿਆ, ਨਦੀ ਹੈ। ਇਸ ਤੋਂ ਪੁਰਾਣੀ ਫਾਰਸੀ ਦਾ ਦਰਿਆ ਦੇ ਅਰਥਾਂ ਵਾਲਾ 'ਰੌਤ' ਸ਼ਬਦ ਬਣਿਆ। ਨਦੀ ਜਾਂ ਧਾਰਾ ਦੇ ਅਰਥਾਂ ਵਾਲਾ ਅੰਗਰੇਜ਼ੀ ਦਾ stream ਸ਼ਬਦ ਇਸੇ ਮੂਲ ਦਾ ਪਾਣੀਹਾਰ ਹੈ। Rhythm ਸ਼ਬਦ ਵੀ ਗਰੀਕ ਤੋਂ ਅੰਗਰੇਜ਼ੀ ਵਿਚ ਆਇਆ ਜਿਸ ਵਿਚ ਪ੍ਰਵਾਹ ਦਾ ਭਾਵ ਕੰਮ ਕਰਦਾ ਹੈ। ਇਸੇ ਤਰ੍ਹਾਂ ਤੁਕਾਂਤ ਦੇ ਅਰਥਾਂ ਵਾਲਾ rhyme. ਜਰਮਨੀ ਦੇ ਦਰਿਆ rhine ਦਾ ਵੀ ਇਸੇ ਮੂਲ ਨਾਲ ਰਿਸ਼ਤਾ ਹੈ। ਦਸਤ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ diarrhea (dia+rheum) ਵੀ ਇਸੇ ਤੋਂ ਬਣਿਆ। ਇਸ ਦਾ ਸ਼ਾਬਦਿਕ ਅਰਥ ਹੈ, ਰਾਹੀਂ ਵਗਣਾ।

# ਸੋਹਾ ਅਲੀ ਦੀ ਤਲਾਸ਼



ਨੌਂ ਸਾਲ ਪਹਿਲਾਂ 'ਦਿਲ ਮਾਂਗੇ ਮੋਰ' ਰਾਹੀਂ ਫ਼ਿਲਮਾਂ ਵਿਚ ਸੋਹਾ ਅਲੀ ਖਾਨ ਦਾ ਪੂਰਾ ਪਰਿਵਾਰ ਹੀ ਫ਼ਿਲਮਾਂ ਤੇ ਖੇਡਾਂ ਨਾਲ ਜੁੜਿਆ ਹੈ। ਇਸ ਫ਼ਿਲਮ ਦੇ ਬਾਅਦ ਉਸ ਨੇ ਬੰਗਾਲੀ ਫ਼ਿਲਮ 'ਅੰਤਰ ਮਹਲ' ਕੀਤੀ ਜਿਸ ਲਈ ਉਸ ਨੂੰ ਕਈ ਐਵਾਰਡ ਵੀ ਮਿਲੇ। ਸੋਹਾ ਚਾਹੁੰਦੀ ਹੈ ਕਿ ਉਹ ਅਮਰ ਭੂਮਿਕਾਵਾਂ ਕਰੇ ਜਿਸ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾ ਸਕੇ। ਸੋਹਾ ਅਲੀ ਨੇ ਸੱਤ ਐਵਾਰਡ ਜਿੱਤੇ ਹਨ। 'ਇਤਨੀ ਸੀ ਕਾਂਤਾ', 'ਪਿਆਰ ਮੇਂ ਟਵਿਸਟ', 'ਸ਼ਾਦੀ ਨੰਬਰ ਵੰਨ', 'ਰੰਗ ਦੇ ਬਸੰਤੀ', 'ਅਹਿਸਤਾ ਅਹਿਸਤਾ', 'ਖੋਆ ਖੋਆ ਚਾਂਦ', 'ਦਿਲ ਕਬੱਡੀ', 'ਢੂੰਡਤੇ ਰਹਿ ਜਾਓਗੇ', '99', 'ਤੁਮ ਮਿਲੇ', 'ਮਰੀਡੀਅਨ ਲਾਇਨਜ਼' (ਹਿੰਦੀ ਤੇ ਅੰਗਰੇਜ਼ੀ), 'ਲਾਇਫ਼ ਗੋਜ਼ ਆਨ', 'ਮੁੰਬਈ ਕਟਿੰਗ', 'ਸਾਊਂਡ ਟਰੈਕ' ਦੇ ਇਲਾਵਾ ਦੀਪਾ ਮਹਿਤਾ ਦੀ ਚਰਚਿਤ ਫ਼ਿਲਮ 'ਮਿਡਨਾਈਟਸ ਚਿਲਡਰਨ' ਕੀਤੀ ਜੋ ਪ੍ਰਸਿੱਧ ਲੇਖਕ ਸਲਮਾਨ ਰਸ਼ਦੀ ਦੀ ਕਹਾਣੀ 'ਤੇ ਆਧਾਰਤ ਹੈ। ਸੋਹਾ ਦੀਆਂ ਕਈ ਫ਼ਿਲਮਾਂ ਸੈੱਟ 'ਤੇ ਹਨ ਜਿਨ੍ਹਾਂ ਵਿਚ 'ਏਅਰਪੋਰਟ', 'ਚਾਰ ਫੁਟੀਆ ਛੋਕਰੇ' ਤੇ 'ਸਾਹਿਬ ਬੀਵੀ ਔਰ ਗੈਂਗਸਟਰ ਰਿਟਰਨਜ਼' ਹਨ। ਸੋਹਾ ਦੇ ਪਾਪਾ ਮਨਸੂਰ ਅਲੀ ਖਾਨ ਪਟੌਦੀ ਤੇ ਦਾਦਾ ਇਫਤਕਾਰ ਅਲੀ ਖਾਨ ਪਟੌਦੀ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਸਨ। ਸੋਹਾ ਦੀ ਮਾਂ ਸ਼ਰਮੀਲਾ ਟੈਗੋਰ, ਭਰਾ ਸੈਫ਼ ਅਲੀ ਖਾਨ, ਭਾਬੀ ਕਰੀਨਾ ਕਪੂਰ ਸਾਰੇ ਅਦਾਕਾਰ ਹਨ ਤੇ ਭੈਣ ਸਬਾ ਅਲੀ ਖਾਨ ਜਿਊਲਰੀ ਡਿਜ਼ਾਈਨਰ ਹਨ।



# ਅਨੋਖਾ ਅਭੈ ਦਿਓਲ



ਅਭੈ ਦੇ ਨਾਂ ਪਿੱਛੇ ਭਾਵੇਂ ਗੋਤ 'ਦਿਓਲ' ਜੁੜਿਆ ਹੋਵੇ ਤੇ ਉਹ ਦਿਓਲ ਪਰਿਵਾਰ ਨਾਲ ਸੰਬੰਧ ਰੱਖਦਾ ਹੋਵੇ ਪਰ ਅੱਜ ਉਸ ਦੀ ਪਛਾਣ ਅਦਾਕਾਰ ਚਾਚੇ ਧਰਮਿੰਦਰ ਤੇ ਉਨ੍ਹਾਂ ਦੇ ਸਟਾਰ ਪੁੱਤਰਾਂ ਸੰਨੀ ਤੇ ਬੌਬੀ ਤੋਂ ਬਿਲਕੁਲ ਵੱਖਰੀ ਹੈ। ਅਭੈ ਦਿਓਲ ਦਾ ਜਨਮ ਨਿਰਮਾਤਾ-ਨਿਰਦੇਸ਼ਕ ਅਜੀਤ ਸਿੰਘ ਦਿਓਲ ਦੇ ਘਰ 15 ਮਾਰਚ, 1976 ਨੂੰ ਹੋਇਆ। ਅਭੈ ਨੇ ਇਮਤਿਆਜ਼ ਅਲੀ ਦੇ ਨਿਰਦੇਸ਼ਨ ਵਾਲੀ ਸਾਲ 2005 ਵਿਚ ਆਈ ਫ਼ਿਲਮ 'ਸੋਚਾ ਨ ਥਾ' ਨਾਲ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ। ਉਸ ਦੀ ਪਹਿਲੀ ਫ਼ਿਲਮ ਤਾਂ ਬਹੁਤੀ ਨਹੀਂ ਚੱਲੀ ਪਰ ਬਿਹਤਰੀਨ ਅਦਾਕਾਰੀ ਕਾਰਨ ਉਸ ਨੂੰ ਫ਼ਿਲਮਫੇਅਰ ਲਈ ਨਾਮਜ਼ਦਗੀ ਜ਼ਰੂਰ ਮਿਲੀ।

ਇਥੋਂ ਤੱਕ ਕਿ 'ਸੋਚਾ ਨ ਥਾ' ਤੋਂ ਬਾਅਦ ਦੀਆਂ ਦੋ-ਚਾਰ ਫ਼ਿਲਮਾਂ 'ਆਹਿਸਤਾ-ਆਹਿਸਤਾ', 'ਹਨੀਮੂਨ ਟ੍ਰੈਵਲਸ ਪ੍ਰਾ. ਲਿਮ.', 'ਏਕ ਚਾਲੀਸ ਕੀ ਲਾਸਟ ਲੋਕਲ', 'ਮਨੋਰਮਾ ਸਿਕਸ ਫੀਟ ਅੰਡਰ' ਵਿਚ ਵੀ ਉਸ ਨੂੰ ਸਫਲਤਾ ਨਹੀਂ ਮਿਲੀ ਪਰ ਤਿੰਨ ਸਾਲ ਬਾਅਦ ਸਾਲ 2008 ਵਿਚ ਆਈ ਫ਼ਿਲਮ 'ਓਏ ਲੱਕੀ ਲੱਕੀ ਓਏ' ਨੇ ਉਸ ਦੀ ਕਿਸਮਤ ਹੀ ਬਦਲ ਦਿੱਤੀ। ਇਹ ਫ਼ਿਲਮ ਜ਼ਬਰਦਸਤ ਹਿੱਟ ਰਹੀ ਤੇ ਇਸ ਦੇ ਨਾਲ ਅਭੈ ਵੀ ਸਫਲ ਅਦਾਕਾਰਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ। ਅਭੈ ਨੂੰ ਅਜਿਹਾ ਅਦਾਕਾਰ ਮੰਨਿਆ ਜਾਂਦਾ ਹੈ ਜੋ ਘੱਟ ਬਜਟ ਦੀਆਂ ਫ਼ਿਲਮਾਂ ਨੂੰ ਵੀ ਹਿੱਟ ਬਣਾ ਦਿੰਦਾ ਹੈ। ਅਭੈ ਦਿਓਲ ਦੀ ਇਕ ਹੋਰ ਖਾਸੀਅਤ ਹੈ ਕਿ ਉਹ ਲੀਕ ਤੋਂ ਹੱਟ ਕੇ ਰੋਲ ਕਰਨ ਵਿਚ ਕਦੇ ਨਹੀਂ ਝਿਜਕਦਾ। ਇਸ ਦਾ ਸਬੂਤ ਫ਼ਿਲਮਾਂ 'ਆਇਸ਼ਾ', 'ਜ਼ਿੰਦਗੀ ਨ ਮਿਲੇਗੀ ਦੋਬਾਰਾ', 'ਸ਼ੰਘਾਈ', 'ਚਕਰਵਿਊਹ' ਹਨ।

# 'ਆਪ ਜੈਸਾ ਕੋਈ ਮੇਰੀ ਜ਼ਿੰਦਗੀ ਮੇਂ ਆਏ' ਵਾਲੀ

# ਨਾਜ਼ੀਆ ਹਸਨ

ਪੌਪ ਗਾਇਕਾ ਨਾਜ਼ੀਆ ਹਸਨ ਨੂੰ 'ਸਵੀਟਹਰਟ ਆਫ਼ ਪਾਕਿਸਤਾਨ' ਵਜੋਂ ਪ੍ਰਸਿੱਧੀ ਮਿਲੀ। ਉਹ ਉਦੋਂ ਅਜੇ ਸਿਰਫ਼ 15 ਸਾਲ ਦੀ ਸੀ ਜਦੋਂ ਸਾਰੇ ਸੰਸਾਰ ਵਿਚ ਉਸ ਦੀ ਪ੍ਰਸਿੱਧ ਫੈਲ ਗਈ ਸੀ। ਹਰ ਪਾਸੇ ਫਿਲਮ 'ਕੁਰਬਾਨੀ' ਵਿਚ ਗਾਏ ਉਸ ਦੇ ਗੀਤ 'ਆਪ ਜੈਸਾ ਕੋਈ ਮੇਰੀ ਜ਼ਿੰਦਗੀ ਮੇਂ ਆਏ' ਦੀਆਂ ਧੁੰਮਾਂ ਸਨ। ਇਸੇ ਗੀਤ ਲਈ ਨਾਜ਼ੀਆ ਨੂੰ 1981 ਬੈਸਟ ਪਲੇਅਬੈਕ ਸਿੰਗਰ ਦਾ ਫਿਲਮ ਫੇਅਰ ਐਵਾਰਡ ਮਿਲਿਆ।

ਨਾਜ਼ੀਆ ਦਾ ਜਨਮ ਤਿੰਨ ਅਪ੍ਰੈਲ 1965 ਨੂੰ ਕਰਾਚੀ (ਪਾਕਿਸਤਾਨ) ਵਿਚ ਵਪਾਰੀ ਬਸ਼ੀਰ ਹਸਨ ਅਤੇ ਮੁਨੀਜ਼ੇ ਬਸ਼ੀਰ ਦੇ ਘਰ ਹੋਇਆ। ਉਹਦੀ ਅੰਮੀ ਸਮਾਜ ਸੇਵਿਕਾ ਸੀ। ਜਦੋਂ ਸੰਗੀਤ ਪ੍ਰੇਮੀ ਮਸਤੀ ਵਿਚ ਉਸ ਦਾ ਚਰਚਿਤ ਗੀਤ 'ਆਪ ਜੈਸਾ ਕੋਈ ਮੇਰੀ ਜ਼ਿੰਦਗੀ ਮੇਂ ਆਏ' ਗਾ ਰਹੇ ਸਨ, ਤਾਂ ਉਹ ਦੁਨੀਆਂ ਅਤੇ ਪ੍ਰਸਿੱਧੀ ਤੋਂ ਬੇਖ਼ਬਰ ਲੰਡਨ ਆਪਣੇ ਘਰ ਦੇ ਇਕ ਕੋਨੇ ਵਿਚ ਚੁੱਪਚਾਪ ਆਪਣੀ ਪੜ੍ਹਾਈ ਵਿਚ ਮਗਨ ਸੀ। ਬਾਅਦ ਵਿਚ ਉਹ ਬਤੌਰ ਪਾਕਿਸਤਾਨੀ ਪੌਪ ਗਾਇਕਾ ਪ੍ਰਸਿੱਧ ਹੋਈ ਅਤੇ ਫਿਰ ਉਹ ਇਕ ਮਿਊਜਿਕ ਟੀ.ਵੀ. ਸ਼ੋਅ 'ਮਿਊਜਿਕ-8' ਵਿਚ ਵਿਸ਼ੇਸ਼ ਮਹਿਮਾਨ ਗਾਇਕਾ ਬਣੀ। ਫਿਰ ਤਾਂ 1990 ਤੱਕ ਅਨੇਕਾਂ ਟੀ.ਵੀ. ਸੰਗੀਤਕ ਪ੍ਰੋਗਰਾਮਾਂ ਵਿਚ ਉਹ ਸ਼ਾਮਲ ਹੋਈ ਅਤੇ ਆਪਣੇ ਫਨ ਨਾਲ ਸਭ ਨੂੰ ਕੀਲ ਲਿਆ। ਨਾਜ਼ੀਆ ਹਸਨ ਨੇ ਲੰਡਨ ਤੋਂ ਕਾਨੂੰਨ ਦੀ ਡਿਗਰੀ ਲੈ ਕੇ ਯੂਨਾਈਟਿਡ ਨੇਸ਼ਨ ਦੀ ਸਿਕਿਉਰਿਟੀ ਕੌਂਸਲ ਵਿਚ ਨੌਕਰੀ ਕੀਤੀ ਪਰ ਸੰਗੀਤ ਪ੍ਰੇਮ ਉਹ ਛੱਡ ਨਾ ਸਕੀ। ਉਹ ਸਾਦਾ ਹੀ ਵਿਚਰਦੀ ਸੀ ਤੇ 'ਇੰਨਰਵਹੀਲ ਕਲੱਬ' ਭਾਰਤ, 'ਬਾਨ' (ਪਾਕਿਸਤਾਨ), ਰਾਜਸਥਾਨ ਤੇ ਕਰਾਚੀ ਦੀਆਂ ਕਈ ਸਮਾਜਸੇਵੀ ਸੰਸਥਾਵਾਂ ਨਾਲ ਜੁੜ ਕੇ ਗਰੀਬਾਂ, ਲੋੜਵੰਦਾਂ ਦੀ ਕਈ ਤਰ੍ਹਾਂ ਨਾਲ ਸਹਾਇਤਾ ਕਰਦੀ ਰਹੀ। ਉਸ ਨੂੰ ਜੋ ਵੀ ਧਨ ਆਪਣੇ ਸੰਗੀਤਕ ਪ੍ਰੋਗਰਾਮਾਂ ਤੋਂ ਮਿਲਦਾ, ਸਭ ਗਰੀਬ ਬੱਚਿਆਂ ਨੂੰ ਸਕੂਲਾਂ ਵਿਚ ਜਾ ਕੇ ਵੰਡਦੀ। ਉਹ ਬੱਚਿਆਂ ਨੂੰ ਖਿਡੌਣੇ ਵੀ ਵੰਡਦੀ। ਉਸ ਦਾ ਵਿਆਹ 1995 ਵਿਚ ਅਮੀਰ ਵਪਾਰੀ ਮਿਰਜ਼ਾ ਮੁਸ਼ਤਾਕ ਬੇਗ ਨਾਲ ਹੋਇਆ। ਉਨ੍ਹਾਂ ਦੇ ਘਰ 7 ਅਪ੍ਰੈਲ 1997 ਨੂੰ ਪੁੱਤਰ ਆਰੇਜ਼ ਨੇ ਜਨਮ ਲਿਆ।





ਉਹ ਕੈਂਸਰ ਦੀ ਬਿਮਾਰੀ ਨਾਲ 35 ਸਾਲ ਦੀ ਉਮਰ ਵਿਚ ਹੀ 13 ਅਗਸਤ 2000 ਨੂੰ ਲੰਡਨ ਵਿਚ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਮੌਤ ਤੋਂ ਦਸ ਦਿਨ ਪਹਿਲਾਂ ਉਸ ਦਾ ਆਪਣੇ ਖਾਵੰਦ ਨਾਲ ਤਲਾਕ ਹੋ ਗਿਆ ਸੀ। ਬਾਅਦ 'ਚ ਮਾਰਚ 2002 ਨੂੰ ਪਾਕਿਸਤਾਨੀ ਸਰਕਾਰ ਨੇ ਉਸ ਨੂੰ 'ਪ੍ਰਾਈਡ ਆਫ਼ ਪਰਫਾਰਮੈਸ' ਦੇਣ ਦਾ ਐਲਾਨ ਕੀਤਾ। ਇਹ ਇਨਾਮ ਉਸ ਦੀ ਅੰਮੀ ਨੇ ਪ੍ਰਾਪਤ ਕੀਤਾ। ਉਹਦੇ ਮਾਪਿਆਂ ਨੇ 2003 ਵਿਚ ਉਸ ਦੀ ਯਾਦ ਵਿਚ ਅਤੇ ਉਸ ਵੱਲੋਂ ਕੀਤਾ ਜਾ ਰਿਹਾ ਕੰਮ ਜਾਰੀ ਰੱਖਣ ਲਈ ਨਾਜ਼ੀਆ ਹਸਨ ਫਾਊਂਡੇਸ਼ਨ ਬਣਾਈ। ਅਸਲ ਵਿਚ ਨਾਜ਼ੀਆ ਹਸਨ ਖੁਦ ਲੋਕ ਸੇਵਾ ਦੇ ਕੰਮਾਂ ਵਿਚ ਬਹੁਤ ਵਧ-ਚੜ੍ਹ ਕੇ ਹਿੱਸਾ ਲੈਂਦੀ ਸੀ। ਇਸ ਕਾਰਜ ਲਈ ਉਹ ਆਪਣੇ ਕੋਲੋਂ ਮਾਇਆ ਖਰਚਣ ਤੋਂ ਵੀ ਨਹੀਂ ਸੀ ਝਿਜਕਦੀ। ਉਹ ਭਾਵੇਂ ਆਧੁਨਿਕ ਸਭਿਆਚਾਰ ਨਾਲ ਜੁੜੀ ਹੋਈ ਸੀ, ਪਰ ਆਪਣੀਆਂ ਜੜ੍ਹਾਂ ਨਾਲ ਵੀ ਉਸ ਨੇ ਉਤਨਾ ਹੀ ਪੀਡਾ ਰਾਬਤਾ ਬਣਾਇਆ ਹੋਇਆ ਸੀ। ਉਹ ਆਪਣੀ ਮਿਸਾਲ ਆਪ ਸੀ। ਉਸ ਦੀਆਂ ਹਿੱਟ ਐਲਬਮਾਂ 'ਚ ਡਿਸਕੋ ਦੀਵਾਨੇ, ਗੈੱਟ ਏ ਲਿਟਲ ਕਲੋਜ਼ਰ, ਸਟਾਰ/ਬੂਮ ਬੂਮ, ਆਜ਼ਾਨ, ਯੰਗ ਤਰੰਗ, ਸੈਫਰਨ, ਦੈੱਨ ਹੀ ਕਿਸਡ ਮੀ, ਕੈਮਰਾ-ਕੈਮਰਾ ਆਦਿ ਹਨ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਪਰਣੀਤੀ ਚੋਪੜਾ

## ਨੇ ਧਾਂਕ ਜਮਾਈ

ਇੰਗਲੈਂਡ ਵਿਚ ਫਾਈਨਾਂਸ ਦੀ ਪੜ੍ਹਾਈ ਕਰਨ ਵਾਲੀ ਪਰਣੀਤੀ ਚੋਪੜਾ ਨੇ ਬਚਪਨ ਤੋਂ ਹੀ ਅਭਿਨੈ ਕਰਨ ਦਾ ਸੋਚਿਆ ਸੀ ਪਰ ਘਰਦਿਆਂ ਦਾ ਕਹਿਣਾ ਸੀ ਕਿ ਉਹ ਬਿਜਨੈਸ ਵਿਚ ਜਾਵੇ। ਤਿੰਨ ਸਾਲ ਪਹਿਲਾਂ ਉਹ ਭਾਰਤ ਆ ਕੇ ਯਸ਼ਰਾਜ ਫ਼ਿਲਮਜ਼ ਕੋਲ ਬਤੌਰ ਪ੍ਰਚਾਰਕ ਕੰਮ ਕਰਨ ਲੱਗੀ। ਨੌਕਰੀ ਕਰਦਿਆਂ-ਕਰਦਿਆਂ ਅਦਿੱਤਿਆ ਚੋਪੜਾ ਉਸ ਦੀਆਂ ਅਦਾਵਾਂ, ਗੱਲਬਾਤ ਕਰਨ ਦੇ ਅੰਦਾਜ਼, ਬੋਲਬਾਣੀ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਯਸ਼ਰਾਜ ਬੈਨਰ ਦੀਆਂ ਤਿੰਨ ਫ਼ਿਲਮਾਂ ਲਈ ਬਤੌਰ ਨਾਇਕਾ ਸਾਈਨ ਕਰ ਲਿਆ। ਪਹਿਲਾਂ ਤਾਂ ਪਰਣੀਤੀ ਨੂੰ ਯਕੀਨ ਹੀ ਨਹੀਂ ਹੋਇਆ ਕਿ ਉਹ ਐਡੇ ਵੱਡੇ ਬੈਨਰ ਦੀ ਨਾਇਕਾ ਬਣ ਗਈ ਹੈ। ਮਨੀਸ਼ ਸ਼ਰਮਾ ਦੀ ਫ਼ਿਲਮ 'ਲੇਡੀਜ਼ ਵਰਸਿਜ਼ ਰਿੱਕੀ ਬਹਿਲ' ਵਿਚ ਉਹ ਬਤੌਰ ਸਹਾਇਕ ਨਾਇਕਾ ਵਜੋਂ ਆਈ। ਇਸ ਭੂਮਿਕਾ ਨੂੰ ਏਨਾ ਪਸੰਦ ਕੀਤਾ ਗਿਆ ਕਿ ਉਸ ਨੂੰ ਫ਼ਿਲਮ ਫੇਅਰ ਦਾ ਬੈਸਟ ਸਪੋਰਟਿੰਗ ਐਕਟਰੈਸ ਦਾ ਐਵਾਰਡ ਵੀ ਮਿਲ ਗਿਆ। ਹਬੀਬ ਫੈਸਲ ਦੀ ਫ਼ਿਲਮ 'ਇਸ਼ਕਜ਼ਾਦੇ' ਉਸ ਦੀ ਨਾਇਕਾ ਦੇ ਤੌਰ 'ਤੇ ਪਹਿਲੀ ਫ਼ਿਲਮ ਹੈ। ਇਸ ਫ਼ਿਲਮ ਨੇ ਪਹਿਲੇ ਤਿੰਨ ਹਫ਼ਤਿਆਂ ਵਿਚ ਪੰਜਾਹ ਕਰੋੜ ਕਮਾਇਆ। ਪਰਣੀਤੀ ਚੋਪੜਾ ਕੋਲ ਇਸ ਸਮੇਂ ਤਿੰਨ ਫ਼ਿਲਮਾਂ ਹਨ ਜਿਨ੍ਹਾਂ ਵਿਚ ਇਕ ਮਨੀਸ਼ ਸ਼ਰਮਾ ਦੀ ਅਗਲੀ ਫ਼ਿਲਮ ਜਿਸ ਦਾ ਨਾਇਕ ਸੁਸ਼ਾਂਤ ਸਿੰਘ ਰਾਜਪੂਤ ਹੈ। 'ਹਸੀ ਤੋ ਫਸੀ' ਦੀ ਸ਼ੂਟਿੰਗ ਅਪਰੈਲ ਵਿਚ ਸ਼ੁਰੂ ਹੋਵੇਗੀ।



ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

**Resolve your IRS Tax Debt / Problems**

**100% SATISFACTION GUARANTEED**

ਅੱਜ ਹੀ ਸਾਨੂੰ ਕਾਲ ਕਰੋ

**(888) 888-9914**

www.ooraa.org



**DCL Trucking**

743 Legacy Blvd,
Greenwood, IN 46143

ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

**ਓਨਰ ਅਪਰੇਟਰਾਂ ਦੀ ਲੋੜ ਹੈ**

**ਪੱਕੇ ਲੋਡ**

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ



We work in all 48 States
24/7 Dispatch Available

**Quick payment via Direct Deposit**

ਸੰਪਰਕ ਕਰੋ: ਪਰਮਿੰਦਰ

**ਫੋਨ: 317-399-9800**

e-mail: info@DCLTrucking.com



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF **MARK COHEN**

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

***"I take your accident personally"***

**Free initial consultation. No fee if no recovery.**

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
**www. markcohenlaw.com** or call us at **510.792.4008**

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ

## ਦੀਆਂ ਵਿਸ਼ੇਸ਼ ਚੋਣਾਂ ਵਿਚ

## ਸ਼ਿਕਾਗੋ ਸਿੱਖਸ ਅਤੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਦੀ ਸਾਂਝੀ ਸਲੇਟ

## ਨੂੰ ਵਾਹਿਗੁਰੂ ਦੀ ਬਖਸ਼ਿਸ਼ ਤੇ ਸੰਗਤਾਂ ਦੇ ਸਹਿਯੋਗ ਨਾਲ ਹਾਸਲ ਹੋਈ ਜਿੱਤ ‘ਤੇ


ਗੁਰਮੀਤ ਸਿੰਘ ਭੋਲਾ


ਮਹਾਂਬੀਰ ਸਿੰਘ ਬਰਾੜ


ਅੰਮ੍ਰਿਤਪਾਲ ਸਿੰਘ ਗਿੱਲ


ਸਰਵਣ ਸਿੰਘ


ਸੋਖੀ ਸਿੰਘ


ਆਰਥਰ ਸਿੰਘ ਗੁਲਾਟੀ

# ਲੱਖ ਲੱਖ ਵਧਾਈ

ਅਸੀਂ ਗੁਰਦੁਆਰਾ ਪੈਲਾਟਾਈਨ ਦੀਆਂ ਸਮੂਹ ਸੰਗਤਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਸੱਚ ਨੂੰ ਪਛਾਣਦਿਆਂ ਸਹੀ ਸੇਵਾਦਾਰਾਂ ਨੂੰ ਗੁਰੂ ਘਰ ਦੀ ਸੇਵਾ ਦਾ ਮੌਕਾ ਬਖਸ਼ਿਆ ਹੈ

ਵਾਹਿਗੁਰੂ ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਸ਼ਿਕਾਗੋ ਸਿੱਖਸ ਅਤੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਦੀ ਸਾਂਝੀ ਸਲੇਟ ਦੇ ਚੁਣੇ ਗਏ ਸੇਵਾਦਾਰਾਂ ਨੂੰ ਗੁਰੂ ਘਰ ਅਤੇ ਸੰਗਤਾਂ ਦੀ ਤਨੋਂ, ਮਨੋਂ ਅਤੇ ਧਨੋਂ ਸੇਵਾ ਕਰਨ ਦਾ ਬਲ ਬਖਸ਼ੇ। ਉਮੀਦ ਹੈ, ਸੰਗਤਾਂ ਦੇ ਇਹ ਸੇਵਾਦਾਰ ਮਿਡਵੈਸਟ ਦੇ ਇਸ ਸਭ ਤੋਂ ਵੱਡੇ ਅਤੇ ਸਭ ਤੋਂ ਪੁਰਾਣੇ ਗੁਰੂ ਘਰ ਨੂੰ ਹੋਰ ਚੜ੍ਹਦੀਆਂ ਕਲਾਂ ਵਿਚ ਲੈ ਕੇ ਜਾਣ ਲਈ ਸੱਚੇ ਮਨੋਂ ਸੇਵਾ ਕਰਨਗੇ।


ਮੇਜਰ ਗੁਰਚਰਨ ਸਿੰਘ ਝੱਜ


ਜੈਦੇਵ ਸਿੰਘ (ਸੱਤੀ) ਭੱਠਲ


ਸੁਖਰਾਜ ਸਿੰਘ ਤੱਖੜ



# ਪੰਜਾਬ ਆਟੋ ਵਰਕਸ

## ਅਕਾਲ ਟਰਾਂਸਪੋਰਟ ਕਾਰਪੋਰੇਸ਼ਨ

**Ph: 312-243-3344, 312-243-2255**

**Fax:312-243-2277**

**1930 Hubbard St, Chicago IL 60622**